*Published in Punjabi & English*

Distributed in Toronto, Calgary, Vancouver and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-9, ਅੰਕ-11, ਨਵੰਬਰ 2019 | Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

# ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਅਜੋਕੇ ਸੰਦਰਭ ਵਿੱਚ





ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਇਹ ਸਾਲ ਸਿੱਖਾਂ ਵਲੋਂ ਗੁਰੂ ਨਾਨਕ ਸਾਹਿਬ ਦੇ 550ਵੇਂ ਜਨਮ ਦਿਵਸ ਨੂੰ ਸਮਰਪਿਤ ਸ਼ਤਾਬਦੀ ਵਰ੍ਹੇ ਦੇ ਤੌਰ ’ਤੇ ਦੁਨੀਆਂ ਭਰ ਵਿੱਚ ਮਨਾਇਆ ਜਾ ਰਿਹਾ ਹੈ।ਸਭ ਤੋਂ ਪਹਿਲਾਂ ਅਸੀਂ ਗੁਰੂ ਨਾਨਕ ਸਾਹਿਬ ਦੇ ਜਨਮ ਦਿਵਸ ਤੇ ਸਭ ਨੂੰ ਲੱਖ-ਲੱਖ ਵਧਾਈ ਪੇਸ਼ ਕਰਦੇ ਹਾਂ। ਹਰ ਤਰ੍ਹਾਂ ਦੀਆਂ ਸਿੱਖ ਸੰਸਥਾਵਾਂ ਜਾਂ ਗੁਰਦੁਆਰੇ ਆਪਣੇ-ਆਪਣੇ ਢੰਗ ਨਾਲ ਇਸ ਸ਼ਤਾਬਦੀ ਨੂੰ ਸਮਰਪਿਤ ਪ੍ਰੋਗਰਾਮ ਕਰ ਰਹੇ ਹਨ, ਜਸ਼ਨ ਮਨਾਏ ਜਾ ਰਹੇ ਹਨ, ਨਗਰ ਕੀਰਤਨ ਕੱਢੇ ਜਾ ਰਹੇ ਹਨ, ਸੈਮੀਨਾਰ ਹੋ ਰਹੇ ਹਨ, ਅਖੰਡ ਪਾਠਾਂ ਦੀਆਂ ਲੜੀਆਂ ਚੱਲ ਰਹੀਆਂ ਹਨ। ਇਹ ਸ਼ਤਾਬਦੀ ਕੋਈ ਪਹਿਲੀ ਨਹੀਂ ਹੈ ਤੇ ਨਾ ਹੀ ਆਖਰੀ ਹੋਵੇਗੀ। ਅੱਜ ਤੋਂ 50 ਸਾਲਾਂ ਪਹਿਲਾਂ ਗੁਰੂ ਨਾਨਕ ਸਾਹਿਬ ਦਾ 500 ਸਾਲਾ ਜਨਮ ਦਿਵਸ ਮਨਾਇਆ ਗਿਆ ਸੀ। ਇਸੇ ਤਰ੍ਹਾਂ 1975 ਵਿੱਚ ਗੁਰੂ ਤੇਗ ਬਹਾਦਰ ਜੀ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਮਨਾਈ ਗਈ ਸੀ। 1999 ਵਿੱਚ ਖਾਲਸੇ ਦਾ 300 ਸਾਲਾ ਬੜੇ ਧੂਮ-ਧੜੱਕੇ ਨਾਲ ਮਨਾਇਆ ਗਿਆ ਗਿਆ ਸੀ। ਇਸ ਤੋਂ ਇਲਾਵਾ ਹੋਰ ਕਈ ਸ਼ਤਾਬਦੀਆਂ ਪਿਛਲ਼ੇ 50 ਕੁ ਸਾਲਾਂ ਵਿੱਚ ਮਨਾਈਆਂ ਗਈਆਂ ਹਨ। ਇਹ ਸ਼ਤਾਬਦੀਆਂ ਮਨਾਉਣ ਦਾ ਰਿਵਾਜ ਕੋਈ ਜ਼ਿਆਦਾ ਪੁਰਾਣਾ ਨਹੀਂ ਹੈ, ਜੋ ਕਿ ਅਸੀਂ ਦੇਖੋ-ਦੇਖੀ ਸ਼ੁਰੂ ਕਰ ਲਿਆ ਹੈ। ਇੱਕ ਗੱਲ ਇਨ੍ਹਾਂ ਸ਼ਤਾਬਦੀਆਂ ਵਿੱਚ ਆਮ ਤੌਰ ’ਤੇ ਦੇਖਣ ਨੂੰ ਮਿਲਦੀ ਹੈ ਕਿ ਧਾਰਮਿਕ ਲੀਡਰਾਂ ਜਾਂ ਪ੍ਰਚਾਰਕਾਂ ਦੀ ਥਾਂ ਇਹ ਸ਼ਤਾਬਦੀਆਂ ਰਾਜਨੀਤਕ ਲੀਡਰਾਂ ਤੇ ਪਾਰਟੀਆਂ ਵਲੋਂ ਵੱਧ ਮਨਾਈਆਂ ਜਾਂਦੀਆਂ ਹਨ। ਸ਼ਤਾਬਦੀਆਂ ਨਾਲ ਸਬੰਧਤ ਮੁੱਖ ਪ੍ਰੋਗਰਾਮ ਵੀ ਰਾਜਨੀਤਕ ਲੋਕਾਂ ਤੇ ਪਾਰਟੀਆਂ ਵਲੋਂ ਆਪਣੇ ਹਿੱਤਾਂ ਨੂੰ ਮੁੱਖ ਰੱਖ ਕੇ ਉਲੀਕੇ ਜਾਂਦੇ ਹਨ। ਇੱਕ ਗੱਲ ਹੋਰ ਇਨ੍ਹਾਂ ਸ਼ਤਾਬਦੀਆਂ ਵਿੱਚ ਦੇਖਣ ਨੂੰ ਮਿਲਦੀ ਹੈ ਕਿ ਰਾਜਨੀਤਕ ਲੋਕ ਵੋਟਾਂ ਵਾਂਗ ਇਨ੍ਹਾਂ ਸ਼ਤਾਬਦੀਆਂ ਮੌਕੇ ਵੀ ਬੜੇ ਲੁਭਾਵਣੇ ਨਾਹਰੇ ਲੋਕਾਂ ਨੂੰ ਦਿੰਦੇ ਹਨ ਤੇ ਲੋਕ ਇਨ੍ਹਾਂ ਨਾਹਰਿਆਂ ਵਿੱਚ ਹੀ ਉਲਝ ਕੇ ਰਹਿ ਜਾਂਦੇ ਹਨ ਤੇ ਇਨ੍ਹਾਂ ਸ਼ਤਾਬਦੀਆਂ ਦੇ ਅਸਲ ਮਕਸਦ ਜਾਂ ਜਿਨ੍ਹਾਂ ਦੀਆਂ ਸ਼ਤਾਬਦੀਆਂ ਮਨਾਈਆਂ ਜਾਂਦੀਆਂ ਹਨ, ਉਨ੍ਹਾਂ ਦੀ ਵਿਚਾਰਧਾਰਾ ਜਾਂ ਜੀਵਨ ਬਾਰੇ ਗੱਲ ਨਾ-ਮਾਤਰ ਹੀ ਹੁੰਦੀ ਹੈ। ਜਿਸ ਤਰ੍ਹਾਂ 1999 ਵਿੱਚ ਸਾਰੇ ਸਿੱਖਾਂ ਨੂੰ ਅੰਮ੍ਰਿਤਧਾਰੀ ਬਣਾਉਣ ਦਾ ਨਾਅਰਾ ਦਿੱਤਾ ਗਿਆ ਸੀ ਤੇ ਜਿਹੜੇ ਨਾਅਰੇ ਮਾਰਨ ਵਿੱਚ ਮੋਹਰੀ ਸਨ, ਅੰਮ੍ਰਿਤ ਉਨ੍ਹਾਂ ਆਪ ਵੀ ਨਹੀਂ ਛਕਿਆ ਸੀ? ਇਸੇ ਤਰ੍ਹਾਂ ਇਹ ਸ਼ਤਾਬਦੀ ਕਰਤਾਰਪੁਰ ਸਾਹਿਬ ਦੇ ਲਾਂਘੇ ਦੁਆਲੇ ਘੁੰਮ ਕੇ ਸਮਾਪਤ ਹੋ ਜਾਵੇਗੀ ਜਾਂ ਸੋਨੇ ਦੀਆਂ ਪਾਲਕੀਆਂ ਵਿੱਚ ਕਰਤਾਰਪੁਰ ਸਾਹਿਬ ਵੱਲ ਨੂੰ ਕੱਢੇ ਜਾਣ ਵਾਲੇ ਵੱਡੇ-ਵੱਡੇ ਨਗਰ ਕੀਰਤਨਾਂ, ਕੀਰਤਨ ਦਰਬਾਰਾਂ, ਵਿਦੇਸ਼ਾਂ ਤੋਂ ਮੰਗਵਾਏ ਫੁੱਲਾਂ ਦੀ ਸਜਾਵਟ, ਇੱਕ ਲੱਖ ਤੋਂ ਵੱਧ ਦੀਵੇ ਬਾਲ਼ਣ, ਵਿਦੇਸ਼ੀ ਪਟਾਕਿਆਂ ਨਾਲ ਆਸ਼ਤਬਾਜੀ ਕਰਨ ਅਤੇ ਅਖੰਡ ਪਾਠਾਂ ਦੀਆਂ ਲੜੀਆਂ, ਪੇਸ਼ਾਵਰ ਪ੍ਰਚਾਰਕਾਂ ਦੇ ਕੀਰਤਨ ਜਾਂ ਕਥਾ ਦਰਬਾਰਾਂ ਵਿੱਚ ਰੁਲ਼ ਜਾਵੇਗੀ। ਸ਼ਾਇਦ ਇਹੀ ਸਾਡੇ ਰਾਜਨੀਤਕ ਤੇ ਧਾਰਮਿਕ ਲੀਡਰ ਚਾਹੁੰਦੇ ਹਨ ਤਾਂ ਕਿ ਗੁਰੂਆਂ ਦੇ ਨਾਮ ਤੇ ਚਲਾਏ, ਜਿਸ ਪੰਥ ਦੀ ਉਹ ਅਗਵਾਈ ਕਰ ਰਹੇ, ਉਸ ਸਾਹਮਣੇ ਉਨ੍ਹਾਂ ਦਾ ਬੌਨਾ ਕਿਰਦਾਰ ਨੰਗਾ ਨਾ ਹੋਵੇ। ਬੇਸ਼ੱਕ ਅਸੀਂ ਸ਼ਤਾਬਦੀਆਂ ਨੂੰ ਮਨਾਉਣ ਲਈ ਕੀਤੇ ਜਾਣ ਬਾਰੇ ਪ੍ਰੋਗਰਾਮਾਂ ਜਾਂ ਜ਼ਸ਼ਨਾਂ ਦੇ ਵਿਰੋਧ ਵਿੱਚ ਨਹੀਂ ਹਾਂ, ਪਰ ਕਹਿਣਾ ਇਹ ਚਾਹੁੰਦੇ ਹਾਂ ਕਿ ਜ਼ਸ਼ਨਾਂ ਦੇ ਬਾਹਰੀ ਰੌਲ਼ੇ ਰੱਪੇ ਵਿੱਚ ਅਸਲੀ ਗੱਲ ਨੂੰ ਨਾ ਭੁੱਲ ਜਾਈਏ? ਗੱਲ ਅੱਗੇ ਤੋਰਨ ਤੋਂ ਪਹਿਲਾਂ ਇਹ ਵੀ ਗੱਲ ਕਰ ਲਈਏ ਕਿ ਜੇ ਅਸੀਂ ਆਪਣੇ ਧਾਰਮਿਕ ਜਾਂ ਰਾਜਨੀਤਕ ਲੀਡਰਾਂ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ ਲਈ ਜਵਾਬਦੇਹ ਨਹੀਂ ਬਣਾਉਂਦੇ ਤਾਂ ਉਹ ਸਾਨੂੰ ਇਸੇ ਤਰ੍ਹਾਂ ਸ਼ਤਾਬਦੀਆਂ ਦੇ ਭਰਮਜ਼ਾਲ ਵਿੱਚ ਫਸਾ ਕੇ ਗੁੰਮਰਾਹ ਕਰਦੇ ਰਹਿਣਗੇ ਤੇ ਆਪਣੇ ਕੁਕਰਮਾਂ

(ਬਾਕੀ ਸ.ਫਾ 5 ’ਤੇ)

CONGRATULATIONS
TEAM OVER 450 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Super Visa Insurance
With all the BENEFITS & REQUIREMENTS
Life Insurance, Critical illness Insurance, Disability Insurance, RRSP, RESP Etc.
For More Information Call
Harcharan Singh Parhar
403-681-8689

CAMBRIDGE
Call Rani - 403-612-7881
Amar - 403-470-2627

Call for your home BUYING & SELLING needs
BALJINDER SANGHA
REALTOR®
(CERTIFIED CONDOMINIUM SPECIALIST)
* All our buyer get 2 years purchase Guarantee.
* Buy or Sell home with one year home warranty.
* Reasonable Commission
Call for more information
urban
403-680-3212
baljindersangha@urban-realty.ca

ਹਰ ਤਰਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
215 - 2323 32 Ave NE Calgary AB T2E 6Z3

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010


FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
270 Orenda Rd., Unit # 200 Brampton, ON L6T 4X6
905.459.0555


Tiwana Real Estate Team
LIST WITH US FOR GUARANTEED RESULTS
MEET THE TEAM:
MaMinder Tiwana
Harman Tiwana
Ajitpal Gill
SOLD
❖ Professional Services
❖ Free Home Evaluation
❖ Digital Marketing & Social Media
❖ Top Dollars in your Pocket
❖ Superb Negotiation Skills
❖ Team of 3 Realtors With Full Time Office Staff
ROYAL LEPAGE 100 YEARS
Call: 403-830-5152
Visit: www.TiwanaTeam.com
Email: tiwanateam@gmail.com
Address: 110-7220 Fisher St SE, Calgary, AB T2H 2H8
www.TiwanaTeam.com


Si SECURELIFE INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca


Reliance Immigration
Reliance Immigration Inc
K.P. Singh
RCIC
Survey:
Excellent:
Good:
Fair:
Poor:
#205 - 13737 72 Ave
Surrey, BC, V3W 2P2
kp@relianceimmigration.ca
Off. : 604-597-0440
Fax : 604-597-2332

SARO KARAN DI AWAZ

Publisher
Pro-People Arts Project Media Group 29 Mapleview Ave, Brampton Ontario, CA, L6R 1M2

Chief Editor
Harbans Singh
416-817-7142
ppapmg@gmail.com

Managing Director
Devinder Toor, Toronto
416-902-9372
ppapmg@gmail.com

Sub Editor
Master Bhajan Singh
Calgary (Alberta)
403-455-4220
btarksheel@gmail.com

Sub Editor
Dr. Hardeep Singh, Milton (Ontario)
416-209-6363
deephsingh@gmail.com

Sub Editor
Randeep Singh (India)
09855695905
rvs0001@gmail.com

Literary Advisor
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794

Honorary Advisory Board

Sukhdev Singh Sandhu (Toronto)

Master Balbir Singh Gill (Toronto)
Jaspreet Dhaliwal (Toronto)

Harcharan Singh Parhar Calgary

Malkit Singh Abbotsford (BC)

Narbhinder Singh (India) (Punjab)
935-443-0211

Buta Singh Nawan Shahr (Punjab)
946-347-4342
atoozed@gmail.com

Jaswant Zirakh (India) (Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।




Details of 163 trinity:

$837,000 | 3,348 sq ft | 3 car garage | Walkout basement | 2 master bedrooms
Spice kitchen | Main floor bed and bath 4 bathrooms
Select all colors and specs if purchased now

Details of 705 mcdougal rd:

Practically in downtown

brand new 2300 sq ft townhouses with single garage

You can't beat these spectacular view

Priced to sell at $889,000

Call Rani - 403-612-7881
Amar - 403-470-2627



# ਸਪਰਿੰਗ ਮੂਨ : ਚੀਨ ਦਾ ਇਕ ਨਾਵਲ - ਕਿਸ਼ਤ-13



ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in

**ਮੌਤ ਦੀ ਨਿਸ਼ਾਨੀ**

ਪੱਤਝੜ ਆਈ ਤੋਂ ਵਣ-ਤ੍ਰਿਣ ਤਾਂ ਸੁੱਕ ਜਾਂਦਾ, ਪਰ ਬਚੀ ਜੜ, ਆਈ ਬਹਾਰ ਤੋਂ ਫਿਰ ਪੁੰਗਰ ਆਉਂਦੀ ਆ। ਪਰ ਦੁੱਖ ਦਰਦ ਦੀ ਚੀਸ ਤਾਂ ਹਰ ਵੇਲੇ ਕਾਲਜਾ ਵਿੰਨਦੀ ਆ।

-ਚਨ-ਸ਼ਿਨ-ਮਿਨ, ਸੁੰਗ ਖਾਨਦਾਨ॥

ਹਾਰਲਿਨ ਵਿਦਵਾਨ ਦੇ ਸਾਰੇ ਭਰਾ, ਟੱਬਰਾਂ ਸਮੇਤ ਰੀਡ ਪਿੰਡ ਮੁੜ ਗਏ, ਜਿਥੇ ਜੱਦੀ ਘਰ ਅਤੇ ਜ਼ਮੀਨ ਸੀ ਗੁਜ਼ਾਰੇ ਵਾਸਤੇ। ਪਰ ਹਾਨਲਿਨ ਦੇ ਘਰ ਵਾਲੀ ਲੋਟੱਸ ਡੀਲਾਈਟ ਨੇ ਜਾਣੋ ਨਾਂਹ ਕਰ ਦਿੱਤੀ। ਅਖੇ ਸੱਸ ਦੇ ਪਿੰਡ ਪੈਰ ਨੀ ਧਰਨਾ। ਇਸ ਕਰਕੇ ਮਜਬੂਰਨ ਹਾਰਲਿਨ ਨੂੰ ਸ਼ਰੀਕੇ ਵਿਚੋਂ, ਵਿਦਵਾਨ ਯਿਨ ਦੇ ਘਰ ਸ਼ਰਨ ਲੈਣੀ ਪਈ। ਯਿਨ ਦਾ ਘਰ ਬਚ ਗਿਆ ਸੀ। ਹਾਨਲਿਨ ਦੇ ਪਰਿਵਾਰ ਨੂੰ ਦੋ ਕਮਰੇ, ਇਕ ਵੱਡਾ ਅਤੇ ਇਕ ਛੋਟਾ ਮਿਲ ਗਏ। ਛੋਟੇ ਵਿਚ ਹਾਨਲਿਨ ਅਤੇ ਨੌਕਰ ਓਲਡ ਹਾਕ ਸੌਂਦੇ ਸਨ ਅਤੇ ਵੱਡੇ ਵਿਚ ਬਾਕੀ ਸਾਰੇ।

ਉਨ੍ਹਾਂ ਨੂੰ ਟਿਕਿਆਂ ਇਕ ਹਫ਼ਤਾ ਹੋਇਆ ਸੀ, ਜਦੋਂ ਕੁੱਕੜ ਬਾਂਗ ਵੇਲੇ ਓਲਡ ਹਾਕ ਨੇ ਦੱਸਿਆ ਕਿ ਬਾਹਰ ਮਾਲਕੀ ਵਿਚ ਚੰਗ ਖਾਨਦਾਨ ਦਾ ਛੋਟਾ ਲੜਕਾ ਮਿਲਣ ਵਾਸਤੇ ਉਡੀਕ ਕਰ ਰਿਹਾ ਹੈ। ਕਾਫ਼ੀ ਚਿਰ ਤਾਂ ਕੋਈ ਨਾ ਬੋਲਿਆ, ਫਿਰ ਹਾਨਲਿਨ ਨੇ ਆਖਿਆ "ਸਾਡੇ ਮਿਹਰਬਾਨ ਮਹਿਮਾਨ ਨੂੰ ਅੰਦਰ ਲੈ ਆਓ।" ਲੋਟੱਸ ਡੀਲਾਈਟ ਚੀਕ ਪਈ "ਨਹੀਂ ਅਜੇ ਨਹੀਂ। ਉਸ ਨੂੰ ਬਿਠਾਵਾਂਗੇ ਕਿਥੇ? ਸਮਾਂ ਚਾਹੀਦਾ।"

ਨੋਬਲ ਟੇਲੈਂਟ, ਸਪਰਿੰਗ ਮੂਨ ਦੇ ਇਨਕਲਾਬੀ ਚਾਚੇ ਨੂੰ ਇਕ ਘੰਟਾ ਬਾਹਰ ਉਡੀਕ ਕਰਨੀ ਪਈ। ਲੋਟੱਸ ਡੀਲਾਈਟ ਨੇ ਸਾਰਿਆਂ ਨੂੰ ਛੋਟੇ ਕਮਰੇ ਵਿਚ ਜਾਣ ਲਈ ਆਖਿਆ। ਸਿਰਫ਼ ਫਾਸਟੋ, ਉਨ੍ਹਾਂ ਨੂੰ ਚਾਹ ਫੜਾਉਣ ਆਵੇਗੀ। ਹਾਨਲਿਨ ਅਤੇ ਸਪਰਿੰਗ ਮੂਨ ਨੂੰ ਕੱਪੜੇ ਬਦਲਣ ਵਾਸਤੇ ਆਖਿਆ ਅਤੇ ਆਪ ਵੀ ਬਦਲੇ। ਫਿਰ ਬੋਲੀ "ਜਾਹ ਹੁਣ ਮਹਿਮਾਨ ਨੂੰ ਅੰਦਰ ਲੈ ਆ। ਸਪਰਿੰਗ ਮੂਨ ਨੂੰ ਜਾਪਿਆ, ਚਾਚੇ ਦਾ ਚਿਹਰਾ ਉਦਾਸ ਹੈ ਅਤੇ ਅੱਖਾਂ ਝੁਕੀਆਂ ਹਨ। ਜਦੋਂ ਸੂ ਕੂ ਤੋਂ ਦੱਖਣ ਵੱਲ ਖੁਫ਼ੀਆ ਕਮੇਟੀ ਵੱਲ ਗਿਆ ਸੀ ਤਾਂ ਇਉਂ ਨਹੀਂ ਸੀ।

ਰਸਮੀ ਦੁਆ ਸਲਾਮ ਤੋਂ ਬਾਅਦ ਹਾਨਲਿਨ ਬੋਲਿਆ। "ਆਓ ਸਤਿਕਾਰਤ ਮਹਿਮਾਨ, ਮੇਰੇ ਪਰਮ ਮਿੱਤਰ ਦੇ ਬੇਟੇ। ਆਓ ਬੈਠੋ। ਸਾਡੇ ਨਾਲ ਬੈਠ ਕੇ ਚਾਹ ਪੀਓ" ਸਪਰਿੰਗ ਮੂਨ ਨੇ ਮਹਿਸੂਸ ਕੀਤਾ ਕਿ ਉਸਦਾ ਸਹੁਰਾ, ਨੋਬਲ ਟੇਲੈਂਟ ਦਾ, ਸਿਆਣਿਆਂ ਤੋਂ ਵੀ ਜ਼ਿਆਦਾ ਸਤਿਕਾਰ ਕਰ ਰਿਹਾ ਸੀ।


"ਸੁਕਰੀਆ, ਬਹੁਤ ਸੁਕਰੀਆ" ਨੋਬਲ ਟੇਲੈਂਟ ਨੇ ਭਤੀਜੀ ਤੋਂ ਨਜ਼ਰਾਂ ਬਚਾਉਂਦਿਆਂ ਆਖਿਆ।

"ਮੈਂ ਸਾਡੇ ਕੰਮਚੋਰ ਨੌਕਰ ਨੂੰ ਬਜ਼ਾਰੋਂ ਕੁਝ ਤਿਲਾਂ ਦੀਆਂ ਪਿੰਨੀਆਂ ਲਿਆਉਣ ਭੇਜਿਆ। ਨੇੜੇ ਹੀ ਇਕ ਹੈ ਹਲਵਾਈ ਜਿਹੜਾ ਬਣਾਉਂਦਾ। ਪਰ ਬਾਹਲੀਆਂ ਸੁਆਦ ਤਾਂ ਨੀ ਹੁੰਦੀਆਂ। ਥੋਡੇ ਸ਼ਹਿਰ ਸੂ ਕੂ ਦੀ ਕੀ ਰੀਸ ਆ। ਸਾਰੇ ਚੀਨ ਤੋਂ ਵਧੀਆ ਹੁੰਦੀਆਂ। ਹੁੰਦੀਆਂ ਕਿ ਨਹੀਂ ਮੇਰੇ ਘਰ ਵਾਲੇ।" ਸਪਰਿੰਗ ਮੂਨ ਨੂੰ ਅੱਜ ਪਹਿਲੀ ਵਾਰ ਲੱਗਿਆ ਕਿ ਊਲ ਜਲੂਲ ਬੋਲਦੀ ਸੱਸ ਦੇ ਧੌਲੇ ਆ ਚੁੱਕੇ ਸਨ। ਸਪਰਿੰਗ ਮੂਨ ਕੁੱਛੜ ਵਿਚ ਕੁੜੀ ਨੂੰ ਲਈ ਕੁਰਸੀ ਵਿਚ ਸੁੰਘੜ ਬੈਠੀ ਸੀ।

ਦਰਵਾਜ਼ੇ 'ਤੇ ਖੜਕਾਰ ਹੋਇਆ ਅਤੇ ਫਾਸਟੋ ਚਾਹ ਵਾਲੀ ਟੇਅ ਲੈ ਕੇ ਅੰਦਰ ਆ ਗਈ। ਉਸਨੇ ਝੁਕ ਕੇ ਸਲਾਮ ਆਖੀ ਅਤੇ ਚਾਹ ਵਰਤਾਉਣ ਲੱਗੀ। ਸਕਿਾਰ ਵਜੋਂ ਪਹਿਲਾ ਕੱਪ ਬੋਲਡ ਟੇਲੈਂਟ ਨੂੰ ਦਿੱਤਾ ਜਿਹੜਾ ਉਸਨੇ ਦੋਵਾਂ ਹੱਥਾਂ ਨਾਲ ਫੜ ਲਿਆ। ਇਕ ਦਮ ਸਪਰਿੰਗ ਮੂਨ ਦੇ ਕਾਲਜੇ ਧੂਹ ਪਈ ਤੇ ਉਹ ਸਮਝ ਗਈ ਕਿ ਚਾਚਾ ਕਿਉਂ ਮਿਲਣ ਆਇਆ ਹੈ। ਚਾਚੇ ਨੇ ਉਂਗਲ ਵਿਚ ਬਾਹਰਲੀ ਛਾਂਪ ਪਾਈ ਹੋਈ ਸੀ। ਸਪਰਿੰਗ ਮੂਨ ਉਸ ਦੀ ਮੁੱਠੀ ਇੰਨੇ ਜ਼ੋਰ ਨਾਲ ਕੱਸੀ ਗਈ ਕਿ ਨੂੰਹ ਹਥੇਲੀ ਵਿਚ ਖੁੱਭ ਗਏ। ਉਹ ਚਾਹੁੰਦੀ ਸੀ ਕਿ ਸ਼ਾਇਦ ਇਹ ਸੱਚ ਨਾ ਹੋਵੇ। ਚਾਚੇ ਦੇ ਪਾਈ ਇਸ ਛਾਂਪ ਦਾ ਕੀ ਮਤਲਬ ਹੋ ਸਕਦਾ। ਉਸ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ। ਜਦੋਂ ਮੁੜ ਕੇ ਖੋਹਲੀਆਂ ਚਾਚਾ ਉਥੇ ਹੀ ਬੈਠਾ ਸੀ ਅਤੇ ਉਹ ਮੁੰਦੀ ਵੀ ਉਸ ਨੇ ਪਾਈ ਸੀ। ਉਸਨੇ ਸੱਸ ਅਤੇ ਸਹੁਰੇ ਦੇ ਚਿਹਰਿਆਂ ਵੱਲ ਦੇਖਿਆ। ਉਨ੍ਹਾਂ ਦੇ ਦਰਦ ਮੂੰਹਾਂ ਨੇ ਦੱਸ ਦਿੱਤਾ ਕਿ ਇਹ ਸੱਚ ਹੈ। ਜੋ ਉਸਦਾ ਡਰ ਹੈ ਉਹ ਸੱਚ ਹੈ। ਉਸਦਾ ਘਰ ਵਾਲਾ ਸ਼ਹੀਦ ਹੋ ਚੁੱਕਾ ਹੈ।

ਬੜੇ ਧਿਆਨ ਨਾਲ, ਬਚਾ ਕੇ ਉਸਨੇ ਚਾਹ ਦਾ ਕੱਪ ਚੁੱਕਿਆ। ਉਸਨੇ ਸੋਚਿਆ ਜੇ ਡਿੱਗ ਕੇ ਕੱਪ ਟੁੱਟ ਗਿਆ ਤਾਂ ਉਸ ਦੇ ਆਪਣੇ ਜਿਸਮ ਦੇ ਵੀ ਹਜ਼ਾਰੋਂ ਟੁਕੜੇ ਹੋ ਕੇ ਖਿੰਡ ਜਾਣਗੇ। ਸਾਰੇ ਉਡੀਕਦੇ ਸੀ ਕਿ ਆਇਆ ਮਹਿਮਾਨ ਪਹਿਲੀ ਘੁੱਟ ਚਾਹ ਦੀ ਭਰੇ। ਫਾਸਟੋ ਬੂਹਾ ਬੰਦ ਕਰਕੇ ਚਲੀ ਗਈ ਤੇ ਉਹ ਚਾਰੋਂ ਜਣੇ, ਕਮਰੇ ਵਿਚ ਰਹਿ ਗਏ।

"ਮੈਨੂੰ ਆਸ ਹੈ ਕਿ ਖਾਣਾ ਖਾਣ ਤੱਕ ਤੂੰ ਸਾਡੇ ਕੋਲ ਰਹੇਂਗਾ। ਸਾਡੇ ਕੋਲ ਬਹੁਤਾ ਤਾਂ ਨਹੀਂ ਪਰ ਤੂੰ ਭੁੱਖਾ ਨਹੀਂ ਜਾਵੇਂਗਾ।" ਹਾਨਲਿਨ ਨੇ ਤਰਲਾ ਕੀਤਾ। "ਹਾਂ ਹਾਂ ਮੇਰੀ ਵੀ ਬੇਨਤੀ ਆ" ਸੱਸ ਬੋਲੀ "ਦੇਖ ਤੇਰਾ ਪਿਓ ਸਾਡਾ ਖਾਨਦਾਨੀ ਮਿੱਤਰ ਸੀ। ਜਦੋਂ




ਮਿਲਣ ਆਉਂਦਾ ਤਾਂ ਸਾਡੇ ਹੀ ਰਹਿੰਦਾ ਸੀ। ਨਿੱਕੇ ਨਿਆਣਿਆਂ ਨੂੰ ਕਈ ਕਈ ਤੋਹਫ਼ੇ ਦੇ ਕੇ ਜਾਂਦਾ ਸੀ।

ਘੰਟਾ ਭਰ ਸੱਸ ਤੇ ਸਹੁਰਾ ਸਾਰੇ ਪਰਿਵਾਰ ਦੀ ਰਾਜ਼ੀ ਖੁਸ਼ੀ ਪੁੱਛਦੇ ਰਹੇ। ਪਰ ਉਹ ਤਾਂ ਘਰੋਂ ਇਕ ਸਾਲ ਪਹਿਲਾਂ ਤੋਂ ਨਿਕਲਿਆ ਹੋਇਆ ਸੀ। ਫਿਰ ਵੀ ਉਹ ਰਸਮੀ ਜਿਹੇ ਜਵਾਬ ਦਿੰਦਾ ਰਿਹਾ। ਸਪਰਿੰਗ ਮੂਨ ਬੜੇ ਧਿਆਨ ਨਾਲ ਸੁਣਦੀ ਰਹੀ। ਉਸ ਨੂੰ ਲੱਗਦਾ ਸੀ ਕਿ ਚਾਚੇ ਦੀ ਆਖੀ ਕੋਈ ਵੀ ਗੱਲ ਧਿਆਨ ਤੋਂ ਬਾਹਰੀ ਨਾ ਰਹਿ ਜਾਵੇ। ਜਦੋਂ ਚਾਹ ਵਾਲੀ ਕੇਤਲੀ ਖਾਲੀ ਹੋ ਗਈ ਤਾਂ ਸਪਰਿੰਗ ਮੂਨ ਉੱਠਣ ਲੱਗੀ ਕਿ ਜਾ ਕੇ ਰਸੋਈ ਵਿਚੋਂ ਹੋਰ ਲੈ ਆਵੇ। ਪਰ ਚਾਚੇ ਨੋਬਲ ਟੇਲੈਂਟ ਨੇ ਮਿੰਨਤ ਕੀਤੀ ਕਿ ਰੁਕ ਜਾਵੇ ਕਿਉਂਕਿ ਉਸ ਨੂੰ ਆਏ ਨੂੰ ਕਾਫ਼ੀ ਸਮਾਂ ਹੋ ਚੁੱਕਿਆ ਹੈ ਅਤੇ ਮੁੜਨਾ ਹੈ। "ਦੇਰ ਹੋ ਰਹੀ ਹੈ ਮੈਂ ਜਾਣਾ ਹੈ" ਆਖਦਾ ਉਹ ਉੱਠ ਖੜ੍ਹੀ ਹੋਇਆ ਹਾਨਲਿਨ ਵੀ ਉਠ ਖੜ੍ਹਾ ਹੋਇਆ। ਘੱਗਿਆਇਆ ਗਲਾ ਸਾਫ਼ ਕਰਦਾ ਬੋਲਿਆ, "ਮੇਰੇ ਮਿੱਤਰ ਦੇ ਪੁੱਤਰਾ ਅਜੇ ਨਾ ਜਾਹ..ਥੋੜ੍ਹਾ ਹੋਰ ਰੁਕ।" ਆਖ ਕੇ ਉਸ ਨੇ ਲੋਟੱਸ ਡੀਲਾਈਟ ਅਤੇ ਸਪਰਿੰਗ ਮੂਨ ਵੱਲ ਵੇਖਿਆ। ਉਨ੍ਹਾਂ ਨੇ ਵੀ ਹਾਂ ਵਿਚ ਸਿਰ ਹਿਲਾਇਆ। "ਸਾਨੂੰ ਦੱਸ ਕੇ ਜਾਹ, ਭਾਵੀ ਕਿਵੇਂ ਵਾਪਰੀ। ਅਸੀਂ ਤੇਰੇ ਕੋਲੋਂ ਸੁਣਨਾ ਚਾਹੁੰਦੇ ਆਂ" ਸਾਰੇ ਫਿਰ ਬੈਠ ਗਏ। "ਮੈਂ ਕਿਵੇਂ ਦੱਸਾਂ" ਆਖਦੇ ਨੇ ਛਾਂਪ ਲਾਹ ਕੇ ਮੇਜ਼ 'ਤੇ ਰੱਖ ਦਿੱਤੀ।

"ਜਦੋਂ ਔੜ ਖਤਮ ਹੋਈ, ਮੇਰਾ ਮੁੰਡਾ ਮੁੱਠ ਵਿਚੋਂ ਉਦੋਂ ਪੀਕਿੰਗ ਗਿਆ ਸੀ" ਹਾਨਲਿਨ ਨੇ ਆਖਿਆ। "ਇਥੋਂ ਅੱਗੇ ਦੱਸ"।

"ਗਲੈਂਡ ਪਰਾਮਿਜ਼ ਨੇ, ਇਕ ਸਾਂਝੇ ਵਾਕਫ਼ਕਾਰ ਰਾਹੀਂ ਮੈਨੂੰ ਲੱਭ ਲਿਆ ਅਤੇ ਪੁੱਛਿਆ ਕਿ ਉਹ ਕਿਵੇਂ ਸਹਾਇਤਾ ਕਰ ਸਕਦਾ ਹੈ। ਮੈਂ ਬੜਾ ਸਮਝਾਇਆ ਕਿ ਮੱਠ ਵਿਚ ਮੁੜ ਜਾਵੇ। ਉਹ ਖਹਿੜੇ ਪਿਆ ਰਿਹਾ। ਅਸੀਂ ਦੋਵੇਂ ਮਿਲ ਕੇ ਜਿੰਨਾ ਕੁ ਕੰਮ ਕਰ ਸਕਦੇ ਸੀ ਕਰੀ ਗਏ। ਖਤਰੇ ਵਿਚ ਘਿਰੇ, ਨਵੇਂ ਧਰਮ ਤਬਦੀਲ ਹੋਏ ਲੋਕਾਂ ਨੂੰ ਬਚਾਉਂਦੇ ਰਹੇ। ਬਾਹਰਲੀਆਂ ਐਂਬੰਸੀਆਂ ਵਿਚ ਫਸੇ ਲੋਕਾਂ ਨੂੰ ਖਾਧ ਖੁਰਾਕ, ਰੋਟੀ ਪਾਣੀ ਦਿੰਦੇ ਅਤੇ ਦੁਵੱਲੀਆਂ ਖ਼ਬਰਾਂ ਦੀ ਰਸਾਈ ਵੀ ਕਰਦੇ। ਚੀਨੀਆਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਉਂਦੇ। ਚੀਨੀ ਫੌਜ ਵਿਚ ਸਿਪਾਹੀਆਂ ਨਾਲ ਗੱਲਾਂ ਕਰਦੇ ਉਨ੍ਹਾਂ ਨੂੰ ਕੱਸੇ ਮੁੱਕਿਆਂ ਦੀ ਜਿੱਤ ਦੇ ਖਤਰੇ ਬਾਰੇ ਦੱਸਦੇ। ਅਫ਼ਸਰਾਂ ਨੂੰ ਵੀ ਸਮਝਾਉਂਦੇ ਕਿ ਕਤਲੋਗਾਰਤ ਰੋਕਣ। ਬਹੁਤ ਸਾਰੇ ਅਫ਼ਸਰ ਅਤੇ ਸਿਪਾਹੀ ਸਨ ਜਿਹੜੇ ਸਾਡੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਸਨ। ਫਿਰ ਉਹ ਸਿਰਫ਼ ਦਿਖਾਵੇ ਵਾਸਤੇ ਹਵਾ ਵਿਚ ਫਾਇਰ ਕਰਦੇ ਰਹਿੰਦੇ। ਉਹ ਡਾਵੇਜ਼ਰ ਨੂੰ ਭੁਲੇਖਾ ਪਾਉਂਦੇ ਕਿ ਲੜਾਈ ਹੋ ਰਹੀ ਹੈ ਪਰ ਸਾਰੇ ਐਹੋ ਜਿਹੇ ਨਹੀਂ ਸਨ। ਅਸੀਂ ਕਿਸੇ ਵੀ ਵੇਲੇ ਕਿਸੇ ਦੇ ਹੱਥੋਂ ਵੀ ਮਾਰੇ ਜਾ ਸਕਦੇ ਸੀ।" ਐਨਾ ਕਹਿ ਕੇ ਉਹ ਇਕ ਦਮ ਰੁਕ ਗਿਆ। ਜਿਵੇਂ ਕਹਿਣ ਨੂੰ ਕੁਝ ਬਾਕੀ ਨਾ ਹੋਵੇ।

"ਕ੍ਰਿਪਾ ਕਰਕੇ ਅੱਗੇ ਦੱਸੋ.. ਹੋਰ ਦੱਸੋ" ਹਾਨਲਿਨ ਨੇ ਤਰਲਾ ਕੀਤਾ।

ਨੋਬਲ ਟੇਲੈਂਟ ਨੇ ਅੱਖ ਬਚਾ ਕੇ ਭਤੀਜੀ ਵੱਲ ਵੇਖਿਆ। ਉਸ ਨੇ ਵੀ ਚੁੱਪ ਭਰੀ ਹਾਂ ਆਖੀ। ਉਹ ਬੋਲਿਆ "ਚੰਦਰਮਾ ਦੇ ਪੰਜਵੇਂ ਮਹੀਨੇ ਦੀ ਛਠ-ਛੇਵੀਂ ਸੀ। ਉਹ ਕੁੱਲੀ ਦੇ ਭੇਸ਼ ਵਿਚ ਮੇਰੇ ਕੋਲ ਆਇਆ। ਮੈਨੂੰ ਪਤਾ ਨੀ ਸੀ ਕਿ ਉਹ ਕੀ ਕਰਨ ਵਾਲਾ ਹੈ। ਅਸੀਂ ਰਸਮੀ ਜਿਹੀ ਦੁਆ ਸਲਾਮ ਕੀਤੀ। ਉਸ ਨੇ ਛਾਂਪ ਲਾਹ ਕੇ ਮੈਨੂੰ ਫੜਾ ਦਿੱਤੀ ਅਤੇ ਸੰਭਾਲ ਕੇ ਰੱਖਣ ਵਾਸਤੇ ਆਖਿਆ" ਉਸ ਨੇ ਆਪਣਾ ਚਾਹ ਦਾ ਕੱਪ ਚੁੱਕਦੇ ਨੇ ਆਖਿਆ। "ਬੱਸ, ਜੋ ਭਾਵੀ ਬੀਤੀ, ਉਸੇ ਦਿਨ ਬੀਤੀ" "ਤੈਨੂੰ ਪੱਕ ਕਿਵੇਂ ਪਤਾਤੈਨੂੰ ਯਕੀਨ ਕਿਵੇਂ ਆ" ਹਾਨਲਿਨ ਬੋਲਿਆ।

ਅਵਾਜ਼ ਵਿਚ ਖਾਲੀ ਕੱਪ ਮੇਜ਼ ਤੇ ਰੱਖਦੇ ਨੇ ਨੋਬਲ ਟੇਲੈਂਟ ਧੀਮੀ ਅਵਾਜ਼ ਵਿਚ ਬੋਲਿਆ, "ਮੈਨੂੰ ਪਤਾ, ਪੱਕਾ ਪਤਾ।"

"ਜੋ ਤੈਨੂੰ ਪਤਾਸਾਨੂੰ ਵੀ ਪਤਾ ਲੱਗਣਾ ਚਾਹੀਦਾ" ਇਨਕਲਾਬ ਦਾ ਸਿਪਾਹੀ ਗਲਾ ਸਾਫ਼ ਕਰਦਾ ਦੱਸਣ ਲੱਗਿਆ "ਅਸੀਂ ਉਸ ਨੂੰ ਤਿੰਨ ਹੋਰ ਕਾਮਰੇਡਾਂ ਨਾਲ, ਇਕ ਬਦੇਸ਼ੀ ਮਿਸ਼ਨ ਦੇ ਅੰਦਰ ਜਾਣ ਵਾਸਤੇ ਇਕ ਗੁਪਤ ਗੇਟ ਕੋਲ ਖੜ੍ਹੇ ਦੇਖਿਆ। ਉਸੇ ਵੇਲੇ ਇਕ ਗੱਡੀ ਉਥੇ ਆਈ ਅਤੇ ਚੋਹਾਂ ਨੂੰ ਚੁੱਕ ਕੇ ਲੈ ਗਈ। ਅਸੀਂ ਕੁਝ ਨਾ ਕਰ ਸਕੇ। ਸਮਾਂ ਈ ਨੀ ਸੀ। ਜੰਗ ਦੇ ਮੈਦਾਨ ਵਿਚ ਇਵੇਂ ਹੀ ਹੁੰਦਾ। ਹਰ ਰੋਜ਼ ਹੁੰਦਾ।

ਹੁਣ ਤਾਂ ਕੋਈ ਸਵਾਲ ਬਾਕੀ ਨਹੀਂ ਸੀ ਬਚਿਆ। ਸਪਰਿੰਗ ਮੂਨ ਪੱਥਰ ਬਣੀ ਕੁਰਸੀ ਵਿਚ ਬੈਠੀ ਸੀ। ਆਖਰ ਜਦੋਂ ਬੋਲਡ ਟੇਲੈਂਟ ਉੱਠਿਆ, ਉਹ ਸਾਰੇ ਖੜ੍ਹੇ ਹੋ ਗਏ। ਸਾਰੇ ਝੁਕ ਕੇ ਵਿਦਾ ਆਖਣ ਲੱਗੇ। ਔਰਤਾਂ ਤਾਂ ਗੇਟ ਤੋਂ ਅੰਦਰ ਹੀ ਰਹੀਆਂ, ਹਾਨਲਿਨ ਉਸ ਨੂੰ ਪਾਲਕੀ ਤੱਕ ਛੱਪੜ ਆਇਆ। ਜਦੋਂ ਉਹ ਨਜ਼ਰਾਂ ਤੋਂ ਉਹਲੇ ਹੋ ਰਹੇ ਸਨ ਤਾਂ ਲੋਟੱਸ ਡੀਲਾਈਟ ਨੇ ਉੱਚੀ ਆਖਿਆ "ਪੁੱਤਰਾ ਤੇਰੇ ਆਉਣ ਦੀ ਬੜੀ ਮਿਹਰਬਾਨੀ, ਪੁੱਤਰਾ ਫਿਰ ਵੀ ਆਉਂਦਾ ਰਵੀਂ"

ਹੁਣ ਆ ਕੇ ਸਪਰਿੰਗ ਮੂਨ ਨੂੰ ਖਿਆਲ ਆਇਆ ਕਿ ਉਸਨੇ ਤਾਂ ਚਾਚੇ ਨਾਲ ਜ਼ਬਾਨ ਵੀ ਸਾਂਝੀ ਨੀ ਕੀਤੀ। ਉਹ ਤਾਂ ਇਹ ਵੀ ਨਾ ਦੱਸ ਸਕੀ ਕਿ ਉਸ ਦੀ ਝੋਲੀ ਵਿਚ ਸ਼ਹੀਦ ਦੀ ਬੱਚੀ ਹੈ ਅਤੇ ਘਰਦਿਆਂ ਨੇ ਉਸ ਦਾ ਨਾਂ ਲੱਸਟਰੱਸ ਜੇਡ ਰੱਖਿਆ ਹੈ।

ਸੁੱਤ ਨੀਂਦਰੇ ਹੋਈ, ਉਹ ਗੇਟ ਤੋਂ ਮੁੜੀ। ਮੇਜ਼ 'ਤੇ ਇਉਂ ਹੱਥ ਮਾਰਿਆ ਜਿਵੇਂ ਦਿੱਸਦਾ ਨਾ ਹੋਵੇ, ਜਦੋਂ ਮੁੰਦੀ ਹੱਥ ਨੂੰ ਲੱਗੀ ਤਾਂ ਘੁੱਟ ਕੇ ਚੁੱਕ ਲਈ। ਰਾਤ ਵੇਲੇ ਸੌਣ ਤੱਕ ਮੁੰਦੀ ਉਸਦੇ ਹੱਥ ਵਿਚ ਸੀ। ਸੁੱਤੀ ਤੋਂ ਹੱਥੋਂ ਫਰਸ਼ ਤੇ ਡਿੱਗ ਪਈ। ਡਿੱਗੀ ਮੁੰਦੀ ਦਾ ਜਦੋਂ ਖੜਕਾਰ ਹੋਇਆ ਤਾਂ ਉਸਦੀ ਅੱਖ ਖੁੱਲ੍ਹੀ। ਉਸ ਦੀਆਂ ਅੱਖਾਂ ਵਿਚੋਂ ਨਦੀਆਂ ਵਾਂਗ ਹੰਝੂ ਵਹਿ ਤੁਰੇ।

ਅਗਲੀ ਸਵੇਰ ਮੂੰਹ ਹਨ੍ਹੇਰੇ ਲੋਟੱਸ ਡੀਲਾਈਟ ਬੱਦੋ ਵਦੀ ਉਸ ਝੌਂਪੜੀ ਵਿਚ ਜਾ ਵੜੀ ਜਿਥੇ ਸਪਰਿੰਗ ਮੂਨ ਡੱਮੀ ਨਾਲ ਰਾਤ ਨੂੰ ਸੌਂਦੀ ਸੀ। ਉਸ ਨੇ ਨੂੰਹ ਨੂੰ ਹਲੂਣ ਕੇ ਜਗਾਇਆ। ਡੱਮੀ ਵੱਲ ਇਸ਼ਾਰਾ ਕਰਕੇ ਆਖਿਆ। "ਇਹਨੂੰ ਹੁਣੇ ਕੱਢ ਦੇ ਇਥੋਂ। ਇਹ ਸਾਰਾ ਇਹਦੇ ਕਰਕੇ ਹੋਇਆ। ਮੇਰੀ ਭੈਣ ਨੇ ਤਾਂ ਪਹਿਲਾਂ ਹੀ ਆਖਿਆ ਸੀ ਕਿ ਇਹ ਨਰਿਸ਼ ਹੈ। ਉਸਦੀਆਂ ਅੱਖਾਂ ਵਿਚੋਂ ਹੰਝੂਆਂ ਦਾ ਹੜ੍ਹ ਵਗ ਰਿਹਾ ਸੀ।

ਹੁਣ ਸਪਰਿੰਗ ਮੂਨ ਕਿਵੇਂ ਨਾਂਹ ਕਰੇ। ਸੱਸ ਦਾ ਇਕਲੌਤਾ ਪੁੱਤ ਮੁੱਕਿਆ ਸੀ। ਭਾਵੇਂ ਉਸ ਨੂੰ ਪਤਾ ਸੀ ਕਿ ਇਹ ਸੱਸ ਦਾ ਵਹਿਮ ਹੈ। ਫਿਰ ਵੀ ਸੱਸ ਨੂੰ ਹੋਰ ਦੁੱਖ ਤੋਂ ਬਚਾਉਣ ਵਾਸਤੇ ਨਾਂਹ ਨਾ ਕਰ ਸਕੀ। ਉਸ ਨੂੰ ਵਿਰੋਧ ਨਹੀਂ ਕਰਨਾ ਚਾਹੀਦਾ।

ਸਪਰਿੰਗ ਮੂਨ ਨੇ ਡੱਮੀ ਨੂੰ ਗਲਵਕੜੀ ਪਾਉਂਦੀ ਨੇ ਆਖਿਆ "ਤੂੰ ਕਿਵੇਂ ਗੁਜ਼ਾਰਾ ਕਰੇਂਗੀ। ਕਿਥੇ ਜਾਵੇਂਗੀ।'

"ਮੈਂ ਲਰਨਡ ਸਿੰਡਰ, ਆਪਣੇ ਪਿੰਡ, ਘਰ ਮੁੜ ਜਾਵਾਂਗੀ। ਗੁਜ਼ਾਰੇ ਜੋਗੀ ਕੁਝ ਜ਼ਮੀਨ ਜੁ ਹੈ। ਮਾਪਿਆਂ ਅਤੇ ਛੋਟੇ ਭਰਾ ਦੀ ਕਬਰ ਵੀ ਹੈ। ਜਿਨ੍ਹਾਂ ਦੀ ਸੰਭਾਲ ਮੈਂ ਕਰਨੀ ਹੈ।"

# ਉਹ ਜੋ ਕਾਲਾ ਦੌਰ ਸੀ, ਸਾਡਾ ਚਾਨਣ ਵੀ ਖੋਹ ਕੇ ਲੈ ਗਿਆ ਸੀ..

8, ਅਕਤੂਬਰ 1991 ਨੂੰ ਮੇਰੇ ਪਿਤਾ ਕਾਮਰੇਡ ਪਰਮਿੰਦਰ ਜੀਤ ਸਿੰਘ ਹਾਂਸ ਨੂੰ ਸਾਡੇ ਪਿੰਡ ਹਾਂਸ ਕਲਾਂ ਦੀ ਦਾਣਾ ਮੰਡੀ 'ਚ ਦੁਪਹਿਰੇ 12 ਵਜੇ ਖਾਲਿਸਤਾਨ ਲਿਬਰੇਸ਼ਨ ਫੋਰਸ ਗੁਰਜੰਟ ਸਿੰਘ ਬੁੱਧ ਸਿੰਘਵਾਲਾ ਦੇ ਗਰੁੱਪ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ।

ਕਿਉਂ..

ਪਤਾ ਨਹੀਂ...

ਉਹ ਹਨੇਰ ਵੰਡਦੀ ਸੰਗੀਨਾਂ ਦੀ ਰੁੱਤ ਸੀ। ਵੇਲੇ ਦੀ ਹਕੂਮਤ ਦੀ ਪੈਦਾਇਸ਼ ਕਾਲੇ ਦੌਰ ਨੇ ਕਿੰਨੇ ਬੇਕਸੂਰਾਂ ਦੀ ਜ਼ਿੰਦਗੀ ਦਾ ਚਾਨਣ ਹੂੰਝ ਦਿੱਤਾ ਸੀ, ਬਹੁਤ ਸਾਰੇ ਅੱਜ ਵੀ ਹਨੇਰ ਚ ਗੁੰਮੇ ਗੁਆਚੇ ਹੋਏ ਨੇ, ਖਾਸ ਕਰਕੇ ਉਹ ਜਿਹਨਾਂ ਨੂੰ ਹਰ ਧਿਰ ਵੇਲੇ ਮੁਤਾਬਕ ਵਰਤਦੀ ਰਹੀ ਸੀ।

ਖੈਰ.. ਦਿਲਾਂ ਦੇ ਦਰਦ ਨੇ ਕੋਈ ਜਿਗਰੇ ਵਾਲਾ ਤੇ ਜਾਗਦਾ ਸਿਰ ਹੀ ਸਮਝ ਸਕਦਾ ਹੈ..

ਵੈਸੇ ਤਾਂ ਆਪਣੇ ਬਾਪ ਦੇ ਅਸੂਲਾਂ ਨੂੰ ਕਾਇਮ ਰੱਖਣ ਦੀ ਕਿਸ਼ਸ਼ ਕਰਦਿਆਂ ਹਰ ਸਾਹ ਉਹਨਾਂ ਲਈ ਜਿਉਂਦੀ ਹਾਂ, ਪਰ ਸਾਲ ਮਗਰੋਂ ਜਦੋਂ ਵੀ ਇਹ ਦਿਨ ਆਉਂਦਾ ਹੈ ਤਾਂ ਉਹਨਾਂ ਦੇ ਆਖਰੀ ਬੋਲ ਜਿਸਮ ਚ ਝੁਣਝੁਣੀ ਜਿਹੀ ਛੇੜ ਜਾਂਦੇ ਨੇ..



ਦੁਪਹਿਰੇ ਮੰਡੀ ਜਾਣ ਲੱਗਿਆਂ ਰੋਟੀ ਖਾ ਕੇ ਸਕੂਟਰ ਚੁੱਕ ਕੇ ਘਰ ਦੇ ਦਰਵਾਜ਼ੇ ਚੋਂ ਬਾਹਰ ਕੱਢਦਿਆਂ ਪਹਿਲੀ ਵਾਰ ਉਹਨਾਂ ਪਿੱਛੇ ਮੁੜ ਕੇ ਦੇਖਿਆ, ਆਦਤਨ ਮੈਂ ਹੀ ਦਰਵਾਜਾ? ਖੋਲਣਾ ਬੰਦ ਕਰਨਾ ਹੁੰਦਾ ਸੀ, ਮੇਰੇ ਵੱਲ ਮੁੜ ਕੇ ਵੇਖਦਿਆਂ ਕਿਹਾ ਸੀ-

-- ਜਿਹਨਾਂ ਦੀ ਕੋਈ ਨਹੀਂ ਸੁਣਦਾ ਉਹਨਾਂ ਨੂੰ ਸਾਡੀ ਲੋੜ ਹੁੰਦੀ ਹੈ, ਆਪਣਾ ਖਿਆਲ ਰੱਖੀਂ, ਹੋਰਨਾਂ ਦਾ ਵੀ ਖਿਆਲ ਰੱਖੀਂ.. ਝੁਕਣਾ ਲਿਫਣਾ ਸਾਡੇ ਲਹੂ ਚ ਨਹੀਂ ਹੈ.. -

ਉਦੋਂ ਬੜਾ ਅਜੀਬ ਲੱਗਿਆ ਸੀ, ਕਿ ਬਾਪੂ ਹੁਰਾਂ ਨੂੰ ਅੱਜ ਕੀ ਹੋ ਗਿਆ, ਅਚਾਨਕ ਗਿਆਨ ਦਾ ਪਾਠ ਪੜਾਉਣ ਲੱਗ ਪਏ, ਅਕਸਰ ਇਹ ਗੱਲਾਂ ਉਹ ਕੋਈ ਕਿਤਾਬ, ਮੈਗਜੀ ?ਨ ਪੜਦਿਆਂ ਘੁੱਟ ਛਿੱਟ ਲਾ ਕੇ ਕਰਦਿਆ ਕਰਦੇ ਸਨ, ਲਿਖਤ ਦਾ ਸਾਰ ਤੱਤ ਸਾਡੇ ਨਾਲ ਸਾਂਝੇ ਕਰਦਿਆਂ ਅਜਿਹੇ ਬੋਲ ਬੋਲਿਆ ਕਰਦੇ ਸਨ..

ਪਰ ਫੇਰ ਦੁਪਹਿਰੇ ਗੋਲੀਆਂ ਦੀ ਅਵਾਜ਼ ਸੁਣਨ ਤੋਂ ਕੁਝ ਚਿਰ ਮਗਰੋਂ ਜਦੋਂ ਮੰਡੀ ਚੋਂ ਝੋਨਾ ਹੂੰਝਣ ਗਈ ਗੁਆਂਢਣ ਵੈਣ ਪਾਉਂਦੀ ਦਰਵਾਜ਼ੇ ਮੂਹਰੇ ਦੁਹੱਥੜ ਮਾਰ ਕੇ ਪਿੱਟਣ ਲੱਗੀ ਸੀ ਤਾਂ ਉਹ ਬੋਲ ਸਮਝ ਆ ਗਏ ਸਨ .. ਹਾਲਾਂਕਿ ਉਦੋਂ ਸਮਝਣ ਜੋਗੀ ਉਮਰ ਨਹੀਂ ਸੀ..

ਤੇ ਮੈਂ ਆਖਰੀ ਦਮ ਤੱਕ

ਕੋਸ਼ਿਸ਼ ਕਰੂੰ ਕਿ ਆਪਣਾ ਨਾ ਸਹੀ, ਹੋਰਨਾਂ ਦਾ ਜਿਹਨਾਂ ਦੀ ਕੋਈ ਨਹੀਂ ਸੁਣਦਾ, ਉਹਨਾਂ ਦਾ ਖਿਆਲ ਰੱਖ ਸਕਾਂ..

ਤੇ ਹਾਂ ਇਹ ਜ਼ਰੂਰ ਹੈ ਕਿ ਖੱਬੀ ਧਿਰ ਜੀਹਦੇ ਨਾਲ ਤੁਰਦਿਆਂ ਮੇਰੇ ਬਾਪ ਨੇ ਜਾਨ ਦਿੱਤੀ , ਉਹਦੇ ਵੱਡੇ ਨੇਤਾਵਾਂ ਦੀ ਸਾਡੇ ਵੱਲੋ ਕੀਤੀ ਕੰਡ ਵੱਲ ਕੰਡ ਕਰਨਾ, ਤੇ ਵਿਅਕਤੀਗਤ ਤੌਰ ਤੇ ਸਾਡੇ ਲਈ ਦਿਨ ਰਾਤ ਡਟਣ ਵਾਲੇ ਸੁਹਿਰਦ ਸੱਜਣਾਂ ਲਈ ਵਕਤ ਬੇਵਕਤ ਨਿਭ ਜਾਣਾ, ਮੇਰੇ ਵਲੋਂ ਆਪਣੇ ਬਾਪ ਨੂੰ ਸ਼ਰਧਾਂਜਲੀ ਹੋਵੇਗੀ..

**-ਅਮਨਦੀਪ ਹਾਂਸ**

# ਅਸੀਂ ਖੁਸ਼ਹਾਲ ਕੈਨੇਡਾ ਦੇ ਵਾਸੀ ਹਾਂ

ਇੰਡੀਆ ਦੇ ਕਈ ਨਜ਼ਦੀਕੀ ਗ਼ੁੱਸੇ ਹੋ ਗਏ ਹਨ ਕਿ ਉਹਨਾਂ ਦੇ ਧੀ-ਪੁੱਤਾਂ ਦੇ ਸਟੂਡੈਂਟ ਵੀਜ਼ੇ ਤੇ ਆਇਆਂ ਨੂੰ ਸਹਾਰਾ ਨਹੀਂ ਦੇ ਹੋਇਆ। ਆਹ ਇਰਾਨੀ ਭਾਈਚਾਰੇ ਨਾਲ ਸਬੰਧਤ ਸਾਢੇ ਅਠਾਰਾਂ ਸਾਲ ਦੇ ਲੜਕੇ ਨੂੰ ਹੁਣੇ ਹੀ ਕੋਰਟ ਤੋਂ ਸਾਢੇ ਚਾਰ ਮਹੀਨੇ ਬਾਅਦ ਜ਼ਮਾਨਤ ਮਿਲੀ ਤੇ south west detention centre ਤੋਂ ਸਮਾਨ ਚੁੱਕਣ ਆਇਆ ਸੀ, ਨੇ ਦੱਸਿਆ ਕਿ ਪੰਦਰਾਂ ਕੁ ਸਾਲ ਪਹਿਲਾ ਮਾਂ ਨਾਲ ਰਫਿਊਜੀ ਆਇਆ ਸੀ। ਕੁੱਝ ਸਾਲ ਬਾਅਦ ਗੌਰਮਿੰਟ ਨੇ ਖਰਚੇ ਦੇਣੇ ਬੰਦ ਕਰ ਦਿੱਤੇ। ਮਾਂ ਨੇ ਲੋਕਾ ਦੇ ਘਰਾ ਚ ਸਫਾਈ ਦਾ ਕੰਮ ਭਾਲ ਲ਼ਿਆ ਅਤੇ ਮੈਂ ਸਕੂਲੇ ਜਾਣ ਲੱਗ ਪਿਆ... ਤੇ ਕਈ ਵੇਰਾਂ ਮਾਂ ਨਾਲ ਕੰਮ ਤੇ ਵੀ ਜਾ ਆਉਂਦਾ। ਸਾਲ ਕੁ ਪਹਿਲਾ ਮਾਂ ਇਰਾਨ ਨੂੰ ਵਾਪਸ ਚਲੀ ਗਈ ਕਿ ਕੰਮ ਕਰ ਕਰ ਕੇ ਤਾਂ ਬੇਸਮੈਂਟ ਦਾ ਕਿਰਾਇਆ ਤੇ ਗਰੌਸਰੀ ਵੀ ਮਸੀ ਖਰੀਦ ਹੁੰਦੀ ਹੈ ਅਤੇ ਮੈਂ ਪੜ੍ਹਾਈ ਛੱਡ ਰਹਿਣ ਦੇ ਖਰਚਿਆ ਲ਼ਈ ਕੰਮ ਤੇ ਜਾ ਲੱਗਾ। ਅਖੇ ਇੱਕ ਦਿਨ ਪਲਾਜੇ 'ਚ ਹੋਰ ਦੋਸਤਾਂ ਨਾਲ ਖੜ੍ਹਾ ਸੀ ਕਿ ਕੁੱਝ ਦੋਸਤ ਲੜ ਕੇ ਗੋਲ਼ੀਆਂ ਚਲਾਉਣ ਲੱਗ ਪਏ ਤੇ ਉੱਥੋਂ ਭੱਜੇ ਜਾਂਦੇ ਦੇ ਮੇਰੇ ਵੀ ਲੱਤ ਤੇ ਗੋਲੀ ਲੱਗ ਗਈ। ਪੁਲਿਸ ਨੇ ਮੈਨੂੰ ਵੀ ਕਈ ਸ਼ੱਕਾਂ 'ਚ ਅੰਦਰ ਦੇ ਦਿੱਤਾ। ਚੌਹ ਮਹੀਨੀ ਮੈਨੂੰ ਜੱਜ ਨੇ ਪੁਲਿਸ ਨੂੰ ਇਹ ਕਹਿ ਕੇ ਛੱਡ ਦਿੱਤਾ ਕਿ ਇਹਨੂੰ ਬਿਨਾ ਵਜਾਹ ਅੰਦਰ ਕਾਹਤੋਂ ਰੱਖਿਆ ਹੈ। ਹੁਣ ਸ਼ੈਲਟਰ 'ਚ ਹੀ ਕੁੱਝ ਦਿਨ ਰਹੂੰਗਾ ਕਿਉਕ ਮੇਰਾ ਕੋਈ ਰਿਸ਼ਤੇਦਾਰ ਜਾ ਲਾਗਲਾ ਤਾਂ ਹੈ ਨਹੀਂ। ਜਿੱਥੇ ਰਹਿੰਦਾ ਸੀ ਨੇ ਵੀ ਬੇਸਮੈਂਟ ਕਿਸੇ ਹੋਰ ਨੂੰ ਦੇ ਦਿੱਤੀ ਹੈ ਅਤੇ ਅੱਖਾਂ ਚੋ ਹੰਝੂ ਛੱਡਦਾ ਬੋਲ਼ਿਆ - ਮੈਨੂੰ ਤਾਂ ਜ਼ਿੰਦਗੀ ਦੇ ਮਤਲਵ ਦਾ ਨਹੀ ਪਤਾ ਲਗਦਾ ਕਿ ਇਹ ਹੈ ਕੀ । ਮੈਨੂੰ ਪੁਛਦਾ ਕਿ ਤੂੰ ਬੋਲਦਾ ਨਹੀ ਤਾਂ ਮੈ ਕਿਹਾ- ਸਾਡੇ ਵੀ ਘਰ ਇੱਕ ਤੇਰੇ ਵਰਗਾ ਸੀ ਜੋ ਗਲਤ ਸਮੇਂ ਗਲਤ ਜਗਾਹ ਤੇ ਚਲੇ ਗਿਆ ਤੇ ਵਾਪਿਸ ਨਹੀਂ ਆਇਆ ਅਤੇ ਇੱਕ ਹੋਰ ਹੈ ਜੋ ਉਹਦੇ ਵਾਪਿਸ ਨਾਂ ਆਉਣ ਨੂੰ ਭੁਲਾ ਨਹੀ ਰਿਹਾ। ਅਖੀਰ ਚ ਮੈ ਕਿਹਾ ਕਿ ਕੁੱਝ ਵੀ ਹੋ ਜਾਏ ਪਰ ਡਰੱਗ ਵੇਚਣ ਨਾਂ ਤੁਰੀ ਤਾਂ ਜਾਦਾ ਹੋਇਆ ਮੈਨੂੰ ਆਪਦਾ ਫ਼ੋਨ ਦੇ ਕੇ ਕਹਿਣ ਲੱਗਾ 'ਮੈਨੂੰ ਕਿਤੇ ਕਿਤੇ ਫ਼ੋਨ ਕਰਕੇ ਏਸ ਤਰਾਂ ਕਹਿ ਦਿਆ ਕਰੀ ਕਿਉਕ ਮੈਨੂੰ ਇਸ ਤਰ੍ਹਾਂ ਕਹਿਣ ਵਾਲਾ ਘਰ ਦਾ ਕੋਈ ਨਹੀਂ ਹੈ। ਇਹਨਾਂ ਦਿਨਾਂ 'ਚ ਲੋਕ ਜ਼ਮੀਨਾਂ ਵੇਚ ਵੇਚ ਸਟੂਡੈਂਟ ਵੀਜ਼ੇ ਨਾਲ ਚੜਾਈ ਜਾ ਰਹੇ ਹਨ ਕੁੜੀਆਂ ਮੁੰਡਿਆ ਨੂੰ। ਪਤਾ ਨਹੀ ਗੱਲ ਕਿੱਥੇ ਨਿਬੜਨੀ ਹੈ ਧੱਕੇ ਖਾ ਰਹੇ ਬੱਚੇ ਬੱਚੀਆ ਦੀ।

**Kuldip Boparai**

ਤੇ ਪੜਦੇ ਪਾਉਂਦੇ ਰਹਿਣਗੇ। ਇਸ ਸ਼ਤਾਬਦੀ ਮੌਕੇ ਸਾਨੂੰ ਇਨ੍ਹਾਂ ਨੂੰ ਪਹਿਲਾਂ ਤਾਂ ਪਿਛਲੀਆਂ ਸ਼ਤਾਬਦੀਆਂ ਦੀ ਕਾਰਗੁਜ਼ਾਰੀ ਤੇ ਉਸਦੀ ਪ੍ਰਾਪਤੀ ਬਾਰੇ ਸਵਾਲ ਕਰਨ ਦੀ ਲੋੜ ਹੈ? ਇਨ੍ਹਾਂ ਨੂੰ ਪੁੱਛਣਾ ਬਣਦਾ ਹੈ ਕਿ ਪਿਛਲੀਆਂ ਸ਼ਤਾਬਦੀਆਂ ਮੌਕੇ ਕੀਤੇ ਗਏ ਕਰੋੜਾਂ ਰੁਪਇਆਂ ਦੇ ਖਰਚਿਆਂ ਨਾਲ ਕੀ ਪ੍ਰਾਪਤੀ ਹੋਈ ਹੈ? ਜਿਹੜੀ ਹੁਣ ਇਹ ਕਰਕੇ ਦਿਖਾਉਣਗੇ? ਜਿਹੜੇ ਨਾਹਰੇ ਪਿਛਲੀਆਂ ਸ਼ਤਾਬਦੀਆਂ ਮੌਕੇ ਮਾਰੇ ਗਏ ਸਨ, ਉਨ੍ਹਾਂ ਦਾ ਕੀ ਬਣਿਆ?

ਹੁਣ ਗੱਲ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦੀ ਕਰਦੇ ਹਾਂ। ਧਰਮਾਂ ਦੀ ਦੁਨੀਆਂ ਵਿੱਚ ਅਨੇਕਾਂ ਮਹਾਂਪੁਰਸ਼ ਹੋ ਚੁੱਕੇ ਹਨ ਤੇ ਅੱਜ ਵੀ ਹਨ। ਪਰ ਗੁਰੂ ਨਾਨਕ ਸਾਹਿਬ ਸਭ ਤੋਂ ਬਹੁਤ ਸਾਰੀਆਂ ਗੱਲਾਂ ਕਰਕੇ ਵੱਖਰੇ ਸਨ। ਆਮ ਤੌਰ 'ਤੇ ਬਹੁਤੇ ਇਨਕਲਾਬੀ ਮਹਾਂਪੁਰਸ਼ ਉਸ ਧਰਮ ਵਿੱਚ ਸੁਧਾਰ ਲਈ ਬਗਾਵਤ ਕਰਦੇ ਹਨ, ਜਿਸ ਵਿੱਚ ਉਹ ਪੈਦਾ ਹੋਏ ਹੁੰਦੇ ਹਨ, ਪਰ ਗੁਰੂ ਨਾਨਕ ਸਾਹਿਬ ਨੇ ਹਿੰਦੂ ਧਰਮ ਵਿੱਚ ਪੈਦਾ ਹੋ ਕੇ ਉਸ ਸਮੇਂ ਦੇ ਦੂਜੇ ਧਰਮਾਂ ਇਸਲਾਮ, ਯੋਗ ਮੱਤ, ਬੁੱਧ ਮੱਤ, ਜੈਨ ਮੱਤ ਦੇ ਪੁਜਾਰੀਆਂ ਨੂੰ ਵੀ ਉਸੇ ਤਰ੍ਹਾਂ ਵੰਗਾਰਿਆ, ਜਿਸ ਤਰ੍ਹਾਂ ਹਿੰਦੂ ਬ੍ਰਾਹਮਣ ਪੁਜਾਰੀਆਂ ਨੂੰ ਵੰਗਾਰਿਆ ਸੀ। ਆਮ ਤੌਰ 'ਤੇ ਇਨਕਲਾਬੀ ਪੁਰਸ਼ ਆਪਣੀ ਗੱਲ ਕਰਦੇ ਹਨ, ਦੂਜਿਆਂ ਬਾਰੇ ਘੱਟ ਗੱਲ ਕਰਦੇ ਹਨ, ਪਰ ਗੁਰੂ ਨਾਨਕ ਸਾਹਿਬ ਇਸ ਪੱਖੋਂ ਵੀ ਵਿਲੱਖਣ ਸਨ ਕਿ ਉਹ ਆਪਣੀ ਗੱਲ ਹੀ ਨਹੀਂ ਕਰਦੇ ਸਨ, ਸਗੋਂ ਦੂਜਿਆਂ ਦੀਆਂ ਗਲਤ ਰੀਤਾਂ-ਰਸਮਾਂ, ਮਨੌਤਾਂ, ਵਿਸ਼ਵਾਸ਼ਾਂ ਜਾਂ ਧਾਰਮਿਕ ਕਰਮਕਾਂਡਾਂ, ਮਰਿਯਾਦਾਵਾਂ ਆਦਿ ਨੂੰ ਉਨ੍ਹਾਂ ਦੇ ਘਰ ਜਾ ਕੇ ਬਿਨਾਂ ਕਿਸੇ ਝਿਜਕ ਜਾਂ ਡਰ ਦੇ ਚੈਲਿੰਜ ਕਰਦੇ ਸਨ।ਗੁਰੂ ਨਾਨਕ ਸਾਹਿਬ ਨੇ ਧਰਮਾਂ ਦੀ ਦੁਨੀਆਂ ਵਿੱਚ ਤਰਕ ਤੇ ਦਲੀਲ ਨਾਲ ਗੱਲ ਕਰਨ ਦਾ ਇੱਕ ਨਵਾਂ ਇਨਕਲਾਬ ਲਿਆਂਦਾ। ਉਹ ਆਪਣੀ ਹਰ ਗੱਲ ਤਰਕ ਤੇ ਦਲੀਲ ਨਾਲ ਕਰਦੇ ਸਨ ਤੇ ਦੂਜੇ ਧਰਮਾਂ ਦੇ ਪੁਜਾਰੀਆਂ ਨੂੰ ਆਪਣੀਆਂ ਰੀਤਾਂ, ਰਸਮਾਂ, ਮਰਿਯਾਦਾਵਾਂ ਨੂੰ ਤਰਕ ਦੇ ਅਧਾਰ ਤੇ ਸੱਚ ਸਾਬਤ ਕਰਨ ਲਈ ਚੈਲਿੰਜ ਕਰਦੇ ਸਨ। ਉਨ੍ਹਾਂ ਨੇ ਤਕਰੀਬਨ ਸਾਰੇ ਧਰਮਾਂ ਦੇ ਧਾਰਮਿਕ ਚਿੰਨ੍ਹਾਂ ਨੂੰ ਨਾ ਸਿਰਫ ਨਕਾਰਿਆ, ਸਗੋਂ ਦਲੀਲ ਨਾਲ ਆਪਣਾ ਨਵਾਂ ਨਜ਼ਰੀਆ ਵੀ ਪੇਸ਼ ਕੀਤਾ। ਜੇ ਗੁਰੂ ਨਾਨਕ ਸਾਹਿਬ ਅੱਜ ਹੋਣ ਤਾਂ ਉਨ੍ਹਾਂ ਤੇ ਦੂਜਿਆਂ ਦੇ ਧਰਮ ਵਿੱਚ ਦਖਲ ਦੇਣ ਜਾਂ ਦੂਜਿਆਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਵਿੱਚ ਰੋਜ਼ ਕੇਸ ਬਣਨ। ਗੁਰੂ ਨਾਨਕ ਸਾਹਿਬ ਦਾ ਇੱਕ ਵਿਲੱਖਣ ਪੱਖ ਇਹ ਵੀ ਸੀ ਕਿ ਉਨ੍ਹਾਂ ਧਾਰਮਿਕ ਰਹਿਬਰ ਹੁੰਦਿਆਂ ਹੋਇਆਂ ਵੀ, ਰਾਜਨੀਤੀ, ਸਮਾਜਿਕ, ਆਰਥਿਕ ਆਦਿ ਸਭ ਖੇਤਰਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਅਨੁਸਾਰ: **ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥** ਭਾਵ ਕਿ ਨਾਨਕ ਸੱਚੀ ਗੱਲ ਕਰਦਾ ਹੈ, ਪਰ ਸੱਚ ਉਦੋਂ ਹੀ ਸੱਚ ਹੁੰਦਾ ਹੈ, ਜਦੋਂ ਸੱਚ ਕਹਿਣ ਦੇ ਵੇਲੇ ਸੱਚ ਬੋਲਿਆ ਜਾਵੇ, ਜਦੋਂ ਲੋੜ ਹੋਵੇ, ਉਦੋਂ ਵਿਅਕਤੀ ਮੂਕ ਦਰਸ਼ਕ ਬਣ ਜਾਵੇ ਤੇ ਅੱਗੇ ਪਿਛੇ ਸੱਚਾ ਤੇ ਧਰਮੀ ਹੋਣ ਦਾ ਦਾਅਵਾ ਕਰੇ, ਅਜਿਹੇ ਲੋਕਾਂ ਨੂੰ ਗੁਰੂ ਨਾਨਕ ਸਾਹਿਬ ਪਾਖੰਡੀ ਮੰਨਦੇ ਹਨ। ਇਸੇ ਲਈ ਜਦੋਂ ਮੁਗਲ ਜ਼ਰਵਾਣੇ ਬਾਬਰ ਨੇ ਹਿੰਦੁਸਤਾਨ ਤੇ ਹਮਲਾ ਕੀਤਾ ਤਾਂ ਗੁਰੂ ਨਾਨਕ ਸਾਹਿਬ ਨੇ ਐਮਨਾਬਾਦ ਵਿੱਚ ਜਾ ਕੇ ਬਾਬਰ ਨੂੰ ਕਿਹਾ: **ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥** ਭਾਵ ਕਿ ਬਾਬਰ ਪਾਪ ਦੀ ਬਰਾਤ ਲੈ ਕੇ ਕਾਬਲ ਤੋਂ ਆਇਆ ਹੈ ਤੇ ਸਾਡੀ ਧਰਤੀ ਨੂੰ ਧੱਕੇ ਨਾਲ ਦਾਜ ਵਿੱਚ ਮੰਗ ਰਿਹਾ ਹੈ। ਉਨ੍ਹਾਂ ਵਲੋਂ ਬਾਬਰ ਵਰਗੇ ਜ਼ਰਵਾਣੇ ਨੂੰ ਚੈਲਿੰਜ ਕਰਨ ਕਰਕੇ ਜ਼ੇਲ੍ਹ ਵੀ ਜਾਣਾ ਪਿਆ। ਪਰ ਅੱਜ ਦੇ ਸਿੱਖ ਧਰਮ ਦੇ ਠੇਕੇਦਾਰ ਮੌਕੇ ਦੇ ਹਾਕਮਾਂ ਖਿਲਾਫ ਖੜਨ ਦੀ ਥਾਂ ਕਹਿੰਦੇ ਹਨ ਕਿ ਅਸੀਂ ਤਾਂ ਜੀ ਧਾਰਮਿਕ ਲੋਕ ਹਾਂ, ਸਾਡਾ ਰਾਜਨੀਤੀ ਨਾਲ ਕੋਈ ਸਬੰਧ ਨਹੀਂ। ਜਦਕਿ ਆਪਣਾ ਧੰਦਾ ਉਹ ਗੁਰੂ ਨਾਨਕ ਸਾਹਿਬ ਦੇ ਨਾਮ ਤੇ ਚਲਾਏ ਜਾ ਰਹੇ ਸਿੱਖ ਧਰਮ ਦੇ ਨਾਮ ਤੇ ਚਲਾ ਰਹੇ ਹਨ। ਕੀ ਉਨ੍ਹਾਂ ਨੂੰ ਪਤਾ ਨਹੀਂ ਕਿ ਉਨ੍ਹਾਂ ਦਾ ਗੁਰੂ ਤਾਂ ਬਾਬਰਾਂ ਨੂੰ ਉਨ੍ਹਾਂ ਘਰ ਜਾ ਕੇ ਜ਼ਾਬਰ ਕਹਿਣ ਦੀ ਜੁਰਅਤ ਰੱਖਦਾ ਸੀ, ਕੀ ਉਹ ਧਾਰਮਿਕ ਮਹਾਂਪੁਰਸ਼ ਨਹੀਂ ਸੀ? ਆਮ ਤੌਰ ਤੇ ਧਰਮਾਂ ਵਿੱਚ ਅਸੂਲਾਂ ਜਾਂ ਸਿਧਾਂਤਾਂ ਦੀ ਥਾਂ ਧਾਰਮਿਕ ਰੀਤਾਂ-ਰਸਮਾਂ, ਮਰਿਯਾਦਾਵਾਂ, ਕਰਮਕਾਡਾਂ, ਧਾਰਮਿਕ ਚਿੰਨ੍ਹਾਂ ਆਦਿ ਤੇ ਵੱਧ ਜ਼ੋਰ ਦਿੱਤਾ ਜਾਂਦਾ ਹੈ, ਪਰ ਜਦੋਂ ਗੁਰੂ ਨਾਨਕ ਸਾਹਿਬ ਨੂੰ ਕਿਸੇ ਸਵਾਲ ਕੀਤਾ ਕਿ ਹਿੰਦੂਆਂ-ਸਿੱਖਾਂ ਵਿੱਚੋਂ ਕੌਣ ਵਧੀਆ ਹੈ ਤਾਂ ਉਨ੍ਹਾਂ ਜਵਾਬ ਦਿੱਤਾ: ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵੱਡਾ

# ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਅਜੋਕੇ ਸੰਦਰਭ ਵਿੱਚ

ਕਿ ਮੁਸਲਮਾਣੋਈ। ਬਾਬਾ ਆਖੇ ਹਾਜੀਆਂ ਸੁਭਿ ਅਮਲਾ ਬਾਝਹੁ ਦੋਨੋ ਰੋਈ। ਭਾਵ ਕਿ ਵੱਡਾ ਉਹੀ ਹੈ, ਜਿਸਦੇ ਅਮਲ ਚੰਗੇ ਹਨ। ਬੇਸ਼ਕ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦਾ ਭਾਰੂ ਪੱਖ ਧਾਰਮਿਕ ਤੇ ਅਧਿਆਤਮਕ ਹੈ, ਪਰ ਉਨ੍ਹਾਂ ਕੋਈ ਨਵਾਂ ਧਰਮ ਸ਼ੁਰੂ ਕਰਨ ਦੀ ਗੱਲ ਆਪਣੀ ਬਾਣੀ ਵਿੱਚ ਨਹੀਂ ਕੀਤੀ, ਜਦੋਂ ਉਨ੍ਹਾਂ ਨੂੰ ਕਿਸੇ ਨੇ ਹਿੰਦੂਆਂ, ਮੁਸਲਮਾਨਾਂ, ਬੋਧੀਆਂ, ਜੈਨੀਆਂ ਆਦਿ ਦੀ ਨੁਕਤਾਚੀਨੀ ਕਰਦੇ ਦੇਖ ਕੇ ਪੁਛਿਆ ਕਿ ਤੁਸੀਂ ਹਿੰਦੂ ਹੋ ਜਾਂ ਮੁਸਲਮਾਨ? ਤਾਂ ਉਨ੍ਹਾਂ ਜਵਾਬ ਦਿੱਤਾ ਕਿ ਅਸੀਂ ਤਾਂ ਰੱਬ ਦੇ ਬੰਦੇ ਹਾਂ ਭਾਵ ਉਹ ਆਪਣੇ ਆਪ ਨੂੰ ਕਿਸੇ ਧਰਮ ਜਾਂ ਫਿਰਕੇ ਨਾਲ ਜੋੜ ਕੇ ਨਹੀਂ, ਸਗੋਂ ਸਾਰੀ ਮਨੁੱਖਤਾ ਨਾਲ ਜੋੜ ਕੇ ਦੇਖਦੇ ਸਨ। ਅੱਜ ਦੇ ਵਿਗਿਆਨਕ ਤੇ ਤਰਕਸ਼ੀਲ ਸੋਚ ਵਾਲੇ ਲੋਕ ਅਕਸਰ ਧਰਮ ਨੂੰ ਅੰਧ ਵਿਸ਼ਵਾਸ਼ ਨਾਲ ਜੋੜਦੇ ਹਨ, ਪਰ ਇਸ ਪੱਖ ਤੋਂ ਵੀ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਬੜੀ ਵਿਗਿਆਨਕ ਤੇ ਤਰਕਸ਼ੀਲ ਹੈ। ਉਨ੍ਹਾਂ ਦੀ ਬਾਣੀ ਨੂੰ ਸਾਇੰਸ ਦੀ ਕਿਸੇ ਵੀ ਕਸਵੱਟੀ ਤੇ ਰੱਦ ਨਹੀਂ ਕੀਤਾ ਜਾ ਸਕਦਾ। ਗੁਰੂ ਨਾਨਕ ਸਾਹਿਬ ਦੀ ਇਸ ਬ੍ਰਹਿਮੰਡ ਦੀ ਰਚਨਾ ਬਾਰੇ ਬਾਣੀ ਸਾਇੰਸਦਾਨਾਂ ਦੀ ਬਿੱਗ ਬੈਂਗ ਥਿਊਰੀ ਨਾਲ ਮਿਲਦੀ ਜੁਲਦੀ ਹੈ। ਇਸੇ ਤਰ੍ਹਾਂ ਉਨ੍ਹਾਂ ਦਾ ਸਾਇੰਸਦਾਨਾਂ ਵਾਂਗ ਮੰਨਣਾ ਸੀ ਕਿ ਸਾਰਾ ਮੈਟਰ ਇੱਕ ਵਾਰ ਹੀ ਹੋਂਦ ਵਿੱਚ ਆ ਗਿਆ ਸੀ। ਇਸ ਤੋਂ ਹੀ ਇਸ ਧਰਤੀ ਤੇ ਜੀਵਨ ਆਰੰਭ ਹੋਇਆ। ਉਨ੍ਹਾਂ ਦੀ ਬਾਣੀ ਅਨੁਸਾਰ: ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥ ਉਨ੍ਹਾਂ ਦੀ ਬਾਣੀ ਦਾ ਵਿਗਿਆਨਕ ਪੱਖ ਇਹ ਵੀ ਸੀ ਕਿ ਉਹ ਆਪਣੀ ਬਾਣੀ ਵਿੱਚ ਵਾਰ-ਵਾਰ ਹੁਕਮ ਦੀ ਗੱਲ ਕਰਦੇ ਹਨ, ਭਾਵ ਕਿ ਉਹ ਸਮਝਦੇ ਸਨ ਕਿ ਇਸ ਸ੍ਰਿਸ਼ਟੀ ਵਿੱਚ ਸਭ ਕੁਝ 'ਲਾਅ ਆਫ ਨੇਚਰ' (ਕੁਦਰਤ ਦੇ ਨਿਯਮਾਂ) ਅਨੁਸਾਰ ਚੱਲ ਰਿਹਾ ਹੈ, ਇਸ ਤੋਂ ਬਾਹਰ ਕੁਝ ਨਹੀਂ ਹੋ ਸਕਦਾ।ਇਸੇ ਲਈ ਗੁਰੂ ਨਾਨਕ ਸਾਹਿਬ ਅਜਿਹੇ ਪੈਗੰਬਰ ਸਨ ਕਿ ਜੋ ਕੁਦਰਤ ਦੇ ਨਿਯਮਾਂ ਦੇ ਉਲਟ ਕਿਸੇ ਕਿਸਮ ਦੀ ਕਰਾਮਾਤ ਵਿੱਚ ਵਿਸ਼ਵਾਸ਼ ਨਹੀਂ ਰੱਖਦੇ ਸਨ ਤੇ ਹਰ ਅਖੌਤੀ ਕਰਾਮਾਤ ਨੂੰ ਆਪਣੀ ਦਲੀਲ ਨਾਲ ਰੱਦ ਕਰਦੇ ਸਨ। ਜਦੋਂ ਸਿੱਧਾਂ ਨੇ ਗੁਰੂ ਨਾਨਕ ਸਾਹਿਬ ਨੂੰ ਸਵਾਲ ਕੀਤਾ ਕਿ ਸੁਣਿਆ ਹੈ, ਤੁਸੀਂ ਸਾਰੀ ਦੁਨੀਆਂ ਨੂੰ ਆਪਣੀ ਕਰਾਮਾਤ ਦਿਖਾਈ ਹੈ ਤਾਂ ਗੁਰੂ ਸਾਹਿਬ ਨੇ ਇਹੀ ਜਵਾਬ ਦਿੱਤਾ ਸੀ ਸਾਡੇ ਕੋਲ ਵੱਖਰੀ ਕਰਾਮਾਤ ਨਹੀਂ ਹੈ, ਕੁਦਰਤ ਦੇ ਨਿਯਮ ਅਨੁਸਾਰ ਹੀ ਸਭ ਕੁਝ ਹੈ, ਇਹੀ ਸੱਚੀ ਕਰਾਮਾਤ ਹੈ। ਧਰਮਾਂ ਵਿੱਚ ਰੱਬ ਦਾ ਸੰਕਲਪ ਆਮ ਤੌਰ ਤੇ ਪ੍ਰਮੁੱਖ ਹੁੰਦਾ ਹੈ, ਗੁਰੂ ਨਾਨਕ ਸਾਹਿਬ ਨੇ ਸਾਰੇ ਧਰਮਾਂ ਵਿੱਚ ਪ੍ਰਚਲਤ ਰੱਬਾਂ ਦੀ ਵਿਆਖਿਆ ਤੋਂ ਵੱਖਰੀ ਵਿਗਿਆਨਕ ਦਲੀਲ ਦਿੰਦੇ ਹੋਏ ਕਿਹਾ ਹੈ ਕਿ ਨਾ ਕੋਈ ਇੱਕ ਰੱਬ ਹੈ ਤੇ ਨਾ ਹੀ ਉਹ ਕੋਈ ਵੱਖਰਾ ਰੱਬ ਹੈ, ਜੋ ਕਿਤੇ ਅਸਮਾਨਾਂ ਵਿੱਚ ਬੈਠ ਕੇ ਸ੍ਰਿਸ਼ਟੀ ਚਲਾ ਰਿਹਾ ਹੈ, ਇਹ ਸਾਰਾ ਬ੍ਰਹਿਮੰਡ ਜੁੜੇ ਹੋਏ ਰੂਪ ਵਿੱਚ ਇੱਕ ਹੁਕਮ (ਲਾਅ ਆਫ ਨੇਚਰ) ਵਿੱਚ ਚੱਲ ਰਿਹਾ ਹੈ ਤੇ ਇਸ ਤੋਂ ਬਾਹਰ ਕੁਝ ਨਹੀਂ।ਗੁਰੂ ਨਾਨਕ ਸਾਹਿਬ ਨੇ ਆਪਣੀ ਵਿਚਾਰਧਾਰਾ ਨੂੰ ਅਮਲੀ ਰੂਪ ਦਿੰਦੇ ਹੋਏ, ਕੁਝ ਨਵੀਆਂ ਸੰਸਥਾਵਾਂ ਸਮਾਜ ਅੱਗੇ ਪੇਸ਼ ਕੀਤੀਆਂ, ਜਿਨ੍ਹਾਂ ਵਿੱਚੋਂ ਲੰਗਰ ਤੇ ਧਰਮਸ਼ਾਲਾ (ਗੁਰਦੁਆਰਾ) ਅੱਜ ਵੀ ਦੁਨੀਆਂ ਭਰ ਵਿੱਚ ਵਿਲੱਖਣ ਸਥਾਨ ਰੱਖਦੇ ਹਨ। ਬੇਸ਼ਕ ਇਹ ਦੋਨੋਂ ਸੰਸਥਾਵਾਂ ਉਨ੍ਹਾਂ ਦੀ ਸੋਚ ਤੇ ਪੂਰਾ ਤਾਂ ਨਹੀਂ ਉਤਰਦੀਆਂ, ਪਰ ਸਿੱਖਾਂ ਨੇ ਇਨ੍ਹਾਂ ਨੂੰ ਖਤਮ ਨਹੀਂ ਹੋਣ ਦਿੱਤਾ। ਲੰਗਰ ਦਾ ਭਾਵ ਸਿਰਫ ਇਕੱਠੇ ਬੈਠ ਕੇ ਭੋਜਨ ਖਾਣ ਤੋਂ ਹੀ ਨਹੀਂ ਸੀ, ਸਗੋਂ ਇਹ ਇਸ ਗੱਲ ਦਾ ਪ੍ਰਤੀਕ ਸੀ ਕਿ ਦੁਨੀਆਂ ਵਿੱਚ ਕੋਈ ਵਿਅਕਤੀ ਭੁੱਖਾ ਨਹੀਂ ਰਹਿਣਾ ਚਾਹੀਦਾ, ਰੋਟੀ ਉਪਰ ਹਰ ਇੱਕ ਦਾ ਪੂਰਾ ਅਧਿਕਾਰ ਹੈ। ਇਸੇ ਤਰ੍ਹਾਂ ਉਨ੍ਹਾਂ ਵਲੋਂ ਸ਼ੁਰੂ ਕੀਤੀ ਧਰਮਸ਼ਾਲਾ ਸਿਰਫ ਕੋਈ ਪੂਜਾ ਪਾਠ ਦਾ ਸਥਾਨ ਨਹੀਂ ਸੀ, ਜਿਸ ਤਰ੍ਹਾਂ ਅੱਜ ਗੁਰਦੁਆਰਾ ਸੰਸਥਾ ਹੈ, ਸਗੋਂ ਇਹ ਸੰਸਥਾ ਇਸ ਗੱਲ ਦੀ ਪ੍ਰਤੀਕ ਸੀ ਕਿ ਹਰ ਇੱਕ ਕੋਲ ਰਹਿਣ ਲਈ ਮਕਾਨ ਹੋਣਾ ਚਾਹੀਦਾ, ਧਰਮਸ਼ਾਲਾ ਦਾ ਅੱਜ ਵੀ ਮਤਲਬ ਹੈ ਕਿ ਕੋਈ ਵੀ ਮੁਸਾਫਿਰ ਉਥੇ ਰਾਤ ਕੱਟ ਸਕਦਾ ਹੈ। ਗੁਰੂ ਨਾਨਕ ਸਾਹਿਬ ਮਨੁੱਖਤਾ ਵਿੱਚ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਨਹੀਂ ਚਾਹੁੰਦੇ ਸਨ। ਧਰਮ, ਜਾਤ, ਰੰਗ, ਨਸਲ, ਕੌਮ, ਉਚ-ਨੀਚ, ਗਰੀਬ-ਅਮੀਰ ਆਦਿ ਦਾ ਵਿਤਕਰਾ ਤਾਂ ਦੂਰ ਉਨ੍ਹਾਂ ਨੇ ਤਾਂ ਔਰਤ ਮਰਦ

(ਸਫ਼ਾ 1 ਦੀ ਬਾਕੀ)

ਦਾ ਵਿਤਕਰਾ ਵੀ ਖਤਮ ਕਰਦੇ ਹੋਏ ਕਿਹਾ ਸੀ ਕਿ ਇਥੇ ਕੋਈ ਔਰਤ ਜਾਂ ਮਰਦ ਵੱਖ ਨਹੀਂ ਹਨ, ਸਗੋਂ ਔਰਤ ਵਿੱਚ ਮਰਦ ਤੇ ਮਰਦ ਵਿੱਚ ਔਰਤ ਸਮਾਈ ਹੋਈ ਹੈ। ਗੁਰੂ ਨਾਨਕ ਸਾਹਿਬ ਦਾ ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ ਦਾ ਸਿਧਾਂਤ ਬੜਾ ਪ੍ਰਚਲਤ ਹੈ, ਜਿਸ ਅਨੁਸਾਰ ਵੀ ਉਹ ਇਹੀ ਸੁਨੇਹਾ ਦੇ ਰਹੇ ਸਨ ਕਿ ਸਭ ਲਈ ਕਿਰਤ ਦੇ ਬਰਾਬਰ ਮੌਕੇ ਹੋਣ ਤੇ ਅਮੀਰ ਗਰੀਬ ਦੀ ਕੋਈ ਵੰਡ ਨਾ ਹੋਵੇ, ਵੰਡ ਕੇ ਛਕਣ ਤੋਂ ਭਾਵ ਸੀ ਕਿ ਇਹ ਧਰਤੀ ਸਾਡੀ ਸਭ ਦੀ ਸਾਂਝੀ ਹੈ ਤੇ ਇਥੇ ਸਭ ਕੁਝ ਸਾਡਾ ਸਭ ਦਾ ਸਾਂਝਾ ਹੈ ਤੇ ਇਹ ਸਭ ਨੂੰ ਵੰਡ ਕੇ ਛਕਣਾ ਚਾਹੀਦਾ ਹੈ, ਨਾਮ ਜਪੋ ਦਾ ਭਾਵ ਇਹੀ ਸੀ ਕਿ ਰੱਬ ਦੇ ਹੁਕਮ (ਕੁਦਰਤ ਦੇ ਨਿਯਮ) ਵਿੱਚ ਰਹੀਏ। ਇਸੇ ਤਰ੍ਹਾਂ ਸਿੱਖਾਂ ਵਿੱਚ ਦੇਗ-ਤੇਗ ਫਤਹਿ ਦਾ ਨਾਹਰਾ ਆਮ ਪ੍ਰਚਲਤ ਹੈ, ਜਿਸਦਾ ਭਾਵ ਵੀ ਇਹੀ ਹੈ ਕਿ ਰੋਟੀ, ਕੱਪੜਾ ਤੇ ਮਕਾਨ (ਦੇਗ) ਲਈ ਸਾਰੇ ਖ਼ੁਸ਼ਹਾਲ ਹੋਣ ਅਤੇ ਸਭ ਰਾਜਨੀਤਕ, ਸਮਾਜਿਕ, ਧਾਰਮਿਕ, ਆਰਥਿਕ (ਤੇਗ) ਤੌਰ 'ਤੇ ਆਜ਼ਾਦ ਹੋਣ। ਜਦੋਂ ਗੁਰੂ ਨਾਨਕ ਸਾਹਿਬ ਨੂੰ ਅਮੀਰ ਤੇ ਗਰੀਬ ਵਿੱਚੋਂ ਚੁਣਨ ਦਾ ਮੌਕਾ ਮਿਲਿਆ ਤਾਂ ਉਹ ਅਮੀਰ ਮਲਕ ਭਾਗੋ ਨੂੰ ਛੱਡ ਕੇ ਗਰੀਬ ਭਾਈ ਲਾਲੋ ਨਾਲ ਜਾ ਖੜ੍ਹੇ। ਜਦੋਂ ਸਮਾਜਿਕ ਨਾ ਬਰਾਬਰੀ ਦੀ ਗੱਲ ਹੋਈ ਤਾਂ ਉਨ੍ਹਾਂ ਸਪੱਸ਼ਟ ਕੀਤਾ ਕਿ '**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥ ਵਡਿਆ ਸਿਉ ਕਿਆ ਰੀਸ॥**' ਮੈਂ ਨੀਚਾਂ ਵਿਚੋਂ ਵੀ ਸਭ ਤੋਂ ਨੀਚਾਂ ਨਾਲ ਖੜ੍ਹਾਂਗਾ।

ਬੇਸ਼ੱਕ ਸਿੱਖਾਂ ਨੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦੇ ਕੁਝ ਅੰਸ਼ਾਂ ਨੂੰ ਅਧੂਰੇ ਰੂਪ ਵਿੱਚ ਅਪਨਾਇਆ ਹੋਇਆ ਹੈ, ਜਿਸ ਵਿਚੋਂ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦੀ ਕੁਝ ਝਲਕ ਦਿਸਦੀ ਹੈ। ਜਿਵੇਂ ਗੁਰਦੁਆਰਿਆਂ ਵਿੱਚ ਬਿਨਾਂ ਕਿਸੇ ਖਾਸ ਵਿਤਕਰੇ ਦੇ ਸਭ ਲਈ ਲੰਗਰ ਖੁੱਲ੍ਹੇ ਮਿਲਦੇ ਹਨ। ਸਿੱਖਾਂ ਨੇ ਕਿਰਤ ਦੇ ਸੰਕਲਪ ਨੂੰ ਵੀ ਕਿਸੇ ਹੱਦ ਤੱਕ ਅਪਨਾਇਆ ਹੈ, ਇਸੇ ਕਰਕੇ ਉਨ੍ਹਾਂ ਦੇਸ਼-ਵਿਦੇਸ਼ ਵਿੱਚ ਮਿਹਨਤੀ ਹੋਣ ਦਾ ਮਾਣ ਖੱਟਿਆ ਹੈ।ਗੁਰਦੁਆਰੇ ਅਜੇ ਵੀ ਦੂਜੇ ਧਰਮਾਂ ਦੇ ਧਰਮ ਅਸਥਾਨਾਂ ਵਾਂਗ ਸਿਰਫ ਪੂਜਾ ਪਾਠ ਦੇ ਸਥਾਨ ਨਹੀਂ ਬਣੇ, ਇਥੇ ਅਜੇ ਵੀ ਧਰਮ ਦੇ ਨਾਲ-ਨਾਲ ਸਮਾਜਿਕ, ਆਰਥਿਕ, ਰਾਜਨੀਤਕ ਗੱਲ ਹੁੰਦੀ ਹੈ। ਬੇਸ਼ੱਕ ਸਿੱਖ ਜਾਤ-ਪਾਤ ਨੂੰ ਪੂਰੀ ਤਰ੍ਹਾਂ ਛੱਡ ਨਹੀਂ ਸਕੇ, ਪਰ ਬਾਕੀ ਹਿੰਦੁਸਤਾਨ ਦੇ ਮੁਕਾਬਲੇ ਇਥੇ ਜਾਤ-ਪਾਤ ਦੀ ਜਕੜ ਜਾਂ ਛੂਤ-ਛਾਤ ਉਤਨੀ ਨਹੀਂ, ਜਿਤਨੀ ਬਾਕੀ ਭਾਰਤ ਵਿੱਚ ਹੈ। ਬੇਸ਼ੱਕ ਸਿੱਖ, ਗੁਰੂਆਂ ਦਾ ਇਨਕਲਾਬੀ ਵਿਰਸਾ ਕਾਫੀ ਹੱਦ ਤੱਕ ਵਿਸਾਰ ਚੁੱਕੇ ਹਨ, ਪਰ ਵੀ ਸਮੇਂ ਸਮੇਂ ਜ਼ਬਰ-ਜ਼ੁਲਮ ਖਿਲਾਫ ਲੜਨ ਲਈ ਕਿਸੇ ਨਾ ਕਿਸੇ ਰੂਪ ਵਿੱਚ ਖੜ੍ਹ ਜਾਂਦੇ ਹਨ। ਇਸੇ ਲਈ ਸਿੱਖ ਤੇ ਪੰਜਾਬ ਹਮੇਸ਼ਾਂ ਲੋਕ ਵਿਰੋਧੀ ਹਾਕਮਾਂ ਦੇ ਨਿਸ਼ਾਨੇ ਤੇ ਰਹਿੰਦਾ ਹੈ। ਗੁਰੂ ਨਾਨਕ ਸਾਹਿਬ ਦੇ ਮਾਨਵਵਾਦੀ ਤੇ ਸਰਬੱਤ ਦੇ ਭਲੇ ਨੂੰ ਵੀ ਬੇਸ਼ਕ ਅਸੀਂ ਪੂਰੀ ਤਰ੍ਹਾਂ ਤਾਂ ਨਹੀਂ ਅਪਨਾਇਆ, ਪਰ ਕਿਤੇ ਨਾ ਕਿਤੇ ਗੁਰੂਆਂ ਦਾ ਬੀਜਿਆ ਬੀਜ, ਪੁੰਗਰਦਾ ਨਜ਼ਰ ਆ ਹੀ ਜਾਂਦਾ ਹੈ।

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਦਾ ਸੰਦੇਸ਼ ਸਾਰੀ ਮਨੁੱਖਤਾ ਲਈ ਹੈ, ਜਿਸਨੂੰ ਸਹੀ ਸੰਦਰਭ ਵਿੱਚ ਸਮਝ ਕੇ ਅੱਜ ਅਪਨਾਉਣ ਦੀ ਲੋੜ ਹੈ, ਮਨੁੱਖਤਾ ਨੂੰ ਅੱਜ ਗੁਰੂ ਨਾਨਕ ਸਾਹਿਬ ਦੀ ਸਰਬ ਪੱਖੀ ਵਿਚਾਰਧਾਰਾ ਦੀ ਵਿਸ਼ਵ ਸ਼ਾਂਤੀ ਲਈ ਬੇਹੱਦ ਲੋੜ ਹੈ ਤਾਂ ਹੀ ਸਾਡੀਆਂ ਸ਼ਤਾਬਦੀਆਂ ਮਨਾਉਣੀਆਂ ਸਾਰਥਿਕ ਹੋ ਸਕਦੀਆਂ ਹਨ। ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਸਮੇਂ ਜਾਂ ਸਥਾਨ ਦੀ ਬੰਦਸ਼ ਵਿੱਚ ਨਾ ਹੋਣ ਕਰਕੇ ਇਸਨੂੰ ਕਿਤੇ ਵੀ ਲਾਗੂ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਵਿੱਚ ਆਪਣੀ ਵਿਚਾਰਧਾਰਾ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਲਈ ਨਾ ਸਿਰਫ ਕਈ ਸੰਸਥਾਵਾਂ ਖੜੀਆਂ ਕਰਨ ਦੀ ਕੋਸ਼ਿਸ਼ ਕੀਤੀ, ਜਿਥੋਂ ਮਨੁੱਖਤਾ ਸੇਧ ਤੇ ਅਗਵਾਈ ਲੈਂਦੀ ਰਹੇ, ਸਗੋਂ ਬਹੁਤ ਕੁਝ ਆਪ ਲਾਗੂ ਕਰਕੇ ਦਿਖਾਇਆ। ਗੁਰੂ ਨਾਨਾਕ ਸਾਹਿਬ ਦੀ ਧਾਰਮਿਕ ਵਿਚਾਰਧਾਰਾ ਪੁਜਾਰੀਵਾਦ, ਜਥੇਬੰਦਕ ਧਰਮਾਂ, ਰੂੜੀਵਾਦੀ ਪ੍ਰੰਪਰਾਵਾਂ, ਫੋਕਟ ਰੀਤਾਂ-ਰਸਮਾਂ, ਧਾਰਮਿਕ ਚਿੰਨ੍ਹਾਂ ਤੇ ਕਰਮਕਾਂਡਾਂ ਦੇ ਵਿਰੋਧ ਵਿੱਚ ਖੜੀ ਹੈ। ਅੱਜ ਉਨ੍ਹਾਂ ਦੇ ਨਾਮ ਤੇ ਚੱਲ ਰਹੇ ਸਿੱਖ ਧਰਮ ਵਿੱਚ ਵੀ ਅਨੇਕਾਂ ਤਰ੍ਹਾਂ ਦੇ ਕਰਮਕਾਂਡ, ਰੂੜੀਵਾਦੀ ਪ੍ਰੰਪਰਾਵਾਂ, ਪੁਜਾਰੀਵਾਦ, ਫੋਕਟ ਰੀਤਾਂ-ਰਸਮਾਂ ਤੇ ਮਰਿਯਾਦਾਵਾਂ ਭਾਰੂ ਹਨ। ਸਾਰੇ ਧਰਮਾਂ ਦੇ ਦਿਖਾਵੇ ਵਾਲੇ ਧਾਰਮਿਕ ਚਿੰਨ੍ਹਾਂ ਤੇ ਤਕੜੇ ਹਮਲੇ ਕਰਨ ਵਾਲੇ ਗੁਰੂ ਨਾਨਕ ਸਾਹਿਬ ਦੇ ਆਪਣੇ ਧਰਮ ਵਿੱਚ ਅਨੇਕਾਂ ਅਜਿਹੇ ਧਾਰਮਿਕ ਚਿੰਨ੍ਹ ਪ੍ਰਚਲਤ ਹੋ ਚੁੱਕੇ ਹਨ ਕਿ ਥੋੜ੍ਹੀ ਆਲੋਚਨਾ ਕਰਨ ਤੇ ਵੀ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਭੜਕ ਜਾਂਦੀਆਂ ਹਨ। ਗੁਰੂ ਨਾਨਕ ਸਾਹਿਬ ਧਰਮਾਂ ਵਿੱਚ ਪ੍ਰਚਲਤ ਕਰਾਮਾਤਾਂ ਦਾ ਵੀ ਵਿਰੋਧ ਕਰਦੇ ਸਨ ਕਿਉਂਕਿ ਉਨ੍ਹਾਂ ਅਨੁਸਾਰ ਇਥੇ ਸਭ ਕੁਝ ਹੁਕਮ (ਕੁਦਰਤ ਦੇ ਨਿਯਮਾਂ) ਅਨੁਸਾਰ ਹੀ ਚਲਦਾ ਹੈ, ਕਿਸੇ ਦੀ ਕੋਈ ਸਿਫਾਰਸ਼ ਨਹੀਂ ਚੱਲਦੀ। ਇਹ ਸਿਸਟਮ ਨਾ ਤੇ ਕਿਸੇ ਦੀ ਤਰਫਦਾਰੀ ਕਰਦਾ ਹੈ, ਨਾ ਹੀ ਕਿਸੇ ਨਾਲ ਵੈਰ ਕਰਦਾ ਹੈ ਤੇ ਨਾ ਕਿਸੇ ਦਾ ਡਰ ਮੰਨਦਾ ਹੈ। ਪਰ ਅੱਜ ਦਾ ਪੁਜਾਰੀ ਸ਼ਰਧਾਲੂਆਂ ਦੀ ਮੰਗਾਂ ਮੰਨਵਾਉਣ ਲਈ ਮੰਗਾਂ ਦੀ ਲੰਬੀ ਲਿਸਟ ਲੈ ਕੇ ਰੱਬ ਨੂੰ ਮੰਗਾਂ ਮਨਾਉਣ ਲਈ ਹੁਕਮ ਕਰ ਰਿਹਾ ਹੁੰਦਾ ਹੈ। ਅੱਜ ਉਨ੍ਹਾਂ ਦੇ ਜੀਵਨ ਨਾਲ ਨਾ ਸਿਰਫ ਅਨੇਕਾਂ ਤਰ੍ਹਾਂ ਦੀਆਂ ਕਰਾਮਾਤੀ ਸਾਖੀਆਂ ਜੋੜੀਆਂ ਮਿਲਦੀਆਂ ਹਨ, ਸਗੋਂ ਅਨੇਕਾਂ ਅਜਿਹੇ ਗੁਰਦੁਆਰੇ ਹਨ, ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਇਥੇ ਗੁਰੂ ਨਾਨਕ ਸਾਹਿਬ ਨੇ ਫਲਾਨੀ-ਫਲਾਨੀ ਕਰਾਮਾਤ ਕੀਤੀ ਸੀ। ਗੁਰੂ ਨਾਨਕ ਸਾਹਿਬ ਆਪਣੇ ਜੀਵਨ ਵਿੱਚ ਗਰੀਬ ਭਾਈ ਲਾਲੋ ਦੇ ਨਾਲ ਖੜ੍ਹਦੇ ਹਨ ਤੇ ਮਲਕ ਭਾਗੋਆਂ ਨੂੰ ਵੰਗਾਰਦੇ ਹਨ। ਪਰ ਅੱਜ ਗੁਰੂ ਨਾਨਕ ਦੀ ਸਿੱਖੀ ਮਲਕ ਭਾਗੋਆਂ ਤੇ ਬਾਬਰਾਂ ਵਰਗੇ ਜਰਵਾਣਿਆਂ ਦੇ ਵੱਸ ਪਈ ਹੋਈ ਹੈ। ਜਿਥੇ ਭਾਈ ਲਾਲੋ ਪੈਰ-ਪੈਰ ਤੇ ਦੁਰਕਾਰੇ ਜਾਂਦੇ ਹਨ। ਗੁਰੂ ਨਾਨਕ ਸਾਹਿਬ ਤਾਂ ਆਪਣੀ ਬਾਣੀ ਵਿੱਚ ਕਹਿੰਦੇ ਹਨ ਕਿ ਮੈਂ ਤਾਂ ਸਮਾਜ ਵਿੱਚ ਨੀਚ ਤੋਂ ਨੀਚ, ਗਰੀਬ ਤੋਂ ਗਰੀਬ, ਨਿਮਾਣੇ ਤੋਂ ਨਿਮਾਣੇ ਨਾਲ ਖੜਾਂਗਾ, ਮੈਨੂੰ ਵੱਡਿਆਂ, ਮਲਕ ਭਾਗੋਆਂ ਦੀ ਕੋਈ ਪ੍ਰਵਾਹ ਨਹੀਂ, ਉਹ ਜਾਤ-ਪਾਤ ਦੇ ਨਾਮ ਤੇ ਸਮਾਜ ਵਿੱਚ ਹੁੰਦੇ ਵਿਤਕਰੇ ਦੇ ਖਾਸਕਰ ਵਿਰੋਧ ਵਿੱਚ ਸਨ, ਇਸੇ ਲਈ ਉਨ੍ਹਾਂ ਆਪਣੇ ਵਲੋਂ ਚਲਾਈ ਲੰਗਰ ਦੀ ਪ੍ਰੰਪਰਾ ਵਿੱਚ ਸਭ ਨੂੰ ਬਰਾਬਰ ਬੈਠ ਕੇ ਖਾਣ ਦਾ ਆਦੇਸ਼ ਦਿੱਤਾ ਸੀ, ਪਰ ਉਨ੍ਹਾਂ ਦੇ ਸ਼ਰਧਾਲੂ, ਗੁਰੂ ਨਾਨਕ ਸਾਹਿਬ ਦੀ ਇਸ ਬਰਾਬਰਤਾ ਦੀ ਵਿਚਾਰਧਾਰਾ ਨੂੰ ਸਮਾਜ ਵਿੱਚ ਲਾਗੂ ਕਰਨ ਪੱਖੋਂ ਪੂਰੀ ਤਰ੍ਹਾਂ ਫੇਲ੍ਹ ਹੋਏ। ਸਿੱਖ ਸਮਜ ਅੱਜ ਪੂਰੀ ਤਰ੍ਹਾਂ ਜਾਤ-ਪਾਤੀ ਹੈ, ਗੁਰਦੁਆਰਿਆਂ ਸਮੇਤ ਤਕਰੀਬਨ ਸਾਰੀਆਂ ਸਿੱਖ ਸੰਸਥਾਵਾਂ ਵਿੱਚ ਜਾਤ-ਪਾਤ ਭਾਰੂ ਹੈ, ਬੇਸ਼ਕ ਸਿੱਖਾਂ ਵਿੱਚ ਅੱਜ ਜਾਤ ਦੇ ਨਾਮ ਤੇ ਛੂਤ-ਛਾਤ ਤਾਂ ਕਾਫੀ ਹੱਦ ਤੱਕ ਛੱਡ ਚੁੱਕੇ ਹਨ, ਪਰ ਜਾਤੀ ਵਿਤਕਰਾ ਜਾਰੀ ਹੈ। ਸਿੱਖ ਬ੍ਰਾਹਮਣਵਾਦ ਨੂੰ ਤਾਂ ਹਰ ਜਗ੍ਹਾ ਭੰਡਦੇ ਹਨ, ਪਰ ਆਪ ਜੱਟਵਾਦ (ਜਾਤੀ ਹੰਕਾਰਵਾਦ) ਦਾ ਬੁਰੀ ਤਰ੍ਹਾਂ ਸ਼ਿਕਾਰ ਹਨ। ਪੰਜਾਬੀ ਗੀਤਾਂ ਵਿੱਚ ਜਾਤੀ ਹੰਕਾਰ ਬ੍ਰਾਹਮਣਾਂ ਤੋਂ ਵੀ ਵੱਧ ਭਾਰੂ ਹੈ। ਬੇਸ਼ਕ ਸਿੱਖਾਂ ਨੇ ਆਪਣੇ ਮਿਹਨਤੀ ਸੁਭਾਓ ਨਾਲ ਦੇਸ਼-ਵਿਦੇਸ਼ ਵਿੱਚ ਨਾਮ ਕਮਾਇਆ ਹੈ। ਪਰ ਅੱਜ ਬਹੁਤ ਸਿੱਖ ਬਿਜਨੈਸਮੈਨ ਗੁਰੂ ਨਾਨਕ ਸਾਹਿਬ ਦੀ ਭਾਈ ਲਾਲੋਆਂ ਦੀ ਵਿਚਾਰਧਾਰਾ ਨਾਲ ਖੜਨ ਦੀ ਥਾਂ ਹੋਰ ਲੁਟੇਰੇ ਸਰਮਾਏਦਾਰਾਂ ਵਾਂਗ ਆਮ ਕਿਰਤੀਆਂ ਦੀ ਪੂਰੀ ਲੁੱਟ ਕਰਦੇ ਹਨ। ਸਟੂਡੈਂਟਸ, ਵਰਕ ਪਰਮਿਟ, ਰਫਿਊਜੀਆਂ ਆਦਿ ਨਾਲ ਵਿਤਕਰਾ ਹੀ ਨਹੀਂ ਕੀਤਾ ਜਾਂਦਾ, ਸਗੋਂ ਉਨ੍ਹਾਂ ਦੀ ਅਰਥਿਕ ਤੇ ਸਰੀਰਕ ਲੁੱਟ ਵੀ ਕੀਤੀ ਜਾਂਦੀ ਹੈ। ਬੇਸ਼ੱਕ ਗੁਰੂ ਨਾਨਕ ਸਾਹਿਬ ਪੁਜਾਰੀਆਂ ਦੇ ਵੱਡੇ ਵਿਰੋਧੀ ਸਨ ਤੇ ਉਨ੍ਹਾਂ ਨੇ ਸਮੇਂ ਦੇ ਹਿੰਦੂ, ਮੁਸਲਿਮ ਤੇ ਜੋਗ ਮੱਤ ਦੇ ਪੁਜਾਰੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਸੀ: **ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥ ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥** ਭਾਵ ਕਾਜੀ ਕੂੜ ਬੋਲ ਬੋਲ ਕੇ ਗੰਦ ਖਾ ਰਹੇ ਹਨ, ਬ੍ਰਾਹਮਣ ਲੋਕਾਂ ਨੂੰ ਲੁੱਟ ਰਹੇ ਹਨ, ਜੋਗੀਆਂ ਨੂੰ ਜੀਵਨ ਦੀ ਕੋਈ ਜੁਗਤ ਨਹੀਂ ਪਤਾ।ਇਸ ਤਰ੍ਹਾਂ ਇਨ੍ਹਾਂ ਤਿੰਨਾਂ ਨੇ ਰਲ਼ ਕੇ ਸਮਾਜ ਵਿੱਚ ਉਜਾੜਾ ਪਾਇਆ ਹੋਇਆ ਹੈ। ਅੱਜ ਦਾ ਸਿੱਖ ਪੁਜਾਰੀ ਵੀ ਲੋਕ ਵਿਰੋਧੀ ਹੁਕਮਰਾਨਾਂ ਦੀ ਰਖੇਲ ਬਣ ਕੇ ਵਿਚਰਦਾ ਹੈ ਤੇ ਗੁਰੂ ਨਾਨਕ ਸਾਹਿਬ ਦੀ ਤਰਜ ਤੇ ਤਰਕ ਅਤੇ ਦਲੀਲ ਦੀ ਗੱਲ ਕਰਨ ਵਾਲਿਆਂ ਨੂੰ ਪੰਥ ਵਿੱਚੋਂ ਛੇਕਿਆ ਜਾਂਦਾ ਹੈ। ਅੱਜ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਵਸ ਦੇ 550ਵੇਂ ਵਰ੍ਹੇ ਨੂੰ ਸਮਰਪਿਤ ਨਗਰ ਕੀਰਤਨਾਂ ਤੇ ਹੋਰ ਵੱਡੇ-ਵੱਡੇ ਸਮਾਗਮਾਂ ਵਿੱਚ ਮਲਕ ਭਾਗੋਆਂ ਤੋਂ ਵੀ ਵੱਡੇ ਲੁਟੇਰੇ ਅਤੇ ਬਾਬਰਾਂ ਤੋਂ ਵੱਧ ਜ਼ਾਬਰ ਮੁੱਖ ਮਹਿਮਾਨ ਹੋਣਗੇ ਤੇ ਸੰਗਤ ਨੂੰ ਗੁਰੂ ਨਾਨਕ ਸਾਹਿਬ ਦੇ ਉਪਦੇਸ਼ਾਂ ਤੇ ਚੱਲਣ ਦੀ ਸਿੱਖਿਆ ਦੇਣਗੇ, ਪਰ ਗੁਰੂ ਨਾਨਕ ਸਾਹਿਬ ਦੇ ਸ਼ਰਧਾਲੂ ਸਿੱਖ, ਉਨ੍ਹਾਂ ਨੂੰ ਨਾ ਗੁਰੂ ਨਾਨਕ ਸਾਹਿਬ ਵਾਂਗ ਜ਼ਾਬਰ ਕਹਿਣ ਦੀ ਜੁਰਅਤ ਕਰਨਗੇ ਤੇ ਨਾ ਹੀ ਮਲਕ ਭਾਗੋਆਂ ਦੇ ਲੰਗਰ ਤੋਂ ਇਹ ਕਹਿ ਕੇ ਨਾਂਹ ਕਰ ਸਕਣਗੇ ਕਿ ਇਸ ਵਿੱਚ ਗਰੀਬਾਂ ਦਾ ਖੂਨ ਹੈ। ਗੁਰੂ ਨਾਨਕ ਸਾਹਿਬ ਦੀ ਮਨੁੱਖਤਾਵਾਦੀ ਵਿਚਾਰਧਾਰਾ, ਸਰਬੱਤ ਦੇ ਭਲੇ ਦੀ ਜਾਮਨ ਹੈ, ਪਰ ਸਿੱਖ ਸਮਾਜ ਵੀ ਬ੍ਰਾਹਮਣਵਾਦ ਦੀ ਮਨੁੱਖਤਾ ਵਿਰੋਧੀ ਵਿਚਾਰਧਾਰਾ ਵਾਂਗ ਪੂਰੀ ਤਰ੍ਹਾਂ ਨਸਲਵਾਦੀ ਬਣ ਚੁੱਕਾ ਹੈ। ਗੋਰਿਆਂ ਵਲੋਂ ਕਿਸੇ ਛੋਟੇ-ਮੋਟੇ ਨਸਲੀ ਹਮਲੇ ਲਈ ਤਾਂ ਕੋਰਟਾਂ ਤੱਕ ਵੀ ਜਾਂਦਾ ਹੈ, ਪਰ ਆਪਣੇ ਸਮਾਜ ਵਿੱਚ ਧਰਮ, ਜਾਤ, ਲਿੰਗ ਆਦਿ ਦੇ ਨਾਮ ਤੇ ਕੀਤੇ ਜਾਂਦੇ ਨਸਲਵਾਦ ਵੱਲ ਕੋਈ ਖਿਆਲ ਨਹੀਂ।

ਗੁਰੂ ਨਾਨਕ ਸਾਹਿਬ ਦੀ ਬਾਣੀ ਸਾਨੂੰ ਵੰਗਾਰ ਪਾ ਰਹੀ ਹੈ: '**ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥** ਭਾਵ ਕਿ ਲਾਜ, ਸ਼ਰਮ, ਸੱਚ ਨੂੰ ਸੱਚ ਤੇ ਝੂਠ ਨੂੰ ਝੂਠ ਨੂੰ ਕਹਿਣ ਵਾਲੀ ਸੋਚ ਤਾਂ ਅਲੋਪ ਹੋ ਗਈ ਹੈ, ਸਭ ਪਾਸੇ ਕੂੜ ਤੇ ਪਾਖੰਡ ਦਾ ਬੋਲ-ਬਾਲਾ ਹੈ। ਪੁਜਾਰੀਆਂ (ਕਾਜੀਆਂ, ਬ੍ਰਾਹਮਣਾਂ, ਭਾਈਆਂ, ਪਾਦਰੀਆਂ, ਪਾਖੰਡੀ ਸੰਤਾਂ ਆਦਿ) ਦੇ ਮੂੰਹੋਂ ਧਾਰਮਿਕ ਗ੍ਰੰਥਾਂ ਦੀ ਬਾਣੀ ਇਵੇਂ ਹੈ ਜਿਵੇਂ ਕੋਈ ਸ਼ੈਤਾਨ ਕੁਰਾਨ ਦੀਆਂ ਆਇਤਾਂ ਪੜ੍ਹ ਰਿਹਾ ਹੋਵੇ। ਇਸ ਲਈ ਗੁਰੂ ਨਾਨਕ ਸਾਨੂੰ ਇਸ 550ਵੀਂ ਸ਼ਤਾਬਦੀ ਤੇ ਸੰਦੇਸ਼ ਦੇ ਰਹੇ ਹਨ ਕਿ ਹੁਣ ਵੇਲਾ ਹੈ ਸੱਚ ਨੂੰ ਸੱਚ ਕਹਿਣ ਦਾ। ਗੁਰੂ ਨਾਨਕ ਸਾਹਿਬ ਨੇ ਪਵਨ (ਹਵਾ) ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਾਤਾ ਕਹਿ ਕੇ ਵਡਿਆਇਆ ਤੇ ਸਾਡਾ ਫਰਜ ਬਣਦਾ ਹੈ ਕਿ ਅੱਜ ਜਦੋਂ ਦੁਨੀਆਂ ਗਲੋਬਲ ਵਾਰਮਿੰਗ ਤੇ ਕਲਾਈਮੇਟ ਚੇਂਜ ਕਾਰਨ ਤਬਾਹੀ ਕਿਨਾਰੇ ਖੜ੍ਹੀ ਹੈ ਅਤੇ ਲੋਕ ਵਿਰੋਧੀ ਸਰਕਾਰਾਂ ਤੇ ਸਰਮਾਏਦਾਰੀ ਨੂੰ ਆਪਣੇ ਮੁਨਾਫਿਆਂ ਦਾ ਹੀ ਫਿਕਰ ਹੈ ਤਾਂ ਗੁਰੂ ਨਾਨਕ ਸਾਹਿਬ ਦੀ ਸ਼ਤਾਬਦੀ ਮੌਕੇ ਪ੍ਰਣ ਕਰੀਏ ਕਿ ਇਸ ਧਰਤੀ ਨੂੰ ਆਉਣ ਵਾਲੀਆਂ ਨਸਲਾਂ ਲਈ ਬਚਾਉਣ ਵਾਸਤੇ ਹੋ ਰਹੇ ਯਤਨਾਂ ਵਿੱਚ ਆਪਣਾ ਯੋਗਦਾਨ ਪਾਈਏ। ਇਹ ਸ਼ਤਾਬਦੀਆਂ ਮਨਾਉਣੀਆਂ ਤਾਂ ਹੀ ਸਾਰਥਕ ਹੋ ਸਕਦੀਆਂ ਹਨ, ਜੇ ਅਸੀਂ ਗੁਰੂ ਨਾਨਕ ਸਾਹਿਬ ਨੂੰ ਆਪਣਾ ਗੁਰੂ ਮੰਨਣ ਵਾਲੇ ਸਿੱਖ ਉਨ੍ਹਾਂ ਦੀ ਵਿਚਾਰਧਾਰਾ ਤੋਂ ਸੇਧ ਲੈ ਕੇ ਉਸਨੂੰ ਆਪਣੇ ਜੀਵਨ ਤੇ ਸਮਾਜ ਵਿੱਚ ਲਾਗੂ ਕਰਨ ਲਈ ਯਤਨਸ਼ੀਲ ਹੋਈਏ। ਰਸਮੀ ਸਮਾਗਮ ਵੀ ਕਿਸੇ ਹੱਦ ਤੱਕ ਮਾੜੀ ਗੱਲ ਨਹੀਂ, ਪਰ ਗੁਰਦੁਆਰਿਆਂ ਵਿੱਚ ਮੱਥਾ ਟੇਕ ਕੇ ਲੰਗਰ ਛਕ ਕੇ ਘਰ ਆਉਣ ਦਾ ਕੋਈ ਲਾਭ ਨਹੀਂ, ਜੇ ਸਾਡੇ ਅੰਦਰ ਸਵਾਲ ਪੈਦਾ ਨਹੀਂ ਹੁੰਦਾ ਕਿ ਦੁਨੀਆਂ ਜਦੋਂ ਇੱਕੀਵੀਂ ਸਦੀ ਦੇ ਸਾਇੰਸ ਯੁਗ ਵਿੱਚ ਪਹੁੰਚ ਗਈ ਹੈ ਤਾਂ ਫਿਰ ਵੀ ਲੱਖਾਂ-ਕਰੋੜਾਂ ਲੋਕ ਭੁੱਖੇ ਪੇਟ ਕਿਉਂ ਸੌਂ ਰਹੇ ਹਨ, ਕਿਉਂ ਅਸੀਂ ਅਜੇ ਵੀ ਰੋਟੀ, ਕੱਪੜਾ, ਮਕਾਨ ਵਰਗੀਆਂ ਮਨੁੱਖ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਨਹੀਂ ਕਰ ਸਕੇ? ਇੱਕ ਪਾਸੇ ਹਕੂਮਤਾਂ ਆਮ ਵਿਅਕਤੀ ਤੇ ਟੈਕਸ ਤੇ ਟੈਕਸ ਲਗਾ ਰਹੀਆਂ ਹਨ, ਦੂਜੇ ਪਾਸੇ ਪਬਲਿਕ ਸੇਵਾਵਾਂ ਤੇ ਕੱਟ ਤੇ ਕੱਟ ਲਗਾ ਰਹੀਆਂ ਹਨ? ਪਰ ਅਸੀਂ ਸਭ ਨੂੰ ਕੁਝ ਨੂੰ ਰੱਬ ਦਾ ਭਾਣਾ ਮੰਨ ਕੇ ਸਰਮਾਏਦਾਰੀ ਦੀ ਮਸ਼ੀਨ ਬਣ ਕੇ ਆਪਣਾ ਮਨੁੱਖ ਹੋਣ ਦਾ ਫਰਜ਼ ਨਿਭਾਉਣ ਤੋਂ ਕੰਨੀ ਕਤਰਾ ਰਹੇ ਹਾਂ। ਇੱਕ ਪਾਸੇ ਕੁਝ ਗਿਣਤੀ ਤੇ ਮੁਨਾਫਾਖੋਰ ਲੋਕ ਸਾਡਾ ਸਭ ਕੁਝ ਲੁੱਟ ਲੈਣਾ ਚਾਹੁੰਦੇ ਹਨ ਤੇ ਅਸੀਂ ਸੁੱਤੇ ਪਏ ਹਾਂ। ਪੁਜਾਰੀ ਵਰਗ ਵੀ ਸਰਮਾਏਦਾਰੀ ਦੇ ਹੱਕ ਵਿੱਚ ਭੁਗਤ ਕੇ ਸਾਨੂੰ ਕਰਮਕਾਂਡਾਂ ਤੇ ਲਿਫਾਫੇਬਾਜੀ ਵਾਲੀਆਂ ਸ਼ਤਾਬਦੀਆਂ ਵਿੱਚ ਉਲਝਾ ਰਹੇ ਹਨ ਕੋਈ ਵੀ ਵਿਚਾਰਧਾਰਾ ਅੱਖਰਾਂ ਤੋਂ ਵੱਧ ਕੋਈ ਮਾਇਨਾ ਨਹੀਂ ਰੱਖਦੀ, ਜੇ ਉਸਨੂੰ ਮੰਨਣ ਵਾਲੇ ਉਸਨੂੰ ਆਪਣੇ ਜੀਵਨ ਵਿੱਚ ਲਾਗੂ ਨਹੀਂ ਕਰਦੇ? ਜੇ ਅਜਿਹਾ ਨਹੀਂ ਕਰਦੇ ਤਾਂ ਇਹ ਸ਼ਤਾਬਦੀਆਂ ਪਿਛਲੀਆਂ ਸ਼ਤਾਬਦੀਆਂ ਵਾਂਗ ਰੌਲ਼ੇ-ਰੱਪੇ ਤੇ ਫਜ਼ੂਲ ਖਰਚੇ ਤੋਂ ਵੱਧ ਕੁਝ ਵੀ ਸੰਵਾਰ ਨਹੀਂ ਸਕਣਗੀਆਂ? ਆਓ ਜਾਗੀਏ ਤੇ ਗਫਲਤ ਦੀ ਨੀਂਦ ਤਿਆਗੀਏ!

# ਕੈਡੀਅਨ ਹਾਊਸਿੰਗ ਮਾਰਕਿਟ-ਫਸਟ ਟਾਈਮ ਹੋਮਬਾਇਰਜ਼



ਜ਼ਿੰਦਗੀ ਗੁਜ਼ਾਰਨ ਲਈ ਤਿੰਨ ਮੁਢਲੀਆਂ ਜ਼ਰੂਰਤਾਂ ਹਨ ਰੋਟੀ, ਕੱਪੜਾ ਅਤੇ ਮਕਾਨ। ਮਕਾਨ ਦੀ ਜ਼ਰੂਰਤ ਨੂੰ ਪੂਰਾ ਕਰਨਾ ਰੋਟੀ ਅਤੇ ਕੱਪੜੇ ਦੇ ਮੁਕਾਬਲੇ ਜ਼ਿਆਦਾ ਮਹਿੰਗਾ ਹੁੰਦਾ ਹੈ। ਪਰ ਖ਼੍ਰੀਦਣਾ ਹਰ ਪਰਿਵਾਰ ਦੀ ਜ਼ਰੂਰਤ ਹੈ। ਜੇਕਰ ਕੈਨੇਡਾ ਵਰਗੇ ਵਿਕਸਿਤ ਦੇਸ਼ਾਂ ਵਿਚ ਘਰ ਖ਼੍ਰੀਦਣ ਵਰਗੀ ਮੁਢਲੀ ਜ਼ਰੂਰਤ ਨੂੰ ਪੂਰਾ ਕਰਨਾ ਮੁਸ਼ਕਿਲ ਹੈ, ਤਾਂ ਇਹ ਨਹੀਂ ਕਿਹਾ ਜਾ ਸਕਦਾ ਕਿ ਕੈਨੇਡਾ ਦੀ ਅਰਥ ਵਿਵਸਥਾ ਆਪਣੇ ਬਾਸ਼ਿੰਦਿਆਂ ਦੀਆਂ ਮੁਢਲੀਆਂ ਜ਼ਰੂਰਤਾਂ ਪੂਰਾ ਕਰਨ ਦੇ ਸਮੱਰਥ ਹੈ।


ਪਿਛਲੇ ਦਹਾਕੇ ਦੌਰਾਨ ਕੈਨੇਡਾ ਵਿਚ ਵਿਆਜ ਦਰਾਂ ਇਤਿਹਾਸਕ ਤੌਰ ’ਤੇ ਘੱਟ ਰਹੀਆਂ ਹਨ। ਕੈਨੇਡਾ ਵਿਚ ਹੁਣ ਤੱਕ ਦਾ ਪ੍ਰਾਈਮ ਰੇਟ 22 ਅਪ੍ਰੈਲ 2009 ਤੋਂ 10 ਜੂਨ 1010 ਤੱਕ 2.25 ਪ੍ਰਤੀਸ਼ਤ ਰਿਹਾ ਹੈ ਜੋ ਕਿ ਹੋਰ ਸਮਿਆਂ ਦੇ ਮੁਕਾਬਲੇ ਸਭ ਤੋਂ ਘੱਟ ਸੀ। ਕਈ ਘਰ ਖ਼੍ਰੀਦਦਾਰਾਂ ਨੇ ਇਸ ਬਿਹਤਰੀਨ ਮੌਕੇ ਦਾ ਫਾਇਦਾ ਲੈ ਕੇ ਰੀਅਲ, ਐਸਟੇਟ ਵਿਚ ਪੈਸਾ ਨਿਵੇਸ਼ ਕੀਤਾ ਅਤੇ ਇਸ ਤਰ੍ਹਾਂ ਕਰਜ਼ੇ ਦੀ ਘੱਟ ਕੀਮਤ ਅਤੇ ਘਰਾਂ ਦੀਆਂ ਵੱਧ ਰਹੀਆਂ ਕੀਮਤਾਂ ਕਾਰਨ ਇਸ ਖੇਤਰ ਵਿਚ ਪੈਸਾ ਨਿਵੇਸ਼ ਕਰਨਾ ਵਪਾਰਕ ਤੌਰ ’ਤੇ ਲਾਹੇਵੰਦ ਧੰਦਾ ਬਣ ਗਿਆ ਕਿਉਂਕਿ ਘੱਟ ਵਿਆਜ ਦਰਾਂ ਕਾਰਨ ਨਿਵੇਸ਼ਕਾਂ ਦੁਆਰਾ ਨਿਵੇਸ਼ ਕੀਤੇ ਗਏ ਧਨ ਦੀ ਅਦਾਇਗੀ (ਮਹੀਨੇਵਾਰ ਕਿਸ਼ਤ) ਰੈਂਟ (ਕਿਰਾਏ) ਰਾਹੀਂ ਸੰਭਵ ਸੀ। ਪ੍ਰੰਤੂ ਇਸ ਤਰੀਕੇ ਨਾਲ ਹੋਏ ਨਿਵੇਸ਼ ਕਾਰਨ ਕੈਨੇਡਾ ਵਿਚ ਪ੍ਰਤੀ ਵਿਅਕਤੀ ਕਰਜ਼ਾ (House hold debt) ਦਿਨ ਬ ਦਿਨ ਵਧਦਾ ਰਿਹਾ ਅਤੇ ਨਤੀਜੇ ਵਜੋਂ ਉਹ ਵਿਅਕਤੀ (ਪਰਿਵਾਰ), ਜਿਨ੍ਹਾਂ ਨੂੰ ਅਸਲੀਅਤ ਤੌਰ ’ਤੇ ਰਹਿਣ ਵਾਸਤੇ ਘਰ ਖ਼੍ਰੀਦਣ ਦੀ ਜ਼ਰੂਰਤ ਸੀ, ਉਹ ਲਗਾਤਾਰ ਘਰ ਦੀਆਂ ਕੀਮਤਾਂ ਵਿਚ ਵਾਧੇ ਕਾਰਨ ਘਰ ਖ਼੍ਰੀਦਣ ਤੋਂ ਅਸਮਰਥ ਹੋ ਗਏ। ਖ਼ਾਸ ਤੌਰ ’ਤੇ ਵੈਨਕੂਵਰ, ਟੋਰਾਂਟੋ ਅਤੇ ਇਨ੍ਹਾਂ ਦੇ ਨਾਲ ਲੱਗਦੇ ਸ਼ਹਿਰਾਂ ਵਿਚ ਤਾਂ ਸਥਿਤੀ ਆਮ ਆਦਮੀ ਦੀ ਪਹੁੰਚ ਤੋਂ ਬਿਲਕੁਲ ਬਾਹਰ ਹੋ ਗਈ। ਇਸ ਸਥਿਤੀ ਨੂੰ ਵੇਖਦੇ ਹੋਏ ਨੀਤੀ ਮਾਹਿਰਾਂ ਨੇ ਘਰਾਂ ਦੀਆਂ ਕੀਮਤਾਂ ਘਟਾਉਣ ਲਈ ਵਿਆਜ ਦਰਾਂ ਵਿਚ ਵਾਧਾ ਅਤੇ ਸਟਰੈੱਸ ਟੈਸਟ ਰਾਹੀਂ ਕਰਜ਼ਾ ਲੈਣ ਦੀਆਂ ਸ਼ਰਤਾਂ ਨੂੰ ਸਖ਼ਤ ਕਰ ਦਿੱਤਾ ਹੈ। ਜੁਲਾਈ 2017 ਤੋਂ ਹੁਣ ਤੱਕ ਪ੍ਰਾਈਮ ਰੇਟ ਵਿਚ ਪੰਜ ਵਾਰ ਵਾਧਾ ਹੋ ਚੁੱਕਿਆ ਹੈ। ਹਾਈ ਰੇਸ਼ੋ ਵਾਲੇ ਸੁਰੱਖਿਅਤ ਕਰਜ਼ੇ (ਜਿਨ੍ਹਾਂ ਵਿਚ ਘਰ ਖ਼੍ਰੀਦਦਾਰ ਦੁਆਰਾ ਘਰ ਦੀ ਕੀਮਤ ਦੇ 20 ਪ੍ਰਤੀਸ਼ਤ ਤੋਂ ਘੱਟ ਰਕਮ ਨਿਵੇਸ਼ ਕੀਤੀ ਜਾਂਦੀ ਹੈ) ਉਪਰ ਅਕਤੂਬਰ 2016 ਤੋਂ ਹੀ ਸਟਰੈੱਸ ਟੈਸਟ ਲਾਗੂ ਹੈ ਪ੍ਰੰਤੂ ਇਹ ਨਿਯਮ ਹੁਣ ਜਨਵਰੀ 2018 ਤੋਂ ਅਸੁਰੱਖਿਅਤ ਕਰਜ਼ਿਆਂ (ਜਿਨ੍ਹਾਂ ਵਿਚ ਘਰ ਖ਼੍ਰੀਦਦਾਰ ਦੁਆਰਾ 20 ਪ੍ਰਤੀਸ਼ਤ ਤੋਂ ਵੀ ਜ਼ਿਆਦਾ ਰਕਮ ਨਿਵੇਸ਼ ਕੀਤੀ ਜਾਂਦੀ ਹੈ) ਉਪਰ ਵੀ ਲਾਗੂ ਹੈ।

ਸਟਰੈੱਸ ਟੈਸਟ ਦਾ ਅਰਥ ਹੈ ਘਰ ਖ਼੍ਰੀਦਦਾਰਾਂ ਦੁਆਰਾ ਬੈਂਕ ਆਫ਼ ਕੈਨੇਡਾ ਦੇ ਪੰਜ ਸਾਲਾ ਬੈਂਚ ਮਾਰਕ ਫਿਕਸਡ ਰੇਟ (ਜੋ ਕਿ ਇਸ ਸਮੇਂ 5.34 ਪ੍ਰਤੀਸ਼ਤ ਹੈ) ਜਾਂ ਬੈਂਕ ਦੁਆਰਾ ਘਰ ਖ਼੍ਰੀਦਣ ਲਈ ਨਿਰਧਾਰਤ ਰੇਟ ਤੋਂ 2 ਪ੍ਰਤੀਸ਼ਤ ਉਪਰ ਵਿਆਜ ਦਰ ਨਾਲ ਕਰਜ਼ਾ ਲੈਣ ਦੇ ਸਮੱਰਥ ਹੋਣਾ।

ਕਈ ਮਾਰਗੇਜ਼ ਮਾਹਿਰਾਂ ਦਾ ਕਹਿਣਾ ਹੈ ਕਿ ਵਧਦੇ ਵਿਆਜ ਦਰਾਂ ਦੀ ਰੁੱਤ ਵਿਚ ਵੇਰੀਟੇਬਲ ਵਿਆਜ ਦਰਾਂ ਵਾਲੇ ਕਰਜ਼ਿਆਂ ਉਪਰ ਸਟਰੈੱਸ ਟੈਸਟ ਅਰਥਪੂਰਨ ਹੋ ਸਕਦਾ ਹੈ ਪ੍ਰੰਤੂ ਫਿਕਸਡ ਵਿਆਜ ਦਰ ਕਰਜ਼ਿਆਂ ਉਪਰ ਨਹੀਂ ਕਿਉਂਕਿ ਇਨ੍ਹਾਂ ਦੀਆਂ ਵਿਆਜ ਦਰਾਂ ਵਿਚ ਪੰਜ ਸਾਲਾਂ ਦੌਰਾਨ ਕੋਈ ਤਬਦੀਲੀ ਨਹੀਂ ਹੁੰਦੀ। ਨਿਰਸੰਦੇਹ, ਨੀਤੀ ਮਾਹਿਰਾਂ ਨੇ ਇਹ ਫੈਸਲਾ ਰੀਅਲ ਐਸਟੇਟ ਇੰਡਸਟਰੀ ਵਿਚ ਪ੍ਰਤੀ ਵਿਅਕਤੀ ਕਰਜ਼ਾ ਘਟਾਉਣ ਲਈ ਕੀਤਾ ਹੋਵੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਟਰੈੱਸ ਟੈਸਟ ਨਾਲ ਘਰਾਂ ਦੇ ਕਰਜ਼ੇ ਦੀ ਉਪਲਬਧਤਾ ਵਿਚ ਕਮੀ ਆਈ ਹੈ ਪ੍ਰੰਤੂ ਇਸ ਨੇ ਘਰਾਂ ਦੀਆਂ ਕੀਮਤਾਂ ਵਿਚ ਠੱਲ੍ਹ ਪਾਉਣ ਲਈ ਭਰਪੂਰ ਯੋਗਦਾਨ ਦਿੱਤਾ ਹੈ ਅਤੇ ਪਹਿਲੀ ਵਾਰ ਘਰ ਖ਼੍ਰੀਦਦਾਰਾਂ ਲਈ ਮੌਜੂਦਾ ਮਾਰਕੀਟ ਜ਼ਿਆਦਾ ਅਨੁਕੂਲ ਹੈ।

- **ਹਰਜੀਤ ਸਿੰਘ**, 778-317-5146

MANTRA CONSTRUCTION
Design & Build
Commercial, Residential & Industrial

We fulfill your needs
Experienced Professional Team & Builders

OUR SERVICES
- CONSULTATION
- PROJECT MANAGEMENT
- DRAWING PLANS
- CITY PLANS
- APPROVALS
- RESTAURANT / FRANCHISES
- DEMOLITION / RENOVATIONS
- DECKS & PATIOS
- LANDSCPING+

WE BUILD
YOUR NEW PROJECT
SPEIALIZE IN MDEICAL OFFICES - PHARMACIES
RESTAURANTS - SPAS - RETAIL OUTLETS + MORE

COMMERCIAL - RESIDENTIAL & INDUSTRIAL
FOR FREE CONSULTATION
CALL US: 416-833-2162
mantraconstruction 247@gmail.com www.mantraconstruction.ca





# ਬੇਰੁਜ਼ਗਾਰ ਨੌਜਵਾਨਾਂ ਦੇ ਇੱਕਜੁੱਟ ਸੰਘਰਸ਼ ਦੀ ਲੋੜ

- ਰਣਦੀਪ ਸੰਗਤਪੁਰਾ -



ਪੰਜਾਬ ਦੀ ਜਵਾਨੀ ਦੇ ਕੁੱਝ ਪੜ੍ਹੇ-ਲਿਖੇ ਅੰਗਾਂ ਨੇ ਪੰਜਾਬ ਸਰਕਾਰ ਵਿਰੁੱਧ ਸੰਘਰਸ਼ ਦੀਆਂ ਚਿੰਗਾੜੀਆਂ ਨੂੰ ਮੱਘਦੇ ਰੱਖਿਆ ਹੋਇਆ ਹੈ। ਆਪੋ ਆਪਣੇ ਥਾਈਂ, ਆਪੋ ਆਪਣੇ ਤਰੀਕੇ ਨਾਲ, ਆਪੋ ਆਪਣੀਆਂ ਮੰਗਾਂ ਮਸਲਿਆਂ ਲਈ ਉਹ ਲੜ ਰਹੇ ਹਨ। ਜਵਾਨੀ ਦੇ ਇਹਨਾਂ ਸੰਘਰਸ਼ਸ਼ੀਲ ਹਿੱਸਿਆਂ ’ਚ ਪੜ੍ਹੇ ਲਿਖੇ ਬੇਰੁਜ਼ਗਾਰ ਵੀ ਹਨ ਅਤੇ ਠੇਕੇ ਤੇ ਲੱਗੇ ਅਰਧ ਬੇਰੁਜ਼ਗਾਰ ਵੀ । ਬੇਰੁਜ਼ਗਾਰ ਆਪਣੇ ਰੁਜ਼ਗਾਰ ਦੇ ਹੱਕ ਲਈ ਲੜ ਰਹੇ ਹਨ। ਅਰਧ-ਬੇਰੁਜ਼ਗਾਰੀ ਦੀ ਹਾਲਤ ’ਚ ਰੁਜ਼ਗਾਰ ਅਤੇ ਬੇਰੁਜ਼ਗਾਰੀ ਵਿਚਕਾਰ ਪੈਂਡੂਲਮ ਵਾਂਗ ਲਟਕਦੇ, ਜਵਾਨੀ ਦੇ ਕੁਝ ਹੋਰ ਹਿੱਸੇ ਆਪਣੇ ਰੁਜ਼ਗਾਰ ਦੀ ਸਲਾਮਤੀ ਲਈ, ਕੰਮ ਦੀਆਂ ਸਨਮਾਣਯੋਗ ਹਾਲਤਾਂ ਲਈ, ‘ਚੰਦ ਦਮੜਿਆਂ ਦੀ ਥਾਂ ‘ਬਰਾਬਰ ਕੰਮ ‘ਬਰਾਬਰ ਤਨਖਾਹ’ ਲਈ ਲੜ ਰਹੇ ਹਨ। ਮਿਸਾਲ ਲਈ, ਬੇਰੁਜ਼ਗਾਰ ਬੀਐੱਡ ਅਤੇ ਈ ਟੀ ਟੀ ਅਧਿਆਪਕ ਹਨ, ਜਿਹੜੇ ਪੰਜਾਬ ਸਰਕਾਰ ਵੱਲੋਂ “ਘਰ-ਘਰ ਨੌਕਰੀ” ਦੇ ‘ਚੋਣ ਵਾਅਦੇ’ ਅਤੇ ਸਕੂਲਾਂ ਖ਼ਾਲੀ ਪਈਆਂ ਕਰੀਬ 30 ਹਜ਼ਾਰ ਅਸਾਮੀਆਂ ਨੂੰ ਭਰਵਾਉਣ ਲਈ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਦੇ ਸ਼ਹਿਰ ਦੋ ਮਹੀਨਿਆਂ ਤੋਂ ‘ਪੱਕੇ ਮੋਰਚੇ’ ਲਾ ਕੇ ਸੰਘਰਸ਼ ਲੜ ਰਹੇ ਹਨ। ਇਹ ਬੇਰੁਜ਼ਗਾਰ ਅਧਿਆਪਕਾਂ ਨੇ “ਅਧਿਆਪਕ ਯੋਗਤਾ ਪ੍ਰੀਖਿਆ” ਨਾਮੀਂ ਬੈਰੀਕੇਡ’ ਟੱਪ ਕੇ ਵੀ ਬੇਰੁਜ਼ਗਾਰ ਰਹਿਣ ਲਈ ਸੰਤਾਪੇ ਹੋਏ ਹਨ ਤੇ ਉਹ ਅਧਿਆਪਕ ਬਣਨ ਲਈ ਸੰਘਰਸ਼ ਦੇ ਰਾਹ ਹਨ। ਇਹਨਾਂ ਬੇਰੁਜ਼ਗਾਰ ਬੀਐੱਡ ਅਧਿਆਪਕਾਂ ਨੇ ਪਿਛਲੇ ਦਿਨਾਂ ’ਚ ਹੋਈਆਂ ਜ਼ਿਮਨੀ-ਚੋਣਾਂ ਦੌਰਾਨ “ਰੁਜ਼ਗਾਰ ਨਹੀਂ-ਵੋਟ ਨਹੀਂ” ਮੁਹਿੰਮ ਰਾਹੀਂ ਦਾਖ਼ਾ ਅਤੇ ਜਲਾਲਾਬਾਦ ਵਿਖੇ ਝੂਠੇ ਵਾਅਦੇ ਕਰਨ ਵਾਲੇ ਹਾਕਮਾਂ ਨੂੰ ਲਲਕਾਰਿਆ। ਦਾਖ਼ਾ ਵਿਖੇ ਤਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖ਼ਾਸ ਸਮਝੇ ਜਾਂਦੇ ਕੈਪਟਨ ਸੰਦੀਪ ਸੰਧੂ ਨੂੰ ਹਾਰ ਦਾ ਸਬਕ ਸਿਖਾਉਣ ’ਚ ਵੀ ਇਹਨਾਂ ਨੇ ਕਾਮਯਾਬੀ ਹਾਸਲ ਕੀਤਾ ਹੈ। ਇੰਝ ਹੀ ਈ.ਜੀ.ਐਸ. ਵਲੰਟੀਅਰ ਹਨ, ਸਿੱਖਿਆ ਪ੍ਰੋਵਾਈਡਰ ਹਨ। ਏ.ਆਈ.ਈ. ਵਲੰਟੀਅਰ ਹਨ, ਇਹ ਸਾਰੇ ਸਿੱਖਿਆ ਵਿਭਾਗ ਅੰਦਰ ‘ਰੁੰਗੇ-ਝੂੰਗੇ’ ’ਚ ਵਲੰਟੀਅਰ ਬਣਾ ਕੇ ਭਰਤੀ ਕੀਤੇ ਹੋਏ ਜਾਂ ਠੇਕੇ ’ਤੇ ਘੱਟ ਤਨਖਾਹਾਂ, ਭੱਤਿਆਂ, ਸਹੂਲਤਾਂ ’ਤੇ ਭਰਤੀ ਕੀਤੇ ਟੀਚਰ ਹਨ। ਇੰਝ ਹੀ ਬੇਰੁਜ਼ਗਾਰ ਮਲਟੀਪਰਪਜ਼ ਹੈਲਥ ਵਰਕਰ, ਕੱਚੇ ਵੈਟਰਨਰੀ ਮੁਲ਼ਾਜ਼ਮ, ਆਸ਼ਾ ਵਰਕਰਾਂ ਤੇ ਮਿੱਡ ਡੇ ਮੀਲ ਬਨਾਉਣ ਵਾਲੀਆਂ ਕੁੱਕ ਬੀਬੀਆਂ ਹਨ। ਇਹ ਸਾਰੇ ਕਿਸੇ ਹੋਰ ਵੱਲੋਂ ਨਹੀਂ ਖੁਦ ਪੰਜਾਬ ਸਰਕਾਰ ਵੱਲੋਂ ਘੱਟੋ ਘੱਟ ਉਜਰਤਾਂ ਦੇ ਕਾਨੂੰਨ, ਪੰਜਾਬ ਸਿਵਲ ਸਰਵਿਸ ਰੂਲਜ ਤੇ ਟਰੇਡ ਯੂਨੀਅਨ ਐਕਟ ਵਰਗੇ ਸਰਕਾਰੀ ਕਾਨੂੰਨਾਂ ਨੂੰ ਪੈਰਾਂ ਹੇਠ ਮਧੋਲ ਕੇ, ਲੁੱਟੇ ਤੇ ਲਿਤਾੜੇ ਜਾ ਰਹੇ ਹਨ। ਇਹ ਸਾਰੇ ਉਹ ਨੌਜਵਾਨ ਲੜਕੇ ਲੜਕੀਆਂ ਹਨ, ਜਿਨ੍ਹਾਂ ਨੇ ਸਾਲਾਂ ਬੱਧੀ ਅੱਖਾਂ ਗਾਲ ਕੇ, ਮਿਹਨਤ ਕਰ ਕੇ ਪੜ੍ਹਾਈਆਂ ਕੀਤੀਆਂ ਹਨ ਤੇ ਜਿਨ੍ਹਾਂ ਦੇ ਮਾਪਿਆਂ ਨੇ ਲੱਖਾਂ ਫੀਸਾਂ ਭਰ ਕੇ ਇਨ੍ਹਾਂ ਨੂੰ ਪੜ੍ਹਾਇਆ ਲਿਖਾਇਆ ਹੈ। ਬੇਰੁਜ਼ਗਾਰੀ ਅਤੇ ਅਰਧ ਬੇਰੁਜ਼ਗਾਰੀ ਦੀ ਭੱਠੀ ’ਚ ਭੁੱਜਦੇ ਜਵਾਨੀ ਦੇ ਇਹ ਸਾਰੇ ਹਿੱਸੇ ਆਪਣੇ ਮੁੱਢ ਕਦੀਮੀ ਹੱਕ ਲਈ, ਸਨਮਾਨਯੋਗ ਰੁਜ਼ਗਾਰ ਤੇ ਜਿੰਦਗੀ ਦੇ ਹੱਕ ਲਈ ਲੜ ਰਹੇ ਹਨ। ਆਪਣੇ ਹੱਕਾਂ ਲਈ ਲੜ ਰਹੇ ਇਹ ਜਵਾਨੀ ਆਪੋ ਆਪਣੇ ਤਰੀਕਿਆਂ ਨਾਲ ਲੜ ਰਹੀ ਹੈ। ਪਾਣੀ ਦੀਆਂ ਟੈਂਕੀਆਂ ਤੇ ਅੱਧ ਅਸਮਾਨੇ ਚੜ੍ਹ ਕੇ ਰੋਸ ਪ੍ਰਗਟ ਕਰਦੇ ਹਨ, ਕੋਈ ਮੋਤੀ-ਮਹਿਲ ਨੇੜੇ ਪ੍ਰਦਰਸ਼ਨ ਕਰਦਾ ਹੈ , ਕਾਂਗਰਸ ਦੀਆਂ ਰੈਲੀਆਂ ’ਚ “ਘਰ-ਘਰ ਰੁਜ਼ਗਾਰ” ਦਾ ਵਾਅਦਾ ਯਾਦ ਕਰਵਾਉਣ ਲਈ ਨਾਅਰੇਬਾਜ਼ੀ ਰਾਹੀਂ ਆਪਣਾ ਦਰਦ ਸਰਕਾਰ ਤੱਕ ਪਹੁੰਚਾਉਣ ਦਾ ਯਤਨ ਕਰਦਾ ਹੈ। ਵੱਧੋ ਵੱਧ ਤਰੀਕਿਆਂ ਨਾਲ ‘ਰੱਖ ਜਵਾਨੀ ਬੇਰੁਜ਼ਗਾਰ- ਆਪਣੀ ਕਬਰ ਪੁੱਟੇ ਸਰਕਾਰ ‘ਦੇ ਨਾਅਰੇ ਨੂੰ ਬੁਲੰਦ ਕਰ ਰਹੇ ਹਨ। ਇਹ ਨਾਅਰਾ ਜਦੋਂ ਵੀ ਜਿੱਥੇ ਵੀ ਗੂੰਜਦਾ ਹੈ “ਘਰ-ਘਰ ਨੌਕਰੀ” ਵਾਲੀ ਸਰਕਾਰ ਦੇ ਸੀਨੇ ਹੌਲ ਪਾਉਂਦਾ ਹੈ, ਉਸ ਨੂੰ ਆਪਣੀ ਕਬਰ ਪੁੱਟੇ ਜਾਣ ਦਾ ਅਹਿਸਾਸ ਕਰਵਾਉਂਦਾ ਹੈ। ਇਸੇ ਲਈ ਆਪਣੇ ਹੱਕ ਲਈ ਲੜ ਰਹੀ ਜਵਾਨੀ ਦੇ ਇਨ੍ਹਾਂ ਹਿੱਸਿਆ ਵਿਚੋ ਕੋਈ ਕਰਮਾਂ ਮਾਰਿਆਂ ਹੀ ਹੋਵੇਗਾ, ਜਿਸ ਦੇ ਹਿੱਸੇ ਕਰਮਾਂ ਦੀ , ਪਾਣੀ ਦੀਆਂ ਬੁਛਾੜਾਂ ਦੀ , ਥਾਣਿਆਂ ਦੀ , ਜੇਲ੍ਹਾਂ ਦੀਆਂ ਕੋਠੜੀਆਂ ਦੀ ਸੇਵਾ ਦਾ ਪ੍ਰਸ਼ਾਦ ਨਾ ਆਇਆ ਹੋਵੇ। ਪੰਜਾਬ ਦੀਆਂ ਧੀਆਂ-ਭੈਣਾਂ ਦੀਆਂ ਚੁੰਨੀਆਂ ਰੋਲਣ ਤੇ ਨੌਜਵਾਨਾਂ ਦੀਆਂ ਪੱਗਾਂ ਉਤਾਰਨ ਦੀ ਜਿੰਨੀ ਸੇਵਾ ਪਹਿਲਾਂ ਬਾਦਲਕਿਆਂ ਨੇ ਰੱਜ ਕੇ ਕੀਤੀ, ਹੁਣ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਕਰ ਰਹੀ ਹੈ, ਜੋ ਨੌਜਵਾਨਾਂ ਨੂੰ ਇਹ ਅਹਿਸਾਸ ਕਰਵਾਉਂਦੀ ਹੈ ਕਿ ਇਹਨਾਂ ਹਾਕਮ ਜਮਾਤਾਂ ਦੀਆਂ ਨੀਤੀਆਂ ਵਿੱਚ ਕੋਈ ਵੀ ਫਰਕ ਨਹੀਂ ਹੈ। ਅਜਿਹੀ ਹਾਲਤ ਵਿੱਚ ਜਵਾਨੀ ਦੇ ਹੱਕਾਂ ਲਈ ਉੱਠੇ ਹੱਥਾਂ ਨੂੰ ਜਿੱਥੇ ਸਲਾਮ ਕਰਨਾ ਬਣਦਾ ਹੈ, ਨਾਲ ਹੀ ਜ਼ਬਰ-ਜ਼ੁਲਮ ਨਾਲ ਸੰਘਰਸ਼ਸ਼ੀਲ ਨੌਜਵਾਨਾਂ ਦੀ ਆਵਾਜ ਬੰਦ ਕਰਵਾਉਣ ਦੇ ਕੋਝੇ ਯਤਨਾਂ ਦਾ ਡਟਵਾਂ ਵਿਰੋਧ ਹੋਣਾ ਚਾਹੀਦਾ ਹੈ। ਆਪਣੇ ਹੱਕਾਂ ਲਈ ਲੜਨਾ, ਸੰਘਰਸ਼ ਕਰਨਾ ਚੰਗੀ ਗੱਲ ਹੈ, ਪਰ ਉਸ ਤੋਂ ਵੀ ਚੰਗੀ ਗੱਲ ਹੋਵੇਗੀ ਕਿ ਜੇ ਲੜ ਰਹੇ ਸਾਥੀ ਕੈਟਾਗਿਰੀਆਂ ਦੀਆਂ ਵਲਗਣਾਂ ਤੋੜ ਕੇ ਇੱਕ ਪਲੇਟਫਾਰਮ ਤੇ ਆ ਕੇ ਸੰਘਰਸ਼ ਕਰਨ। ਸੰਘਰਸ਼ਸ਼ੀਲ ਜਵਾਨੀ ਦਾ ਇੱਕ ਸਾਂਝਾ ਪਲੇਟਫਾਰਮ ਸੰਘਰਸ਼ਾਂ ਨੂੰ ਦਹਿਗੁਣਾ ਵਧੇਰੇ ਤਾਕਤ ਬਖ਼ਸੇਗਾ। ਸੰਘਰਸ਼ ਕਰ ਰਹੇ ਸਾਥੀਆਂ ਨੂੰ ਆਪਣੇ ਸੰਘਰਸ਼ ਦੇ ਰੂਪਾਂ ਬਾਰੇ ਵੀ ਨਿੱਠ ਕੇ ਸੋਚਣਾ ਚਾਹੀਦਾ ਹੈ, ਵਿਚਾਰਨਾ ਚਾਹੀਦਾ ਹੈ। ਟੈਂਕੀਆਂ ਤੇ ਚੜ੍ਹਨ ਤੇ ਪੈਟਰੋਲ ਦੀਆਂ ਬੋਤਲਾਂ ਚੁੱਕਣ ਵਰਗੇ ਖ਼ੁਦਕੁਸ਼ੀ ਰੂਪ ਵਕਤੀ ਤੌਰ ਤੇ ਤਾਂ ਧੂਹ ਪਾਊ ਹੋ ਸਕਦੇ ਹਨ, ਪਰ ਲੰਮੇ ਦਾਅ ਤੋਂ ਸੰਘਰਸ਼ ਦੇ ਅਜਿਹੇ ਰੂਪ ਕਾਰਗਰ ਸਾਬਤ ਨਹੀ ਹੋਇਆ ਕਰਦੇ। ਟੈਂਕੀਆਂ ਤੇ ਚੜ੍ਹਨਾ ਕਦੇ ਮੀਡੀਆ ਦੀ ਮੁੱਖ ਸੁਰਖੀ ਬਣ ਜਾਂਦੀ ਸੀ, ਪਰ ਅੱਜ ਇਹ ਛੋਟੀ ਜਿਹੀ ਖੇਤਰੀ ਖ਼ਬਰ ਬਣ ਕੇ ਰਹਿ ਗਈ ਹੈ। ਆਪਣੇ ਹੱਕਾਂ ਲਈ ਲੜ ਰਹੇ ਸਾਥੀਆਂ ਨੂੰ ਹੋਰਨਾਂ ਸੰਘਰਸ਼ਸ਼ੀਲ ਤਬਕਿਆਂ ਤੇ ਜਥੇਬੰਦੀਆਂ ਤੇ ਉਨ੍ਹਾਂ ਦੇ ਸੁਲਝੇ ਹੋਏ ਤਜਰਬੇਕਾਰ ਆਗੂਆਂ,ਵਰਕਰਾਂ ਨਾਲ ਸਾਂਝ ਪੀਡੀ ਕਰਨੀ ਚਾਹੀਦੀ ਹੈ। ਨੌਜਵਾਨ, ਵਿਦਿਆਰਥੀ ਤੇ ਬੇਰੁਜ਼ਗਾਰ ਜਥੇਬੰਦੀਆਂ ਨੂੰ ਸਾਂਝੇ ਸੰਘਰ ਸ਼ਾਂ ਦੀ ਪਿਰਤ ਕਾਇਮ ਕਰਨੀ ਚਾਹੀਦੀ ਹੈ। ਵਰਤਮਾਨ ਤੇ ਬੀਤੇ ਦੇ ਸੰਘਰਸ਼ਾਂ ਤੋਂ ਸਬਕ ਲੈ ਕੇ ਅੱਗੇ ਵਧਣ ਦੀ ਲੋੜ ਹੈ। ਭਵਿੱਖ ਹਮੇਸ਼ਾ ਉਨ੍ਹਾਂ ਦਾ ਹੁੰਦਾ ਹੈ, ਜਿਹੜੇ ਬੀਤੇ ਇਤਿਹਾਸ ਤੋਂ ਸਬਕ ਗ੍ਰਹਿਣ ਕਰਕੇ ਤੁਰਦੇ ਹਨ।




Home Life/Superstars
HOMELIFE HIGHER STANDARDS
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092



Sukdev Singh Liddar
*2555 Steeles Ave E. Unit 11 *Brampton *ON*L6T4L6

# ਬਰੈਂਪਟਨ ਡਾਊਨਟਾਊਂਨ 'ਚ ਹੈਲਥ ਕੇਅਰ ਦੇ ਮਸਲਿਆਂ 'ਤੇ ਇਕ ਰੈਲੀ






ਬਰੈਂਪਟਨ (ਸਰੋਕਾਰਾਂ ਦੀ ਆਵਾਜ਼) : 10 ਅਕਤੂਬਰ ਦਿਨ ਵੀਰਵਾਰ ਨੂੰ ਸ਼ਾਮ ਦੇ 5:30 ਵਜੇ ਬਰੈਂਪਟਨ ਡਾਊਨਟਾਊਂਨ 'ਚ ਹੈਲਥ ਕੇਅਰ ਦੇ ਮਸਲਿਆਂ 'ਤੇ ਇਕ ਰੈਲੀ ਦਾ ਆਯੋਜਨ ਕੀਤਾ ਗਿਆ ਜੋ ਬਰੈਂਪਟਨ ਐਕਸ਼ਨ ਕਮੇਟੀ ਅਤੇ ਇੰਨਜਰਡ ਵਰਕਰਜ ਐਕਸ਼ਨ ਫਾਰ ਜਸਟਿਸ ਵੱਲੋਂ ਰੱਖੀ ਗਈ ਸੀ। ਪਿਛਲੇ ਦੋ ਕੁ ਸਾਲਾਂ ਤੋਂ ਖਾਸ ਕਰਕੇ ਬਰੈਂਪਟਨ 'ਚ ਇਸ ਸੰਸਥਾ ਨੇ ਇਕ ਨਵੀਂ ਪ੍ਰਿਤ ਸ਼ੁਰੂ ਕੀਤੀ ਹੈ ਕਿ ਕੁਝ ਨਾਅਰੇ ਇੰਗਲਿਸ਼ 'ਚ ਤੇ ਕੁਝ ਪੰਜਾਬੀ 'ਚ ਲਾਏ ਜਾਂਦੇ ਹਨ ਜਿਵੇਂ 'ਸਾਡੇ ਹੱਕ ਇਥੇ ਰੱਖ' ਹੋਰ ਕਮਿਉਨਿਟੀਆ ਦੇ ਲੋਕ ਵੀ ਪੰਜਾਬੀ ਵਾਲੇ ਨਾਅਰੇ ਬੋਲਦੇ ਹਨ। ਆਮ ਵਰਕਰਾਂ ਨੂੰ ਭਾਸ਼ਨ ਦੇਣ ਲਈ ਉਤਸਾਹਿਤ ਕੀਤਾ ਜਾਂਦਾ ਹੈ। ਹੋਰ ਲੀਡਰ ...ਅਗਰ ਅੰਗਰੇਜ਼ੀ 'ਚ ਭਾਸ਼ਨ ਦਿੰਦੇ ਹਨ ਤਾਂ ਨਵੀਂ ਔਜਲਾ ਪੰਜਾਬੀ 'ਚ ਗੱਲਬਾਤ ਕਰਕੇ ਸ਼ਾਮਲ ਪੰਜਾਬੀ ਸਮਝਣ ਵਾਲੇ ਲੋਕਾਂ ਨੂੰ ਮਸਲੇ ਬਾਰੇ ਢੁਕਵੀਂ ਜਾਣਕਾਰੀ ਦੇਣਾ ਵੱਧ ਬਿਹਤਰ ਅਤੇ ਪੰਜਾਬੀ ਬੋਲੀ ਨੂੰ ਬਰਾਬਰ ਦੀ ਥਾਂ ਦੇਣ 'ਚ ਮਾਣ ਮਹਿਸੂਸ ਕਰਦੀ ਹੈ। ਅੰਗਰੇਜੀ ਵਾਲੇ ਭਾਸ਼ਨ ਦੇ ਮੁੱਖ ਨੁਕਤੇ ਪੰਜਾਬੀ 'ਚ ਦੱਸਦੀ ਰਹਿੰਦੀ ਹੈ ਤਾਂ ਕਿ ਘੱਟ ਪੜ੍ਹੇ ਲੋਕ ਪੂਰੀ ਗੱਲ ਸਮਝ ਸਕਣ। ਮਾਫੀ ਚਾਹੁਣਾ, ਕੁਝ ਅੱਖਰ ਟਾਈਪ ਕਰਨ ਤੇ ਠੀਕ ਨਹੀਂ ਲਿਖੇ ਜਾ ਸਕੇ ਪਹਿਲਾਂ ਇਸ ਤਰ੍ਹਾਂ ਨਹੀਂ ਹੁੰਦਾ ਸੀ।

## ਮਨਜੀਤ ਧਨੇਰ ਨੂੰ ਝੂਠੇ ਕਤਲ ਕੇਸ 'ਚ ਸੁਪਰੀਮ ਕੋਰਟ ਵੱਲੋ ਦਿੱਤੀ ਸਜਾ ਰੱਦ ਕਰਨ ਦੀ ਮੰਗ ਸਬੰਧੀ ਮਤਾ

ਵਿੰਨੀਪੈਗ (ਬਿਊਰੋ) : ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ ਦੀ ਪਿਛਲੇ ਦਿਨੀਂ ਹੋਈ ਮੀਟਿੰਗ 'ਚ ਇੱਕ ਮਤਾ ਪਾਸ ਕਰਕੇ ਮਨਜੀਤ ਧਨੇਰ ਨੂੰ ਝੂਠੇ ਕਤਲ ਕੇਸ 'ਚ ਹੋਈ ਸਜਾ ਨੂੰ ਸੁਪਰੀਮ ਕੋਰਟ ਵੱਲੋਂ ਬਹਾਲ ਕਰਨ ਦੇ ਫੈਸਲੇ ਨੂੰ ਘੋਰ -ਬੇਇਨਸਾਫੀ ਕਰਾਰ ਦਿੱਤਾ ਗਿਆ ਹੈ। ਵਰਨਣਯੋਗ ਹੈ ਕਿ 1997 'ਚ ਇੱਕ ਸਕੂਲੀ ਵਿਦਿਆਰਥਣ ਕਿਰਨਜੀਤ ਨੂੰ ਮਹਿਲ ਕਲਾਂ ਦੇ ਗੁੰਡਿਆਂ ਵੱਲੋਂ ਬਲਾਤਕਾਰ ਕਰਨ ਤੋਂ ਬਾਅਦ ਕਤਲ ਕਰ ਦਿੱਤਾ ਗਿਆ ਸੀ। ਇਸ ਕਾਂਡ ਦੇ ਵਿਰੋਧ 'ਚ ਇਲਾਕੇ ਦੇ ਅਗਾਂਹਵਧੂ ਲੋਕਾਂ ਅਤੇ ਇਨਸਾਫਪਸੰਦ ਜਥੇਬੰਦੀਆਂ ਨੇ ਮਨਜੀਤ ਧਨੇਰ, ਨਰੈਣ ਦੱਤ ਅਤੇ ਪਰੇਮ ਕੁਮਾਰ ਦੀ ਅਗਵਾਈ 'ਚ ਕਿਰਨਜੀਤ ਬਲਾਤਕਾਰ ਅਤੇ ਕਤਲ ਵਿਰੋਧੀ ਐਕਸ਼ਨ ਕਮੇਟੀ ਬਣਾ ਕੇ ਕਾਤਲਾਂ ਨੂੰ ਸਜਾ ਦਿਵਾਉਣ ਲਈ ਲੰਬਾ ਤੇ ਸਿਰੜੀ ਘੋਲ ਲੜਿਆ। ਜਿਸ ਦੇ ਫਲਸਰੂਪ ਕਾਤਲ ਗੁੰਡਿਆਂ ਨੂੰ ਸਜਾ ਹੋਈ। ਉਸ ਕਾਤਲ ਤੇ ਗੁੰਡਾ ਟੋਲੇ ਦੀ ਪੁਲੀਸ, ਸਿਆਸੀ ਲੀਡਰਾਂ ਤੇ ਸਰਕਾਰੇ-ਦਰਬਾਰੇ ਪਹੁੰਚ ਸੀ। ਜਿਸ ਦੇ ਚਲਦੇ ਇਹਨਾਂ ਨੇ ਹੋਰ ਵੀ ਬਹੁਤ ਲੋਕਾਂ ਨਾਲ ਦੁਸਮਣੀ ਪਾਲ ਰੱਖੀ ਸੀ। ਕੁੱਝ ਸਮੇਂ ਬਾਅਦ ਇਸ ਗੁੰਡੇ ਤੇ ਕਾਤਲ ਟੋਲੇ ਦੇ ਇੱਕ ਵਿਆਕਤੀ ਦਲੀਪ ਦਾ ਆਪਸੀ ਰੰਜਿਸ਼ ਦੇ ਚਲਦੇ ਇੱਕ ਧਿਰ ਨੇ ਬਰਨਾਲੇ ਕਚਿਹਰੀ 'ਚ ਕਤਲ ਕਰ ਦਿੱਤਾ। ਪੁਲਸ ਨੇ ਕਤਲ ਕਰਨ ਵਾਲੇ ਮੌਕੇ ਤੇ ਫੜ ਲਏ, ਪਰੰਤੂ ਪੁਲਸ ਨੇ ਗੁੰਡਿਆਂ ਤੇ ਸਿਆਸੀ ਲੀਡਰਾਂ ਦੇ ਦਬਾ 'ਚ ਆ ਕੇ ਮਨਜੀਤ ਧਨੇਰ, ਨਰੈਣ ਦੱਤ ਅਤੇ ਪਰੇਮ ਕੁਮਾਰ ਨੂੰ ਇਲ ਝੂਠੇ ਕੇਸ ਵਿੱਚ ਸ਼ਾਮਲ ਕਰ ਲਿਆ। ਅਦਾਲਤੀ ਸੁਣਵਾਈ ਦੌਰਾਨ ਪੁਲਸ ਤੇ ਗਵਾਹਾਂ ਦੀਆਂ ਝੂਠੀਆਂ ਗਵਾਹੀਆਂ ਦੇ ਅਧਾਰ 'ਤੇ ਹੇਠਲੀ ਅਦਾਲਤ ਨੇ ਇਹਨਾਂ ਤਿੰਨਾਂ ਆਗੂਆਂ ਨੂੰ ਉਮਰ ਕੈਦ ਦੀ ਸਜਾ ਸੁਣਾ ਦਿੱਤੀ। ਇਸ ਫੈਸਲੇ ਨੂੰ ਹਈਕੋਰਟ 'ਚ ਚੁਣੌਤੀ ਦਿੱਤੀ ਗਈ ਤੇ ਨਾਲ ਹੀ ਇਸ ਝੂਠੇ ਕੇਸ 'ਚ ਸਜ਼ਾ ਨੂੰ ਲੈਕੇ ਲੋਕਾਂ ਵਿੱਚ ਰੋਹ ਫੈਲ ਗਿਆ ਤੇ ਲੋਕਾਂ ਨੇ ਵੱਡੇ ਵੱਡੇ ਇਕੱਠ ਕਰਕੇ ਪੰਜਾਬ ਸਰਕਾਰ ਤੇ ਰਾਜਪਾਲ ਤੋਂ ਇਸ ਨਿਹੱਕੀ ਸਜਾ ਨੂੰ ਰੱਦ ਕਰਨ ਦੀ ਮੰਗ ਕੀਤੀ। ਪੰਜਾਬ ਸਰਕਾਰ ਵੱਲੋਂ ਰਾਜਪਾਲ ਨੇ ਇਹਨਾਂ ਤਿੰਨਾਂ ਆਗੂਆਂ ਦੀ ਸਜਾ ਮੁਆਫੀ ਲਈ ਹਾਈਕੋਰਟ ਨੂੰ ਫਾਈਲ ਵੀ ਭੇਜੀ। ਸਿੱਟੇ ਵਜੋਂ ਦੋ ਆਗੂਆਂ ਨਰੈਣ ਦੱਤ ਅਤੇ ਪ੍ਰੇਮ ਕੁਮਾਰ ਜੋ ਸਰਕਾਰੀ ਮੁਲਾਜ਼ਮ ਸਨ ਦੀ ਸਜਾ ਮੁਆਫ ਕਰ ਦਿੱਤੀ। ਜਦੋਂ ਕਿ ਮਨਜੀਤ ਧਨੇਰ ਕਿਸਾਨ ਹੋਣ ਕਰਕੇ ਇਸ ਦੀ ਉਮਰ ਕੈਦ ਦੀ ਸਜਾ ਬਹਾਲ ਰੱਖੀ ਗਈ। ਕਾਰਨ ਸੀ ਕਿ ਮੁਲਾਜ਼ਮ ਆਪਣੀ ਬੇਗੁਨਾਹੀ ਸਾਬਤ ਕਰਨ ਲਈ ਮਹਿਕਮੇ 'ਚ ਆਪਣੀ ਹਾਜਰੀ ਸਬੂਤ ਵਜੋਂ ਪੇਸ਼ ਕਰ ਸਕਦੇ ਸਨ ਜਦੋਂ ਕਿ ਮਨਜੀਤ ਧਨੇਰ ਕਿਸਾਨ ਹੋਣ ਕਾਰਨ ਆਪਣੀ ਬੇਗੁਨਾਹੀ ਸਾਬਤ ਕਰਨ ਲਈ ਆਪਣੀ ਹਾਜਰੀ ਕਿਤੇ ਵੀ ਸਬੂਤ ਵਜੋਂ ਪੇਸ ਨਹੀਂ ਸੀ ਕਰ ਸਕਦਾ। ਇਸ ਝੂਠੇ ਕੇਸ 'ਚ ਹੋਈ ਸਜ਼ਾ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਗਈ। ਜਿਸ ਨੇ ਲੰਘੇ ਸਤੰਬਰ ਮਹੀਨੇ 'ਚ ਆਪਣੇ ਲੋਕ ਦੋਖੀ ਸੁਭਾਅ ਕਾਰਨ ਮਨਜੀਤ ਧਨੇਰ ਦੀ ਉਮਰ ਕੈਦ ਬਹਾਲ ਰੱਖਕੇ ਇਨਸਾਫ ਦੇ ਗਲ ਗੂਠਾ ਦੇ ਦਿੱਤਾ। ਜਦੋਂਕਿ ਏਹੀ ਕੋਰਟਾਂ ਲੋਕ-ਦੁਸ਼ਮਣਾਂ, ਗੁੰਡਿਆਂ, ਬਲਾਤਕਾਰੀਆਂ, ਕਾਤਲਾਂ ਨੂੰ ਸਬੂਤਾਂ ਦੇ ਬਾਵਜੂਦ ਵੀ ਬਰੀ ਕਰ ਰਹੀਆਂ ਹਨ। ਸੁਪਰੀਮ ਕੋਰਟ ਨੇ ਮਨਜੀਤ ਧਨੇਰ ਦੀ ਉਮਰ ਕੈਦ ਦੀ ਸਜਾ ਬਰਕਰਾਰ ਰੱਖ ਕੇ ਲੋਕ ਹਿੱਸਿਆਂ ਨੂੰ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਲੋਕਾਂ ਦੀਆਂ ਧੀਆਂ, ਭੈਣਾਂ ਦੀਆਂ ਇੱਜਤਾਂ ਬਚਾਉਣ, ਹੱਕਾਂ ਲਈ ਲੜਨ ਵਾਲਿਆਂ ਤੇ ਸਿਆਸੀ ਸਰਪਰਸਤੀ ਪਰਾਪਤ ਗੁੰਡਿਆ, ਕਾਤਲਾਂ ਨੂੰ ਸਜਾ ਦੀ ਮੰਗ ਕਰਨ ਵਾਲੇ ਲੋਕ ਸੋਚ ਲੈਣ ਕਿ ਤੁਹਾਡਾ ਹਸ਼ਰ ਵੀ ਮਨਜੀਤ ਧਨੇਰ ਵਾਲਾ ਹੋ ਸਕਦਾ ਹੈ। ਪਰ ਇਨਸਾਫਪਸੰਦ ਲੋਕਾਂ ਨੇ ਵੀ ਸਾਬਤ ਕਰ ਦਿੱਤਾ ਹੈ ਕਿ ਜੇਲ੍ਹਾਂ ਤੇ ਅਦਾਲਤਾਂ ਕਦੇ ਵੀ ਹੱਕੀ ਅਵਾਜ਼ ਨੂੰ ਦਬਾ ਨਹੀਂ ਸਕਦੀਆ। ਬਰਨਾਲੇ ਜੇਲ੍ਹ ਮੂਹਰੇ ਲਗਾਤਾਰ ਚੱਲ ਰਿਹਾ ਧਰਨਾ ਤੇ ਵੱਖ ਵੱਖ ਤਬਕਿਆਂ ਦਾ ਇਸ ਦੀ ਹਮਾਇਤ 'ਚ ਆਉਣਾ ਇਸੇ ਗੱਲ ਦੀ ਗਵਾਹੀ ਭਰਦਾ ਹੈ। ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ ਮਨਜੀਤ ਧਨੇਰ ਦੀ ਨਿਹੱਕੀ ਸਜਾ ਨੂੰ ਰੱਦ ਕਰਵਾਉਣ ਲਈ ਲੜ ਰਹੇ ਲੋਕਾਂ ਨਾਲ ਇੱਕਮੁੱਠਤਾ ਦਾ ਪਰਗਟਾਵਾ ਕਰਦੀ ਹੈ ਤੇ ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਮਨਜੀਤ ਧਨੇਰ ਨੂੰ ਝੂਠੇ ਕੇਸ 'ਚ ਹਈ ਨਿਹੱਕੀ ਸਜਾ ਨੂੰ ਰੱਦ ਕੀਤਾ ਜਾਵੇ।


ਮੈਟਰੋ ਇਮੀਗ੍ਰੇਸ਼ਨ



ਸੁਰੇਸ਼ ਗੁਪਤਾ
ਸਰਟੀਫਾਈਡ ਇਮੀਗਰੇਸ਼ਨ ਪਰੈਕਟੀਸ਼ਨਰ

1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਊਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ। ਸਾਡੇ ਨਾਲ ਸਬੰਧਤ ਦਫ਼ਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੈਂਟਸ ਜਾਂ ਗ੍ਰੈਂਡ-ਪੇਰੈਂਟਸ ਦੇ ਸੁਪਰਵੀਜਾ ਕੇਸ
3. ਵਿਜਟਰ ਟੂ ਕੈਨੇਡਾ (ਐਫਡੇਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੇਸ ਐਂਟਰੀ ਵੀਜਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਊਜਲ ਦੇ ਕੇਸ ਜਿਵੇਂ ਸਪਾਊਸਲ, ਇਨਸਫੀਸ਼ੈਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਊਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੈਨਟਿਬਾ, ਐਲਬਰਟਾ, ਸਸਕੈਚ, ਪੀ ਈ ਆਈ, ਇਨਵੈਸਟਰ, ਪੀ ਐਨ ਪੀ ਬਿਜਨਸ।
9. ਕਮਸ਼ਿਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੈਂਟਸ ਜਾਂ ਗਰੈਂਡ ਪੇਰੈਂਟਸ)
11. ਪੀ.ਆਰ. ਕਾਰਡ ਰਿਨੀਊਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜਿਟਰ ਵੀਜਾ
15. ਵਿਜਿਟਰ, ਵਰਕ, ਸਟੂਡੈਂਟ ਵੀਜਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ, ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਧੀ.ਐਸ ਤੋਂ ਐਲ.ਐਮ.ਆਈ.ਏ. ਫਾਰ ਵਰਕ ਪਰਿਮਟ
18. ਸੀ.ਏ.ਆਈ.ਪੀ.ਸੀ.. ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਊਜ਼ੀਲੈਂਡ ਜਾਂ ਕੇਨੇਡਾ ਲਈ ਸਟੂਡੈਂਟ ਵੀਜਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ

Suresh Gupta
Certified Immigration Practitioner (RCIC) Member ICCRC
905-913-7700
info@metroimmigration.com
www.metroimmigration.com
12-2355 Derry Road East, Mississauga, Ont. L5S 1V6



STARLINE Painting Ltd.
STARLINE PAINTING LTD.
RESIDENTIAL • COMMERCIAL • INDUSTRIAL
• Hotel • Motel • Exterior & Interior
• Office Painting • Drywall Fixing
• Spray Painting
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ



Call Sukhi for FREE Estimate
7 Days A Week
100% Satisfaction Guarantee
416.230.4000 • 647.409.1092
www.starlinepainting.com



MAROK LAW OFFICE
Always Taking You Forward
• Corporate Law • Real Estate
Wills • Affidavits • Power of Attorney



VIPANDEEP SINGH MAROK
Barrister, Solicitor & Notary Public
M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

# ਇਕ ਨਾਲੋਂ ਦੋ ਭਲੇ-ਕੈਨੇਡੀਅਨ ਲੋਕਾਂ ਦਾ ਫ਼ਤਵਾ 2019





ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in


ਕੈਨੇਡਾ ਦੀ 43ਵੀਂ ਪਾਰਲੀਮੈਂਟ ਵਾਸਤੇ ਲੋਕਾਂ ਨੇ ਫ਼ਤਵਾ ਦੇ ਦਿੱਤਾ ਹੈ। ਇਸ ਵਿਚ ਕੈਨੇਡੀਅਨ ਲੋਕਾਂ ਦੀ ਸੂਝ ਸਿਆਣਪ ਦੀ ਸੰਸਾਰ ਪੱਧਰ 'ਤੇ ਸ਼ਲਾਘਾ ਹੋ ਰਹੀ ਹੈ। ਆਖਿਆ ਜਾ ਰਿਹਾ ਹੈ ਕਿ ਕਈ ਪਾਰਟੀਆਂ ਦੇ ਆਗੂਆਂ ਨਾਲੋਂ ਲੋਕ ਸਿਆਣੇ ਨਿਕਲੇ ਹਨ। ਉਨ੍ਹਾਂ ਨੇ ਆਗੂਆਂ ਨੂੰ ਭਰਵਾਂ ਸੰਦੇਸ਼ ਦਿੱਤਾ ਹੈ ਕਿ ਕੈਨੇਡਾ ਬਹੁਲਵਾਦੀ ਦੇਸ਼ ਹੈ। ਇਸ ਦੇਸ਼ ਵਿਚ ਮਾਅਰਕੇਬਾਜ਼ੀ, ਮੌਕਾਪ੍ਰਸਤ ਅਤੇ ਨਸਲਵਾਦੀ ਰਾਜਨੀਤੀ ਦੀ ਕੋਈ ਜਗ੍ਹਾ ਨਹੀਂ ਹੈ। ਲੋਕਾਂ ਦਾ ਇਹ ਵੀ ਫ਼ਤਵਾ ਹੈ ਕਿ ਰਾਜ ਭਾਗ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਬੜੀ ਜ਼ਰੂਰੀ ਹੈ।

40 ਦਿਨ ਚਲੇ ਚੋਣ ਪ੍ਰਚਾਰ ਵਿਚ ਇਸ ਵਾਰ ਬਹੁਤੇ ਆਗੂਆਂ ਦਾ ਕਿਰਦਾਰ ਸਭਿਅਕ ਮਿਆਰਾਂ ਪੱਖੋਂ ਕਾਫ਼ੀ ਨੀਵਾਂ ਰਿਹਾ। ਖਾਸ ਕਰਕੇ ਪੀਪਲਜ਼ ਪਾਰਟੀ ਅਤੇ ਕਈ ਕੰਜਰਵੇਟਿਵ ਆਗੂ, ਨਾਂਹਵਾਚਕ, ਵੰਡਵਾਦੀ ਅਤੇ ਗਾਲੀ ਗਲੋਚ ਵਾਲਾ ਪੈਂਤੜਾ ਅਖਤਿਆਰ ਕਰਦੇ ਲੋਕਾਂ ਨੇ ਦੇਖੇ। ਪੀਪਲਜ਼ ਪਾਰਟੀ ਦੇ ਦੋ ਉਮੀਦਵਾਰਾਂ ਨੇ ਤਾਂ ਹੱਦ ਕਰ ਦਿੱਤੀ ਜਦੋਂ ਉਨ੍ਹਾਂ ਇਕ ਪੱਗੜੀਧਾਰੀ ਵਿਅਕਤੀ ਦਾ ਕਾਰਟੂਨ, ਛਾਇਆ ਕਰਕੇ ਇਸ਼ਾਰਾ ਕੀਤਾ ਕਿ 'ਪੱਗ ਵਿਚ ਬੰਬ' ਹੈ। ਕੰਜਰਵੇਟਿਵ ਆਗੂਆਂ ਵਿਚ ਵੀ ਗੋਰਾ ਸ਼ਾਹੀ ਵਰਗੀ ਝਲਕ ਕਈ ਵਾਰ ਦੇਖਣ ਨੂੰ ਮਿਲੀ।

ਚੋਣ ਪ੍ਰਚਾਰ ਵਿਚ, 22 ਅਕਤੂਬਰ ਦੇ 'ਵੈਨਕੂਵਰ ਸਨ" ਅਖ਼ਬਾਰ ਅਨੁਸਾਰ ਸਭ ਤੋਂ ਵਧੀਆ ਕਿਰਦਾਰ ਐਨ.ਡੀ.ਪੀ. ਦੇ ਕੌਮੀ ਆਗੂ ਜਗਮੀਤ ਦਾ ਰਿਹਾ। ਉਸਦੀ ਬੋਲੀ, ਸ਼ੈਲੀ ਅਤੇ ਵਤੀਰਾ ਲੋਕਾਂ ਵਲੋਂ ਬਹੁਤ ਸਲਾਹਿਆ ਗਿਆ। ਇਹੋ ਜਿਹੇ ਵਿਚਾਰ 'ਗਲੋਬ ਅਤੇ ਮੇਲ' ਅਤੇ 'ਨਿਊਯਾਕਰ ਆਈਮਜ਼' ਅਖਬਾਰ ਦੇ ਉਪਰ ਕਾਲਮਾਂ ਵਿਚ ਛਪੇ ਹਨ। ਇਨ੍ਹਾਂ ਵਲੋਂ ਦੂਜੇ ਸਥਾਨ 'ਤੇ ਟਰੂਡੋ ਨੂੰ ਆਂਗਿਆ ਗਿਆ ਹੈ। ਜਿੱਤ ਹਾਰ ਦੇ ਹਿਸਾਬ ਵੀ ਉਹ ਜਗਮੀਤ ਦਾ ਨੰਬਰ ਹੀ ਉਪਰ ਰੱਖਦੇ ਹਨ ਕਿਉਂਕਿ ਆਮ ਤਕਾਜ਼ਾ ਸੀ ਕਿ ਐਨ.ਡੀ.ਪੀ. ਇਕਾਈ ਦੇ ਅੰਕੜੇ ਤੱਕ ਸਿਮਟ ਸਕਦੀ ਹੈ। ਇਸ ਦੇ ਕਈ ਆਗੂ ਚੋਣ ਲੜਨ ਤੋਂ ਨਾਂਹ ਕਰ ਗਏ ਸਨ ਅਤੇ ਕਈ ਅਸਤੀਫ਼ੇ ਵੀ ਦੇ ਗਏ ਸਨ।

**ਚੋਣ ਨਤੀਜਆਂ ਦਾ ਪਸਾਰ ਅਤੇ ਘੱਟ ਗਿਣਤੀ ਸਰਕਾਰ**

ਆਮ ਕਰਕੇ ਚੋਣ ਨਤੀਜੇ ਆਸ ਦੇ ਅਨੁਸਾਰ ਹੀ ਆਏ ਹਨ। ਪਰ ਫਿਰ ਵੀ ਨਤੀਜਿਆਂ ਨੇ ਕੈਨੇਡਾ ਦੇ ਭਵਿੱਖ ਵਾਸਤੇ ਦੋ ਬਹੁਤ ਵੱਡੇ ਅਤੇ ਦੁਖਦ ਨੁਕਤੇ ਆਗੂਆਂ ਵਾਸਤੇ ਧਿਆਨ ਗੋਚਰ ਕੀਤੇ ਹਨ। ਇਨ੍ਹਾਂ ਦੀ ਚਰਚਾ ਜ਼ਰਾ ਕੁ ਠਹਿਰ ਕੇ। ਆਓ ਪਹਿਲਾਂ ਨਤੀਜਿਆਂ ਤੇ ਇਕ ਪੰਛੀ ਝਾਤ।

**42ਵੀਂ ਪਾਰਲੀਮੈਂਟ ਦੇ ਅਖੀਰ ਅਤੇ 43ਵੀਂ ਪਾਰਲੀਮੈਂਟ ਵਿਚ ਪਾਰਟੀ ਪੁਜੀਸ਼ਨ।**

| 42ਵੀਂ | 43ਵੀਂ | ਵਾਧਾ | ਘਾਟਾ |
|---|---|---|---|
| ਲਿਬ. | 177 | 157 | -20 |
| ਕੰਜਰ: | 95 | 121 | +26 |
| ਐਨਡੀਪੀ: | 39 | 24 | -15 |
| ਬਲਾਕ : | 39 | 24 | -15 |
| ਗਰੀਨ : | 2 | 3 | +8 |
| ਦੂਜੇ : | 9 | 1 | -8 |
| ਪੀਪੀ : | 1 | 1 | -1 |
| ਜੋੜ | 333 (5 ਖਾਲੀ) | 0 | |
| | | | 338 |

ਉਪਰੋਕਤ ਟੇਬਲ ਦੱਸਦਾ ਹੈ ਕਿ ਟਰੂਡੋ ਦੀ ਪਾਰਟੀ 20 ਸੀਟਾਂ ਗੁਆ ਕੇ ਬਹੁਗਿਣਤੀ ਤੋਂ ਘੱਟਗਿਣਤੀ ਵਿਚ ਸਿਮਟ ਗਈ। ਸ਼ੀਅਰ ਦੀ ਪਾਰਟੀ ਵੀ ਸਿਰਫ਼ 26 ਸੀਟਾਂ ਜਿੱਤ ਸਕੀ। ਇਸ ਨੂੰ ਉਮੀਦ ਸੀ ਕਿ ਸ਼ੀਅਰ ਅਗਲਾ ਪ੍ਰਧਾਨ ਮੰਤਰੀ ਹੋਵੇਗੀ। ਐਨ.ਡੀ.ਪੀ. 15 ਸੀਟਾਂ ਹਾਰ ਕੇ ਵੀ ਜਿੱਤੀ ਆਖੀ ਜਾਂਦੀ ਹੈ ਕਿਉਂਕਿ ਉਮੀਦ ਸੀ ਕਿ ਇਹ 10 ਦਾ ਅੰਕੜਾ ਪਾਰ ਨਹੀਂ ਕਰੇਗਾ। ਕੈਨੇਡੀਅਨ ਲੋਕਾਂ ਨੇ ਪੀ.ਪੀ. ਪਾਰਟੀ ਅਤੇ ਉਸ ਦੇ ਆਗੂ ਮੈਕਸੀਮ ਬਰਨੀਅਰ ਨੂੰ ਖੂੰਜੇ ਲਾਇਆ ਹੈ, ਜਿਹੜਾ ਪਹਿਲਾਂ ਚਾਰ ਵਾਰ ਜਿੱਤੀ ਸੀਟ ਵੀ ਹਾਰ ਗਿਆ। ਉਸ ਦੀ ਟਰੰਪਵਾਦੀ ਨੀਤੀ ਵੀ ਕੈਨੇਡੀਅਨਾਂ ਨੇ ਦਫ਼ਨ ਕਰ ਦਿੱਤੀ ਹੈ।

ਚੋਣ ਪਸਾਰ ਦਾ ਦੁਖਦ ਪਹਿਲੂ, ਇਹ ਹੈ ਕਿ ਕੈਨੇਡਾ ਚਾਰ ਟੁਕੜਿਆਂ ਵਿਚ ਬਿਖਰ ਗਿਆ ਦਿਸਦਾ ਹੈ। ਪੂਰਬ ਦੇ ਅਟਲਾਂਟਿਕ ਸੂਬੇ ਆਮ ਕਰਕੇ ਪਰੇਰੀਜ਼ (ਅਲਬਰਟਾ ਸਕੈਚਵਨ) ਖਾਸ ਕਰਕੇ ਲਿਬਰਲ ਪਾਰਟੀ ਦੇ ਵਿਰੁੱਧ ਭੁਗਤੇ ਹਨ। ਬਨਣ ਜਾ ਰਹੀ ਘੱਟ ਗਿਣਤੀ ਸਰਕਾਰ ਵਾਸਤੇ ਇਹ ਬਹੁਤ ਫਿਕਰਮੰਦੀ ਦਾ ਵਿਸ਼ਾ ਰਹੇਗਾ। ਕਿਉਂਕਿ ਕੈਨੈਡੀਅਨ ਅਰਥਚਾਰਾ ਕੱਚੇਮਾਲ, ਖਣਿਜ ਤੇਲ ਅਤੇ ਜੰਗਲਾਤ ਭੰਡਾਰਾਂ ਦਾ ਅਰਥਚਾਰਾ ਹੈ। ਇਸ ਕਰਕੇ ਖਣਿਜ ਤੇਲ ਦੀ ਨਿਕਾਸੀ, ਢੁਆਈ ਅਤੇ ਮਾਰਕੀਟਿੰਗ ਵੱਡਾ ਸਵਾਲ ਹੈ ਅਤੇ ਇਸ ਖੇਤਰ ਦਾ ਵਾਤਾਵਰਣ ਪਲੀਤੀ ਨਾਲ ਸੁਮੇਲ ਕਰਨਾ ਵੱਡਾ ਸਵਾਲ ਬਣ ਕੇ ਇਨ੍ਹਾਂ ਚੋਣਾਂ ਵਿਚ ਉਭਰਿਆ ਹੈ। "ਨਿਊਯਾਰਕ ਟਾਈਮਜ਼ ਵਿਚ ਨਿਕ ਰੋਬਿਨ ਅਰਲੀ ਲਿਖਦਾ ਹੈ ਕਿ ਭਾਵੇਂ ਲੋਕਾਂ ਨੇ ਪੀਪਲਰਜ਼ ਪਾਰਟੀ ਦੀ ਅੱਤ ਦਰਜੇ ਦੀ ਭੜਕਾਊ ਨੀਤੀ ਨੂੰ ਭਾਂਜ ਦਿੱਤੀ ਹੈ ਪਰ ਅਰਥਚਾਰੇ ਦੀ ਚੁਣੌਤੀ ਬਰਕਰਾਰ ਹੈ। ਦੂਜਾ ਵੱਡਾ ਸਵਾਲ ਜੋ ਇਨ੍ਹਾਂ ਚੋਣਾਂ ਨੇ ਚੁਣੌਤੀ ਵਜੋਂ ਉਭਰਿਆ ਹੈ ਉਹ ਹੈ ਪਰਵਾਸੀ ਵੋਟ ਦਾ ਮਹੱਤਵ। ਦੱਖਣ ਏਸ਼ੀਆਈ, ਖਾਸ ਕਰਕੇ ਪਰਵਾਸੀ ਪੰਜਾਬੀ ਵੋਟ ਬੈਂਕ ਨੇ ਇਹ ਦਰਸਾ ਦਿੱਤਾ ਹੈ ਕਿ ਬਹੁਮਤ ਹਾਸਲ ਕਰਨ ਵਾਸਤੇ ਇਸ ਵੋਟ ਦਾ ਬੜਾ ਵੱਡਾ ਰੋਲ ਹੈ। ਦੋ ਸੂਬੇ ਓਂਟਾਰੀਓ ਅਤੇ ਬੀ.ਸੀ. ਵਿਚ ਲਿਬਰਲਾਂ ਨੂੰ ਹੋਈਆਂ ਜਿੱਤਾਂ ਕਰਕੇ ਉਹ ਕੰਜ਼ਰਵੇਟਿਵਾਂ ਨੂੰ ਸੱਤਾ ਤੋਂ ਦੂਰ ਰੱਖਣ ਵਿਚ ਸਫ਼ਲ ਰਹੀ ਹੈ। ਪਰਵਾਸੀਆਂ ਦੇ ਜਿੱਤੇ 20 ਵਿਚੋਂ 14 ਲਿਬਰਲਾਂ ਦੇ ਹਨ।

ਇਨ੍ਹਾਂ ਚੋਣਾਂ ਵਿਚ ਜੋੜੀ ਵਿਲਸਨ ਰੇਬਾ ਦੀ ਜਿੱਤ ਨੇ ਲਿਬਰਲਾਂ ਦੇ ਦੰਭੀ ਚਿਹਰੇ ਨੂੰ ਬੇਨਕਾਬ ਕਰ ਦਿੱਤਾ ਹੈ। SNC-Laualin ਕਾਂਡ ਕਰਕੇ ਬੇਸ਼ੱਕ ਉਸ ਨੂੰ ਕਾਨੂੰਨ ਮੰਤਰੀ ਦੇ ਅਹੁਦੇ ਤੋਂ ਹਟਾ ਕੇ ਪਾਰਟੀ ਵਿਚੋਂ ਵੀ ਕੱਢ ਦਿੱਤਾ ਗਿਆ ਸੀ, ਪਰ ਇਹ ਅਜ਼ਾਦ ਉਮੀਦਵਾਰ ਵਜੋਂ ਜਿੱਤ ਪ੍ਰਾਪਤ ਕਰਕੇ ਉਸ ਨੇ ਲਿਬਰਲ ਆਗੂਆਂ ਨੂੰ ਸ਼ੀਸ਼ੇ ਵਿਚੋਂ ਉਨ੍ਹਾਂ ਦਾ ਅਸਲੀ ਮਖੌਟਾ ਦਿਖਾ ਦਿੱਤਾ ਹੈ। ਲਿਬਰਲ ਇਸ ਨੂੰ ਕਿਵੇਂ ਹਜ਼ਮ ਕਰਨਗੇ ਇਹ ਸਮਾਂ ਦੱਸੇਗਾ।

ਚੋਣ ਨਤੀਜਿਆਂ ਦੇ ਪਸਾਰ ਵਿਚ ਇਕ ਹੋਰ ਅਹਿਮ ਮੁੱਦਾ, ਅਨੁਪਾਤਕ ਪ੍ਰਤੀਨਿਧਤਾ ਅਥਵਾ ਪ੍ਰੋ-ਪੋਰਸ਼ਨਲ ਰੀਪ੍ਰੀਜੈਨਟੇਸ਼ਨ ਦਾ ਮੁੱਦਾ ਵੀ ਵਿਸ਼ਲੇਸ਼ਕਾਂ ਨੇ ਮੁੜ ਕੇ ਫਿਰ ਉਭਾਰਿਆ ਹੈ। ਜੇ ਚੋਣ ਹੁਣ ਵਾਲੀ ਪ੍ਰਣਾਲੀ-ਪਾਸਟ ਦੀ ਪੋਸਟ ਦੀ ਬਜਾਏ ਅਨੁਪਾਤਕ ਵਿਧੀ ਅਨੁਸਾਰ ਹੁੰਦੀ ਤਾਂ ਟਰੂਡੋ ਦੀ ਪਾਰਟੀ ਦੀ ਬਜਾਏ ਕੰਜ਼ਰਵੇਟਿਵ ਪਾਰਟੀ ਪਹਿਲੇ, ਸਥਾਨ 'ਤੇ ਹੁੰਦੀ ਅਤੇ ਐਨ.ਡੀ.ਪੀ. ਬਲਾਕ ਤੋਂ ਮੂਹਰੇ ਤੀਜੇ ਸਥਾਨ 'ਤੇ ਪਹੁੰਚੇ ਜਾਂਦੀ।

**ਕੈਨੇਡਾ ਵਿਚ ਘੱਟ ਗਿਣਤੀ ਸਰਕਾਰਾਂ ਦਾ ਇਤਿਹਾਸ**

ਕੈਨੇਡਾ ਵਿਚ ਘੱਟ ਗਿਣਤੀ ਸਰਕਾਰਾਂ ਦਾ ਲੰਬਾ ਇਤਿਹਾਸ ਹੈ। ਪਹਿਲੀ ਸੰਸਾਰ ਜੰਗ ਤੋਂ ਬਾਅਦ ਤੋਂ ਲੈ ਕੇ ਅਜੋਕੀ ਪਾਰਲੀਮੈਂਟ ਤੱਕ ਘੱਟੋ-ਘੱਟ 13 ਵਾਰ ਘੱਟ ਗਿਣਤੀ ਸਰਕਾਰਾਂ ਬਣ ਚੁੱਕੀਆਂ ਹਨ। ਇਸ ਕਰਕੇ ਬਣਨ ਵਾਲੀ ਘੱਟ ਗਿਣਤੀ ਸਰਕਾਰ ਕੋਈ ਨਵੀਂ ਗੱਲ ਨਹੀਂ ਹੈ। ਹਾਂ ਇਹ ਜ਼ਰੂਰ ਹੈ ਕਿ ਘੱਟ ਗਿਣਤੀ ਸਰਕਾਰ ਪੂਰੀ ਟਰਮ ਭਾਵ ਚਾਰ ਸਾਲ ਘੱਟ ਹੀ ਚੱਲਦੀ ਹੈ। ਔਤਸ ਸਮਾਂ ਦੋ ਸਾਲ ਹੀ ਬਣਦਾ ਹੈ ਪਰ ਘੱਟ ਗਿਣਤੀ ਸਰਕਾਰਾਂ ਦੇ ਸਮੇਂ ਹੀ ਕੈਨੇਡਾ ਦੇ ਲੋਕਾਂ ਨੇ ਆਪਣੀਆਂ ਮੰਗਾਂ ਦੀ ਪੂਰਤੀ ਕਰਨ ਦੀਆਂ ਜਿੱਤਾਂ ਪ੍ਰਾਪਤ ਕੀਤੀਆ ਹਨ। ਇਤਿਹਾਸ ਵਿਚ ਦੋ ਪ੍ਰਧਾਨ ਮੰਤਰੀਆਂ ਨੂੰ ਇਸ ਪੱਖੋਂ ਯਾਦ ਕੀਤਾ ਜਾਂਦਾ ਹੈ। ਪਹਿਲਾਂ ਹੈ 1960ਵਿਆਂ ਵੇਲੇ ਦਾ ਜ਼ੌਹਨ ਡੇ ਫ਼ਨ ਈਕਰ ਅਤੇ ਦੂਜਾ ਹੈ ਲਿਸਟਰ ਮੀਅਰਸ਼ਨ। ਲਿਬਰਲ ਅਤੇ ਐਨ.ਡੀ.ਪੀ. (ਪਹਿਲਾਂ ਸ਼ੋਸ਼ਲ ਡੈਮੋਕਰੇਟਸ) ਘੱਟ ਗਿਣਤੀ ਸਰਕਾਰਾਂ ਨੇ ਹੀ ਕੈਨੇਡੀਅਨਾਂ ਵਾਸਤੇ 1. ਨੈਸ਼ਨਲ ਹੈਲਥ ਕੇਅਰ, 2. ਕੈਨੇਡਾ ਪੈਨਸ਼ਨ ਪਲਾਨ, 3. ਫਾਸੀ ਦੀ ਸਜ਼ਾ ਨੂੰ ਖਤਮ ਕਰਨਾ ਅਤੇ 4. ਕੈਨੇਡਾ ਦਾ ਨਵਾਂ ਕੌਮੀ ਝੰਡਾ ਤਿਆਰ ਕਰਨ ਵਰਗੇ ਲੋਕ ਹਿਤੂ ਕੰਮ ਕਰੇ ਹਨ। ਉਮੀਦ ਹੈ ਕਿ ਇਹ ਘੱਟ ਗਿਣਤੀ ਸਰਕਾਰ ਵੀ ਅਜੋਕੇ ਭਖਵੇਂ ਲੋਕ ਮੁੱਦਿਆਂ ਦੇ ਹੱਲ ਲੋਕਾਂ ਦੇ ਆਸ਼ਿਆਂ ਅਨੁਸਾਰ ਜ਼ਰੂਰ ਕਰੇਗੀ। ਚਾਰ ਪ੍ਰਮੁੱਖ ਮੁੱਦੇ ਜਿਨ੍ਹਾਂ ਦੇ ਹੱਲ ਲੋਕ ਚਾਹੁੰਦੇ ਹਨ, ਉਹ ਹੇਠ ਲਿਖੇ ਅਨੁਸਾਰ ਹਨ।

1. ਅੰਤਰ ਕੈਨੇਡੀਅਨ ਵਪਾਰ ਵਿਵਸਥਾ ਆਪਣਾ ਵੇਲਾ ਵਿਹਾ ਚੁੱਕੀ ਹੈ। ਇਸ ਵਿਚ ਫੌਰੀ ਅਤੇ ਠੋਸ ਤਬਦੀਲੀਆਂ ਦੀ ਲੋੜ ਹੈ। ਕੈਨੇਡਾ ਦੇ ਇਕ ਸੂਬੇ ਤੋਂ ਦੂਜੇ ਸੂਬੇ ਨਾਲ ਵਪਾਰ ਵਿਚ ਸਦੀਆਂ ਪੁਰਾਣੀਆਂ ਮਹਿਸੂਲ ਚੁੰਗੀਆਂ ਵੇਲੇ ਦੀਆਂ ਰੁਕਾਵਟਾਂ ਹਨ। ਇਕ ਸੂਬੇ ਦੇ ਵਾਧੂ ਉਤਪਾਦਨ ਨੂੰ ਦੂਜੇ ਸੂਬੇ ਵਿਚ ਲਿਜਾ ਕੇ ਵੇਚਣ ਨਾਲੋਂ ਉਸ ਨੂੰ ਬਾਹਰਲੇ ਮੁਲਕ ਵਿਚ ਵੇਚਣ ਸੌਖਾ ਅਤੇ ਸੁਖਾਲਾ ਹੈ। 2. ਇਸੇ ਤਰ੍ਹਾਂ ਅੰਤਰ ਕੈਨੇਡੀਅਨ ਮਨੁੱਖੀ ਕ੍ਰਿਤ ਸ਼ਕਤੀ ਮੂਵਮੈਂਟ ਵਿਚ ਵੀ ਅਨੇਕਾਂ ਰੋਕਾਂ ਹਨ ਜਿਨ੍ਹਾਂ ਨੂੰ ਕੌਮੀ ਪੱਧਰ 'ਤੇ ਹੱਲ ਕਰਨ ਦੀ ਲੋੜ ਹੈ ਤਾਂ ਕਿ ਸਮੁੱਚੇ ਰੂਪ ਵਿਚ ਕੈਨੇਡੀਅਨ ਅਰਥ ਵਿਵਸਥਾ ਉਨਤੀ ਕਰ ਸਕੇ।

3. ਸਮੁੱਚੇ ਕੈਨੇਡਾ ਵਿਚ ਇਨਫਰਾਸਟਰਕਚਰ (ਸੰਸਥਾਗਤ ਢਾਂਚਾ) ਭਾਵ ਬੁਨਿਆਦੀ ਢਾਂਚਾ ਵੀ ਫੌਰੀ ਧਿਆਨ ਦੀ ਮੰਗ ਕਰਦਾ ਹੈ। ਕੈਨੇਡਾ ਨੂੰ ਇਕੋ ਇਕ ਫਰੀ ਵੇਅ ਦਾ ਦੇਸ਼ ਆਖਿਆ ਜਾਂਦਾ ਹੈ। ਯੂਟਿਲਟੀਜ਼ ਭਾਵ ਬਿਜਲੀ, ਪਾਣੀ ਹਾਊਸਿੰਗ ਅਤੇ ਸੰਚਾਰ ਸਾਧਨ ਪਛੜੇ ਅਤੇ ਮਹਿੰਗੇ ਹਨ। ਰੇਲ ਨੈਟਵਰਕ ਜਾਂਮਾਤਰ ਹੈ। ਅੰਤਰ ਸ਼ਹਿਰ ਬੱਸ ਸੇਵਾ ਦੀ ਅਣਹੋਂਦ, ਲੇਬਰ ਮੋਬੀਲਿਟੀ ਵਾਸਤੇ ਵੱਡਾ ਅੜਿੱਕਾ ਹੈ। ਸਿੱਟੇ ਵਜੋਂ ਉਤਪਾਦ ਮਹਿੰਗੇ ਹਨ ਅਤੇ ਜੀਵਨ ਬਸਰ ਵੀ ਮਹਿੰਗਾ ਹੈ। ਇਸੇ ਕਰਕੇ ਅੰਤਰ ਰਾਸ਼ਟਰੀ ਮੰਡੀ ਵਿਚ ਕੈਨੇਡੀਅਨ ਉਤਪਾਦ ਵੇਚਣੇ ਬੜੇ ਔਖੇ ਹਨ। 4. ਫੈਡ ਹਰਾਂਸ਼ਫ਼ਰ ਭਾਵ ਫੈਡਰਲ ਸਰਕਾਰ ਵਲੋਂ ਵੱਖ-ਵੱਖ ਪ੍ਰੋਵੈਨਸਜ਼ ਨੂੰ ਦਿੱਤੀ ਜਾਂਦੀ ਰਾਸ਼ੀ ਵੀ ਬੜਾ ਵੱਡਾ ਮੁੱਦਾ ਹੈ। ਅਲਬਰਟਾ ਅਤੇ ਸਕੈਚਵਨ ਵਿਚ ਲਿਬਰਲਾਂ ਦੀ ਹਾਰ ਦਾ ਵੱਡਾ ਕਾਰਨ ਇਹ ਹੀ ਰਿਹਾ ਹੈ। ਕਾਰਬਨ ਟੈਕਸ ਜੋ ਇਨ੍ਹਾਂ ਦੇ ਉਤਪਾਦਾਂ ਤੇ ਤਜਵੀਜ਼ ਕੀਤਾ ਗਿਆ ਸੀ ਉਹ ਵੀ ਹਾਰ ਦਾ ਇਕ ਹੋਰ ਅਹਿਮ ਕਾਰਨ ਬਣਿਆ।

**ਸੰਭਾਵੀ ਨੀਤੀਆਂ ਦੀ ਪਰਖ-ਪੜਚੋਲ**

ਉਮੀਦ ਕੀਤੀ ਜਾਂਦੀ ਹੈ ਕਿ ਲਿਬਰਲ ਪਾਰਟੀ ਵਲੋਂ ਸਾਂਝੀ ਸਰਕਾਰ ਬਣਾਉਣ ਨਾਲੋਂ ਘੱਟ ਗਿਣਤੀ ਸਰਕਾਰ ਬਣਾਉਣ ਨੂੰ ਤਰਜੀਹ ਦਿੱਤੀ ਜਾਵੇਗੀ। ਵੈਸੇ ਵੀ ਐਨ.ਡੀ.ਪੀ. ਜਾਂ ਬਲਾਕ ਕਿਊਬਰੋ ਸਰਕਾਰ ਵਿਚ ਸ਼ਾਮਲ ਹੋਣਗੇ ਤਾਂ ਉਨ੍ਹਾਂ ਦਾ ਨੁਕਸਾਨ ਹੀ ਹੋਵੇਗਾ ਕਿਉਂਕਿ ਸਾਂਝੀ ਸਰਕਾਰ ਵਿਚ ਜਵਾਬਦੇਹੀ ਵੀ ਤਾਂ ਸਾਂਝੀ ਹੁੰਦੀ ਹੈ। ਆਪਣੀ ਪਾਰਟੀ ਦੇ ਏਜੰਡੇ ਤੋਂ ਲਾਂਭੇ ਜਾ ਕੇ ਵੀ ਸਰਕਾਰ ਦਾ ਸਮਰਥਨ ਕਰਨਾ ਪੈਂਦਾ ਹੈ। ਸੋ ਘੱਟ ਗਿਣਤੀ ਲਿਬਰਲ ਸਰਕਾਰ ਦਾ ਸਮਰਥਨ ਬਾਹਰੋਂ ਐਨ.ਡੀ.ਪੀ. ਵੀ ਕਰ ਸਕਦੀ ਹੈ ਅਤੇ ਬਲਾਕ ਵੀ। ਇਥੋਂ ਤੱਕ ਕਿ ਕੰਜ਼ਰਵੇਟਿਵਾਂ ਦੇ ਕਈ ਆਗੂਆਂ ਨੇ ਵੀ ਆਖਿਆ ਹੈ ਕਿ ਉਹ ਵੀ ਲਿਬਰਲ ਪਾਰਟੀ ਨੂੰ ਮੁੱਦਿਆਂ 'ਤੇ ਆਧਾਰਤ ਸਮਰਥਨ ਕਰ ਸਕਦੇ ਹਨ।

ਮਿਸਾਲ ਵਜੋਂ ਇੰਮੀਗਰੇਸ਼ਨ ਨੀਤੀਆਂ ਬਾਰੇ ਵੱਡੀਆਂ ਪਾਰਟੀਆਂ ਇਕਮਤ ਹਨ। ਸਾਰੇ ਅਜੋਕੀ ਨੀਤੀ ਚਾਲੂ ਰੱਖਣ ਦੇ ਹੱਕ ਵਿਚ ਹਨ। ਸੀ.ਆਈ.ਸੀ. ਦੇ ਇਕ ਬੁਲਾਰੇ, ਕਰੀਮ-ਅਲ-ਅਸਲ ਨੇ ਤਾਂ 22 ਅਕਤੂਬਰ ਨੂੰ ਇਕ ਬਿਆਨ ਵੀ ਦਿੱਤਾ ਹੈ ਕਿ ਚੱਲ ਰਹੀ ਨੀਤੀ ਵਿਚ 10,000 ਹੋਰ ਵਾਧਾ ਕਰਨ ਵਾਸਤੇ ਪੀਪਲਜ਼ ਪਾਰਟੀ ਨੂੰ ਛੱਡ ਕੇ ਸਾਰੇ ਸਹਿਮਤ ਹਨ। ਸਗੋਂ 2023 ਤੱਕ ਕੁੱਲ ਆਮਦ 3,70,000 ਸਲਾਨਾ ਕਰਨ ਵਾਸਤੇ ਸਹਿਮਤੀ ਹੈ। ਹਾਂ ਇਹ ਜ਼ਰੂਰ ਹੈ ਕਿ ਕੰਨਜ਼ਰਵੇਟਿਵ ਇੰਮੀਗਰੇਸ਼ਨ ਵਿਚ ਆਰਥਿਕ ਅਤੇ ਸਕਿੱਲਡ ਵਰਕਰ ਕੋਟਾ ਵਧਾਉਣ ਅਤੇ ਪਰਿਵਾਰਕ ਮਿਲਾਪ ਘਟਾਉਣਾ ਮੰਗਦੀ ਹੈ। ਇਸ ਤੋਂ ਵੀ ਅੱਗੇ ਘੱਟ ਸੰਖਿਆ ਮਿਊਂਸਪਲ ਏਰੀਆ ਨੂੰ ਵੀ ਵੱਖਰੇ ਤੌਰ 'ਤੇ ਪਰਵਾਸੀਆਂ ਨੂੰ ਸੱਦਣ ਦਾ ਅਖਤਿਆਰ ਦੇਣ ਵਾਸਤੇ ਵੀ ਵਿਚਾਰ ਕਰਨ ਲਈ ਸਹਿਮਤੀ ਹੈ।

ਪਹਿਲੀ ਲਿਬਰਲ ਸਰਕਾਰ ਦੀ ਬਦੇਸ਼ੀ ਨੀਤੀ ਦੀ ਦੂਜੀਆਂ ਪਾਰਟੀਆਂ ਵਲੋਂ ਤਿੱਖੀ ਨੁਕਤਾਚੀਨੀ ਹੁੰਦੀ ਰਹੀ ਹੈ। ਖਾਸ ਕਰਕੇ ਕੈਨੇਡਾ ਦੀ ਬਦੇਸ਼ ਨੀਤੀ ਵਿਚ ਅਮਰੀਕਾ ਦਾ ਦਬਾਅ ਅਤੇ ਕੈਨੇਡਾ ਦੇ ਕਈ ਦੇਸ਼ਾਂ ਨਾਲ ਵਿਗੜੇ ਸ਼ਰਾਫ਼ਤੀ ਸਬੰਧਾਂ ਜਿਵੇਂ ਚੀਨ ਸਾਊਦੀ ਅਰਬ ਵੈਂਜ਼ੂਏਲਾ, ਕਿਊਬਾ ਆਦਿ। ਇਸ ਕਰਕੇ ਘੱਟ ਗਿਣਤੀ ਲਿਬਰਲ ਸਰਕਾਰ ਨੂੰ ਇਸ ਵਿਚ ਵੱਡੀ ਅਤੇ ਸਿਫ਼ਤੀ ਤਬਦੀਲੀ ਕਰਨ ਵਾਸਤੇ ਮਜਬੂਰ ਹੋਣਾ ਪਵੇਗਾ।

ਵਾਤਾਵਰਣ ਪਲੀਤੀ ਦਾ ਮੁੱਦਾ ਵੀ ਬੜਾ ਅਹਿਮ ਹੈ। ਇਸ ਖੇਤਰ ਵਿਚ ਵੀ ਖਣਿਜ ਤੇਲ ਵਾਲੇ ਸੂਬਿਆਂ ਤੇ ਵਾਤਾਵਰਣ ਪ੍ਰੇਮੀਆਂ ਦਾ ਦਬਾਅ ਆਉਣ ਵਾਲੀ ਸਰਕਾਰ ਤੇ ਵਧੇਗਾ। ਇਸ ਨੂੰ ਇਕਸੁਰ ਕਰਨ ਦੀ ਵੱਡੀ ਚੁਣੌਤੀ ਸਰਕਾਰ ਸਾਹਮਣੇ ਹੋਵੇਗੀ। ਸ਼ਾਲਾ ਇਹ ਸਰਕਾਰ ਦੋ ਸਾਲ ਤੋਂ ਵੱਧ ਸਮਾਂ ਚੱਲੇ।







# ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ, ਵਿਨੀਪੈਗ 'ਮਨ ਮਿੱਟੀ ਦਾ ਬੋਲਿਆ' ਕਰਵਾਇਆ

ਵਿੰਨੀਪੈਗ (ਬਿਊਰੋ) : ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ, ਵਿਨੀਪੈਗ (ਕੈਨੇਡਾ) ਵੱਲੋਂ 13 ਅਕਤੂਬਰ, 2019 ਨੂੰ ਮੇਪਲ ਕਾਲੀਜੀਏਟ, 1330 ਜੈਫ਼ਰਸਨ ਐਵੇਨਿਊ, ਵਿਨੀਪੈਗ ਵਿਖੇ ਸ੍ਰੀਮਤੀ ਅਨੀਤਾ ਸ਼ਬਦੀਸ਼ ਦਾ ਸੋਲੋ ਨਾਟਕ "ਮਨ ਮਿੱਟੀ ਦਾ ਬੋਲਿਆ" ਕਰਵਾਇਆ ਗਿਆ। ਅਨੀਤਾ ਸ਼ਬਦੀਸ਼ ਇੱਕ ਉੱਘੇ ਰੰਗਕਰਮੀ ਹਨ। ਉਹਨਾਂ ਨੇ ਬਹੁਤ ਸਾਰੀਆਂ ਫ਼ਿਲਮਾਂ ਅਤੇ ਟੀ.ਵੀ. ਸੀਰੀਅਲਾਂ ਵਿੱਚ ਕੰਮ ਕੀਤਾ ਹੈ ਅਤੇ ਅੱਜ-ਕੱਲ੍ਹ ਥੀਏਟਰ ਨੂੰ ਸਮਰਪਿਤ ਹਨ।





ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਸਟੇਜ ਸਕੱਤਰ ਸਭਜੀਤ ਨੇ ਟ੍ਰੀਟੀ ਐਕਟ ਦਾ ਜ਼ਿਕਰ ਕਰਦਿਆਂ ਮੂਲ-ਨਿਵਾਸੀਆਂ ਪ੍ਰਤੀ ਪ੍ਰਤੀਬੱਧਤਾ ਜਤਾਈ ਅਤੇ ਉਹਨਾਂ ਨਾਲ਼ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਗੱਲ ਕੀਤੀ। ਕਰਮਜੀਤ ਬਹੋਨਾ ਨੇ ਗੀਤ ਗਾ ਕੇ ਸ੍ਰੋਤਿਆਂ ਨੂੰ ਮੰਤ੍ਰ-ਮੁਘਧ ਕਰ ਦਿੱਤਾ। ਜਸਵੀਰ ਮੰਗੂਵਾਲ਼ ਨੇ ਔਰਤ-ਜ਼ਾਤ ਦੀ ਤ੍ਰਾਸਦੀ 'ਤੇ ਆਪਣੀ ਕਵਿਤਾ ਪੜ੍ਹਕੇ ਸੁਣਾਈ।

ਇਸ ਨਾਟਕ ਵਿੱਚ ਅਨੀਤਾ ਸ਼ਬਦੀਸ਼ ਨੇ ਇੱਕੋ ਸਮੇਂ ਵੱਖ-ਵੱਖ ਕਿਰਦਾਰ ਨਿਭਾਉਂਦਿਆਂ ਭਾਰਤੀ ਅਤੇ ਪਾਕਿਸਤਾਨੀ ਸਮਾਜ ਵਿੱਚ ਮਰਦ ਦੇ ਹੱਥੋਂ ਔਰਤ ਦੀ ਲੁੱਟ ਅਤੇ ਬੇਪੱਤੀ ਦਾ ਕਰੂਪ ਚਿਹਰਾ ਰੂਪਮਾਨ ਕੀਤਾ। ਸੱਭਿਆਚਰਕ ਪ੍ਰੰਪਰਾਵਾਂ ਅਤੇ ਧਰਮ ਦੀ ਆੜ ਵਿੱਚ ਹੁੰਦੇ ਬਲਾਤਕਾਰਾਂ ਅਤੇ ਮਰਦ ਦੇ ਦਾਬੇ ਪ੍ਰਤੀ ਔਰਤ ਦੀ ਚੁੱਪ ਹੇਠ ਹੁੰਦੇ ਕੁਕਰਮਾਂ ਦੀ ਗੱਲ ਨੂੰ ਛੂਹਿਆ ਗਿਆ। ਦੱਸਿਆ ਗਿਆ ਕਿ ਜਦੋਂ ਔਰਤ ਹੌਂਸਲਾ ਧਾਰ ਲੈਂਦੀ ਹੈ ਅਤੇ ਇਸ ਜ਼ੁਲਮ ਖ਼ਿਲਾਫ ਲੜਣ ਦਾ ਅਹਦ ਕਰ ਲੈਂਦੀ ਹੈ ਤਾਂ ਨਾ ਸਿਰਫ਼ ਉਹ ਆਪਣੀ ਹੋਣੀ ਬਦਲ ਲੈਂਦੀ ਹੈ ਸਗੋਂ ਹੋਰਾਂ ਦੀਆਂ ਜ਼ਿੰਦਗੀਆਂ ਵੀ ਸਵਾਰ ਦਿੰਦੀ ਹੈ। ਨਾਟਕ ਨੇ ਸਮੁੱਚੇ ਤੌਰ 'ਤੇ ਸੁਨੇਹਾ ਦਿੱਤਾ ਕਿ ਔਰਤ ਇਸ ਮਰਦ-ਪ੍ਰਧਾਨ ਸਮਾਜ ਵਿੱਚ ਆਪਣੇ 'ਤੇ ਹੋ ਰਹੇ ਜ਼ੁਲਮ ਤੇ ਤਸ਼ੱਦਦ ਵਿਰੁੱਧ ਅਵਾਜ਼ ਉਠਾਕੇ ਵੱਡੀਆਂ ਤਬਦੀਲੀਆਂ ਲਿਆ ਸਕਦੀ ਹੈ ਅਤੇ ਨਵੀਆਂ ਲੀਹਾਂ ਪਾ ਸਕਦੀ ਹੈ ਜੋ ਔਰਤ ਅਤੇ ਮਰਦ ਦੀ ਬਰਾਬਰੀ ਵਾਲ਼ੇ ਸਮਾਜ ਵੱਲ਼ ਨੂੰ ਵਧਣਗੀਆਂ। ਨਾਟਕ ਦੇ ਅੰਤ 'ਤੇ ਅਨੀਤਾ ਜੀ ਨੇ ਜਾਗਰੂਕ ਮਰਦਾਂ ਨੂੰ ਵੀ ਇਸ ਮਹਾਨ ਕਾਰਜ ਵਿੱਚ ਅੱਗੇ ਆ ਕੇ ਯੋਗਦਾਨ ਪਾਉਣ ਦੀ ਅਪੀਲ ਕੀਤੀ, ਇੱਕ ਮੁਹਿੰਮ ਤੋਰਨ ਲਈ ਵੰਗਾਰਿਆ ਤਾਂ ਜੋ ਔਰਤਾਂ ਨੂੰ ਵੀ ਇਸ ਸਮਾਜ ਵਿੱਚ ਮਰਦਾਂ ਦੇ ਬਰਾਬਰ ਹੱਕ ਪ੍ਰਾਪਤ ਹੋ ਸਕਣ।

ਨਾਟਕ ਦੀ ਪਕੜ ਅਤੇ ਗ੍ਰਿਫ਼ਤ ਐਸੀ ਸੀ ਕਿ ਦੋ ਸੌ ਤੋਂ ਵੱਧ ਦਰਸ਼ਕਾਂ ਦੇ ਭਰੇ ਹਾਲ ਵਿੱਚ ਸੂਈ ਦੇ ਡਿੱਗਣ ਦੀ ਅਵਾਜ਼ ਵੀ ਸੁਣਦੀ ਸੀ। ਰੁਕ-ਰੁਕ ਵੱਜੀਆਂ ਤਾੜੀਆਂ ਤ੍ਰਿਸਕਾਰ, ਨਫ਼ਰਤ, ਪਿਆਰ, ਦਰਦ ਅਤੇ ਆਸ ਦੇ ਭਾਵਾਂ ਨਾਲ਼ ਭਰਪੂਰ ਸਨ।

ਅਧਿਆਪਕ ਜਗਦੀਪ ਸਿੰਘ ਤੂਰ ਨੂੰ ਉਹਨਾਂ ਦੀਆਂ ਨਿਰਸੁਆਰਥ ਅਤੇ ਬਿਨਾਂ ਸ਼ਰਤ ਸੇਵਾਵਾਂ ਲਈ ਸਭਾ ਵੱਲੋਂ ਸਨਮਾਨਿਤ ਕੀਤਾ ਗਿਆ।

ਨਾਟਕ ਤੋਂ ਉਪਰੰਤ ਹਰਿੰਦਰ ਗਿੱਲ ਨੇ ਸਭਾ ਦੁਆਰਾ ਪਾਸ ਕੀਤੇ ਮਤੇ ਪੜ੍ਹੇ। ਜਿੰਨ੍ਹਾਂ ਵਿੱਚ ਪਿਛਲ਼ੇ ਕੁਝ ਸਮੇਂ ਤੋਂ ਰਾਜਨੀਤਿਕ ਹਸਤੀਆਂ, ਗਾਇਕਾਂ ਅਤੇ ਵਿਦਵਾਨਾਂ ਦੁਆਰਾ ਮਾਂ-ਬੋਲੀ ਪੰਜਾਬੀ ਸਮੇਤ ਹੋਰ ਖੇਤਰੀ ਭਾਸ਼ਾਵਾਂ ਬਾਰੇ ਦਿੱਤੇ ਗਏ ਘ੍ਰਿਣਾ-ਭਰਪੂਰ ਬਿਆਨਾਂ ਅਤੇ ਹਿੰਦੀ ਨੂੰ ਰਾਸ਼ਟਰ ਭਾਸ਼ਾ ਵਜੋਂ ਥੋਪਣ ਬਾਰੇ ਦਿੱਤੇ ਵਿਚਾਰਾਂ ਦੀ ਨਿਖੇਧੀ ਕੀਤੀ ਗਈ। ਜਦੋਂਕਿ ਹਿੰਦੀ ਅਤੇ ਅੰਗਰੇਜ਼ੀ ਪਹਿਲਾਂ ਹੀ ਲਿੰਕ ਭਾਸ਼ਾਵਾਂ ਵਜੋਂ ਵਰਤੀਆਂ ਜਾ ਰਹੀਆਂ ਹਨ ਅਤੇ ਖੇਤਰੀ ਭਾਸ਼ਾਵਾਂ ਦੀ ਵੱਖਰੀ ਹੈਸੀਅਤ, ਰੁਤਬਾ ਅਤੇ ਮਾਣ-ਸਤਿਕਾਰ ਕਾਇਮ ਹੈ ਫਿਰ ਹਿੰਦੀ ਨੂੰ ਰਾਸ਼ਟਰ ਭਾਸ਼ਾ ਵਜੋਂ ਮੜ੍ਹਣ ਦੀ ਕੀ ਲੋੜ ਹੈ ? ਕੇਂਦਰ ਵਿੱਚ ਸੱਤਾਧਾਰੀ ਪਾਰਟੀ ਬੀਜੇਪੀ ਦੀ ਸਰਕਾਰ ਦੁਆਰਾ ਕਸ਼ਮੀਰ ਦੀ ਵਿਧਾਨ ਸਭਾ ਅਤੇ ਕਸ਼ਮੀਰੀ ਲੋਕਾਂ ਦੀ ਸਹਿਮਤੀ ਤੋਂ ਬਿਨਾਂ ਕਸ਼ਮੀਰ ਵਿੱਚ ਧਾਰਾ-370 ਅਤੇ 35-1 ਰੱਦ ਕੀਤੇ ਜਾਣ ਦੇ ਫ਼ੈਸਲੇ ਨੂੰ ਗ਼ੈਰ-ਲੋਕਤੰਤਰੀ ਅਤੇ ਜ਼ਾਬਰਾਨਾ ਕਰਾਰ ਦਿੱਤਾ ਗਿਆ; ਇਹ ਕਦਮ ਕਸ਼ਮੀਰੀ ਲੋਕਾਂ ਦੇ ਅਧਿਕਾਰਾਂ 'ਤੇ ਡਾਕਾ ਹੈ ਅਤੇ ਸਰਕਾਰ ਦੁਆਰਾ ਹਿੰਦੂਤਵੀ ਅਜੰਡੇ ਤਹਿਤ ਆਪਣੀ ਹਿੰਡ ਪੁਗਾਉਣ ਦੀ ਇੱਕ ਗੰਭੀਰ ਉਦਾਹਰਨ ਹੈ। ਸਭਾ ਨੇ ਸਰਕਾਰ ਨੂੰ ਇਸ ਫ਼ੈਸਲੇ ਨੂੰ ਵਾਪਸ ਲੈਣ ਦੀ ਪੁਰਜ਼ੋਰ ਅਪੀਲ ਕੀਤੀ। ਸਭਾ ਨੇ ਭਾਰਤੀ ਸੁਪਰੀਮ ਕੋਰਟ ਵੱਲੋਂ ਲੋਕ ਆਗੂ ਮਨਜੀਤ ਧਨੇਰ ਨੂੰ ਉਮਰ ਕੈਦ ਦੀ ਸਜ਼ਾ ਦੀ ਬਹਾਲੀ ਦੀ ਨਿਖੇਧੀ ਕੀਤੀ ਤੇ ਮੰਗ ਕੀਤੀ ਹੈ ਕਿ ਉਸ ਦੀ ਨਹੱਕੀ ਸਜ਼ਾ ਮੁਆਫ਼ ਕੀਤੀ ਜਾਵੇ।





ਸਭਜੀਤ ਨੇ ਸਟੇਜ ਸਾਂਭਣ ਤੋਂ ਇਲਾਵਾ ਬੈਕ ਸਟੇਜ 'ਤੇ ਮਿਊਜ਼ਿਕ ਅਤੇ ਸਾਊਂਡ ਸਿਸਟਮ ਸੰਭਾਲਣ ਵਿੱਚ ਵੀ ਅਹਿਮ ਭੂਮਿਕਾ ਨਿਭਾਈ। ਨਵਸ਼ਰਨ ਅਤੇ ਸ਼ੁਭਰੀਤ ਨੇ ਵਲੰਟੀਅਰ ਵਜੋਂ ਸੇਵਾ ਨਿਭਾਈ। ਸਭਾ ਦੇ ਸਕੱਤਰ ਮੰਗਤ ਸਹੋਤਾ ਨੇ ਸਭਾ ਵੱਲੋਂ ਪੰਜਾਬੀ ਅਖ਼ਬਾਰ ਪੰਜਾਬ ਟੂਡੇ , ਨਵ-ਸਵੇਰ, ਪੱਤ੍ਰਿਕਾ ਸਰੋਕਾਰਾਂ ਦੀ ਅਵਾਜ਼, ਰੇਡੀਓ ਅਵਾਜ਼, ਰੇਡੀਓ ਆਪਣਾ, ਵਿਜ਼ਿਨ ਟੀ ਵੀ, ਰੇਡੀਓ ਧਮਾਲ ਅਤੇ ਪੰਜਾਬੀ ਸਟੋਰਾਂ ਅਤੇ ਆਏ ਹੋਏ ਲੋਕਾਂ ਦਾ ਧੰਨਵਾਦ ਕੀਤਾ ਕਿਉਂਕਿ ਇਹਨਾਂ ਸਭਨਾਂ ਦੇ ਸਹਿਯੋਗ ਨਾਲ਼ ਹੀ ਇਹ ਪ੍ਰੋਗਰਾਮ ਸਫ਼ਲ ਹੋ ਨਿੱਬੜਿਆ। ਪੰਜਾਬੀ ਟ੍ਰਿਬਿਊਨ ਦੇ ਪੱਤਰਕਾਰ ਸੁਰਿੰਦਰ ਮਾਵੀ ਨੇ ਸਮੁੱਚੇ ਪ੍ਰੋਗਰਾਮ ਦੌਰਾਨ ਹਾਜ਼ਰੀ ਲਵਾਈ ਅਤੇ ਫ਼ੋਟੋਗਰਾਫੀ ਕੀਤੀ। ਵਿਜ਼ਨ ਟੀ.ਵੀ. ਨੇ ਇਸ ਪ੍ਰੋਗਰਾਮ ਨੂੰ ਕਵਰ ਕੀਤਾ। ਸਭਾ ਵੱਲੋਂ ਲਗਾਈ ਗਈ ਸਾਰਥਕ ਅਤੇ ਉਸਾਰੂ ਸਾਹਿਤ ਦੀ ਸਟਾਲ ਤੋਂ ਕਿਤਾਬਾਂ ਖ਼੍ਰੀਦਕੇ ਦਰਸ਼ਕਾਂ ਨੇ ਭਰਪੂਰ ਲਾਹਾ ਲਿਆ।












# ਲੋਕ ਆਗੂ ਮਨਜੀਤ ਧਨੇਰ ਦੀ ਨਿਹੱਕੀ ਉਮਰ ਕੈਦ ਸਜ਼ਾ ਰੱਦ ਕਰਾਉਣ ਲਈ ਬਰਨਾਲਾ ਜੇਲ੍ਹ ਅੱਗੇ ਪੱਕੇ ਮੋਰਚੇ ਦੇ ਤੇਈਵੇਂ ਦਿਨ ਅੱਜ ਮੋਰਚੇ ਵਿੱਚ ਆਇਆ ਨੌਜਵਾਨਾਂ ਦਾ ਹੜ੍ਹ





ਲੋਕ ਆਗੂ ਮਨਜੀਤ ਧਨੇਰ ਦੀ ਨਿਹੱਕੀ ਉਮਰਕੈਦ ਸਜ਼ਾ ਰੱਦ ਕਰਾਉਣ ਲਈ, ਬਰਨਾਲਾ ਜੇਲ੍ਹ ਅੱਗੇ ਲੱਗੇ ਪੱਕੇ ਮੋਰਚੇ ਦੇ ਤੇਈਵੇਂ ਦਿਨ ਅੱਜ ਹਜ਼ਾਰਾਂ ਨੌਜਵਾਨ ਮੁੰਡੇ-ਕੁੜੀਆਂ ਪੂਰੇ ਜੋਸ਼ੋ-ਖ਼ਰੋਸ਼ ਨਾਲ ਸ਼ਾਮਲ ਹੋਏ। ਨੌਜਵਾਨ ਅਤੇ ਵਿਦਿਆਰਥੀ ਜਥੇਬੰਦੀਆਂ ਤੋਂ ਇਲਾਵਾ ਕਿਸਾਨ, ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਦੁਆਰਾ ਦਿਨ-ਰਾਤ ਲਾਮਬੰਦੀ ਦੇ ਜ਼ੋਰ ਇਕੱਠੇ ਹੋਏ ਨੌਜਵਾਨ ਮੁੰਡੇ ਕੁੜੀਆਂ ਅਤੇ ਇਨਸਾਫ਼ ਪਸੰਦ ਲੋਕਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਆਗੂਆਂ ਅਸ਼ਵਨੀ ਘੁੱਦਾ ਨੌਜਵਾਨ ਭਾਰਤ ਸਭਾ, ਹਰਸ਼ਾ ਸਿੰਘ ਇਨਕਲਾਬੀ ਨੌਜਵਾਨ ਵਿਦਿਆਰਥੀ ਮੰਚ, ਹੁਸ਼ਿਆਰ ਸਿੰਘ ਸਲੇਮਗੜ੍ਹ ਪੀਐੱਸਯੂ ਰੰਧਾਵਾ, ਰਣਬੀਰ ਰੰਧਾਵਾ ਪੀਐੱਸਯੂ, ਗੁਰਪ੍ਰੀਤ ਸਿੰਘ ਨੌਜਵਾਨ ਸਭਾ ਲਲਕਾਰ, ਨੈਣ ਜੋਤੀ ਕਰਾਂਤੀਕਾਰੀ ਨੌਜਵਾਨ, ਜਸਵਿੰਦਰ ਪੀਐੱਸਯੂ ਲਲਕਾਰ, ਰੁਪਿੰਦਰ ਚੌਂਦਾ ਨੌਜਵਾਨ ਭਾਰਤ ਸਭਾ ਅਤੇ ਸੁਖਵਿੰਦਰ ਸਿੰਘ ਸੁੱਖੀ ਇਨਕਲਾਬੀ ਨੌਜਵਾਨ ਵਿਦਿਆਰਥੀ ਮੰਚ, ਗੁਰਦੀਪ ਸਿੰਘ ਰਾਮਪੁਰਾ ਅਤੇ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਨੌਜਵਾਨ ਆਪਣਾ ਇਤਿਹਾਸਕ ਰੋਲ ਪਛਾਣਦੇ ਹਨ, ਉਹ ਦੁੱਲੇ ਭੱਟੀ, ਗ਼ਦਰੀ ਬਾਬਿਆਂ, ਭਗਤ-ਸਰਾਭਿਆਂ ਅਤੇ ਬਾਬਾ ਬੰਦਾ ਸਿੰਘ ਬਹਾਦਰ ਸਮੇਤ ਚਾਰੇ ਸਾਹਿਬਜਾਦਿਆਂ ਦੇ ਸੱਚੇ ਵਾਰਸ ਹਨ, ਜਿਹੜੇ ਮੌਜੂਦਾ ਪੱਕੇ ਮੋਰਚੇ ਨੂੰ ਨਵੀਂਆਂ ਬੁਲੰਦੀਆਂ ਉੱਤੇ ਪਹੁੰਚਾ ਰਹੇ ਹਨ। ਇਹੀ ਨੌਜਵਾਨ ਸਮਾਜਕ ਬੇਇਨਸਾਫ਼ੀ, ਆਰਥਕ ਨਾ-ਬਰਾਬਰੀ, ਕਰਜ਼ਿਆਂ/ਖ਼ੁਦਕੁਸ਼ੀਆਂ, ਬੇਰੁਜ਼ਗਾਰੀ, ਲੋਕ ਵਿਰੋਧੀ/ਔਰਤ ਵਿਰੋਧੀ ਸਭਿਆਚਾਰ ਅਤੇ ਨਸ਼ਿਆਂ ਦੇ ਕੋਹੜ ਵਿਰੁੱਧ ਸੰਘਰਸ਼ਸ਼ੀਲ ਜਥੇਬੰਦੀਆਂ ਦੀਆਂ ਮੂਹਰਲੀਆਂ ਕਤਾਰਾਂ ਵਿੱਚ ਵੀ ਆ ਰਹੇ ਹਨ। ਚੇਤੇ ਰਹੇ ਅੱਜ ਤੋਂ 22 ਸਾਲ ਪਹਿਲਾਂ ਮਹਿਲਕਲਾਂ ਦੀ ਵਿਦਿਆਰਥਣ ਕਿਰਨਜੀਤ ਕੌਰ ਨਾਲ ਸਿਆਸੀ ਸ਼ਹਿ ਪ੍ਰਾਪਤ ਗੁੰਡਿਆਂ ਵੱਲੋਂ ਕੀਤੇ ਜਬਰ ਅਤੇ ਕਤਲ ਦੇ ਵਿਰੁੱਧ ਚੱਲੇ ਜ਼ੋਰਦਾਰ ਸੰਘਰਸ਼ ਦੀ ਅਗਵਾਈ ਕਰਨ ਵਾਲੇ ਲੋਕ ਆਗੂਆਂ ਦੀ ਮੂਹਰਲੀ ਕਤਾਰ 'ਚੋਂ ਇੱਕ ਮਨਜੀਤ ਧਨੇਰ ਨੂੰ ਗੁੰਡਾ-ਪੁਲਿਸ-ਸਿਆਸੀ-ਅਦਾਲਤੀ ਗੱਠਜੋੜ ਵੱਲੋਂ ਇੱਕ ਝੂਠੇ ਕਤਲ ਕੇਸ ਵਿੱਚ ਨਿਰੋਲ ਝੂਠੀਆਂ ਗਵਾਹੀਆਂ ਦੇ ਆਧਾਰ 'ਤੇ ਉਮਰਕੈਦ ਦੀ ਸਜ਼ਾ ਕਰਵਾਈ ਗਈ ਸੀ। ਜਿਸ ਵਿੱਚ ਹੁਣ ਉਸ ਨੂੰ ਬਰਨਾਲਾ ਜੇਲ੍ਹ ਦੀਆਂ ਸੀਖਾਂ ਪਿੱਛੇ ਡੱਕਿਆ ਹੋਇਆ ਹੈ। ਅੱਜ ਇਹ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਸਰਕਾਰਾਂ ਲੋਕਾਂ ਨੂੰ ਨਿਆਂ ਦੇਣ ਲਈ ਆਪਣੀਆਂ ਸੰਵਿਧਾਨਕ ਸ਼ਕਤੀਆਂ ਦੀ ਵਰਤੋਂ ਲੋਕਾਂ, ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ ਵਿੱਚ ਮਾਰਨ ਵਾਲੇ ਦੋਸ਼ੀ ਪੁਲਿਸ ਅਧਿਕਾਰੀਆਂ ਦੀਆਂ ਸਜ਼ਾਵਾਂ ਮੁਆਫ਼ ਕਰਕੇ, ਵਰਦੀਧਾਰੀ ਫੋਰਸਾਂ ਨੂੰ ਲੋਕਾਂ ਉੱਪਰ ਹਮਲੇ ਕਰਨ ਲਈ ਥਾਪੜਾ ਦੇ ਰਹੀਆਂ ਹਨ ਜਦਕਿ ਦੂਜੇ ਪਾਸੇ ਧੀਆਂ-ਭੈਣਾਂ ਦੀਆਂ ਇੱਜ਼ਤਾਂ ਬਰਕਰਾਰ ਰੱਖਣ ਲਈ ਲੜਨ ਵਾਲੇ ਮਨਜੀਤ ਧਨੇਰ ਦੀ ਅਨਿਆਈਂ ਸਜ਼ਾ ਰੱਦ ਨਾ ਕਰਕੇ ਲੋਕਾਂ ਦੇ ਸੰਘਰਸ਼ਾਂ ਨੂੰ ਲਮਕਾਉਣ, ਥਕਾਉਣ ਦੀਆਂ ਲੋਕ ਵਿਰੋਧੀ ਨੀਤੀਆਂ ਉੱਪਰ ਚੱਲ ਰਹੀਆਂ ਹਨ। ਪੱਕੇ ਮੋਰਚੇ ਵਿੱਚ ਵਾਰੀ ਸਿਰ ਔਰਤਾਂ, ਕਿਸਾਨਾਂ, ਮਜ਼ਦੂਰਾਂ, ਬੁੱਧੀਜੀਵੀਆਂ, ਕਲਾਕਾਰਾਂ, ਲੇਖਕਾਂ, ਨੌਜਵਾਨਾਂ, ਮੁਲਾਜ਼ਮਾਂ ਦੇ ਠਾਠਾਂ ਮਾਰਦੇ ਇਕੱਠ, ਲੋਕ ਆਗੂ ਮਨਜੀਤ ਧਨੇਰ ਦੀ ਸਜ਼ਾ ਰੱਦ ਕਰਵਾਉਣ ਲਈ ਬਣੀ ਸੰਘਰਸ਼ ਕਮੇਟੀ ਦੀ ਅਗਵਾਈ ਵਿੱਚ ਇਸ ਪੱਕੇ ਮੋਰਚੇ ਦੀ ਤਾਕਤ ਨੂੰ ਜਰਬਾਂ ਦੇ ਰਹੇ ਹਨ। ਪਿੰਡਾਂ, ਸ਼ਹਿਰਾਂ ਵਿੱਚ ਸੰਘਰਸ਼ ਅਖਾੜੇ ਦਿਨੋਂ-ਦਿਨ ਭਖ ਰਹੇ ਹਨ। ਪੰਡਾਲ ਵਿੱਚ ਹਾਜ਼ਰ ਹਜ਼ਾਰਾਂ ਨੌਜਵਾਨਾਂ ਦੇ ਇਕੱਠ ਵੱਲੋਂ ਮਨਜੀਤ ਧਨੇਰ ਦੀ ਨਿਹੱਕੀ ਸਜ਼ਾ ਰੱਦ ਕਰਵਾਉਣ ਤੱਕ ਲਗਾਤਾਰ ਵਧ ਚੜ੍ਹ ਕੇ ਪੱਕੇ ਮੋਰਚੇ ਵਿੱਚ ਸ਼ਾਮਲ ਹੋਣ ਦਾ ਅਹਿਦ ਕੀਤਾ ਗਿਆ। ਇਸ ਮੌਕੇ ਸੁਖਦੇਵ ਸਿੰਘ ਕੋਕਰੀਕਲਾਂ, ਕੁਲਵੰਤ ਸਿੰਘ ਕਿਸ਼ਨਗੜ੍ਹ, ਲਛਮਣ ਸਿੰਘ ਸੇਵੇਵਾਲਾ, ਗੁਰਨਾਮ ਸਿੰਘ ਭੀਖੀ, ਅਮਨਦੀਪ ਦੱਦਾਹੂਰ ਐੱਸਐੱਸਏ ਰਮਸਾ, ਜਗਰੂਪ ਸਿੰਘ ਥਰਮਲ ਲਹਿਰਾ, ਸੰਦੀਪ ਸਿੰਘ ਈਟੀਟੀ ਟੈੱਟ ਪਾਸ ਬੇਰੁਜ਼ਗਾਰ ਯੂਨੀਅਨ ਆਦਿ ਆਗੂ ਹਾਜ਼ਰ ਸਿੰਘ

# ਨੌਜਵਾਨ- ਵਿਦਿਆਰਥੀਆਂ ਦੇ ਨਾਂ ਸੰਘਰਸ਼ ਕਮੇਟੀ, ਪੰਜਾਬ ਦੀ ਜ਼ਰੂਰੀ ਅਪੀਲ





ਪਿਆਰੇ ਨੌਜਵਾਨ- ਵਿਦਿਆਰਥੀ ਸਾਥੀਓ!

ਤੁਸੀਂ ਸਾਰੇ ਭਲੀ ਭਾਂਤ ਇਸ ਗੱਲ ਤੋਂ ਜਾਣੂ ਹੋ ਕਿ ਮਾਤਾ ਸਾਹਿਬ ਕੌਰ ਗਰਲਜ ਕਾਲਜ ਮਹਿਲਕਲਾਂ ਦੀ +2 ਦੀ ਵਿਦਿਆਰਥਣ ਕਿਰਨਜੀਤ ਕੌਰ ਨੂੰ 29 ਜੁਲਾਈ 1997 ਨੂੰ ਕਾਲਜ ਤੋਂ ਵਾਪਸ ਘਰ ਪਰਤਦਿਆਂ ਰਸਤੇ ਵਿੱਚੋਂ ਅਗਵਾ ਕਰਕੇ ਸੱਤ ਗੁੰਡਿਆਂ ਨੇ ਸਮੂਹਿਕ ਜਬਰ ਜਿਨਾਹ ਦਾ ਸ਼ਿਕਾਰ ਬਨਾਉਣ ਤੋਂ ਬਾਅਦ ਕਤਲ ਕਰਕੇ ਆਪਣੇ ਹੀ ਖੇਤਾਂ ਵਿੱਚ ਦੱਬ ਦਿੱਤਾ ਸੀ। ਐਕਸ਼ਨ ਕਮੇਟੀ ਮਹਿਲਕਲਾਂ ਦੀ ਅਗਵਾਈ 'ਚ ਚੱਲੇ ਸਿਰੜੀ ਲੋਕ ਸੰਘਰਸ਼ ਤੋਂ ਬਾਅਦ ਹੀ ਅਸਲ ਦੋਸ਼ੀਆਂ ਨੂੰ ਉਮਰ ਕੈਦ ਜਿਹੀਆਂ ਸਜਾਵਾਂ, ਦੋਸ਼ੀਆਂ ਦੀ ਮਦਦ ਕਰਨ ਵਾਲੇ ਪੁਲਿਸ ਅਧਿਕਾਰੀਆਂ ਦੀ ਨੌਕਰੀਆਂ ਤੋਂ ਬਰਖਾਸਤੀ, ਗੁੰਡਿਆਂ ਦੇ ਮੱਦਦਗਾਰ ਸਿਆਸਤਦਾਨਾਂ ਦਾ ਲੋਕ ਸੱਥਾਂ ਵਿੱਚ ਪਰਦਾਚਾਕ ਕੀਤਾ ਸੀ। 3 ਮਾਰਚ 2001 ਨੂੰ ਬਰਨਾਲਾ ਕਚੈਹਰੀ ਵਿੱਚ ਹੋਏ ਝਗੜੇ ਵਿੱਚ ਕਾਤਲੀ ਗੁੰਡਾ ਟੋਲੇ ਦਾ ਸਰਗਣਾ 82 ਸਾਲਾ ਦਲੀਪਾ ਮਰ ਗਿਆ ਸੀ। ਇਸ ਝਗੜੇ ਦਾ ਐਕਸ਼ਨ ਕਮੇਟੀ ਦਾ ਕੋਈ ਲਾਗਾ ਦੇਗਾ ਨਹੀਂ ਸੀ। ਪਰ ਸਰਕਾਰ ਅਤੇ ਪ੍ਰਸ਼ਾਸ਼ਨ ਦੀ ਅੱਖ 'ਚ ਰੋੜ ਵਾਂਗ ਰੜਕਦੇ ਐਕਸ਼ਨ ਕਮੇਟੀ ਦੀ ਅਗਵਾਈ ਕਰਨ ਵਾਲੇ ਤਿੰਨ ਲੋਕ ਆਗੂਆਂ ਨਰਾਇਣ ਦੱਤ, ਮਨਜੀਤ ਧਨੇਰ ਅਤੇ ਪ੍ਰੇਮ ਕੁਮਾਰ ਨੂੰ ਪੁਲਿਸ ਨੇ ਪੂਰੀ ਸਾਜਿਸ਼ ਤਹਿਤ ਸ਼ਾਮਿਲ ਕਰ ਦਿੱਤਾ ਸੀ। ਸ਼ੈਸ਼ਨ ਕੋਰਟ ਵੱਲੋਂ ਸੱਚ ਨੂੰ ਦਰਕਿਨਾਰ ਕਰਦਿਆਂ ਤਿੰਨਾਂ ਲੋਕ ਆਗੂਆਂ ਨੂੰ 30 ਮਾਰਚ 2005 ਨੂੰ ਉਮਰ ਕੈਦ ਸਜਾ ਸੁਣਾ ਕੇ ਗੁੰਡਾ-ਪੁਲਿਸ-ਸਿਆਸੀ+ ਅਦਾਲਤੀ ਗੱਠਜੋੜ ਨੇ ਲੋਕ ਸੰਘਰਸ਼ ਨੂੰ ਆਗੂ ਰਹਿਤ ਕਰਨ ਦਾ ਭਰਮ ਪਾਲਿਆ ਸੀ। ਪਰ ਲੋਕ ਡਰੇ ਨਹੀਂ, ਦਹਿਸ਼ਤਜਦਾ ਨਹੀਂ ਹੋਏ,ਸਗੋਂ ਤਿੰਨ ਲੋਕ ਆਗੂਆਂ ਦੀ ਰਿਹਾਈ ਸਬੰਧੀ ਸੰਘਰਸ਼ ਕਮੇਟੀ ਦੀ ਅਗਵਾਈ ਵਿੱਚ ਲੜ਼ੇ ਗਏ ਲੋਕ ਸੰਘਰਸ਼ ਦੀ ਬਦੌਲਤ ਗਵਰਨਰ ਪੰਜਾਬ ਨੂੰ 24-07-2007 ਨੇ ਤਿੰਨਾਂ ਆਗੂਆਂ ਦੀ ਸਜ਼ਾ ਪਾਰਡਨ ਕਰਨ ਲਈ ਮਜਬੂਰ ਹੋਣਾ ਪਿਆ ਸੀ। ਕਾਤਲੀ ਗ੍ਰੋਹ ਵੱਲੋਂ ਗਵਰਨਰ ਦਾ ਹੁਕਮ ਹਾਈਕੋਰਟ ਵਿੱਚ ਚੈਲੰਜ ਕਰਨ ਤੋਂ ਬਾਅਦ ਗਵਰਨਰ ਦਾ ਪਾਰਡਨ ਕਰਨ ਦਾ ਹੁਕਮ ਖਾਰਜ ਕਰ ਦਿੱਤਾ ਸੀ। ਪਰ ਦੋ ਆਗੂਆਂ ਪ੍ਰੇਮ ਕੁਮਾਰ ਅਤੇ ਨਰਾਇਣ ਦੱਤ ਨੂੰ ਅਪੀਲ ਵਿੱਚ ਬਰੀ ਕਰਦਿਆਂ ਮਨਜੀਤ ਧਨੇਰ ਦੀ ਸਜ਼ਾ ਬਰਕਰਾਰ ਰੱਖ ਦਿੱਤੀ ਸੀ। ਹੁਣ 3 ਸਤੰਬਰ 2019 ਨੂੰ ਸੁਪਰੀਮ ਕੋਰਟ ਨੇ ਮਨਜੀਤ ਧਨੇਰ ਦੀ ਅਪੀਲ ਖਾਰਜ ਕਰਕੇ ਉਮਰ ਕੈਦ ਸਜਾ ਬਰਕਰਾਰ ਰੱਖ ਕੇ ਆਪਣਾ ਲੋਕ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਇਹ ਵੀ ਸਾਬਤ ਹੋ ਗਿਆ ਹੈ ਕਿ ਅਦਾਲਤਾਂ ਫੈਸਲੇ ਕਰਦੀਆਂ ਹਨ-ਇਨਸਾਫ ਨਹੀਂ ਕਰਦੀਆਂ। ਨੌਜਵਾਨ-ਵਿਦਿਆਰਥੀ ਸਾਥੀਓ ਇਹ ਸਜ਼ਾ ਸਿਰਫ ਮਨਜੀਤ ਧਨੇਰ ਨੂੰ ਹੀ ਨਹੀਂ, ਹੱਕ ਸੱਚ ਇਨਸਾਫ ਲਈ ਜੂਝਣ ਵਾਲੇ ਕਾਫਲਿਆਂ ਨੂੰ ਸਜਾ ਹੈ। ਗੁੰਡਾ-ਪੁਲਿਸ-ਸਿਆਸੀ+ਅਦਾਲਤੀ ਗੱਠ ਨੇ ਲੋਕਾਈ ਨੂੰ ਆਗੂ ਰਹਿਤ ਕਰਨ ਦਾ ਭਰਮ ਪਾਲਦਿਆਂ ਇਹ ਕਦਮ ਚੁੱਕਿਆ ਹੈ। ਪਰ ਤੁਸਾਂ 'ਹਰ ਮਿੱਟੀ ਕੁੱਟਿਆਂ ਨੀਂ ਭੁਰਦੀ' ਦੇ ਇਤਿਹਾਸਕ ਸਤਰਾਂ ਤੁਸੀਂ ਨੂੰ ਸੱਚ ਕਰ ਵਿਖਾਇਆ ਹੈ। ਸਜਾ ਹੋਣ ਤੋਂ ਫੌਰੀ ਬਾਅਦ ਅਨੇਕਾਂ ਪਿੰਡਾਂ 'ਚ ਗੁੰਡਾ- ਪੁਲਿਸ-ਸਿਆਸੀ+ਅਦਾਲਤੀ ਗੱਠਜੋੜ ਦੀਆਂ ਅਰਥੀਆਂ ਸਾੜ੍ਹ ਕੇ ਆਪਣੇ ਗੁੱਸੇ ਦਾ ਪ੍ਰਗਟਾਵਾ ਕੀਤਾ ਹੈ। 20 ਸਤੰਬਰ ਤੋਂ 26 ਸਤੰਬਰ ਤੱਕ ਮਹਿਮਦਪੁਰ (ਪਟਿਆਲਾ) ਦੀ ਦਾਣਾ ਮੰਡੀ ਲਗਾਤਾਰ ਸੱਤ ਦਿਨ ਜੋਸ਼ੀਲੇ ਰੋਹ ਦਾ ਪ੍ਰਗਟਾਵਾ ਕੀਤਾ ਸੀ। ਹੁਣ 30 ਸਤੰਬਰ ਨੂੰ ਦਹਿ ਹਜਾਰਾਂ ਲੋਕਾਂ ਦੀ ਹਾਜਰੀ 'ਚ ਆਪਣੇ ਹਰਮਨ ਪਿਆਰੇ ਨੂੰ ਜੇਲ੍ਹ ਛੱਡਕੇ ਉਸੇ ਦਿਨ ਤੋਂ ਜੇਲ੍ਹ ਅੱਗੇ ਸੰਘਰਸ਼ਸ਼ੀਲ ਕਾਫਲਿਆਂ ਨੇ ਆਪਣੇ ਆਗੂ ਦੀ ਰਿਹਾਈ ਲਈ ਪੱਕਾ ਮੋਰਚਾ ਮੱਲਿਆ ਹੋਇਆ ਹੈ। ਨੌਜਵਾਨ- ਵਿਦਿਆਰਥੀ ਵੀਰੋ, ਤੁਸੀਂ ਸੰਗਰਾਮੀ ਇਤਿਹਾਸਕ ਵਿਰਸੇ ਦੇ ਮਾਲਕ ਹੋ। ਨੌਜਵਾਨਾਂ ਦਾ ਕੁਰਬਾਨੀਆਂ ਭਰਿਆ ਜੂਝ ਮਰਨ ਦਾ ਇਤਿਹਾਸ ਸਮਾਜ ਲਈ ਰਾਹ ਦਰਸਾਵਾ ਹੈ। ਲੋਕ ਆਗੂ ਮਨਜੀਤ ਧਨੇਰ ਦੀ ਸਜਾ ਰੱਦ ਕਰਾਉਣ ਲਈ ਸ਼ੰਘਰਸ਼ ਕਮੇਟੀ, ਪੰਜਾਬ ਦੀ ਅਗਵਾਈ 'ਚ ਚੱਲ ਰਹੇ ਸੰਘਰਸ਼ ਵਿੱਚ ਵੀ ਨੌਜਵਾਨ-ਵਿਦਿਆਰਥੀਆਂ ਦੀ ਵੱਡੀ ਭੂਮਿਕਾ ਹੈ। ਇਹੀ ਇਤਿਹਾਸਕ ਵਿਰਸਾ ਇੱਕ ਵਾਰ ਫੇਰ ਸਾਨੂੰ ਵੰਗਾਰ ਰਿਹਾ ਹੈ। ਇਸ ਲਈ 22 ਅਕਤੂਬਰ ਨੂੰ ਬਰਨਾਲਾ ਜੇਲ੍ਹ ਅੱਗੇ ਚੱਲ ਰਹੇ ਪੱਕੇ ਮੋਰਚੇ ਵਿੱਚ ਕਾਫਲੇ ਬੰਨ੍ਹਕੇ ਸ਼ਾਮਲ ਹੋਣਾ ਹੈ। ਇਸ ਲਈ ਆਉ। ਸਕੂਲਾਂ/ਕਾਲਜਾਂ/ਯੂਨੀਵਰਸਿਟੀਆਂ/ਪਿੰਡਾਂ/ਕਸਬਿਆਂ/ਸ਼ਹਿਰਾਂ ਅੰਦਰ ਜ਼ੋਰਦਾਰ ਮੁਹਿੰਮ ਚਲਾਈਏ ਅਤੇ ਹਾਕਮਾਂ ਨੂੰ ਦੱਸ ਦੇਈਏ ਕਿ ਤੁਹਾਡੀਆਂ ਸਾਜਿਸ਼ਾਂ ਇੱਕ ਵਾਰ ਨਹੀਂ ਪੰਜਾਬ ਦੀ ਜਵਾਨੀ ਨੇ ਅਨੇਕਾਂ ਵਾਰ ਚਕਨਾਚੂਰ ਕਰਕੇ ਨਵੇਂ ਮੀਲ ਪੱਥਰ ਸਿਰਜੇ ਹਨ। ਹੁਣ ਫਿਰ ਬਹੁਚਰਚਿਤ ਮਹਿਲਕਲਾਂ ਲੋਕ ਘੋਲ ਦੇ ਇੱਕ ਸਿਰਕੱਢ ਆਗੂ ਮਨਜੀਤ ਧਨੇਰ ਦੀ ਸਜ਼ਾ ਰੱਦ ਕਰਾਉਣ ਲਈ ਚੱਲ ਰਹੇ ਸੰਘਰਸ਼ ਵਿੱਚ ਕਾਫਲੇ ਬੰਨ੍ਹ ਸ਼ਾਮਲ ਹੋਕੇ ਇਸ ਘੋਲ ਨੂੰ ਜਿੱਤ ਦੀ ਮੰਜਿਲ ਤੱਕ ਲੈ ਜਾਣ ਵਿੱਚ ਅਗਵਾਨੂੰ ਰੋਲ ਅਦਾ ਕਰੀਏ।

**- ਨਰਾਇਣ ਦੱਤ**
84275-11770
**ਵਟਸਅਪ** : 96460-10770

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਤੇ
ਸਿੱਖ ਵਿਰਸਾ ਇੰਟਰਨੈਸ਼ਨਲ ਵੱਲੋਂ ਵਿਸ਼ੇਸ਼ ਸੈਮੀਨਾਰ!
ਵਿਸ਼ੇ:
ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦੀ 21ਵੀਂ ਸਦੀ ਵਿੱਚ ਪ੍ਰਸੰਗਕਤਾ!
ਕਸ਼ਮੀਰ ਦੀ ਮੌਜੂਦਾ ਸਥਿਤੀ ਤੇ ਚਰਚਾ!
ਮਨਜੀਤ ਧਨੇਰ ਦੇ ਝੂਠੇ ਕੇਸਾਂ ਬਾਰੇ ਚਰਚਾ!
ਸਾਇੰਸ ਦਾ ਸਾਡੇ ਰੋਜ਼ਾਨਾ ਜੀਵਨ ਵਿੱਚ ਮਹੱਤਵ!
ਕੈਲਗਰੀ ਵਿੱਚ ਵਧ ਰਹੀ ਗੈਂਗਵਾਰ ਤੇ ਸ਼ੂਟਿੰਗ ਬਾਰੇ ਚਰਚਾ!
ਐਤਵਾਰ ਨਵੰਬਰ 3 ਨੂੰ ਦੁਪਿਹਰ 2 ਤੋਂ 5 ਵਜੇ ਤੱਕ
ਕੋਸੋ ਹਾਲ 3208-8 Ave NE ਵਿੱਚ
ਮਾਸਟਰ ਭਜਨ ਸਿੰਘ 403-455-4220
ਹਰਚਰਨ ਸਿੰਘ 403-681-8689
ਨੋਟ: ਸਾਰਿਆਂ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ।



Punjabi Rang Radio
CHKT 1430AM
11pm to 12am Every Friday
Producer/ Host
Chamkaur Singh Cell 416 662 1313
Email punjabirang13@hotmail.com

Veerpal Brar, RIBO
[Broker]
veerpal@custominsure.ca
CI CUSTOM INSURANCE
INSURANCE BROKERS
A DIVISION OF ORACLE RMS
Tel: (416) 816-4595 ext 103
Direct: (416) 712-3737
Fax: (416) 710-8976
Unit 8 - 670 Rexdale Blvd, Etobicoke, ON, M9W 0B5
AUTO | HOME | COMMERCIAL | LIFE

### ਮਹਿਲਕਲਾਂ ਦੇ ਬਹੁ ਚਰਚਿਤ ਕਿਰਨਜੀਤ ਕਾਂਡ ਬਾਰੇ

# ਪੁਲਿਸ-ਗੁੰਡਾ-ਸਿਆਸੀ ਅਤੇ ਅਦਾਲਤੀ ਗੱਠਜੋੜ ਦਾ ਪਰਦਾਫਾਸ਼ ਕਰਦੀ ਗਾਥਾ

ਕਿਰਨਜੀਤ ਨੂੰ ਅਗਵਾ ਕਰਨ ਤੋਂ ਲੈਕੇ ਮਨਜੀਤ ਸਿੰਘ ਧਨੇਰ, ਪ੍ਰੇਮ ਕੁਮਾਰ ਅਤੇ ਨਰੈਣ ਦੱਤ ਆਦਿ ਨੂੰ ਦਲੀਪ ਸਿੰਘ ਦੇ ਹੋਏ ਕਤਲ ਵਿਚ ਝੂਠਾ ਪਰਚਾ ਦਰਜ ਕਰਵਾਉਣ ਅਤੇ ਸਜ਼ਾ ਕਰਵਾਉਣ ਤੱਕ ਦੀ ਹਕੀਕਤ ਨੂੰ ਪੇਸ਼ ਕਰਦੀ ਗਾਥਾ।

ਇਹ ਲੇਖ ਹੀ ਪੁਲਿਸ-ਸਿਆਸੀ-ਗੁੰਡਾ ਅਤੇ ਅਦਾਲਤੀ ਗੱਠਜੋੜ ਦੇ ਲੋਕ ਦੋਖੀ ਚਿਹਰਿਆਂ ਦਾ ਪਰਦਾ ਚਾਕ ਕਰਦਾ ਹੋਇਆ ਉਨ੍ਹਾਂ ਦੇ ਚਿਹਰਿਆਂ ਨੂੰ ਬੇਨਕਾਬ ਕਰੇਗਾ।

ਇਹ ਘਟਨਾ 29 ਜੁਲਾਈ 1997 ਦੀ ਹੈ ਜਦੋਂ ਕਾਲਜ ਤੋਂ ਪੜ੍ਹ ਕੇ ਵਾਪਸ ਆ ਰਹੀ ਮਾਸਟਰ ਦਰਸ਼ਨ ਸਿੰਘ ਦੀ ਬੇਟੀ ਕਿਰਨਜੀਤ ਕੌਰ ਨੂੰ ਮਹਿਲਕਲਾਂ ਦੇ ਨਾਮਵਰ ਗੁੰਡਿਆਂ ਵਲੋਂ ਦਿਨ ਦਿਹਾੜੇ ਆਪਣੇ ਅਰਹਰ ਦੇ ਖੇਤ ਲਾਗੇ ਰਸਤੇ ਵਿਚ ਜੰਡ ਦਾ ਦਰਖਤ ਵੱਢ ਕੇ ਕਿਰਨਜੀਤ ਦਾ ਰਸਤਾ ਰੋਕਣ ਦੇ ਮਕਸਦ ਨਾਲ ਸੁਟਿਆ ਗਿਆ ਸੀ, ਜਿਸ ਰਸਤੇ ਕਿਰਨਜੀਤ ਕੌਰ ਵਾਪਸ ਆਪਣੇ ਘਰ ਆਉਂਦੀ ਹੁੰਦੀ ਸੀ, ਉਥੇ ਉਸ ਨੂੰ ਘੇਰ ਕੇ ਅਗਵਾ ਕੀਤਾ ਗਿਆ ਅਤੇ ਸਮੂਹਿਕ ਬਲਾਤਕਾਰ ਕਰਕੇ ਨਗਨ ਅਵਸਥਾ ਵਿਚ ਜਿਉਂਦੀ ਨੂੰ ਹੀ ਟੋਆ ਪੁੱਟ ਕੇ ਦਬ ਦਿੱਤਾ ਗਿਆ ਸੀ।

ਸ਼ਾਮ ਨੂੰ ਜਦੋਂ ਬੇਟੀ ਘਰ ਨਾ ਪਹੁੰਚੀ ਤਾਂ ਪਰਿਵਾਰ ਵਲੋਂ ਉਸ ਦੀ ਭਾਲ ਕੀਤੀ ਗਈ, ਪਰ ਉਸ ਦਾ ਕੋਈ ਅਤਾ-ਪਤਾ ਨਾ ਲਗਣ ਕਾਰਨ ਪੁਲਿਸ ਥਾਣਾ ਮਹਿਲਕਲਾਂ ਵਿਚ ਸੂਚਨਾ ਦਿੱਤੀ ਗਈ ਜਿਸ ਤੇ ਉਸ ਰਸਤੇ ਦੀ ਛਾਣਬੀਨ ਕੀਤੀ ਗਈ ਤਾਂ ਦੋਸ਼ੀਆਂ ਦੇ ਉਕਤ ਖੇਤ ਲਾਗਿਓਂ ਕਟਿਆ ਹੋਇਆ ਜੰਡ ਦਾ ਦਰਖਤ ਅਤੇ ਉਸ ਦੇ ਲਾਗੇ ਹੀ ਖਤਾਨਾਂ ਵਿਚੋਂ ਕਿਰਨਜੀਤ ਦਾ ਸਾਇਕਲ ਅਤੇ ਕਿਤਾਬਾਂ ਜੋ ਕਿ ਘਾਹ ਨਾਲ ਢੱਕਿਆ ਹੋਇਆ ਸੀ ਤੇ ਅਰਹਰ ਦੇ ਖੇਤ ਵਿਚੋਂ ਕਿਰਨਜੀਤ ਦੇ ਅੰਦਰੂਨੀ ਕੱਪੜੇ ਮਿਲੇ, ਪਰ ਪੁਲਿਸ ਨੇ ਕੇਸ ਦਰਜ ਕਰਕੇ ਬਣਦੀ ਕਾਰਵਾਈ ਕਰਨ ਦੀ ਬਜਾਏ ਕਿਰਨਜੀਤ ਦੇ ਬਲਾਤਕਾਰੀ ਕਾਤਲਾਂ ਦੇ ਖੇਤ ਵਿਚੋਂ ਮਿਲਿਆ ਉਕਤ ਸਾਮਾਨ ਮਾਸਟਰ ਦਰਸ਼ਨ ਸਿੰਘ ਨੂੰ ਫੜਾ ਦਿੱਤਾ ਅਤੇ ਕਿਹਾ ਕਿ ਅਸੀਂ ਇਸ ਦੀ ਪੜਤਾਲ ਕਰਦੇ ਹਾਂ, ਪੁਲਿਸ ਵਲੋਂ ਸਹੀ ਦਿਸ਼ਾ ਵੱਲ ਜਾਣ ਦੀ ਬਜਾਏ ਪਿੰਡ ਦੇ ਬੇਕਸੂਰ ਨੌਜੁਆਨ ਮੁੰਡਿਆਂ ਨੂੰ ਥਾਣੇ ਬੁਲਾ ਕੇ ਤਸ਼ੱਦਦ ਕੀਤਾ ਗਿਆ।

30.7.1997 ਨੂੰ ਕੁਲਵੰਤ ਰਾਉ ਤੇ ਅਮਰਜੀਤ ਸਿੰਘ ਕੁਕੂ ਵਲੋਂ ਉਕਤ ਘਟਨਾ ਦੀ ਬਰੀਕੀ ਨਾਲ ਪੜਤਾਲ ਕੀਤੀ ਗਈ ਤਾਂ ਪਾਇਆ ਗਿਆ ਕਿ ਪੁਲਿਸ ਜਾਣਬੁਝ ਕੇ ਕੇਸ ਨੂੰ ਗਲਤ ਦਿਸ਼ਾ ਵੱਲ ਲੈਕੇ ਜਾ ਰਹੀ ਹੈ। ਉਨ੍ਹਾਂ ਨੇ ਇਸ ਬਾਰੇ ਹਲਕਾ ਮਹਿਲਕਲਾ ਅੰਦਰ ਪਿੰਡ ਕ੍ਰਿਪਾਲਸਿੰਘਵਾਲਾ ਦੇ ਮਜਦੂਰ ਪਿਆਰਾ ਸਿੰਘ ਜਿਸ ਦੀ ਪੁਲਿਸ ਹਿਰਾਸਤ ਵਿਚ ਪੁਲਿਸ ਤਸ਼ੱਦਦ ਕਾਰਨ ਹੋਈ ਮੌਤ ਕਾਰਨ ਉਕਤ ਪਰਿਵਾਰ ਨੂੰ ਇਨਸਾਫ ਦਿਵਾਉਣ ਸਬੰਧੀ ਇਲਾਕੇ ਦੇ ਇਨਸਾਫਪਸੰਦ ਲੋਕਾਂ ਦੀ ਸੱਤ ਮੈਂਬਰੀ ਐਕਸ਼ਨ ਕਮੇਟੀ ਬਣੀ ਹੋਈ ਸੀ ਜਿਸ ਅੰਦਰ ਕਾ: ਸੁਰਿੰਦਰ ਸਿੰਘ ਜਲਾਲਦੀਵਾਲ, ਕਾ: ਨਿਹਾਲ ਸਿੰਘ ਦਸੌਂਦਾਸਿੰਘਵਾਲਾ, ਕਾ: ਕੁਲਵੰਤ ਰਾਏ ਪੰਡੋਰੀ, ਕਾ: ਅਮਰਜੀਤ ਸਿੰਘ ਕੁਕੂ, ਕਾ: ਨਰੈਣ ਦੱਤ, ਕਾ: ਮਨਜੀਤ ਸਿੰਘ ਧਨੇਰ, ਕਾ: ਪ੍ਰੀਤਮ ਸਿੰਘ ਦਰਦੀ ਸ਼ਾਮਲ ਸਨ ਉਨ੍ਹਾਂ ਪਾਸ ਇਹ ਗੱਲ ਰੱਖੀ। ਉਕਤ ਐਕਸ਼ਨ ਕਮੇਟੀ ਜਿਸਨੇ ਪਿਆਰਾ ਸਿੰਘ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਦੇ ਜ਼ੁੰਮੇਵਾਰ ਉਸ ਮੌਕੇ ਦੇ ਐਸ. ਐਚ. ਓ. ਨੂੰ ਸਜ਼ਾ ਕਰਵਾਈ ਸੀ।

ਮਾਸਟਰ ਦਰਸ਼ਨ ਸਿੰਘ ਵਲੋਂ ਵੀ ਪਿਆਰਾ ਸਿੰਘ ਦੇ ਸਬੰਧ ਵਿਚ ਬਣੀ ਹੋਈ ਉਕਤ 7 ਮੈਂਬਰੀ ਕਮੇਟੀ ਦੇ ਅਗੂਆਂ ਨੂੰ ਪੁਲਿਸ ਦੀ ਸ਼ੱਕੀ ਕਾਰਗੁਜ਼ਾਰੀ ਬਾਰੇ ਦੱਸਿਆ ਗਿਆ, ਉਸ ਕਮੇਟੀ ਵਲੋਂ ਮਿਤੀ 2.8.1997 ਨੂੰ ਇਕ ਵਿਸ਼ੇਸ਼ ਮੀਟਿੰਗ ਕਰਕੇ ਮਾਸਟਰ ਦਰਸ਼ਨ ਸਿੰਘ ਨੂੰ ਇਨਸਾਫ ਦਿਵਾਉਣ ਦਾ ਫੈਸਲਾ ਕੀਤਾ ਗਿਆ।

ਮਿਤੀ 2.8.1997 ਨੂੰ ਹੀ ਅਧਿਆਪਕਾਂ ਦੀਆਂ ਤਿੰਨ ਜਥੇਬੰਦੀਆਂ ਵਲੋਂ ਵੀ ਇਸ ਮਸਲੇ ਸੰਬੰਧੀ ਮੀਟਿੰਗ ਕੀਤੀ ਗਈ ਸੀ ਜਿਸ ਵਿਚ ਐਕਸ਼ਨ ਕਮੇਟੀ ਬਣਾ ਕੇ ਕੇਸ ਦੀ ਪੈਰਵੀ ਕਰਨ ਦਾ ਫੈਸਲਾ ਕੀਤਾ ਗਿਆ ਉਸ ਕਮੇਟੀ ਅੰਦਰ ਅਧਿਆਪਕਦਲ ਦੇ ਮਾਸਟਰ ਗੁਰਵਿੰਦਰ ਸਿੰਘ, ਮਾਸਟਰ ਜਰਨੈਲ ਸਿੰਘ, ਜੀ ਟੀ ਯੂ ਦੇ ਮਾਸਟਰ ਮਲਕੀਤ ਸਿੰਘ,



ਮਾਸਟਰ ਗੁਰਦੇਵ ਸਿੰਘ, ਡੀ ਟੀ ਐਫ ਦੇ ਮਰਹੂਮ ਮਾਸਟਰ ਭਗਵੰਤ ਸਿੰਘ (ਜੋ ਅੱਜ ਸਾਡੇ ਵਿਚ ਨਹੀਂ ਰਹੇ), ਮਾਸਟਰ ਪ੍ਰੇਮ ਕੁਮਾਰ ਆਦਿ ਨੂੰ ਸ਼ਾਮਲ ਕੀਤਾ ਗਿਆ।

ਸੱਤ ਮੈਂਬਰ ਪਿਆਰਾ ਸਿੰਘ ਵਾਲੀ ਐਕਸ਼ਨ ਕਮੇਟੀ ਦੇ ਅਤੇ ਛੇ ਮੈਂਬਰ ਅਧਿਆਪਕਾਂ ਦੇ ਮਿਲਾ ਕੇ ਕੁਲ 13 ਮੈਂਬਰੀ ਐਕਸ਼ਨ ਕਮੇਟੀ ਬਣੀ ਜਿਸ ਨੂੰ ਕਿਰਨਜੀਤ ਅਗਵਾ/ਬਲਾਤਕਾਰ/ਕਤਲ ਕਾਂਡ ਵਿਰੋਧੀ ਐਕਸ਼ਨ ਕਮੇਟੀ ਮਹਿਲਕਲਾਂ ਦਾ ਨਾਮ ਦਿਤਾ ਗਿਆ ਅਤੇ ਸਰਬਸੰਮਤੀ ਨਾਲ ਕਿਰਨਜੀਤ ਕੌਰ ਦੇ ਜੱਦੀ ਪਿੰਡ ਮਹਿਲਖੁਰਦ ਦੇ ਹਾਈ ਸਕੂਲ ਦੇ ਮੁੱਖ ਅਧਿਆਪਕ ਮਰਹੂਮ ਮੋਹਨ ਸਿੰਘ ਨੂੰ ਉਕਤ 13 ਮੈਂਬਰੀ ਕਿਰਨਜੀਤ ਕੌਰ ਅਗਵਾ/ਬਲਾਤਕਾਰ/ਕਤਲ ਕਾਂਡ ਵਿਰੋਧੀ ਐਕਸ਼ਨ ਕਮੇਟੀ ਦਾ ਕਨਵੀਨਰ ਥਾਪ ਦਿੱਤਾ ਗਿਆ। ਐਕਸ਼ਨ ਕਮੇਟੀ ਦੇ ਫੈਸਲੇ ਅਨੁਸਾਰ ਮਿਤੀ 4.8.1997 ਨੂੰ ਥਾਣੇ ਦਾ ਘਿਰਾਓ ਕੀਤਾ ਗਿਆ।

ਉਸ ਮੌਕੇ ਦੇ ਐਸ ਐਸ ਪੀ ਸ: ਇਕਬਾਲਪ੍ਰੀਤ ਸਿੰਘ ਸਹੋਤਾ ਵਲੋਂ ਪੁਲਿਸ ਸਟੇਸ਼ਨ ਮਹਿਲਕਲਾਂ ਦੇ ਐਸ. ਐਚ. ਓ. ਦੀ ਬਦਲੀ ਕਰਕੇ ਉਸ ਦੀ ਜਗ੍ਹਾ ਸੁਰਿੰਦਰਪਾਲ ਸਿੰਘ ਨੂੰ ਤਾਇਨਾਤ ਕਰ ਦਿੱਤਾ ਗਿਆ ਸੀ, ਥਾਣੇ ਦੇ ਘਿਰਾਓ ਮੌਕੇ ਅਧਿਆਪਕ ਆਗੂ ਸੁਖਦੇਵ ਸਿੰਘ ਬੜੀ ਤੇ ਐਕਸ਼ਨ ਕਮੇਟੀ ਮੈਂਬਰਾਂ ਵਲੋਂ ਸਪਸ਼ਟ ਤੌਰ 'ਤੇ ਕਿਰਨਜੀਤ ਕੌਰ ਦੇ ਅਸਲ ਬਲਾਤਕਾਰੀ ਕਾਤਲਾਂ ਦਾ ਨਾਮ ਲਿਆ ਗਿਆ ਅਤੇ ਕਿਹਾ ਗਿਆ ਕਿ ਇਨ੍ਹਾਂ ਨੂੰ ਹਿਰਾਸਤ ਵਿਚ ਲੈ ਲਓ ਲੜਕੀ ਬਰਾਮਦ ਹੋ ਜਾਵੇਗੀ ।

ਪਰ ਪੁਲਿਸ ਵਲੋਂ ਅਸਲ ਦੋਸ਼ੀਆਂ ਨੂੰ ਹਿਰਾਸਤ ਵਿਚ ਲੈਣ ਦੀ ਬਜਾਏ ਪਿੰਡ ਮਹਿਲਕਲਾਂ ਦੇ ਬੇਕਸੂਰ ਨੌਜੁਆਨਾਂ ਨੂੰ ਹਿਰਾਸਤ ਵਿਚ ਲੈਕੇ ਤਸ਼ੱਦਦ ਕੀਤਾ ਗਿਆ ਜਿਸ ਬਾਰੇ ਐਕਸ਼ਨ ਕਮੇਟੀ ਦੇ ਆਗੂਆਂ ਵਲੋਂ ਪੁਲਿਸ ਨੂੰ ਫੜੇ ਗਏ ਨਿਰਦੋਸ਼ ਨੌਜੁਆਨਾਂ ਨੂੰ ਰਿਹਾਅ ਕਰਨ ਬਾਰੇ ਵੀ ਕਿਹਾ ਗਿਆ ਅਤੇ ਐਕਸ਼ਨ ਕਮੇਟੀ ਵਲੋਂ ਮੁੜ 8.8.1997 ਨੂੰ ਬਰਨਾਲਾ-ਲੁਧਿਆਣਾ ਮੁੱਖ ਮਾਰਗ ਜਾਮ ਕੀਤਾ ਗਿਆ।

ਮਿਤੀ 8.8.1997 ਨੂੰ ਐਕਸ਼ਨ ਕਮੇਟੀ ਦੀ ਸਟੇਜ ਤੋਂ ਪੁਲਿਸ ਅਧੀਕਾਰੀਆਂ ਨੂੰ ਸੁਆਲ ਕੀਤਾ ਗਿਆ ਕਿ ਉਹ ਦੱਸਣ ਕਿ ਉਨ੍ਹਾਂ ਦੀ ਪੜਤਾਲ ਕਿਥੇ ਤੱਕ ਪਹੁੰਚੀ ਹੈ ਤਾਂ ਇਸ ਦੇ ਜਵਾਬ ਵਿਚ ਉਸ ਮੌਕੇ ਦੇ ਐਸ. ਪੀ. ਐਚ. ਵਲੋਂ ਐਕਸ਼ਨ ਕਮੇਟੀ ਦੀ ਸਟੇਜ ਤੋਂ ਗੁੰਮਰਾਹਕੁੰਨ ਜਵਾਬ ਦਿੱਤਾ ਗਿਆ ਕਿ ਲੜਕੀ ਤਾਂ ਕਿਸੇ ਬਾਹਰਲੇ ਮੁੰਡੇ ਨਾਲ ਭੱਜ ਗਈ ਹੈ, ਐਸ. ਪੀ. ਵਲੋਂ ਦਿੱਤੇ ਇਸ ਗੁੰਮਰਾਹਕੁੰਨ ਜਵਾਬ ਤੋਂ ਖਫਾ ਹੋ ਕੇ ਲੋਕਾਂ ਵਲੋਂ ਐਸ. ਪੀ. ਨੂੰ ਸਿੱਧੀਆਂ ਗਾਲਾਂ ਤੇ ਜੁੱਤੀਆਂ ਦਾ ਮੀਂਹ ਵਰਾਉਣ ਵਰਗੀ ਕਾਰਵਾਈ ਕੀਤੀ ਗਈ ਐਕਸ਼ਨ ਕਮੇਟੀ ਵਲੋਂ ਸਮੇਂ ਦੀ ਨਜਾਕਤ ਨੂੰ ਸਮਝਦੇ ਹੋਏ ਐਸ. ਪੀ. ਨੂੰ ਬੜੀ ਮੁਸ਼ਕਲ ਨਾਲ ਉਥੋਂ ਬਾਹਰ ਕੱਢਿਆ ਗਿਆ।

ਮਿਤੀ 9.8.1997 ਨੂੰ ਉਸ ਮੌਕੇ ਦੇ ਮੁੱਖ ਮੰਤਰੀ ਸ਼੍ਰ: ਪ੍ਰਕਾਸ਼ ਸਿੰਘ ਬਾਦਲ ਦਾ ਜ਼ਿਲ੍ਹਾ ਸੰਗਰੂਰ ਦੇ ਪਿੰਡਾਂ ਢਡੋਗਲ ਵਗੈਰਾ ਦਾ ਦੌਰਾ ਸੀ ਉਸ ਮੌਕੇ ਪਿੰਡ ਮਹਿਲਖੁਰਦ ਦੇ ਜਰਨੈਲ ਸਿੰਘ ਵਗੈਰਾ ਰਾਹੀਂ ਮੁੱਖ ਮੰਤਰੀ ਸਹਿਬ ਨੂੰ ਪਿੰਡ ਢਡੋਗਲ ਵਿਖੇ ਮਿਲਣ ਦਾ ਪ੍ਰੋਗਰਾਮ ਬਣਾਇਆ ਗਿਆ। ਕਾਫੀ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਕਮੇਟੀ ਵਾਲੇ ਬਾਦਲ ਸਹਿਬ ਨੂੰ ਨਹੀਂ ਮਿਲ ਸਕੇ ਪਰ ਪੁਲਿਸ ਪ੍ਰਸ਼ਾਸਨ ਨੂੰ ਇਹ ਇਲਮ ਹੋ ਗਿਆ ਸੀ ਕਿ ਇਹ ਐਜਸ਼ਨ ਕਮੇਟੀ ਵਾਲੇ ਅਸਲ ਹਕੀਕਤ ਨੂੰ ਜਾਣਕੇ ਹੀ ਦਮ ਲੈਣਗੇ ਜਿਸ ਕਾਰਨ ਪੁਲਿਸ ਵਲੋਂ ਮਿਤੀ 10.8.1997 ਨੂੰ ਹੀ ਕਿਰਨਜੀਤ ਕੌਰ ਦੇ ਬਲਾਤਕਾਰੀ ਕਾਤਲਾਂ ਦੇ ਖੇਤ ਦੇ ਆਲੇ-ਦੁਆਲੇ ਕਮਾਂਡੋ ਫੋਰਸ ਤਾਇਨਾਤ ਕਰ ਦਿੱਤੀ ਗਈ ਸੀ ਜਿਸ ਨੂੰ ਵੇਖਦੇ ਹੋਏ ਐਕਸ਼ਨ ਕਮੇਟੀ ਵਾਲੇ ਸਮਝ ਗਏ ਸਨ ਕਿ ਪੁਲਿਸ ਬਲਾਤਕਾਰੀ ਕਾਤਲਾਂ ਦੀ ਮਦਦ ਕਰ ਰਹੀ ਸੀ ਅਤੇ ਪੁਲਿਸ ਨੂੰ ਸਭ ਕੁਝ ਪਤਾ ਸੀ, ਪਰ ਪੁਲਿਸ ਸਭ ਕੁਝ ਜਾਣਦੀ ਹੋਣ ਦੇ ਬਾਵਜੂਦ ਇਹ ਕੇਸ ਕੱਢਣਾ ਨਹੀਂ ਸੀ ਚਾਹੁੰਦੀ।

ਇਸ ਦਾ ਮੁੱਖ ਕਾਰਨ ਕਿਰਨਜੀਤ ਦੇ ਬਲਾਤਕਾਰੀ ਕਾਤਲਾਂ ਨੂੰ ਪੁਲਿਸ ਅਤੇ ਸਿਆਸੀ ਪ੍ਰਭੂਆਂ ਦੀ ਸਰਪਰਸਤੀ ਹਸਿਲ ਸੀ। ਐਕਸ਼ਨ ਕਮੇਟੀ ਦੇ ਆਗੂ ਇਸ ਗੱਲ ਨੂੰ ਭਲੀਭਾਂਤ ਸਮਝਦੇ ਗਏ ਸਨ। ਇਹ ਤਾਂ ਐਕਸ਼ਨ ਕਮੇਟੀ ਦੇ ਦ੍ਰਿੜ ਇਰਾਦੇ ਅਤੇ ਲੋਕ ਰੋਹ ਨੂੰ ਵੇਖਦੇ ਹੋਏ ਪੁਲਿਸ ਨੂੰ ਇਹ ਕੇਸ ਕੱਢਣਾ ਹੀ ਪਿਆ। ਕਿਰਨਜੀਤ ਦੇ ਅਗਵਾ ਹੋਣ ਤੋਂ 14 ਦਿਨਾਂ ਬਾਅਦ ਮਿਤੀ 11.8.97 ਨੂੰ ਸਵੇਰੇ ਪੁਲਿਸ ਵਲੋਂ ਐਕਸ਼ਨ ਕਮੇਟੀ ਆਗੂਆਂ ਨੂੰ ਸੂਚਨਾ ਦਿੱਤੀ ਗਈ ਕਿ ਕਿਰਨਜੀਤ ਕੌਰ ਦਾ ਕਤਲ ਹੋ ਚੁੱਕਿਆ ਹੈ ਤੇ ਉਸ ਦੀ ਲਾਸ਼ ਦੋਸ਼ੀਆਂ ਦੇ ਅਰਹਰ ਦੇ ਖੇਤ ਵਿਚ ਦੱਬੀ ਹੋਈ ਹੈ, ਉਸ ਮੌਕੇ ਵੀ ਪੁਲਿਸ ਵਲੋਂ ਬਲਾਤਕਾਰੀ ਕਾਤਲਾਂ ਦੇ ਹੱਕ ਵਿਚ ਭੁਗਤਣ ਲਈ ਚਲਾਕੀ ਖੇਡਣ ਦੀ ਕੋਸ਼ਿਸ਼ ਕੀਤੀ ਗਈ ਪੁਲਿਸ ਅਧਿਕਾਰੀਆਂ ਦਾ ਕਹਿਣਾ ਸੀ ਕਿ ਆਓ ਆਪਾਂ ਜਲਦੀ ਹੀ ਲਾਸ਼ ਕਢਵਾ ਲਈਏ, ਪਰ ਐਕਸ਼ਨ ਕਮੇਟੀ ਮੈਂਬਰ ਕਿਸੇ ਸਿਵਲ ਅਧਿਕਾਰੀ ਦੀ ਹਾਜ਼ਰੀ ਵਿਚ ਤੇ ਲੋਕਾਂ ਦੀ ਹਾਜ਼ਰੀ ਵਿਚ ਹੀ ਲਾਸ਼ ਬਰਾਮਦ ਕਰਵਾਉਣਾ ਚਾਹੁੰਦੇ ਸਨ।

ਹਜ਼ਾਰਾਂ ਲੋਕਾਂ ਦੀ ਹਾਜ਼ਰੀ ਵਿਚ ਹੀ ਲਾਸ਼ ਬਰਾਮਦ ਕੀਤੀ ਗਈ, ਲਾਸ਼ ਦੀ ਹਾਲਤ ਨੂੰ ਵੇਖਦੇ ਹੋਏ ਲੋਕਾਂ ਦਾ ਰੋਹ ਸਿਖਰਾਂ 'ਤੇ ਸੀ। ਲੋਕ ਬਲਾਤਕਾਰੀ ਕਾਤਲਾਂ ਦਾ ਘਰ ਜੋ ਕਿ ਲਾਸ਼ ਮਿਲਣ ਵਾਲੀ ਜਗ੍ਹਾ ਦੇ ਨੇੜੇ ਹੀ ਖੇਤ ਵਿਚ ਅਤੇ ਪੁਲਿਸ ਸਟੇਸ਼ਨ ਦੇ ਨਜ਼ਦੀਕ ਹੀ ਸੀ, ਨੂੰ ਅੱਗ ਲਗਾ ਕੇ ਫੂਕ ਦੇਣਾ ਚਾਹੁੰਦੇ ਸਨ ਪਰ ਐਕਸ਼ਨ ਕਮੇਟੀ ਮੈਂਬਰਾਂ ਨੇ ਬਹੁਤ ਹੀ ਸੂਝ-ਬੂਝ ਤੋਂ ਕੰਮ ਲੈਂਦੇ ਹੋਏ ਲੋਕਾਂ ਦੇ ਰੋਹ ਨੂੰ ਠੰਡਾ ਕੀਤਾ ਅਤੇ ਉਸ ਦਿਨ ਹੀ ਲਾਸ਼ ਨੂੰ ਬਰਨਾਲਾ ਦੇ ਸਿਵਲ ਹਸਪਤਾਲ ਵਿਚ ਪਹੁੰਚਾਇਆ ਗਿਆ ਜਿਥੋਂ ਉਸ ਨੂੰ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਪੋਸਟਮਾਰਟਮ ਲਈ ਰੈਫਰ ਕਰ ਦਿੱਤਾ ਗਿਆ, ਜਿਥੇ ਮਿਤੀ 12.8.97. ਨੂੰ ਕਿਰਨਜੀਤ ਦੀ ਡੈਡ ਬਾਡੀ ਦੇ ਪੋਸਟਮਾਰਟਮ ਕਰਨ ਲਈ ਡਾਕਟਰਾਂ ਦਾ ਇਕ ਪੈਨਲ ਬਣਾ ਕੇ ਪੋਸਟਮਾਰਟਮ ਕੀਤਾ ਗਿਆ ਅਤੇ 12.8.97 ਨੂੰ ਸ਼ਾਮ ਨੂੰ ਲੋਕਾਂ ਦੇ ਭਾਰੀ ਇਕੱਠ ਵਲੋਂ ਅਕਾਸ਼ ਗੁੰਜਾਊਂ ਨਾਹਰਿਆਂ ਨਾਲ "ਜਵਾਹਰੇ ਕਿਓ ਸੋਡੀ ਪਾਪੀ ਦੇਹ, ਅਣਖੀ ਲੋਕਾਂ ਦੇਣੀ ਫੇਹ" ਕਿਰਨਜੀਤ ਦੇ ਕਾਤਲਾਂ ਨੂੰ ਫਾਹੇ ਲਾਓ "ਪੁਲਿਸ, ਸਿਆਸੀ ਗੁੰਡਾ ਗੱਠਜੋੜ ਮੁਰਦਾਬਾਦ" ਮਾਰਚ ਕਰਦੇ ਹੋਏ ਕਿਰਨਜੀਤ ਦਾ ਸੰਸਕਾਰ ਮਹਿਲਕਲਾਂ ਦੇ ਸ਼ਮਸ਼ਾਨਘਾਟ ਵਿਚ ਕੀਤਾ ਗਿਆ ।

ਕਿਰਨਜੀਤ ਦੇ ਬਲਾਤਕਾਰੀ ਗੁੰਡਾ ਟੋਲੇ ਨੂੰ ਇਹ ਚਿੱਤ ਚੇਤੇ ਵੀ ਨਹੀਂ ਸੀ ਕਿ ਉਨ੍ਹਾਂ ਦੇ ਇਸ ਅਤੀ ਘਿਣਾਉਣੇ ਕਾਰਨਾਮੇ ਦੇ ਖਿਲਾਫ ਕੋਈ ਮੂੰਹ ਖੋਲ੍ਹੇਗਾ। ਉਨ੍ਹਾਂ ਦੀ ਇਲਾਕੇ ਅੰਦਰ ਦਹਿਸ਼ਤ ਐਨੀ ਸੀ ਕਿ ਉਨ੍ਹਾਂ ਵਲੋਂ ਕੀਤੇ ਜਾਂਦੇ ਗਲਤ ਕੰਮਾਂ ਦੇ ਖਿਲਾਫ ਕੋਈ ਬੋਲਣ ਜਾਂ ਗਵਾਹੀ ਦੇਣ ਦੀ ਹਿੰਮਤ ਨਹੀਂ ਸੀ ਕਰਦਾ। ਇਸ ਦਾ ਮੁੱਖ ਕਾਰਨ ਉਨ੍ਹਾਂ ਦੀ ਪੁਲਿਸ ਦੇ ਉਚ ਅਫਸਰਾਂ ਤੱਕ ਪਹੁੰਚ ਦਾ ਹੋਣਾ ਜਿਸ ਕਾਰਨ ਮਹਿਲਕਲਾਂ ਦੇ ਐਸ. ਐਚ. ਓ. ਵਲੋਂ ਵੀ ਸਹੀ ਸਮੇਂ, ਸਹੀ ਕੇਸ ਦਰਜ ਨਾ ਕਰਨਾ ਅਤੇ ਐਕਸ਼ਨ ਕਮੇਟੀ ਮੈਂਬਰਾਂ ਵਲੋਂ ਕਿਰਨਜੀਤ ਦੇ ਬਲਾਤਕਾਰੇ ਕਾਤਲਾਂ ਵੱਲ ਸਪਸ਼ਟ ਇਸ਼ਾਰਾ ਕਰਨ ਦੇ ਬਾਵਜੂਦ ਵੀ ਉਨ੍ਹਾਂ ਨੂੰ ਗ੍ਰਿਫਤਾਰ ਨਾ ਕਰਕੇ ਸਗੋਂ ਪੜਤਾਲ ਨੂੰ ਗਲਤ ਦਿਸ਼ਾ ਵੱਲ ਤੋਰਨਾ, ਐਸ. ਪੀ. ਐਚ. ਤੇ ਐਸ. ਪੀ. ਡੀ. ਵੱਲੋਂ ਵੀ ਕਿਰਨਜੀਤ ਦੇ ਅਗਵਾ ਹੋਣ ਬਾਰੇ ਗਲਤ ਕਹਾਣੀਆਂ ਬਣਾ ਕੇ ਪੇਸ਼ ਕਰਨਾ ਆਦਿ ਜੋ ਪੁਲਿਸ ਅਧਿਕਾਰੀਆਂ ਵਲੋਂ ਕਿਰਨਜੀਤ ਦੇ ਬਲਾਤਕਾਰੀ ਕਾਤਲਾਂ ਨੂੰ ਬਚਾਉਣ ਤੇ ਕਲੀਨ ਚਿੱਟ ਦੇਣ ਵੱਲ ਸੇਧਤ ਸਨ, ਇਹ ਕਾਰਵਾਈਆਂ ਪੁਲਿਸ ਦੀ ਪੱਖਪਾਤੀ ਸੋਚ ਨੂੰ ਉਜਾਗਰ ਕਰਦੀਆਂ ਸਨ। ਇਸ ਗੱਲ ਦੀ ਪੁਸ਼ਟੀ ਉਸ ਸਮੇਂ ਦੇ ਆਈ. ਜੀ. ਸਹਿਬ ਪਟਿਆਲਾ ਸ: ਆਰ. ਐਸ. ਗਿੱਲ ਵਲੋਂ ਉਕਤ ਕੇਸ ਅੰਦਰ ਪੁਲਿਸ ਵਲੋਂ ਨਿਭਾਏ ਗਏ ਨਾਂਹਪੱਖੀ ਰੋਲ ਅਤੇ ਗੁੰਡਾ ਟੋਲੇ ਦਾ ਪੱਖ ਪੂਰਨ ਬਾਰੇ ਲੱਗੇ ਦੋਸ਼ਾਂ ਬਾਰੇ ਐਸ. ਪੀ. ਗਰੇਵਾਲ ਪਟਿਆਲਾ ਦੁਆਰਾ ਪੜਤਾਲ ਕਰਵਾਈ ਗਈ ਸੀ, ਜਿਸ ਅੰਦਰ ਪੁਲਿਸ ਵਲੋਂ ਗੁੰਡਾ ਟੋਲੇ ਦਾ ਪੱਖ ਪੂਰਨ ਦੇ ਦੋਸ਼ ਸਹੀ ਪਾਏ ਗਏ ਜਿਸ ਕਾਰਨ ਉਸ ਸਮੇਂ ਦੇ ਐਸ. ਐਚ. ਓ. ਨੂੰ ਟਰਮੀਨੇਟ ਕਰ ਦਿੱਤਾ ਗਿਆ ਅਤੇ ਦੋਨਾਂ ਐਸ. ਪੀਆਂ ਦੀ ਬਦਲੀ ਕਰ ਦਿੱਤੀ ਗਈ।

ਦੂਸਰਾ ਉਨ੍ਹਾਂ ਨੂੰ ਸਿਆਸੀ ਪ੍ਰਭੂਆਂ ਦਾ ਥਾਪੜਾ ਹਾਸਲ ਹੋਣਾ। ਮਿਤੀ 14.8.1997 ਨੂੰ ਬਰਨਾਲੇ ਦੀ ਦਾਨਾ ਮੰਡੀ ਵਿਚ ਇਕ ਵੱਡਾ ਇਕੱਠ ਕਰਕੇ 'ਕਿਰਨਜੀਤ ਦੇ ਕਾਤਲਾਂ ਲਈ ਫਾਂਸੀ ਦੀ ਮੰਗ ਕੀਤੀ ਗਈ ਅਤੇ ਕਿਰਨਜੀਤ ਦੇ ਬਲਾਤਕਾਰੀ ਕਾਤਲਾਂ ਦੀ ਮਦਦ ਕਰਨ ਵਾਲੇ ਸਾਬਕਾ ਐਮ. ਐਲ. ਏ. ਨੂੰ ਸਟੇਜ ਤੋਂ ਉਤਾਰਿਆ ਗਿਆ ਅਤੇ ਉਨ੍ਹਾਂ ਦੀ ਮਦਦ ਕਰਨ ਵਾਲੇ ਹੋਰ ਸਿਆਸੀ ਵਿਆਕਤੀਆਂ ਦੀਆਂ ਪਰਤਾਂ ਉਸ ਸਮੇਂ ਖੁੱਲ੍ਹਣੀਆਂ ਸ਼ੁਰੂ ਹੋਈਆਂ ਜਦੋਂ ਐਕਸ਼ਨ ਕਮੇਟੀ ਵਲੋਂ ਕੀਰਨਜੀਤ ਨਾਲ ਜੁੜੇ ਕੇਸ ਦੀ ਪੈਰਵੀ ਨੂੰ ਅੱਗੇ ਵੱਲ ਵਧਾਇਆ ਗਿਆ, ਜਿਵੇਂ-ਜਿਵੇਂ ਪੈਰਵੀ ਅੱਗੇ ਵੱਧਦੀ ਗਈ ਤਿਓਂ ਤਿਓਂ ਉਹ ਪਰਤਾਂ ਖੁੱਲ੍ਹਣੀਆਂ ਸ਼ੁਰੂ ਹੋ ਗਈਆਂ। ਸਭ ਤੋਂ ਪਹਿਲਾਂ ਸਾਬਕਾ ਐਮ. ਐਲ. ਏ. ਦਾ ਕਿਰਨਜੀਤ ਦੇ ਅਗਵਾ ਹੋਣ, ਬਲਾਤਕਾਰ/ਕਤਲ ਹੋਣ ਤੋਂ ਫੌਰਨ ਬਾਅਦ ਕਿਰਨਜੀਤ ਦੇ ਕਾਤਲਾਂ ਨਾਲ ਫੋਨ ਤੇ ਸੰਪਰਕ ਹੋਣਾ, ਦੂਸਰਾ ਉਸ ਵੇਲੇ ਦੇ ਹਲਕਾ ਮਹਿਲਕਲਾਂ ਦੇ ਐਮ. ਐਲ. ਏ ਦਾ ਚਲ ਰਹੇ ਸੰਘਰਸ਼ ਤੋਂ ਦੂਰੀ ਬਣਾ ਕੇ ਰੱਖਣਾ ਅਤੇ ਪਟਿਆਲੇ ਪੋਸਟਮਾਰਟਮ ਦੇ ਮੌਕੇ ਹਸਪਤਾਲ ਦੇ ਬਾਹਰ ਮਿਲਣਾ, ਉਸ ਮੌਕੇ ਦੇ ਮੁੱਖ ਮੰਤਰੀ ਦਾ 52 ਦਿਨ ਬਾਅਦ ਮਾਸਟਰ ਦਰਸ਼ਨ ਸਿੰਘ ਦੇ ਘਰ ਪਹੁੰਚਣਾ ਤੇ ਉਨ੍ਹਾਂ ਦੇ ਨਾਲ ਹਲਕੇ ਦੇ ਐਮ. ਐਲ. ਏ. ਦਾ ਵੀ ਮੁੱਖ ਮੰਤਰੀ ਸਾਹਿਬ ਦੇ ਨਾਲ ਆਉਣਾ ਅਤੇ ਲੋਕਾਂ ਵਲੋਂ ਉਕਤ ਐਮ. ਐਲ. ਏ. ਦਾ ਵਿਰੋਧ ਕਰਨਾ ਜਿਸ ਕਾਰਨ ਐਮ. ਐਲ. ਏ. ਨੂੰ ਉਥੋਂ ਭੱਜਣਾ ਪਿਆ।

ਕਿਰਨਜੀਤ ਦੇ ਬਲਾਤਕਾਰੀ ਕਾਤਲਾਂ ਦੇ ਇਸ ਭਰਮ ਨੂੰ ਐਕਸ਼ਨ ਕਮੇਟੀ ਦੇ ਅਣਖੀਲੇ ਆਗੂਆਂ ਵਲੋਂ ਚਕਨਾਚੂਰ ਕਰ ਦਿੱਤਾ ਗਿਆ ਉਨ੍ਹਾਂ ਵਲੋਂ ਬਿਨਾ ਕਿਸੇ ਡਰ-ਭਓ ਦੇ ਕਾਤਲਾਂ ਖਿਲਾਫ ਠੋਕ ਕੇ ਗਵਾਹੀਆਂ ਦਿੱਤੀਆਂ ਗਈਆਂ। ਭਾਵੇਂ ਕਾਤਲਾਂ ਵਲੋਂ ਐਕਸ਼ਨ ਕਮੇਟੀ ਮੈਂਬਰਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ ਪਰ ਐਕਸ਼ਨ ਕਮੇਟੀ ਮੈਂਬਰ ਅਡੋਲ ਖੜ੍ਹੇ ਰਹੇ ਤੇ ਉਨ੍ਹਾਂ ਨੇ ਸਿਰਾਂ ਤੇ ਕਫਨ ਬੰਨ੍ਹ ਕੇ ਗਵਾਹੀਆਂ ਦਿੱਤੀਆਂ, ਕੁਲਵੰਤ ਰਾਏ ਨੇ ਕਾਤਲਾਂ ਵਲੋਂ ਕਿਰਨਜੀਤ ਨੂੰ ਆਪਣੇ ਅਰਹਰ ਦੇ ਖੇਤ ਪਾਸ ਘੇਰਣ ਦੀ ਗਵਾਹੀ ਦਿੱਤੀ, ਮਾਸਟਰ ਮਲਕੀਤ ਸਿੰਘ ਅਤੇ ਸੁਰਿੰਦਰ ਸਿੰਘ ਜਲਾਲਦੀਵਾਲ ਵਲੋਂ ਕਾਤਲਾਂ ਨੂੰ ਪੇਸ਼ ਕਰਨ ਦੀ ਗਵਾਹੀ, ਦਿੱਤੀ ਗਈ, ਪ੍ਰੀਤਮ ਦਰਦੀ ਵਲੋਂ ਉਸ ਦੇ ਸਾਹਮਣੇ ਪੇਸ਼ ਕਰਨ ਦੀ ਗਵਾਹੀ, ਮਾਸਟਰ ਜਰਨੈਲ ਸਿੰਘ ਤੇ ਮਨਜੀਤ ਸਿੰਘ ਧਨੇਰ ਵਲੋਂ ਉਨ੍ਹਾਂ ਦੇ ਨਾਲ ਤਿੰਨ ਸਾਥੀ ਹੋਰ ਵੀ ਸਨ, ਬਾਰੇ ਗਵਾਹੀ ਦਿੱਤੀ ਗਈ ਭਾਵੇਂ ਉਹ ਤਿੰਨੇ ਸੈਸ਼ਨ ਕੋਰਟ ਵਲੋਂ ਬਰੀ ਕਰ ਦਿਤੇ ਗਏ ਸਨ।

ਕਿਰਨਜੀਤ ਦੇ ਬਲਾਤਕਾਰੀ ਕਾਤਲਾਂ ਵਲੋਂ ਐਕਸ਼ਨ ਕਮੇਟੀ ਮੈਂਬਰਾਂ ਨੂੰ ਡਰਾਉਣ, ਧਮਕਾਉਣ ਅਤੇ ਰਿਸ਼ਤੇਦਾਰੀਆਂ ਤੱਕ ਪਹੁੰਚ ਕਰਨ ਦੇ ਬਾਵਜੂਦ ਵੀ ਜਦੋਂ ਐਕਸ਼ਨ ਕਮੇਟੀ ਮੈਂਬਰ ਆਪਣੇ ਦ੍ਰਿੜ ਇਰਾਦੇ ਤੇ ਡੱਟੇ ਰਹੇ ਤਾਂ ਕਿਰਨਜੀਤ ਦੇ ਕਾਤਲਾਂ ਵਲੋਂ ਐਕਸ਼ਨ ਕਮੇਟੀ ਮੈਂਬਰਾਂ ਉਪਰ ਝੂਠੇ ਪਰਚੇ ਦਰਜ ਕਰਵਾਉਣ ਦੀਆਂ ਚਾਲਾਂ ਚੱਲੀਆਂ ਗਈਆਂ, ਸਭ ਤੋਂ ਪਹਿਲਾਂ ਉਨ੍ਹਾਂ ਵਲੋਂ ਦਰਖਾਸਤ ਦਿੱਤੀ ਗਈ ਕਿ ਐਕਸ਼ਨ ਕਮੇਟੀ ਵਾਲੇ ਸਾਡੇ ਪਸ਼ੂ ਖੋਲ੍ਹ ਕੇ ਲੈ ਗਏ, ਦੂਸਰੀ ਦਰਖਾਸਤ ਜੀਰੀ ਵੱਢਣ ਦੀ ਦੇ ਦਿੱਤੀ ਜਦੋਂ ਇਨ੍ਹਾਂ ਚਾਲਾਂ ਵਿਚ ਉਹ ਕਾਮਯਾਬ ਨਾ ਹੋਏ ਤਾਂ ਉਨ੍ਹਾਂ ਨੇ ਸਾਬਕਾ ਐਮ. ਐਲ. ਏ ਸਾਥੀ ਪਾਸੋਂ ਐਕਸ਼ਨ ਕਮੇਟੀ ਦੇ 14 ਮੈਂਬਰਾਂ ਵਿਚੋਂ 9 ਮੈਂਬਰਾਂ ਉਪਰ ਮਾਨਹਾਨੀ ਦਾ ਪਰਚਾ ਦਰਜ ਕਰਵਾ ਦਿੱਤਾ ਗਿਆ ਅਤੇ 5 ਮੈਂਬਰ ਇਸ ਲਈ ਛੱਡ ਦਿੱਤੇ ਗਏ ਤਾਂ ਜੋ ਐਕਸ਼ਨ ਕਮੇਟੀ ਅੰਦਰ ਫੁੱਟ ਪੈ ਸਕੇ। ਪਰ ਉਹ ਇਸ ਚਾਲ ਵਿਚ ਵੀ ਕਾਮਯਾਬ ਨਹੀਂ ਹੋ ਸਕੇ। ਉਕਤ ਕੇਸ ਅੰਦਰ ਹੁਗਲੀ ਪ੍ਰਿੰਟਿੰਗ ਪ੍ਰੈਸ ਦੇ ਮਾਲਕ ਅਤੇ ਤਰਕਸ਼ੀਲ ਸੁਸਾਇਟੀ ਦੇ ਅਮਿਤ ਮਿੱਤਰ ਆਦਿ ਨੂੰ ਵੀ ਪਾ ਦਿੱਤਾ ਗਿਆ। ਇਹ ਕੇਸ 2005 ਤੱਕ ਚੱਲਿਆ ਤੇ ਐਕਸ਼ਨ ਕਮੇਟੀ ਮੈਂਬਰ ਸਮੇਤ ਦੂਸਰੇ ਸਾਥੀ ਉਸ ਕੇਸ ਵਿਚੋਂ ਵਾ-ਇੱਜਤ ਬਰੀ ਹੋ ਗਏ।

ਇਹ ਗੱਲ 3 ਮਾਰਚ 2001 ਦੀ ਹੈ, ਉਸ ਦਿਨ ਐਕਸ਼ਨ ਕਮੇਟੀ ਮੈਂਬਰਾਂ ਦੀ ਉਕਤ ਮਾਨਹਾਨੀ ਵਾਲੇ ਕੇਸ ਵਿਚ ਬਰਨਾਲਾ ਕੋਰਟ ਵਿਚ ਪੇਸ਼ੀ ਸੀ ਉਸ ਪੇਸ਼ੀ ਉਪਰ ਵਿਰੋਧੀ ਧਿਰ ਦੇ ਬੇਅੰਤ ਸਿੰਘ, ਦਲੀਪ ਸਿੰਘ ਵਗੈਰਾ ਵੀ ਆਏ ਹੋਏ ਸਨ। ਇਹ ਇਕ ਤਲਖ ਹਕੀਕਤ

ਸੀ ਕਿ ਕਿਰਨਜੀਤ ਦੇ ਬਲਾਤਕਾਰੀ ਕਾਤਲਾਂ ਦੀ ਦਹਿਸ਼ਤ ਇਲਾਕੇ ਵਿਚੋਂ ਟੁੱਟ ਚੁੱਕੀ ਸੀ, ਜਿਨ੍ਹਾਂ ਲੋਕਾਂ ਨਾਲ ਉਨ੍ਹਾਂ ਨੇ ਜ਼ਿਆਦਤੀਆਂ ਕੀਤੀਆਂ ਸਨ ਉਨ੍ਹਾਂ ਲੋਕਾਂ ਵਿਚੋਂ ਕਿਸੇ ਨੇ ਉਸ ਦਿਨ ਕੋਰਟ ਕੰਪਲੈਕਸ ਵਿਚ ਹੀ ਬੇਅੰਤ ਸਿੰਘ ਤੇ ਉਸ ਦੇ ਪਿਤਾ ਦਲੀਪ ਸਿੰਘ ਉਪਰ ਬਦਲਾ ਲਊ ਭਾਵਨਾ ਨਾਲ ਹਮਲਾ ਕਰ ਦਿੱਤਾ ਜਿਸ ਹਮਲੇ ਦੌਰਾਨ ਦਲੀਪ ਸਿੰਘ ਦੇ ਜ਼ਿਆਦਾ ਸੱਟਾ ਲੱਗਣ ਕਾਰਨ, ਇਲਾਜ ਦੌਰਾਨ ਹੀ ਉਸ ਦੀ ਮੌਤ ਹੋ ਗਈ ਤੇ ਬੇਅੰਤ ਸਿੰਘ ਦੇ ਘਟ ਸੱਟਾਂ ਵੱਜੀਆਂ ਸਨ ਜਿਸ ਨੇ ਆਪਣੇ ਬਿਆਨ ਵਿਚ ਉਸ ਲੜਾਈ ਅੰਦਰ ਸ਼ਾਮਲ ਵਿਅਕਤੀਆਂ ਦੇ ਨਾਮਾਂ ਦੇ ਨਾਲ ਨਾਲ ਝੂਠ ਦਾ ਸਹਾਰਾ ਲੈਂਦੇ ਹੋਏ ਕਿਰਨਜੀਤ ਕਾਂਡ ਵਿਰੋਧੀ ਐਕਸ਼ਨ ਕਮੇਟੀ ਦੇ ਤਿੰਨ ਆਗੂਆਂ ਪ੍ਰੇਮ ਕੁਮਾਰ, ਨਰਾਇਣ ਦੱਤ ਅਤੇ ਮਨਜੀਤ ਸਿੰਘ ਧਨੇਰ ਦਾ ਨਾਮ ਵੀ ਜੋੜ ਕੇ ਪਰਚਾ ਦਰਜ ਕਰਵਾ ਦਿੱਤਾ।

ਜਦੋਂ ਕਿ ਉਸ ਹੋਈ ਲੜਾਈ ਅੰਦਰ ਐਕਸ਼ਨ ਕਮੇਟੀ ਦਾ ਨਾ ਤਾਂ ਕੋਈ ਰੋਲ ਸੀ ਨਾ ਹੀ ਕਿਸੇ ਵੀ ਐਕਸ਼ਨ ਕਮੇਟੀ ਮੈਬਰ ਦਾ ਕੋਈ ਹੱਥ ਸੀ। ਕਿਰਨਜੀਤ ਦੇ ਕਾਤਲਾਂ ਦੇ ਵਾਰਸ਼ਾਂ ਵਲੋਂ ਜਾਣਬੁਝ ਕੇ ਇਕ ਸੋਚੀ ਸਮਝੀ ਸਕੀਮ ਤਹਿਤ ਐਕਸ਼ਨ ਕਮੇਟੀ ਮੈਂਬਰਾਂ ਦੀ ਉਸ ਦਿਨ ਕੋਰਟ ਵਿਚ ਪੇਸ਼ੀ ਉਪਰ ਹਾਜ਼ਰ ਹੋਣ ਦਾ ਲਾਹਾ ਖੱਟਦੇ ਹੋਏ ਪੁਲਿਸ ਨਾਲ ਮਿਲੀਭੁਗਤ ਕਰਕੇ ਉਕਤ ਹੋਈ ਲੜਾਈ ਵਿਚ ਐਕਸ਼ਨ ਕਮੇਟੀ ਦੇ ਤਿੰਨ ਮੈਂਬਰਾਂ ਨੂੰ ਵੀ ਹੋਈ ਉਕਤ ਲੜਾਈ ਵਿਚ ਸਾਮਲ ਦਿਖਾ ਦਿੱਤਾ ਗਿਆ। ਪੁਲਿਸ ਪਾਰਟੀ ਵਲੋਂ ਐਕਸ਼ਨ ਕਮੇਟੀ ਮੈਂਬਰਾਂ ਦੇ ਘਰਾਂ ਉਪਰ ਇਸ ਪ੍ਰਕਾਰ ਦਬਿਸ਼ ਮਾਰੀ ਗਈ ਜਿਵੇਂ ਉਕਤ ਲੜਾਈ ਵਿਚ ਐਕਸ਼ਨ ਕਮੇਟੀ ਮੈਂਬਰ ਸ਼ਾਮਲ ਹੋਣ, ਇਥੇ ਵੀ ਪੁਲਿਸ ਬਲਾਤਕਾਰੀ ਕਾਤਲਾਂ ਦੇ ਵਾਰਸਾਂ ਦਾ ਪੱਖ ਪੂਰਦੀ ਨਜ਼ਰ ਆਉਂਦੀ ਹੈ। ਅਸਲ ਵਿਚ ਪੁਲਿਸ ਉਸ ਦਿਨ ਐਕਸ਼ਨ ਕਮੇਟੀ ਮੈਂਬਰਾਂ ਨੂੰ ਫੜ ਕੇ ਮੌਕਾਏ ਬਾਰਦਾਤ ਤੋਂ ਫੜਿਆ ਦਿਖਾਉਣਾ ਚਾਹੁੰਦੀ ਸੀ, ਜਦੋਂ ਕਿ ਪੁਲਿਸ ਨੂੰ ਵੀ ਪਤਾ ਸੀ ਕਿ ਇਸ ਲੜਾਈ ਵਿਚ ਐਕਸ਼ਨ ਕਮੇਟੀ ਮੈਬਰਾਂ ਦਾ ਕੋਈ ਰੋਲ ਨਹੀਂ।

ਉਸ ਤੋਂ ਅਗਲੇ ਦਿਨ ਐਕਸ਼ਨ ਕਮੇਟੀ ਵਲੋਂ ਅਤੇ ਹਜ਼ਾਰਾਂ ਲੋਕਾਂ ਨੇ ਪੁਲਿਸ ਥਾਣਾ ਬਰਨਾਲਾ ਦਾ ਘਿਰਾਓ ਕਰਕੇ ਮੰਗ ਕੀਤੀ ਕਿ ਉਸ ਹੋਈ (ਲੜਾਈ ਅੰਦਰ ਐਕਸ਼ਨ ਕਮੇਟੀ ਦੇ ਤਿੰਨ ਨਿਰਦੋਸ਼ ਆਗੂਆਂ ਦੇ ਸ਼ਾਮਲ ਹੋਣ ਬਾਰੇ ਜੋ ਸਰਾਸਰ ਝੂਠੀ ਐਫ. ਆਈ. ਆਰ. ਦਰਜ ਕੀਤੀ ਗਈ ਹੈ, ਨੂੰ ਰੱਦ ਕੀਤਾ ਜਾਵੇ ਜਿਸ 'ਤੇ ਪੁਲਿਸ ਵਲੋਂ ਪੜਤਾਲ ਕਰਵਾਈ ਗਈ ਉਸ ਪੜਤਾਲ ਦੌਰਾਨ ਐਕਸ਼ਨ ਕਮੇਟੀ ਦੇ ਤਿੰਨਾਂ ਸਾਥੀਆਂ ਨੂੰ ਨਿਰਦੋਸ਼ ਪਾਇਆ ਗਿਆ ਅਤੇ ਉਨ੍ਹਾਂ ਨੂੰ ਖਾਨਾ ਨੰ: 2 ਵਿਚ ਕਰ ਦਿੱਤਾ ਗਿਆ ਉਸ ਤੋਂ ਬਾਅਦ ਕੇਸ ਚਲਿਆ ਐਕਸ਼ਨ ਕਮੇਟੀ ਦੇ ਤਿੰਨੇ ਸਾਥੀ ਖਾਨਾ ਨੂੰ 2 ਵਿਚ ਸਨ ਉਕਤ ਕੇਸ ਦੀ ਮੁਦਈ ਧਿਰ (ਕਿਰਨਜੀਤ ਦੇ ਬਲਤਾਕਾਰੀ ਕਾਤਲਾਂ ਦੇ ਵਾਰਸਾਂ ਦੀ ਧਿਰ) ਵਲੋਂ ਪੁਲਿਸ ਨੂੰ ਤੇ ਸਰਕਾਰੀ ਵਕੀਲ ਨੂੰ ਕਿਹਾ ਗਿਆ ਕਿ ਉਹ ਉਪਰੋਕਤ ਤਿੰਨਾਂ ਸਾਥੀਆਂ ਨੂੰ ਖਾਨਾ ਨੰ: ਇਕ ਵਿਚ ਕਰਨ ਲਈ ਧਾਰਾ 139 ਤਹਿਤ ਅਰਜੀ ਪਾਉਣ ਪਰ ਉਨ੍ਹਾਂ ਨੇ ਨਹੀਂ ਪਾਈ। ਮੁਦਈ ਧਿਰ ਪਾਸ ਕਾਨੂੰਨੀ ਤੌਰ 'ਤੇ ਅਧਿਕਾਰ ਹੁੰਦਾ ਹੈ ਕਿ ਉਹ ਖੁਦ ਵੀ ਉਕਤ ਅਰਜ਼ੀ ਪਾ ਸਕਦੇ ਹਨ। ਬੇਅੰਤ ਸਿੰਘ ਵਲੋਂ ਅਰਜੀ ਪਾਈ ਗਈ ਜਿਸ ਕਾਰਨ ਅਦਾਲਤ ਵਲੋਂ ਉਪਰੋਕਤ ਤਿੰਨਾਂ ਸਾਥੀਆਂ ਨੂੰ ਖਾਨਾ ਨੰ: ਇਕ ਵਿਚ ਕਰ ਦਿੱਤਾ ਗਿਆ, ਕੇਸ ਚਲਿਆ ਤੇ ਚਲਦੇ ਕੇਸ ਦੌਰਾਨ ਕਈ ਜੱਜਾਂ ਦੇ ਤਬਾਦਲੇ ਹੋਏ। ਐਕਸ਼ਨ ਕਮੇਟੀ ਦੇ ਆਗੂਆਂ ਨੂੰ ਸਜ਼ਾ ਸੁਣਾਉਣ ਵਾਲੇ ਸੈਸ਼ਨ ਕੋਰਟ ਦੇ ਜੱਜ ਸਹਿਬ ਨੂੰ ਪੂਰੀ ਕਹਾਣੀ ਦਾ ਪਤਾ ਸੀ ਉਸ ਨੂੰ ਇਹ ਵੀ ਪਤਾ ਸੀ ਕਿ ਕਿਰਨਜੀਤ ਦੇ ਕਾਤਲ ਜ਼ਰਾਇਮਪੇਸ਼ਾ ਲੋਕ ਨੇ, ਉਨ੍ਹਾਂ ਦੇ ਖਿਲਾਫ ਪਹਿਲਾਂ ਵੀ ਬਹੁਤ ਸਾਰੇ ਕੇਸ ਦਰਜ ਨੇ ਜਿਨ੍ਹਾਂ ਦੀ ਲਿਸਟ ਬਹੁਤ ਲੰਬੀ ਹੈ। ਐਕਸ਼ਨ ਕਮੇਟੀ ਦੇ ਵਕੀਲ ਨਰਦੇਵ ਸਿੰਘ ਨੇ ਵੀ ਬਹਿਸ ਦੌਰਾਨ ਕਿਹਾ ਸੀ ਕੇ ਜਿਹੜੇ ਗਵਾਹ ਇਨ੍ਹਾਂ ਨੇ ਪੇਸ਼ ਕੀਤੇ ਹਨ ਉਹ ਸਾਰੇ ਇਨ੍ਹਾਂ ਦੇ ਸੁਲਤਾਨੀ ਗਵਾਹ ਹਨ ਜਿਸ ਦਾ ਰਿਕਾਰਡ ਵੀ ਪੇਸ਼ ਕੀਤਾ ਗਿਆ ਸੀ, ਜੱਜ ਸਹਿਬ ਨੂੰ ਇਹ ਵੀ ਪਤਾ ਸੀ ਕਿ ਐਕਸ਼ਨ ਕਮੇਟੀ ਦੇ ਕਿਸੇ ਵੀ ਮੈਂਬਰ ਦਾ ਇਸ ਹੋਈ ਲੜਾਈ ਵਿਚ ਕੋਈ ਰੋਲ ਨਹੀਂ ਜਿਹੜੇ ਤਿੰਨ ਸਾਥੀ ਇਸ ਲੜਾਈ ਵਿਚ ਸ਼ਾਮਲ ਦਿਖਾਏ ਗਏ ਹਨ ਉਹ ਬਿਲਕੁਲ ਨਿਰਦੋਸ਼ ਹਨ, ਸਫਾਈ ਦੀਆਂ ਗਵਾਹੀਆਂ ਅਤੇ ਪੁਲਿਸ ਵਲੋਂ ਪੇਸ਼ ਕੀਤੀ ਗਈ ਪੜਤਾਲੀਆ ਰਿਪੋਰਟ ਚੀਕ-ਚੀਕ ਕੇ ਇਹ ਕਹਿ ਰਹੀਆਂ ਸਨ ਕਿ ਇਹ ਤਿੰਨੋਂ ਸਾਥੀਆਂ ਨੂੰ ਜਾਣ-ਬੁਝ ਕਿ ਕਿਰਨਜੀਤ ਦਾ ਕੇਸ ਲੜਣ ਦੀ ਖੁੰਦਕ ਕਾਰਨ ਫਸਾਇਆ ਗਿਆ ਹੈ। ਉਸ ਨੂੰ ਇਹ ਵੀ ਪਤਾ ਸੀ ਕਿ ਕਿਰਨਜੀਤ ਦੇ ਕਾਤਲਾਂ ਦੇ ਖਿਲਾਫ ਲੱਖਾਂ ਲੋਕਾਂ ਦਾ ਰੋਹ ਲਾਵਾ ਬਣ ਕੇ ਫੁੱਟ ਰਿਹਾ ਹੈ, ਜਿਸ ਦੀ ਵਜ੍ਹਾ ਕਰਕੇ ਸੈਸ਼ਨ ਜੱਜ ਵਲੋਂ ਉਕਤ ਦਲੀਪ ਕਤਲ ਕੇਸ ਦਾ ਫੈਸਲਾ ਸੁਣਾਉਣ ਤੋਂ ਪਹਿਲਾਂ ਹੀ ਸਕੂਲ ਪੜ੍ਹਦੇ ਆਪਣੇ ਬੱਚਿਆਂ ਨੂੰ ਸਕੂਲ ਤੋਂ ਹਟਾ ਕੇ ਆਪਣੇ ਪਿੰਡ ਭੇਜ ਦਿੱਤਾ ਗਿਆ ਸੀ, ਉਸ ਨੂੰ ਪਤਾ ਸੀ ਕਿ ਉਹ ਇਨਸਾਫ ਦਾ ਗਲਾ ਘੁਟਣ ਜਾ ਰਿਹਾ ਹੈ, ਸੱਚ ਨੂੰ ਫਾਂਸੀ ਦੇਣ ਜਾ ਰਿਹਾ ਹੈ, ਕਿਤੇ ਲੋਕ ਉਸ ਦੇ ਇਸ ਅਨਿਆਂ ਭਰਪੂਰ ਫੈਸਲੇ ਨੂੰ ਸੁਣ ਕੇ ਉਸ ਨੂੰ ਜਾਂ ਉਸ ਦੇ ਪਰਿਵਾਰ ਨੂੰ ਕੋਈ ਨੁਕਸਾਨ ਨਾ ਪਹੁੰਚਾ ਦੇਣ ਇਸ ਵਜ੍ਹਾ ਕਰਕੇ ਗਡ ਚਉਸ ਵਲੋਂ ਫੈਸਲੇ ਵਾਲੇ ਦਿਨ ਕੋਰਟ ਕੰਪਲੈਕਸ ਨੂੰ ਪੁਲਿਸ ਛਾਉਣੀ ਵਿਚ ਤਬਦੀਲ ਕਰਵਾ ਦਿੱਤਾ ਗਿਆ ਕਿਸੇ ਨੂੰ ਵੀ ਅਦਾਲਤ ਅੰਦਰ ਜਾਣ ਦੀ ਇਜ਼ਾਜਤ ਨਹੀਂ ਸੀ ਸੈਸਨ ਜੱਜ ਵਲੋਂ ਸੱਤ ਵਿਅਕਤੀਆਂ ਜਿਨ੍ਹਾਂ ਵਿਚ ਤਿੰਨ ਐਕਸ਼ਨ ਕਮੇਟੀ ਦੇ ਮੈਂਬਰ ਪ੍ਰੇਮ ਕੁਮਾਰ, ਨਰਾਇਣ ਦੱਤ ਅਤੇ ਮਨਜੀਤ ਸਿੰਘ ਧਨੇਰ ਵੀ ਸ਼ਾਮਲ ਸਨ ਨੂੰ ਵੱਖ-ਵੱਖ ਧਾਰਾਵਾਂ ਤਹਿਤ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਗਈ।

ਉਸ ਦਿਨ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਕਚਹਿਰੀ ਚੌਕ ਵਿਚ ਪਹੁੰਚ ਚੁੱਕੇ ਸਨ ਅਤੇ ਫੈਸਲੇ ਦੀ ਉਡੀਕ ਕਰ ਰਹੇ ਸਨ, ਜਿਉਂ ਹੀ ਫੈਸਲਾ ਆਇਆ ਲੋਕਾਂ ਦਾ ਰੋਹ ਅਤੇ ਜਾਹੋ ਜਲਾਲ ਵੇਖਣ ਵਾਲਾ ਸੀ, ਕੋਈ ਵੀ ਅਣਸੁਖਾਵੀਂ ਘਟਨਾ ਵਾਪਰ ਸਕਦੀ ਸੀ ਪਰ ਐਕਸ਼ਨ ਕਮੇਟੀ ਦੀ ਯੋਗ ਅਗਵਾਈ ਕਾਰਨ ਕੋਈ ਵੀ ਅਣਸੁਖਾਵੀਂ ਘਟਨਾ ਵਾਪਰਨ ਤੋਂ ਬਚ ਗਈ। ਲੋਕਾਂ ਵਲੋਂ ਐਕਸ਼ਨ ਕਮੇਟੀ ਦੀ ਅਗਵਾਈ ਵਿਚ ਸ਼ਹਿਰ ਅੰਦਰ ਰੋਹ ਭਰਪੂਰ ਮਾਰਚ ਕੱਢਿਆ ਗਿਆ ਤੇ ਪੁਲਿਸ, ਸਿਆਸੀ, ਗੁੰਡਾ ਤੇ ਅਦਾਲਤੀ ਗੱਠ ਜੋੜ ਖਿਲਾਫ ਅਕਾਸ ਗੁੰਜਾਊ ਨਾਅਰੇਬਾਜ਼ੀ ਕੀਤੀ ਗਈ।

ਸੈਸ਼ਨ ਕੋਰਟ ਵਲੋਂ ਸੁਣਾਏ ਗਏ ਆਪਣੇ ਫੈਸਲੇ ਅੰਦਰ ਜੱਜ ਸਹਿਬ ਵਲੋਂ ਇਕ ਬਹੁਤ ਹੀ ਨਿੰਦਨਯੋਗ ਟਿੱਪਣੀ ਕੀਤੀ ਗਈ ਸੀ ਕਿ ਇਹ ਲੋਕ ਐਜੀਟੇਟਰ ਹਨ, ਕਮਿਊਨਿਸਟ ਹਨ ਵਗੈਰਾ ਇਸ ਗੱਲ ਤੋਂ ਬਿਲਕੁਲ ਸਪਸ਼ਟ ਹੁੰਦਾ ਹੈ ਕਿ ਉਸ ਵਲੋਂ ਕੀਤਾ ਗਿਆ ਇਹ ਫੈਸਲਾ ਸੱਚ ਨੂੰ ਫਾਂਸੀ ਤੇ ਜਮਹੂਰੀ ਹੱਕਾਂ ਦੀ ਰਾਖੀ ਕਰਨ ਵਾਲੇ ਅਤੇ ਲੋਕ ਹਿੱਤਾਂ ਲਈ ਲੜਣ ਵਾਲੇ ਲੋਕਾਂ ਨਾਲ ਚਿੜ ਭਰਪੂਰ ਸੀ ।

ਉਕਤ ਫੈਸਲੇ ਤੋਂ ਬਾਅਦ ਤਿੰਨੋਂ ਸਾਥੀ ਜੇਲ ਵਿਚ ਤਕਰੀਬਨ ਇਕ ਸਾਲ ਬੰਦ ਰਹੇ, ਉਨ੍ਹਾਂ ਵਿਚੋਂ ਦੋ ਸਾਥੀ ਮਾਸਟਰ ਪ੍ਰੇਮ ਕੁਮਾਰ ਤੇ ਨਰਾਇਣ ਦੱਤ ਸਰਕਾਰੀ ਮੁਲਾਜ਼ਮ ਸਨ ਸਜ਼ਾ ਮਿਲਣ ਕਾਰਨ ਸਬੰਧਤ ਮਹਿਕਮੇ ਵਲੋਂ ਉਨ੍ਹਾਂ ਨੂੰ ਸਸਪੈਂਡ ਕਰ ਦਿੱਤਾ ਗਿਆ ਸੀ। ਉਨ੍ਹਾਂ ਦੀ ਮੁਅੱਤਲੀ ਦੇ ਸਮੇਂ ਦੌਰਾਨ ਉਕਤ ਤਿੰਨਾਂ ਸਾਥੀਆਂ ਦੇ ਪਰਿਵਾਰਾਂ ਨੂੰ ਐਕਸ਼ਨ ਕਮੇਟੀ ਵਲੋਂ ਆਰਥਿਕ ਮਦਦ ਵੀ ਦਿੱਤੀ ਜਾਂਦੀ ਰਹੀ ਜੋ ਉਕਤ ਦੋਨਾਂ ਸਾਥੀਆਂ ਦੇ ਹਾਈਕੋਰਟ ਵਿਚੋਂ ਬਰੀ ਹੋ ਜਾਣ ਉਪਰੰਤ ਉਹ ਦੋਨੋਂ ਸਾਥੀ ਨੌਕਰੀ ਤੇ ਬਹਾਲ ਹੋ ਗਏ ਤੇ ਉਨ੍ਹਾਂ ਨੇ ਉਪਰੋਕਤ ਪ੍ਰਾਪਤ ਕੀਤੀ ਸਹਾਇਤਾ ਰਾਸ਼ੀ ਕਮੇਟੀ ਨੂੰ ਵਾਪਸ ਕਰ ਦਿੱਤੀ ਗਈ।

ਉਕਤ ਫੈਸਲੇ ਤੋਂ ਬਾਅਦ ਪੰਜਾਬ ਪੱਧਰੀ ਸੰਘਰਸ਼ ਕਮੇਟੀ ਦਾ ਗਠਨ ਕੀਤਾ ਗਿਆ। ਐਕਸ਼ਨ ਕਮੇਟੀ ਤੇ ਸੰਘਰਸ਼ ਕਮੇਟੀ ਨੇ ਮਿਲਕੇ ਕਈ ਐਕਸ਼ਨ ਕੀਤੇ, ਉਕਤ ਤਿੰਨਾਂ ਸਾਥੀਆਂ ਦੀ ਸਜ਼ਾ ਰੱਦ ਕਰਵਾਉਣ ਲਈ ਪੰਜਾਬ ਪੱਧਰੀ ਦਸਤਖਤੀ ਮੁਹਿੰਮ ਚਲਾਈ ਗਈ ਜਿਸ ਅੰਦਰ ਲੱਖਾਂ ਲੋਕਾਂ ਨੇ ਭਾਗ ਲਿਆ ਅਤੇ ਦਸਤਖਤ ਕੀਤੇ ਗਏ ਪੇਪਰ ਗਵਰਨਰ ਪੰਜਾਬ ਪਾਸ ਭੇਜ ਦਿੱਤੇ ਗਏ। ਇਸ ਤੋਂ ਇਲਾਵਾ ਸੈਸ਼ਨ ਕੋਰਟ ਬਰਨਾਲਾ ਵਲੋਂ ਸੁਣਾਏ ਗਏ ਫੈਸਲੇ ਦੇ ਖਿਲਾਫ ਪੰਜਾਬ ਐਂਡ ਹਰਿਆਣਾ ਹਾਈਕੋਰਟ ਵਿਚ ਅਪੀਲ ਵੀ ਪਾਈ ਗਈ।

ਚੰਡੀਗੜ੍ਹ ਵਿਚ ਲੱਖਾਂ ਲੋਕਾਂ ਦਾ ਇਕੱਠ ਕਰਕੇ ਗਵਰਨਰ ਹਾਊਸ ਤੱਕ ਮਾਰਚ ਕੱਢਿਆ ਗਿਆ ਜਿਸ ਤੋਂ ਪ੍ਰਭਾਵਿਤ ਹੋਕੇ ਗਵਰਨਰ ਪੰਜਾਬ ਵਲੋਂ ਉਪਰੋਕਤ ਤਿੰਨਾਂ ਸਾਥੀਆਂ ਦੀ ਸਜ਼ਾ ਮੁਆਫ ਦਾ ਹੁਕਮ ਜਾਰੀ ਕਰ ਦਿੱਤਾ ਗਿਆ। ਪਰੰਤੂ ਹਾਈਕੋਰਟ ਵਲੋਂ ਗਵਰਨਰ ਦੇ ਹੁਕਮ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ, ਹਾਈਕੋਰਟ ਵਲੋਂ ਨਰਾਇਣ ਦੱਤ ਤੇ ਪ੍ਰੇਮ ਕਮਾਰ ਨੂੰ ਵਕੀਲ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਬਰੀ ਕਰ ਦਿੱਤਾ ਗਿਆ ਤੇ ਮਨਜੀਤ ਸਿੰਘ ਧਨੇਰ ਦੀ ਸਜ਼ਾ ਬਹਾਲ ਰੱਖੀ ਗਈ। ਹਾਈਕੋਰਟ ਦੇ ਇਸ ਫੈਸਲੈ ਖਿਲਾਫ ਸੁਪਰੀਮ ਕੋਰਟ ਵਿਚ ਅਪੀਲ ਪਾਈ ਗਈ ਜੋ ਲੰਮਾਂ ਸਮਾਂ ਫਾਇਲਾਂ ਦਾ ਸਿੰਗਾਰ ਬਣੀ ਰਹੀ। ਇਕ ਵਿਲਖਣ ਕਾਰਵਾਈ ਇਹ ਹੋਈ ਕੇ ਸੁਪਰੀਮ ਕੋਰਟ ਵਿਚੋਂ ਮਨਜੀਤ ਸਿੰਘ ਧਨੇਰ ਨੂੰ ਜ਼ਮਾਨਤ ਮਿਲ ਗਈ ਸੀ ਜੋ ਬਹੁਤ ਹੀ ਘਟ ਕੇਸਾਂ ਵਿਚ ਵੇਖਣ ਨੂੰ ਮਿਲਦੀ ਹੈ ਤੇ ਉਹ ਮਿਤੀ 29 ਸਤੰਬਰ ਤੱਕ ਉਹ ਬਾਹਰ ਸੀ, ਪਰ 3 ਸਤੰਬਰ ਨੂੰ ਸੁਪਰੀਮ ਕੋਰਟ ਵਲੋਂ ਉਸ ਨੂੰ ਸੈਸ਼ਨ ਕੋਰਟ ਬਰਨਾਲਾ ਵਲੋਂ ਸੁਣਾਈ ਗਈ ਉਮਰ ਕੈਦ ਦੀ ਸਜ਼ਾ ਜਿਸ ਨੂੰ ਪੰਜਾਬ ਐਂਡ ਹਰਿਆਣਾ ਹਾਈਕੋਰਟ ਵਲੋਂ ਵੀ ਬਰਕਰਾਰ ਰੱਖ ਦਿੱਤਾ ਗਿਆ ਸੀ ਨੂੰ ਸਹੀ ਮੰਨਕੇ ਮਨਜੀਤ ਦੀ ਉਮਰ ਕੈਦ ਦੀ ਸਜਾ ਬਹਾਲ ਰੱਖ ਦਿੱਤੀ ਗਈ ਸੀ ਜਿਸ ਕਾਰਨ ਮਨਜੀਤ ਸਿੰਘ ਧਨੇਰ ਮਿਤੀ 30 ਸਤੰਬਰ ਤੋਂ ਹੀ ਜੇਲ੍ਹ ਦੀਆਂ ਸੀਖਾਂ ਪਿਛੇ ਬੰਦ ਹੈ ।

ਇਸ ਕੇਸ ਦਾ ਫੈਸਲਾ ਸੁਣਾਉਣ ਤੋਂ ਪਹਿਲਾਂ ਸੁਪਰੀਮ ਕੋਰਟ ਦੇ ਜੱਜਾਂ ਵਲੋਂ ਸਰਕਾਰੀ ਵਕੀਲ ਨੂੰ ਕਿਹਾ ਗਿਆ ਕਿ ਉਹ ਗਵਰਨਰ ਪੰਜਾਬ ਦੇ ਇਸ ਕੇਸ ਸੰਬੰਧੀ ਵਿਊਜ਼ ਲੈਕੇ ਆਉਣ ਪਰ ਸਰਕਾਰੀ ਵਕੀਲ ਵਾਰ ਵਾਰ ਸਮਾਂ ਮੰਗਦਾ ਰਿਹਾ ਅਖੀਰ ਵਿਚ ਸੁਪਰੀਮ ਕੋਰਟ ਦੇ ਜੱਜ ਸਹਿਬਾਨਾਂ ਨੇ ਵਕੀਲਾਂ ਨੂੰ ਇਹ ਕਹਿ ਦਿੱਤਾ ਕਿ ਹੁਣ ਕੋਈ ਸਮਾਂ ਨਹੀਂ ਮਿਲਣਾ ਤੁਸੀਂ ਬਹਿਸ ਲਈ ਤਿਆਰ ਹੋਕੇ ਆਓ ਜਿਸ ਕਾਰਨ ਮਿਤੀ 9 ਜੁਲਾਈ 19 ਨੂੰ ਬਹਿਸ ਹੋਈ ਐਕਸ਼ਨ ਕਮੇਟੀ ਵਲੋਂ ਸੀਨੀਅਰ ਵਕੀਲ ਬੀਬੀ ਕਾਮਨੀ ਜਾਇਸਵਾਲ ਨੇ ਮਨਜੀਤ ਸਿੰਘ ਦੇ ਨਿਰਦੋਸ਼ ਹੋਣ ਬਾਰੇ ਤਕਰੀਬਨ ਢਾਈ ਘੰਟੇ ਬਹਿਸ ਕੀਤੀ, ਬਹਿਸ ਦੌਰਾਨ, ਉਸ ਨੇ ਕਿਰਨਜੀਤ ਦੇ ਅਗਵਾ ਹੋਣ ਤੇ ਲੈਕੇ ਦਲੀਪ ਸਿੰਘ ਦੇ ਕਤਲ ਤੱਕ 'ਕੇਸ ਦੇ ਹਰ ਪਹਿਲੂ ਨੂੰ ਬਹੁਤ ਹੀ ਵਧੀਆਂ ਢੰਗ ਨਾਲ ਵਾ ਦਲੀਲ ਤਥਾਂ ਸਹਿਤ ਪੇਸ ਕੀਤਾ, ਬਹਿਸ ਉਪਰੰਤ ਜੱਜਾਂ ਵਲੋਂ ਫੈਸਲਾ ਰਾਖਵਾਂ ਰੱਖ ਦਿੱਤਾ ਗਿਆ ਤੇ ਮਿਤੀ 3.9.19 ਨੂੰ ਫੈਸਲਾ ਸੁਣਾਉਂਦੇ ਹੋਏ ਮਨਜੀਤ ਸਿੰਘ ਧਨੇਰ ਦੀ ਹਾਈ ਕੋਰਟ ਵਲੋਂ ਬਰਕਰਾਰ ਰੱਖੀ ਗਈ ਉਮਰ ਕੈਦ ਦੀ ਸਜਾ ਬਹਾਲ ਰੱਖ ਦਿੱਤੀ ਗਈ, ਜੋ ਸੱਚ ਨੂੰ ਫਾਂਸੀ ਦੇ ਤੁੱਲ ਹੈ।

"ਸੱਚੇ ਫਾਂਸੀ ਚੜ੍ਹਦੇ ਦੇਖੇ ,
ਝੂਠਾ ਮੌਜ ਉਡਾਏ"

**– ਕੁਲਵੰਤ ਰਾਏ ਪੰਡੋਰੀ**
9417542843

ਅਮਨਦੀਪ ਸਿੰਘ ਸੇਖੋਂ

# ਧੀਆਂ ਦੀ ਇੱਜ਼ਤ ਦੇ ਰਾਖੇ ਨੂੰ ਉਮਰ ਕੈਦ ਕਿਉਂ ?

'ਨਿਰਭਿਆ' ਬਲਾਤਕਾਰ ਅਤੇ ਕਤਲ ਕਾਂਡ ਤੋਂ ਪਿੱਛੋਂ ਬਲਾਤਕਾਰੀਆਂ ਨੂੰ ਤੁਰੰਤ ਚੁਰਾਹਿਆਂ ਵਿਚ ਫਾਂਸੀ ਦੇਣ ਦੀ ਮੰਗ ਕਰਦੀਆਂ ਜਨੂੰਨੀ ਭੀੜਾਂ ਜਦੋਂ ਦੇਸ਼ ਭਰ ਵਿਚ ਵਿਖਾਵੇ ਕਰ ਰਹੀਆਂ ਸਨ ਤਾਂ ਖੱਬੇ-ਪੱਖੀ ਧਿਰਾਂ ਅਜਿਹੀਆਂ 'ਚੁਰਾਹਾ ਅਦਾਲਤਾਂ' ਦੀ ਸੋਚ ਵਿਰੁੱਧ ਨਿੱਤਰੀਆਂ ਸਨ। ਅੱਜ ਜਦੋਂ 'ਚੁਰਾਹਾ ਅਦਾਲਤਾਂ' ਵਾਲੇ ਉਹ ਇਰਾਦੇ ਰੰਗ ਲਿਆਏ ਨੇ ਤਾਂ ਮੌਤ ਬਲਾਤਕਾਰੀਆਂ ਨੂੰ ਨਹੀਂ ਸਗੋਂ ਗਊ ਹੱਤਿਆ, ਬੱਚਾ ਚੋਰੀ ਜਾਂ ਜਾਦੂ-ਟੂਣੇ ਵਰਗੀਆਂ ਅਫ਼ਵਾਹਾਂ ਦੇ ਆਧਾਰ 'ਤੇ ਵਰਤਾਈ ਜਾ ਰਹੀ ਹੈ। ਬਲਾਤਕਾਰੀਆਂ ਦੇ ਪੱਖ ਵਿਚ ਕਿਤੇ ਤਿਰੰਗਾ ਯਾਤਰਾ ਨਿਕਲਦੀ ਹੈ ਅਤੇ ਕਿਤੇ ਬਲਾਤਕਾਰ ਪੀੜਤਾਂ ਦੇ ਪਰਿਵਾਰ ਹੀ ਕਾਨੂੰਨ ਦੇ ਨਿਸ਼ਾਨੇ 'ਤੇ ਆ ਜਾਂਦੇ ਹਨ। ਪੰਜਾਬ ਦੇ ਇਕ ਖੱਬੇ-ਪੱਖੀ ਆਗੂ ਨੂੰ 'ਮੌਬ ਲਿੰਚਿੰਗ' ਦੇ ਦੋਸ਼ ਵਿਚ ਸਜ਼ਾ ਹੋ ਜਾਣਾ 'ਸਾਡੇ ਸਮਿਆਂ' ਦੀ ਸਹੀ ਸ਼ਨਾਖਤ ਹੈ। ਕਿਸਾਨ ਆਗੂ ਮਨਜੀਤ ਸਿੰਘ ਧਨੇਰ ਨੂੰ ਇਕ ਕਤਲ ਕੇਸ ਵਿਚ ਸੈਸ਼ਨ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਦਿੱਤੀ ਸੀ ਜਿਸਨੂੰ ਹਾਈ ਕੋਰਟ ਅਤੇ ਸੁਪਰੀਮ ਕੋਰਟ ਨੇ ਵੀ ਬਰਕਰਾਰ ਰੱਖਿਆ ਹੈ। ਮਨਜੀਤ ਸਿੰਘ ਦਾ ਅਸਲ ਕਸੂਰ ਉਸ ਲੋਕ ਸੰਘਰਸ਼ ਦੀ ਅਗਵਾਈ ਕਰਨਾ ਸੀ ਜਿਸਨੇ ਕਾਨੂੰਨ ਨੂੰ ਆਪਣਾ ਕੰਮ ਕਰਨ 'ਤੇ ਮਜਬੂਰ ਕਰ ਦਿੱਤਾ ਸੀ। ਜੇ ਕਿਤੇ ਕੋਈ ਜੁਰਮ ਹੁੰਦਾ ਹੈ ਤਾਂ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਨੂੰ ਫੜਨਾ ਅਤੇ ਮਜ਼ਲੂਮਾਂ ਨੂੰ ਇਨਸਾਫ਼ ਦਵਾਉਣਾ ਕਾਨੂੰਨ ਦਾ ਕੰਮ ਹੈ। ਜਦੋਂ ਕਾਨੂੰਨ ਆਪਣਾ ਇਹ ਫਰਜ਼ ਨਹੀਂ ਨਿਭਾਉਂਦਾ ਤਾਂ ਮਜ਼ਲੂਮ ਆਪਣਾ ਬਦਲਾ ਆਪ ਲੈਂਦਾ ਹੈ ਜਾਂ ਫਿਰ ਸਬਰ ਦਾ ਘੁੱਟ ਭਰ ਕੇ ਚੁੱਪ ਬੈਠ ਜਾਂਦਾ ਹੈ। ਦੋਹਾਂ ਹੀ ਹਾਲਤਾਂ ਵਿਚ ਜੁਰਮ ਦੇ ਹੱਥ ਮਜ਼ਬੂਤ ਹੁੰਦੇ ਹਨ। ਕਾਨੂੰਨ ਨੇ ਆਪਣੇ ਫਰਜ਼ਾਂ ਦੀ ਅਜਿਹੀ ਹੀ ਅਣਦੇਖੀ 1997 ਵਿਚ ਕੀਤੀ ਸੀ ਜਦੋਂ ਬਾਰ੍ਹਵੀਂ ਵਿਚ ਪੜ੍ਹਦੀ ਕਿਰਨਜੀਤ ਕੌਰ ਇਕ ਦਿਨ ਅਚਾਨਕ ਲਾਪਤਾ ਹੋ ਗਈ। ਉਸਦਾ ਸਾਈਕਲ ਅਤੇ ਕੱਪੜੇ ਜਿਸ ਖੇਤ ਵਿਚੋਂ ਮਿਲੇ ਸਨ, ਉਸ ਦੇ ਮਾਲਕ ਪਰਿਵਾਰ ਦਾ ਅਪਰਾਧਕ ਇਤਿਹਾਸ ਵੀ ਸੀ ਅਤੇ ਸਿਆਸੀ ਰਸੂਖ਼ ਵੀ। ਪੁਲੀਸ ਅਜਿਹੇ ਰਸੂਖ਼ਦਾਰ ਪਰਿਵਾਰ ਨੂੰ ਭਲਾਂ ਕਿਵੇਂ ਹੱਥ ਪਾ ਸਕਦੀ ਸੀ? ਉਹ ਤਾਂ ਸਗੋਂ ਇਸ ਪਰਿਵਾਰ ਦੇ ਇਸ਼ਾਰੇ 'ਤੇ ਹੋਰ ਨੌਜਵਾਨਾਂ ਨੂੰ ਸ਼ੱਕ ਦੇ ਆਧਾਰ ਉੱਤੇ ਚੁੱਕਦੀ ਅਤੇ ਕੁੱਟਮਾਰ ਕਰਦੀ ਰਹੀ।

ਕੋਈ ਵਾਹ ਨਾ ਜਾਂਦੀ ਦੇਖ ਕੇ ਇਲਾਕੇ ਦੇ ਲੋਕਾਂ ਨੇ ਜਨਤਕ ਜਥੇਬੰਦੀਆਂ ਨਾਲ ਰਾਬਤਾ ਕਾਇਮ ਕੀਤਾ ਅਤੇ ਐਕਸ਼ਨ ਕਮੇਟੀ ਬਣਾਈ। ਲੋਕਾਂ ਦੇ ਸੰਘਰਸ਼ ਨੇ ਪੁਲੀਸ ਨੂੰ ਮਜਬੂਰ ਕਰ ਦਿੱਤਾ ਕਿ ਉਸ ਰਸੂਖ਼ਦਾਰ ਪਰਿਵਾਰ ਦੇ ਜੀਆਂ ਨੂੰ ਗ੍ਰਿਫ਼ਤਾਰ ਕਰੇ ਅਤੇ ਉਨ੍ਹਾਂ ਦੇ ਖੇਤ ਦੀ ਤਲਾਸ਼ੀ ਲਵੇ। ਲਾਸ਼ ਉਸੇ ਖੇਤ ਵਿਚ ਦੱਬੀ ਹੋਈ ਮਿਲੀ ਅਤੇ ਦੋਸ਼ੀਆਂ ਖਿਲਾਫ਼ ਸਬੂਤ ਵੀ ਕੁੜੀ ਦੀਆਂ ਮੁੱਠੀਆਂ ਵਿਚ ਫਸੇ ਵਾਲਾਂ ਦੇ ਰੂਪ ਵਿਚ ਮੌਜੂਦ ਸਨ। ਚਾਰ ਅਪਰਾਧੀਆਂ ਨੂੰ ਉਮਰ ਕੈਦ ਦੀ ਸਜ਼ਾ ਹੋਈ। ਇਸ ਪਰਿਵਾਰ ਲਈ ਅਜਿਹੇ ਕਾਰੇ ਕਰਨਾ ਕਿੰਨਾ ਆਮ ਸੀ ਇਸਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਇਸ ਕੁਕਰਮ ਵਿਚ ਮੁੱਖ ਦੋਸ਼ੀ ਨਾਲ ਉਸਦਾ ਬਾਪ ਅਤੇ ਚਾਚਾ ਵੀ ਸ਼ਾਮਲ ਸਨ। ਇਸ ਪਰਿਵਾਰ ਦੀ ਅਜਿਹੀ ਮਨੋਬਿਰਤੀ ਖਿਲਾਫ਼ ਲੋਕਾਂ ਦਾ ਰੋਹ ਸਿਖਰਾਂ 'ਤੇ ਸੀ, ਪਰ ਐਕਸ਼ਨ ਕਮੇਟੀ ਕਾਨੂੰਨੀ ਪ੍ਰਕਿਰਿਆ ਰਾਹੀਂ ਦੋਸ਼ੀਆਂ ਨੂੰ ਸਜ਼ਾਵਾਂ ਦਵਾਉਣਾ ਚਾਹੁੰਦੀ ਸੀ। ਉਨ੍ਹਾਂ ਦੀ ਇਹ ਸਮਝ ਸਹੀ ਸਾਬਤ ਹੋਈ। ਕਿਵੇਂ ਮਹਿਲ ਕਲਾਂ ਦੀ ਲੋਕ ਲਹਿਰ ਨੇ ਔਰਤਾਂ ਨੂੰ ਹਿੰਮਤ ਦਿੱਤੀ ਅਤੇ ਕਿਵੇਂ ਜਿਣਸੀ ਸ਼ੋਸ਼ਣ ਦੇ ਕਈ ਹੋਰ ਮਾਮਲਿਆਂ ਵਿਚ ਪਹਿਲ ਕਦਮੀ ਕਰਕੇ ਉਨ੍ਹਾਂ ਨੇ ਜਰਵਾਣਿਆਂ ਨੂੰ ਵੰਗਾਰਿਆ। ਲੋਕ ਤਾਕਤ ਹੱਥੋਂ ਸੱਟ ਖਾਣ ਪਿੱਛੋਂ ਹੁਣ ਸਿਸਟਮ ਵੀ ਆਪਣਾ ਬਦਲਾ ਲੈਣਾ ਚਾਹੁੰਦਾ ਸੀ। ਐਕਸ਼ਨ ਕਮੇਟੀ ਦੇ ਮੈਂਬਰਾਂ ਨੂੰ ਮੁਕੱਦਮੇਬਾਜ਼ੀ ਵਿਚ ਉਲਝਾਉਣ ਦੇ ਮਨਸ਼ੇ ਨਾਲ ਉਕਤ ਪਰਿਵਾਰ ਨੇ ਆਪਣੇ ਹਮਾਇਤੀਆਂ ਤੋਂ ਮਾਨਹਾਨੀ ਦਾ ਕੇਸ ਦਰਜ ਕਰਵਾ ਦਿੱਤਾ। ਸਬੱਬੀਂ ਇਕ ਵਾਰ ਜਦੋਂ ਕਿਰਨਜੀਤ ਕਤਲ ਕੇਸ ਅਤੇ ਇਸ ਮਾਨਹਾਨੀ ਦੇ ਕੇਸ ਦੀ ਪੇਸ਼ੀ ਇਕੋ ਦਿਨ ਸੀ ਤਾਂ ਪੇਸ਼ੀ ਭੁਗਤਣ ਆਏ ਉਸ ਪਰਿਵਾਰ ਦੇ ਮੈਂਬਰਾਂ 'ਤੇ ਇਕ ਹੋਰ ਗਰੁੱਪ ਨੇ ਹਮਲਾ ਕਰ ਦਿੱਤਾ। ਇਸ ਪਰਿਵਾਰ ਦੇ ਅੱਸੀ ਸਾਲਾ ਬਜ਼ੁਰਗ ਦਲੀਪ ਸਿੰਘ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਬਾਅਦ ਵਿਚ ਮੌਤ ਹੋ ਗਈ। ਉਕਤ ਪਰਿਵਾਰ ਅਤੇ ਪੁਲੀਸ ਨੇ ਪੁਰਾਣੀ ਕਿੜ ਕੱਢਣ ਲਈ ਐਕਸ਼ਨ ਕਮੇਟੀ ਦੇ ਤਿੰਨ ਮੋਹਰੀ ਮੈਂਬਰਾਂ ਮਨਜੀਤ ਸਿੰਘ ਧਨੇਰ, ਪ੍ਰੇਮ ਕੁਮਾਰ ਅਤੇ ਨਰਾਇਣ ਦੱਤ ਦੇ ਨਾਂ ਵੀ ਇਸ ਘਟਨਾ ਦੀ ਐੱਫ. ਆਈ. ਆਰ. ਵਿਚ ਲਿਖਵਾ ਦਿੱਤੇ। ਮੁਕੱਦਮੇਬਾਜ਼ੀ ਦੇ ਦਾਅ-ਪੇਚਾਂ ਤੋਂ ਸੱਖਣੇ ਐਕਸ਼ਨ ਕਮੇਟੀ ਮੈਂਬਰਾਂ ਨੇ ਇਸ ਝੂਠ ਦਾ ਵਿਰੋਧ ਜਨਤਕ ਦਬਾਅ ਰਾਹੀਂ ਕੀਤਾ। ਜਨਤਕ ਦਬਾਅ ਅੱਗੇ ਝੁਕਦਿਆਂ ਪੁਲੀਸ ਨੇ ਇਨ੍ਹਾਂ ਆਗੂਆਂ ਦੇ ਨਾਂ ਐੱਫ. ਆਈ. ਆਰ. ਦੇ ਖਾਨਾ ਨੰਬਰ ਦੋ ਵਿਚ ਪਾ ਦਿੱਤੇ, ਪਰ ਘਟਨਾਵਾਂ ਦੇ ਵੇਰਵੇ ਵਿਚ ਉਸੇ ਤਰ੍ਹਾਂ ਬੋਲਦੇ ਰਹੇ। ਅਦਾਲਤ ਵਿਚ ਆਪਣੀ ਪਹਿਲੀ ਪੇਸ਼ੀ 'ਤੇ ਉਕਤ ਪਰਿਵਾਰ ਦੇ ਮੈਂਬਰਾਂ ਨੇ ਅਦਾਲਤ ਨੂੰ ਦਰਖਾਸਤ ਦਿੱਤੀ ਕਿ ਐਕਸ਼ਨ ਕਮੇਟੀ ਦੇ ਤਿੰਨ ਆਗੂਆਂ ਨੂੰ ਵੀ ਕੇਸ ਵਿਚ ਨਾਮਜ਼ਦ ਕੀਤਾ ਜਾਵੇ। ਪੁਲੀਸ ਨੇ ਜਾਣਬੁੱਝ ਕੇ ਇਨ੍ਹਾਂ ਆਗੂਆਂ ਦੇ ਨਾਂ ਬਿਨਾਂ ਕਿਸੇ ਤਫਤੀਸ਼ ਤੋਂ ਹੀ ਕੇਸ ਵਿਚੋਂ ਕੱਢ ਦਿੱਤੇ ਸਨ ਜਿਸ ਕਰਕੇ ਅਦਾਲਤ ਦੀਆਂ ਨਜ਼ਰਾਂ ਵਿਚ ਪੁਲੀਸ ਇਨ੍ਹਾਂ ਆਗੂਆਂ ਦੇ ਪੱਖ ਵਿਚ ਗ਼ਲਤ ਤਫਤੀਸ਼ ਕਰਨ ਦੀ ਦੋਸ਼ੀ ਹੋ ਗਈ। ਅਦਾਲਤ ਦੀ ਟਿੱਪਣੀ ਸੀ ਕਿ ਪੁਲੀਸ ਇਨ੍ਹਾਂ ਆਗੂਆਂ ਨੂੰ ਨਿਰਦੋਸ਼ ਆਖਦੀ ਹੈ, ਪਰ ਇਸਦਾ ਕੋਈ ਕਾਰਨ ਨਹੀਂ ਦਿੰਦੀ। ਇਸ ਲਈ ਪੁਲੀਸ ਦਾ ਰਵੱਈਆ ਸ਼ੱਕੀ ਹੋ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਜਨਤਕ ਦਬਾਅ ਦੇ ਚੱਲਦਿਆਂ ਸਰਕਾਰੀ ਪੱਖ ਨੇ ਇਨ੍ਹਾਂ ਆਗੂਆਂ ਤੋਂ ਕੇਸ ਵਾਪਸ ਲੈਣ ਦੀ ਅਰਜ਼ੀ ਅਦਾਲਤ ਨੂੰ ਦਿੱਤੀ ਤਾਂ ਅਦਾਲਤ ਨੇ ਇਸਨੂੰ ਵੀ ਇਹ ਕਹਿੰਦੇ ਹੋਏ ਰੱਦ ਕਰ ਦਿੱਤਾ ਕਿ ਸਰਕਾਰ ਦੀ ਇਹ ਅਰਜ਼ੀ ਇਨਸਾਫ਼ ਦੀ ਥਾਂ ਕੁਝ ਹੋਰ ਕਾਰਨਾਂ ਤੋਂ ਪ੍ਰੇਰਿਤ ਹੈ। ਇਕ ਹੋਰ ਗੱਲ ਜੋ ਇਸ ਕੇਸ ਵਿਚ ਜਨਤਕ ਆਗੂਆਂ ਵਿਰੁੱਧ ਗਈ ਉਹ ਸੀ ਕਿਸੇ ਨਿਰਪੱਖ ਗਵਾਹ ਦਾ ਨਾ ਹੋਣਾ। ਫਰਿਆਦੀ ਧਿਰ ਦੇ ਗਵਾਹ ਹਮਲਾਵਰਾਂ ਦੇ ਨਾਲ-ਨਾਲ ਇਨ੍ਹਾਂ ਆਗੂਆਂ ਦੇ ਵੀ ਨਾਂ ਲੈਂਦੇ ਸਨ। ਜਦੋਂਕਿ ਆਗੂਆਂ ਦਾ ਬਚਾਅ ਕਰਨ ਵਾਲੇ ਗਵਾਹ ਸਿਰਫ਼ ਇਨ੍ਹਾਂ ਦਾ ਬਚਾਅ ਕਰਦੇ ਸਨ, ਪਰ ਅਸਲ ਹਮਲਾਵਰਾਂ ਦੀ ਪਛਾਣ ਨਹੀਂ ਸਨ ਕਰਦੇ। ਅਜਿਹੇ ਤਕਨੀਕੀ ਨੁਕਤਿਆਂ ਦੇ ਚੱਲਦੇ ਹੇਠਲੀ ਅਦਾਲਤ ਨੇ ਅਸਲ ਦੋਸ਼ੀਆਂ ਦੇ ਨਾਲ-ਨਾਲ ਇਨ੍ਹਾਂ ਤਿੰਨਾਂ ਆਗੂਆਂ ਨੂੰ ਵੀ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ। ਸ਼ੱਕ ਦਾ ਲਾਭ ਦਿੰਦੇ ਹੋਏ ਹਾਈ ਕੋਰਟ ਨੇ ਪ੍ਰੇਮ ਕੁਮਾਰ ਅਤੇ ਨਰਾਇਣ ਦੱਤ ਨੂੰ ਤਾਂ ਬਰੀ ਕਰ ਦਿੱਤਾ, ਪਰ ਮਨਜੀਤ ਸਿੰਘ ਦੀ ਸਜ਼ਾ ਹਾਈ ਕੋਰਟ ਤੋਂ ਲੈ ਕੇ ਸੁਪਰੀਮ ਕੋਰਟ ਤਕ ਬਰਕਰਾਰ ਰਹੀ। ਅਦਾਲਤਾਂ ਆਪਣੇ ਫ਼ੈਸਲੇ ਕਾਨੂੰਨੀ ਨੁਕਤਿਆਂ ਤੋਂ ਕਰ ਸਕਦੀਆਂ ਹਨ, ਪਰ ਸਮਾਜ ਲਈ ਇਹ ਇਕ ਇਖਲਾਕੀ ਚੁਣੌਤੀ ਹੈ। ਸਾਡੇ ਸਾਹਮਣੇ ਅਜਿਹੇ ਅਪਰਾਧੀ ਹਨ ਜੋ ਭਿਆਨਕ ਤੋਂ ਭਿਆਨਕ ਅਪਰਾਧ ਕਰਕੇ ਵੀ ਆਪਣੇ ਪੈਸੇ ਦੀ ਤਾਕਤ ਨਾਲ ਮਹਿੰਗੇ ਵਕੀਲ ਖ਼ਰੀਦਦੇ ਹਨ ਅਤੇ ਕਾਨੂੰਨ ਦੀ ਪਹੁੰਚ ਤੋਂ ਬਾਹਰ ਰਹਿੰਦੇ ਹਨ। ਜੀ ਕਰੇ ਤਾਂ ਉਹ ਵਿਧਾਨ ਸਭਾਵਾਂ ਵਿਚ ਜਾ ਬੈਠਦੇ ਹਨ ਅਤੇ ਆਪਣੀ ਮਰਜ਼ੀ ਦੇ ਕਾਨੂੰਨ ਬਣਾਉਂਦੇ ਅਤੇ ਸਾਡੇ ਉੱਤੇ ਲਾਗੂ ਕਰਦੇ ਹਨ। ਉਹ ਸਾਨੂੰ ਕਾਨੂੰਨ ਦੀ ਸਰਵ-ਉੱਚਤਾ ਅਤੇ ਕਾਨੂੰਨ ਦੀ ਨਜ਼ਰ ਵਿਚ ਸਭ ਦੀ ਬਰਾਬਰੀ ਦਾ ਉਪਦੇਸ਼ ਦਿੰਦੇ ਹਨ। ਅਸੀਂ ਉਨ੍ਹਾਂ ਸਾਹਮਣੇ ਸੇਵਕ ਵਾਂਗ ਹੱਥ ਬੰਨ੍ਹੀਂ ਖੜ੍ਹੇ ਕਾਨੂੰਨ ਨੂੰ ਨਾ ਦੇਖਣ ਦਾ ਪੱਜ ਕਰਦੇ ਹਾਂ। ਕਾਨੂੰਨ ਦੀਆਂ ਅੱਖਾਂ 'ਤੇ ਕੋਈ ਪੱਟੀ ਨਹੀਂ ਬੰਨ੍ਹੀਂ ਹੁੰਦੀ, ਉਹ ਤਾਂ ਤਕੜੇ ਅਤੇ ਮਾੜੇ, ਅਮੀਰ ਅਤੇ ਗ਼ਰੀਬ ਨੂੰ ਚੰਗੀ ਤਰ੍ਹਾਂ ਪਛਾਣ ਕੇ ਫ਼ੈਸਲੇ ਕਰਦਾ ਹੈ। ਸਭ ਤੋਂ ਵੱਧ ਸਖ਼ਤ ਇਹ ਉਨ੍ਹਾਂ ਲੋਕਾਂ ਲਈ ਹੁੰਦਾ ਹੈ ਜੋ ਸਾਡੀਆਂ ਅੱਖਾਂ 'ਤੇ ਬੰਨ੍ਹੀਆਂ ਪੱਟੀਆਂ ਖੋਲ੍ਹਣ ਦੀ ਕੋਸ਼ਿਸ਼ ਕਰਦੇ ਹਨ। ਅਸੀਂ 1931 ਵਿਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਨਹੀਂ ਸੀ ਬਚਾ ਸਕੇ, ਪਰ ਮਾਉਂਟਜੁਆਏ ਦੀ ਜੇਲ੍ਹ ਅੱਗੇ ਪ੍ਰਦਰਸ਼ਨ ਕਰਨ ਵਾਲੀ ਆਇਰਲੈਂਡ ਦੀ ਜਨਤਾ ਨੇ 1916 ਵਿਚ ਆਪਣੇ ਕ੍ਰਾਂਤੀਕਾਰੀ ਯੋਧਿਆਂ ਨੂੰ ਕਾਨੂੰਨ ਦੇ ਪੰਜਿਆਂ ਤੋਂ ਛੁਡਾ ਲਿਆ ਸੀ। ਕੀ ਬਰਨਾਲਾ ਮਾਉਂਟਜੁਆਏ ਬਣ ਸਕਦਾ ਹੈ? ਇਸਦਾ ਫ਼ੈਸਲਾ ਪੰਜਾਬ ਦੀਆਂ ਧੀਆਂ ਨੇ ਕਰਨਾ ਹੈ। ਜੇ ਪੰਜਾਬ ਸਰਕਾਰ 'ਕਾਨੂੰਨ ਦੇ ਰਾਖਿਆਂ' ਦਾ ਮਨੋਬਲ ਬਰਕਰਾਰ ਰੱਖਣ ਲਈ ਝੂਠੇ ਪੁਲੀਸ ਮੁਕਾਬਲੇ ਵਿਚ ਇਕ ਨੌਜਵਾਨ ਨੂੰ ਕਤਲ ਕਰ ਦੇਣ ਵਾਲੇ 4 ਪੁਲੀਸ ਮੁਲਾਜ਼ਮਾਂ ਦੀ ਸਜ਼ਾ ਮੁਆਫ਼ ਕਰ ਸਕਦੀ ਹੈ ਤਾਂ ਲੋਕਾਂ ਦੇ ਹੱਕਾਂ ਲਈ ਲੜਨ ਵਾਲਿਆਂ ਦਾ ਮਨੋਬਲ ਕਾਇਮ ਰੱਖਣ ਲਈ ਮਨਜੀਤ ਧਨੇਰ ਦੀ ਸਜ਼ਾ ਕਿਉਂ ਮੁਆਫ਼ ਨਹੀਂ ਕਰ ਸਕਦੀ? ਇਹ ਸਵਾਲ ਹਰ ਧੀ ਨੂੰ ਪੁੱਛਣਾ ਚਾਹੀਦਾ ਹੈ।

ਸੰਪਰਕ: 70099-1148999

# ਸੁਕਰਾਤ ਦਾ ਮੁਰਗਾ

## ਲਿਓਪੋਲਡੋ ਏਲਸ (ਕਲੇਰਿਨ)

ਨਰਭਿੰਦਰ
93544-30211

*(ਇਹ ਇਕ ਸਪੇਨੀ ਕਹਾਣੀ ਹੈ। ਮੈਂ ਕੋਈ ਅਨੁਵਾਦਕ ਨਹੀਂ ਹਾਂ। ਪਰ ਇਹ ਕਹਾਣੀ ਮੇਰੇ ਪਸੰਦੀਦਾ ਕਹਾਣੀਆਂ 'ਚੋਂ ਇਕ ਹੈ। ਮੈਂ ਇਹਨੂੰ ਕਿਉਂ ਅਨੁਵਾਦ ਕੀਤਾ ਮੈਂ ਇਹਦੀ ਵਿਆਖਿਆ ਵੀ ਨਹੀਂ ਕਰ ਸਕਦਾ। ਮੈਂ ਇਹ ਛਪਵਾਉਣ ਲਈ ਵੀ ਅਨੁਵਾਦ ਨਹੀਂ ਸੀ ਕੀਤਾ। ਮੈਂ ਅਜਿਹਾ ਬਹੁਤ ਕੁਝਆਪਣੇ ਝੱਸ ਪੂਰੇ ਕਰਨ ਲਈ ਕਰਦਾ ਰਹਿੰਦਾ ਹਾਂ। ਮੈਂ ਸਰੋਕਾਰ ਨੂੰ ਛਪਣ ਹਿੱਤ ਦੇਣ ਲਈ ਵੀ ਵਾਰ ਵਾਰ ਸੋਚਦਾ ਰਿਹਾ ਪਰ ਆਖਰ ਨਾ ਚਾਹੁੰਦਿਆਂ ਹੋਇਆਂ ਵੀ ਛਪਣ ਲਈ ਦੇ ਦਿੱਤੀ। ਅਨੁਵਾਦ ਦੇ ਲਿਹਾਜ਼ ਨਾਲ ਮੈਥੋਂ ਕਿਤੇ ਵਧ ਸੁਚੱਜਾ ਅਨੁਵਾਦ ਕਰਨ ਵਾਲੇ ਸਮਰੱਥ ਅਨੁਵਾਦ ਹੋਣਗੇ। ਪਰ ਕੀਰਟੋ (ਕੀਟੋ) ਜਾਂ ਕੀਟ ਮੇਰੇ ਮਸਤਕ 'ਚੋਂ ਖਾਰਜ ਨਹੀਂ ਹੁੰਦਾ। ਵਾਰ ਵਾਰ ਖੁਰਕ ਕਰਦਾ ਆ ਰਿਹਾ ਹੈ। ਇਹ ਮੈਂ ਕਹਾਣੀ ਪਾਠਕਾਂ ਤੇ ਆਲੋਚਕਾਂ 'ਤੇ ਛੱਡਦਾ ਹਾਂ। ਕੀ ਅਸੀਂ ਕਰੀਟੋ ਦਾ ਭੂਤ ਤਾਂ ਨਹੀਂ ਚੁੱਕੀ ਫਿਰ ਰਹੇ?-ਅਨੁਵਾਦਕ)*

ਗੁਰੂ ਦੀਆਂ ਅੱਖਾਂ ਅਤੇ ਜ਼ੁਬਾਨ ਜਦੋਂ ਹਮੇਸ਼ਾ ਲਈ ਬੰਦ ਹੋ ਗਈ ਤਾਂ ਉਸ ਦੇ ਪਾਰਥਕ (ਲਾਸ਼) ਸਰੀਰ ਦੇ ਨੇੜੇ ਇਕੱਠੇ ਜੁੜੇ ਹੋਰਾਂ ਚੇਲਿਆਂ ਨੂੰ ਛੱਡ ਕੇ ਕੀਰਟੋ ਕੈਦਖਾਨੇ 'ਚੋਂ ਬਾਹਰ ਨਿਕਲ ਆਇਆ। ਉਹ ਗੁਰੂ ਸੁਕਰਾਤ ਦੀ ਅੰਤਿਮ ਇੱਛਾ ਨੂੰ ਬਹੁਤ ਜਲਦੀ ਪੂਰੀ ਕਰਨਾ ਚਾਹੁੰਦਾ ਸੀ। ਮੌਤ ਤੋਂ ਠੀਕ ਪਹਿਲਾਂ ਗੁਰੂ ਦੇ ਉਹ ਵਾਕ (ਸ਼ਬਦ) ਬਹੁਤ ਜਲਦਬਾਜ਼ੀ ਵਿਚ ਉਚਰਿਤ (ਉਚਾਰੇ ਗਏ) ਸਨ, ਫਿਰ ਵੀ ਉਹਦੀ ਗੰਭੀਰਤਾ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਕੀਰਟੋ ਉਨ੍ਹਾਂ ਨੂੰ ਬਿਹਤਰ ਢੰਗ ਨਾਲ ਅਮਲ ਵਿਚ ਲਿਆਉਣਾ ਚਾਹੁੰਦਾ ਸੀ। ਮੌਤ ਦੀਆਂ ਪੀੜਾਂ ਨਾਲ ਸੁੰਨ ਅਤੇ ਬਦਰੰਗ ਹੋਏ ਆਪਣੇ ਚਿਹਰੇ ਨੂੰ ਆਪਣੇ ਚੇਲਿਆਂ ਤੋਂ ਲੁਕੋਈ ਰੱਖਣ ਦੇ ਲਈ ਸੁਕਰਾਤ ਨੇ ਜਿਸ ਲੁਬਾਦੇ ਨੂੰ ਧਾਰਨ ਕਰ ਰੱਖਿਆ ਸੀ, ਉਹ ਨੂੰ ਮੌਤ ਤੋਂ ਪਹਿਲਾਂ ਉਤਾਰਦਿਆਂ ਹੋਇਆਂ ਉਹਨੇ ਇਹੋ ਅੰਤਮ ਵਾਕ ਕਹੇ ਸਨ-

'ਕੀਰਟੋ ਸ਼ਾਂਤ ਦੇਵਤਾ ਏਸਕ ਯੂਲੇਪਿਅਸ ਦੇ ਲਈ ਇਕ ਮੁਰਗੇ ਦਾ ਮੇਰੇ ਉਤੇ ਕਰਜ਼ ਬਾਕੀ ਹੈ। ਉਸ ਕਰਜ਼ ਦੀ ਅਦਾਇਗੀ ਦੀ ਗੱਲ ਨਾ ਭੁੱਲੀ।'- ਬੱਸ ਉਹਨੇ ਐਨਾ ਹੀ ਕਿਹਾ ਸੀ।

ਕੀਰਟੋ ਦੇ ਲਈ ਗੁਰੂ ਦਾ ਅੰਤਿਮ ਵਚਨ ਬੇਹੱਦ ਪਵਿੱਤਰ ਸੀ। ਉਹਦੇ ਵਿਸ਼ਲੇਸ਼ਨ ਵਿਚ ਜਾਂ ਚੀਰਫਾੜ ਕਰਨ ਵਿਚ ਉਹਦੀ ਕੋਈ ਰੁਚੀ ਨਹੀਂ ਸੀ। ਉਹ ਤਾਂ (ਕੀਰਟੋ) ਇਹ ਜਾਣਨ ਦਾ ਇਛੁੱਕ ਵੀ ਨਹੀਂ ਸੀ ਕਿ ਸ਼ਾਇਦ ਸੁਕਰਾਤ ਨੇ ਮਜ਼ਾਕ ਕੀਤਾ ਹੋਵੇ ਜਾਂ ਵਿਅੰਗ ਵਿਚ ਅਜਿਹਾ ਕਿਹਾ ਹੋਵੇ; ਉਹਦੇ ਲਈ ਤਾਂ ਇਹ ਗੁਰੂ ਦੀ ਅੰਤਿਮ ਇੱਛਾ ਸੀ। ਏਨਾਈਟਸ ਅਤੇ ਮੱਲੀਟਸ ਦੇ ਝੂਠੇ ਦੋਸ਼ਾਂ ਦੇ ਉਲਟ ਕੀ ਸੁਕਰਾਤ ਰਾਜਕੀ ਧਰਤ ਜਾਂ ਆਮ ਲੋਕਾਂ ਦੀਆਂ ਧਾਰਮਿਕ ਮਾਨਤਾਵਾਂ ਦਾ ਸਨਮਾਨ ਨਹੀਂ ਕਰਦਾ ਸੀ? ਪੌਰਾਣਿਕ (ਜਦੋਂ ਕਿ ਕੀਰਟੋ ਅਜਿਹਾ ਨਹੀਂ ਮੰਨਦਾ ਸੀ) ਪ੍ਰਸੰਗਾਂ ਨੂੰ ਉਹਨੇ ਜਿਸ ਤਰ੍ਹਾਂ ਪ੍ਰਤੀਕਾਤਮਕ ਅਤੇ ਦਾਰਸ਼ਨਿਕ ਅੰਦਾਜ਼ ਵਿਚ ਯਥਾਰਥਪੂਰਕ ਢੰਗ ਨਾਲ ਪੇਸ਼ ਕੀਤਾ; ਉਸ ਤੋਂ ਇਹ ਸਾਫ਼ ਪ੍ਰਤੱਖ ਜ਼ਾਹਿਰ ਹੋ ਜਾਂਦਾ ਸੀ; ਉਹਦੇ ਸਾਰੇ ਕਾਵਿਆਤਮਕ ਅਤੇ ਅਮੂਰਤ ਬਿਰਤਾਂਤਕ ਕਥਨ ਇਹੋ ਪ੍ਰਮਾਣਿਤ ਕਰਦੇ ਸਨ ਕਿ ਉਹ ਗ੍ਰੀਕ ਵਾਸੀਆਂ ਦੇ ਵਿਸ਼ਵਾਸਾਂ ਅਤੇ ਰਾਜਕੀ ਧਰਮ ਦਾ ਪੂਰਾ ਸਨਮਾਨ ਕਰਦਾ ਸੀ। ਉਹਦੀ ਅੰਤਿਮ ਵਾਰਤਾਲਾਪ ਦੇ ਇਕ ਸੁੰਦਰ ਪ੍ਰਸੰਗ ਵਿਚ ਇਹਨੂੰ ਸਾਫ਼ ਵੇਖਿਆ ਜਾ ਸਕਦਾ ਸੀ। ਕੀਰਟੋ ਨੇ ਇਹ ਖੁਦ ਅਨੁਭਵ ਕੀਤਾ ਸੀ ਕਿ ਆਪਣੀ ਜਾਣੀ ਪਛਾਣੀ ਸੁਆਲਮੁਖੀ ਸ਼ੈਲੀ ਅਤੇ ਬਿਰਤਾਂਤਕ ਕਥਨ ਨੂੰ ਭੁੱਲ ਕੇ ਸੁਕਰਾਤ ਕਦੇ ਕਦੇ ਬਹੁਤ ਅਲੰਕਾਰਕ ਸ਼ੈਲੀ ਵਿਚ ਲੰਮੇ ਸਮੇਂ ਤੱਥ ਬੋਲਦਾ ਰਹਿੰਦਾ ਸੀ।

ਰਹੱਸਮਈ ਲੋਕ ਦੀਆਂ ਰੰਗਬਰੰਗੀਆਂ ਦਾ ਉਹਨੇ ਜਿਹੜੀ ਸੂਖਮਤਾ ਨਾਲ ਵਰਣਨ ਕੀਤਾ ਸੀ, ਉਹ ਕਠੋਰ ਤਰਕ ਅਤੇ ਨੀਰਸ ਦਾਰਸ਼ਨਿਕਤਾ ਤੋਂ ਹਰ ਤਰ੍ਹਾਂ ਨਾਲ ਅਲੱਗ ਪੌਰਾਣਿਕ ਚਿੰਤਨ ਦੇ ਕਿਤੇ ਵੱਧ ਨੇੜੇ ਸੀ।

ਅਤੇ ਸੁਕਰਾਤ ਨੇ ਇਹ ਕਦੇ ਨਹੀਂ ਕਿਹਾ ਕਿ ਉਹ ਉਨ੍ਹਾਂ ਚੀਜ਼ਾਂ ਉਤੇ ਵਿਸ਼ਵਾਸ ਕਦੇ ਨਹੀਂ ਕਰਦਾ ਸੀ ਅਤੇ ਨਾ ਹੀ ਉਨ੍ਹਾਂ ਕਥਨਾਂ ਦੀ ਹਕੀਕਤ ਦੀ ਕਦੀ ਪੁਸ਼ਟੀ ਹੀ ਕੀਤੀ ਸੀ, ਜਿਨ੍ਹਾਂ ਨੂੰ ਇਕ ਕੱਟੜ (ਪਾਗਲ) ਦੇ ਵਾਂਗੂੰ ਪੇਸ਼ ਕੀਤਾ ਸੀ। ਹੈਰਾਨੀ 'ਚ ਪਾਉਣ ਵਾਲਾ ਸਿਰਫ਼ ਇਹੋ ਇਕ ਦ੍ਰਿਸ਼ਟਾਂਤ ਨਹੀਂ ਸੀ, ਸਗੋਂ ਉਸ ਦੀਆਂ ਹੋਰ ਮਾਨਤਾਵਾਂ ਦੇ ਸੰਦਰਭ ਵਿਚ ਵੀ ਠੀਕ ਇਹੋ ਗੱਲ ਲਾਗੂ ਹੁੰਦੀ ਸੀ। ਜਦੋਂ ਉਹ ਆਤਮਾ ਦੀ ਆਮਰਤਾਂ ਦੇ ਪੱਖ ਵਿਚ ਤਰਕ ਪੇਸ਼ ਕਰ ਰਿਹਾ ਹੁੰਦਾ, ਦੰਭ ਅਤੇ ਭਰਮ ਨੂੰ ਬਿਲਕੁਲ ਦਰਕਿਨਾਰ ਕਰਦਿਆਂ ਹੋਇਆਂ ਇਸ ਅਧਿਆਤਮਕ ਸੰਭਾਵਨਾਵਾਂ ਨੂੰ ਸਵੀਕਾਰ ਕਰਦਾ ਕਿ ਚੀਜ਼ਾਂ ਠੀਕ ਉਵੇਂ ਨਹੀਂ ਹੁੰਦੀਆਂ, ਜਿਵੇਂ ਉਹਦੀ ਕਲਪਨਾ ਵਿਚ ਹੁੰਦੀਆਂ ਸਨ। ਸ਼ਾਂਤੀ ਦੀ ਮੁਕਤੀ ਦੇ ਦੇਵਤੇ ਨੂੰ ਕੁੱਕੜ ਦੀ ਬਲੀ ਦੇਣ 'ਚ ਕੀਤੀ ਜਲਦਬਾਜ਼ੀ ਵਿਚ ਕੀਰਟੋ ਦੇ ਅੰਦਰ ਇਕ ਵਾਰ ਵੀ ਇਹ ਵਿਚਾਰ ਨਹੀਂ ਆਇਆ ਕਿ ਇੰਝ ਕਰਕੇ ਅਣਜਾਣੇ ਵਿਚ ਉਹ ਆਪਣੇ ਗੁਰੂ ਦੀਆਂ ਮਾਨਤਾਵਾਂ ਅਤੇ ਪੱਧਤੀਆਂ, ਦੋਹਾਂ ਦੇ ਉਲਟ ਆਚਰਨ ਨਿਭਾਅ ਰਿਹਾ ਸੀ।

ਉਸ ਕੈਦਖਾਨੇ ਵਿਚੋਂ ਜਿਥੇ ਸੁਕਰਾਤ ਦਾ ਪਾਰਥਿਕ (ਮ੍ਰਿਤਕ) ਸਰੀਰ ਪਿਆ ਸੀ, ਕੀਰਟੋ ਅਸੀਂ 100 ਕੁ ਕਦਮ ਦੂਰ ਗਿਆ ਹੋਵੇਗਾ ਕਿ ਉਹਦੀ ਨਜ਼ਰ ਇਕ ਛੋਟੇ ਜਿਹੇ ਵਲਗਣ ਦੀ ਕੰਧ ਉਤੇ ਬੈਠੇ ਸੋਹਣੇ ਖੰਭਾਂ ਵਾਲੇ ਇਕ ਭਾਰੀ ਮੁਰਗੇ ਉਤੇ ਪਈ; ਉਹਨੂੰ ਲੱਗਾ ਸ਼ਾਇਦ ਵਿਧਾਤਾ ਨੂੰ ਵੀ ਇਹੋ ਮਨਜ਼ੂਰ ਸੀ। ਹੁਣੇ ਹੁਣੇ ਉਹ ਮੁਰਗਾ ਬਗੀਚੀ 'ਚੋਂ ਉਠ ਕੇ ਉਸ ਕੰਧ ਉਤੇ ਬੈਠਾ ਸੀ ਅਤੇ ਜਿਥੋਂ ਹੇਠਾਂ ਗਲੀ ਵਿਚ ਉਹ ਉਤਰਨ ਹੀ ਵਾਲਾ ਸੀ। ਕਿਸੇ ਅਣਇੱਛਤ ਦਾਸਤਾਂ ਤੋਂ ਮੁਕਤੀ ਦੇ ਲਈ ਵਿਆਕੁਲ ਮੁਰਗੇ ਦੇ ਪਿਛੇ ਉਹ ਵੀ ਇਕ ਮੁਰਗੇ ਦੇ ਵਾਂਗੂੰ ਹੀ ਭੱਜ ਰਿਹਾ ਸੀ।

ਮੁਰਗੇ ਦੀ ਹਾਜ਼ਰੀ ਨੂੰ ਦੇਵਤਿਆਂ ਦੀ ਕ੍ਰਿਪਾ ਸਮਝ ਕੇ ਉਹ ਉਹਦੇ ਹੇਠਾਂ ਛਾਲ ਲਾਉਣ ਦਾ ਇੰਤਜ਼ਾਰ ਕਰਨ ਲੱਗਾ, ਹੇਠਾਂ ਉਤਰਦਿਆਂ ਹੀ ਉਹਨੇ ਉਹਨੂੰ ਫੜਨ ਦੀ, ਦਿਮਾਗੀ ਯੋਜਨਾ ਬੁਣ ਲਈ ਸੀ।

ਉਹਦੇ ਦਿਮਾਗ 'ਚ ਸ਼ਾਂਤੀ ਦੀ ਮੁਕਤੀ ਦੇ ਦੇਵਤੇ ਨੂੰ ਬਸ ਇਸੇ ਮੁਰਗੇ ਦੀ ਲੋੜ ਸੀ, ਇਹ ਵਿਸ਼ਵਾਸ ਉਹਦੇ ਅੰਦਰ ਬਿਲਕੁਲ ਬੈਠ ਚੁੱਕਾ ਸੀ। (ਕਿਉਂਕਿ ਇਕ ਵਾਰੀ ਜਦੋਂ ਮਨੁੱਖ ਅਲੌਕਿਕ ਭਾਵਨਾਵਾਂ ਅਤੇ ਵਿਚਾਰਾਂ ਨੂੰ ਸਵੀਕਾਰ ਕਰ ਲੈਂਦਾ ਹੈ ਤਾਂ ਸਭ ਤੋਂ ਪਹਿਲਾਂ ਉਹਦਾ ਵਿਵੇਕ ਮਰਦਾ ਹ ਅਤੇ ਉਹ ਬੱਚਿਆਂ ਵਾਂਗੂੰ ਅੰਧਵਿਸ਼ਵਾਸਾਂ ਵਿਚ ਯਕੀਨ ਕਰਨ ਲੱਗ ਜਾਂਦਾ ਹੈ।) ਮੁਰਗੇ ਦੀ ਹਾਜ਼ਰੀ ਨੂੰ ਸੰਯੋਗਵਾਸ ਕੀਰਟੋ ਵਿਧਾਤਾ ਦੀ ਇੱਛਾ ਮੰਨ ਬੈਠਾ ਸੀ।

ਪਰ ਮੁਰਗਾ ਕੀਰਟੋ ਦੇ ਵਾਂਗੂੰ ਨਹੀਂ ਸੋਚ ਰਿਹਾ ਸੀ, ਉਹਨੂੰ ਜਿਵੇਂ ਹੀ ਅਹਿਸਾਸ ਹੋਇਆ ਕਿ ਕੀਰਟੋ ਉਹਦੇ ਪਿਛੇ ਪਿਆ ਹੈ, ਖੰਬਾ ਨੂੰ ਤੇਜ਼ੀ ਨਾਲ ਫੜਫੜਾ ਉਡਿਆ ਹੋਇਆ ਅਤੇ ਜ਼ੋਰ ਦੀ ਕੁੜ ਕੁੜ ਕਰਦਿਆਂ ਹੋਇਆਂ ਉਹ ਭੱਜਣ ਲੱਗਾ, ਉਹਦੀ ਘਬਰਾਹਟ ਸਾਫ਼ ਸਾਫ਼ ਵੇਖੀ ਜਾ ਸਕਦੀ ਸੀ।

ਉਸ ਦੋਪਾਏ ਨੇ ਆਪਣਾ ਪਿਛਾ ਕਰਨ ਵਾਲੇ ਨੂੰ ਫੌਰਨ ਪਹਿਚਾਣ ਲਿਆ, ਉਹ ਉਹਨੂੰ ਆਪਣੇ ਮਾਲਕ ਦੇ ਬਗੀਚੇ ਵਿਚ ਪ੍ਰੇਮ, ਸੁਹਜ ਅਤੇ ਵਿਖਿਆਣ ਕਲਾ, ਸ਼ਬਦ ਜੋੜ ਤਾਕਤ ਆਦਿ ਵਰਗੇ ਹੋਰ ਵਿਸ਼ਿਆਂ ਉਤੇ ਲਗਾਤਾਰ ਬਿਨਾਂ ਰੁਕੇ ਟੁਕੇ (ਧਾਰਾ ਪ੍ਰਵਾਹ) ਬੋਲਦਿਆਂ ਹੋਇਆਂ ਵੇਂਹਦਾ ਸੀ, ਉਸ ਸਮੇਂ ਉਹ ਸੈਂਕੜੇ ਮੁਰਗੀਆਂ ਦੇ ਨਾਲ ਬਿਨਾਂ ਕਿਸੇ ਦਾਰਸ਼ਨਿਕ ਤਰਕ ਵਿਤਰਕ ਦੇ ਪ੍ਰੇਮ ਲੀਲਾ ਵਿਚ ਡੁੱਬਿਆ ਰਹਿੰਦਾ ਸੀ।

ਖਤਰਾ ਭਾਂਪ ਕੇ ਉਡਨ ਦੇ ਲਈ ਉਹ ਜਿਵੇਂ ਹੀ ਤਿਆਰ ਹੋਇਆ ਉਹਦੇ ਦਿਮਾਗ ਵਿਚ ਇਕ ਗੱਲ ਠਣਕ ਗਈ ਕਿ, "ਸਾਰੇ ਦੇ ਸਾਰੇ ਇਨਸਾਨ ਇਕੋ ਜਿਹੇ ਗੰਦੇ ਹੁੰਦੇ ਹਨ। ਇਨ੍ਹਾਂ ਬੁੱਧੀਮਾਨ ਲੋਕਾਂ ਨਾਲ ਮੈਨੂੰ ਬਹੁਤ ਨਫ਼ਰਤ ਹੈ। ਕੁਦਰਤੀ ਨਿਯਮਾਂ ਦਾ ਸਨਮਾਨ ਕਰਨ ਦੀ ਥਾਂ ਉਨ੍ਹਾਂ ਦੀਆਂ ਧੱਜੀਆਂ ਉਠਾਉਂਦੇ ਹੋਏ ਸਾਰੇ ਦੇ ਸਾਰੇ ਮੈਨੂੰ ਕੈਦ ਕਰਕੇ ਹੀ ਰੱਖਣਾ ਚਾਹੁੰਦੇ ਹਨ। ਗਾਰਜੀਆ ਦੀ ਗੁਲਾਮੀ ਦੀ ਅਸਿਹ ਜਾਲਮਾਨਾ ਪੀੜਾ ਤੋਂ ਮੁਕਤ ਹੋ ਕੇ ਮੈਂ ਬਾਸੀ ਵਿਚਾਰਾਂ ਵਾਲੇ ਇਸ ਨੀਚ ਨਾ ਚੀਜ਼ ਦੇ ਹੱਥਾਂ ਵਿਚ ਡਿੱਗ ਜਾਵਾਂ? ਇਹ ਤਾਂ ਮੇਰੇ ਪੁਰਾਣੇ ਮਾਲਕ ਤੋਂ ਵੀ ਗਿਆ ਗੁਜ਼ਰਿਆ ਹੈ।

ਅੱਗੇ ਅੱਗੇ ਮੁਰਗਾ ਭੱਜ ਰਿਹਾ ਸੀ ਪਿਛੇ ਪਿਛੇ ਉਹ ਦਾਰਸ਼ਨਿਕ, ਉਹਦੀ ਪਕੜ ਵਿਚ ਆਉਣ ਤੋਂ ਪਹਿਲਾਂ ਦਹਿਸ਼ਤ ਨਾਲ ਭਰਿਆ, ਪੂਰੀ ਤਾਕਤ ਨਾਲ ਖੰਭ ਫੜਫੜਕਾਉਂਦਿਆਂ ਹੋਇਆਂ, ਕਦੇ ਉਛਲਦਿਆਂ ਹੋਇਆਂ ਕਦੇ ਉਡਦਿਆਂ ਹੋਇਆਂ ਕਿਸੇ ਤਰ੍ਹਾਂ ਉਹ ਇਕ ਮੂਰਤੀ ਦੇ ਮੱਥੇ ਉਤੇ ਜਾ ਬੈਠਾ; ਉਹ ਮੂਰਤੀ ਕਿਸੇ ਹੋਰ ਦੀ ਨਹੀਂ, ਸਗੋਂ ਏਥਨ ਦੀ ਦੇਵੀ ਦੀ ਸੀ।

'ਓਏ (ਦੇਵੀ ਨੂੰ) ਬੇਇੱਜ਼ਤ ਕਰਨ ਵਾਲੇ ਮੁਰਗੇ' ਦਾਰਸ਼ਨਿਕ ਦੀ ਚੀਕ ਨੇ ਮੁਰਗੇ ਦੇ ਅੰਦਰਲੇ ਇਮਤਿਹਾਨ ਲੈਣ ਵਾਲੇ ਨੂੰ ਉਤੇਜਿਤ ਕਰ ਦਿੱਤਾ ਅਤੇ ਉਹ ਸਮੇਂ ਨਜ਼ਾਕਤ ਭੁੱਲ ਬੈਠਾ। ਉਹ ਦਾਰਸ਼ਨਿਕ ਉਸ ਸਮੇਂ ਆਪਣੀ ਅੰਤਰ ਆਤਮਾ ਦੀ ਉਸ ਸਹਿਜ ਪੁਕਾਰ ਨੀਵੀ ਅਣਸੁਣੀ ਕਰ ਰਿਹਾ ਸੀ, ਜਿਹੜੀ ਚੀਕ ਚੀਕ ਕੇ ਉਸ ਨੂੰ ਕਹਿ ਰਹੀ ਸੀ-'ਉਸ ਮੁਰਗੇ ਨੂੰ ਨਾ ਚੁੱਕੋ।' ਇਹਦੇ ਉਲਟ ਉਹ ਪਾਖੰਡ ਭਰੇ ਵਾਕ ਛੱਲ ਵਿਚ ਉਲਝਿਆ ਇਹ ਕਹਿ ਰਿਹਾ ਸੀ, 'ਸੱਚੀਂ ਮੁੱਚੀਂ", ਆਪਣੇ ਪਾਪਾਕਰਮ ਦੇ ਲਈ ਹੁਣ ਤੈਨੂੰ ਮੌਤ ਦੀ ਸਜ਼ਾ ਮਿਲਣੀ ਹੀ ਚਾਹੀਦੀ ਹੈ। ਮੈਂ ਤੈਨੂੰ ਫੜ ਕੇ ਹੀ ਸਾਹ ਲਊਗਾ ਅਤੇ ਤੇਰੀ ਬਲੀ ਵੀ ਤਹਿ ਹੈ।'

ਆਪਣੇ ਹੱਥਾਂ ਦੇ ਪੰਜਿਆਂ ਨੂੰ ਫੈਲਾ ਕੇ ਉਹ ਦਾਰਸ਼ਨਿਕ ਆਪਣੇ ਹੱਥਾਂ ਨੂੰ ਲਗਾਤਾਰ ਉਪਰ ਉਠਾਉਣ ਦੀਆਂ ਕੋਸ਼ਿਸ਼ਾਂ ਵਿਚ ਲੱਗਿਆ ਹੋਇਆ ਸੀ, ਇੰਝ ਕਰਦਿਆਂ ਹੋਇਆਂ ਉਹ ਪਾਸਾਂ ਦੇ ਵਾਂਗੂੰ ਟਪੂਸੀਆਂ ਵੀ ਮਾਰ ਰਿਹਾ ਸੀ ਪਰ ਉਹਦੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਸਾਬਤ ਹੋਈਆਂ।

ਗਾਰਜੀਆ ਦੀ ਭਾਸ਼ਾ ਸ਼ੈਲੀ ਦੀ ਨਕਲ ਲਾਹੁੰਦਿਆਂ ਹੋਇਆਂ ਮੁਰਗਾ ਬੋਲ ਪਿਆ -'ਹਾਏ ਨਕਲੀ ਆਦਰਸ਼ਵਾਦੀ ਦਾਰਸ਼ਨਿਕ। ਖਾਹ ਮੁਖਾਹ ਹੀ ਪ੍ਰੇਸ਼ਾਨ ਹੋ ਰਿਹਾ ਹੈਂ। ਤੂੰ ਤਾਂ ਇਕ ਚੂਚੀ ਦੇ ਵਾਂਗੂੰ ਵੀ ਨਹੀਂ ਉੱਡ ਸਕਦਾ। ਕੀ? ਮੈਨੂੰ ਬੋਲਦਿਆਂ ਹੋਇਆਂ ਵੇਖ ਕੇ ਤੈਨੂੰ ਹੈਰਾਨੀ ਹੋ ਰਹੀ ਹੈ? ਮੈਨੂੰ ਪਹਿਚਾਣਿਆ ਨਹੀਂ? ਮੈਂ ਗਾਰਜੀਆਂ ਦੇ ਵਾੜੇ ਦਾ ਮਰਗਾ ਹਾਂ। ਮੈਂ ਤੁਹਾਨੂੰ ਚੰਗੀ ਤਰ੍ਹਾਂ ਪਹਿਚਾਣ ਰਿਹਾ ਹਾਂ। ਤੁਸੀਂ ਮਹਿਜ ਇਕ ਪਰਛਾਵਾਂ ਹੀ ਹੋ। ਇਕ ਮਰੇ ਹੋਏ ਆਦਮੀ ਦਾ ਪਰਛਾਵਾਂ। ਗੁਰੂ ਦੀ ਮੌਤ ਉਹਦੇ ਚੇਲਿਆਂ ਲਈ ਇਹੋ ਸੰਤਾਪ ਛੱਡ ਕੇ ਜਾਂਦੀ ਹੈ। ਉਹ ਪ੍ਰੇਤ ਦੇ ਵਾਂਗੂੰ ਜਿਉਂਦੇ ਹਨ ਜਿਸ ਨਾਲ ਬੱਚੇ ਖੌਫ਼ਜ਼ਾਦ ਹੋ ਜਾਂਦੇ ਹਨ। ਪ੍ਰਤਿਭਾ ਸੰਪਨ ਸੁਪਨ ਦ੍ਰਿਸ਼ਟੀ ਤਾਂ ਸੰਸਾਰ ਤੋਂ ਵਿਦਾ ਹੋ ਜਾਂਦੀ ਹੈ। ਪ੍ਰੰਤੂ ਆਪਣੇ ਪਿਛੇ ਖੰਬ ਬੱਝੇ ਚੇਲਿਆਂ ਦੀ ਜਮਾਤ ਛੱਡ ਜਾਂਦੀ ਹੈ। ਉਹ ਉਸ ਸੁਪਨ ਦ੍ਰਿਸ਼ਟੀ ਦੇ ਕਾਵਿਆਤਮਕ ਆਦਰਸ਼ਾਂ ਨੂੰ ਬਾਕੀ ਸੰਸਾਰ ਦੇ ਲਈ ਦਹਿਸ਼ਤ, ਉਦਾਸੀ ਅਤੇ ਅੰਧਵਿਸ਼ਵਾਸ ਵਿਚ ਬਦਲ ਕੇ ਰੱਖ ਦਿੰਦੇ ਹਨ।'

'ਬਕਵਾਸ ਬੰਦ ਕਰ ਓਏ ਮੁਰਗਿਆ! ਆਪਣੀ ਪ੍ਰਜਾਤੀ ਦੀ ਔਕਾਤ ਦਾ ਖਿਆਲ ਕਰ। ਤੇਰੀ ਨੀਤ ਤੈਨੂੰ ਚੁੱਪ ਰਹਿਣ ਦਾ ਆਦੇਸ਼ ਦਿੰਦੀ ਹੈ।

'ਔਕਾਤ ਨੂੰ ਲੈ ਕੇ ਫਜ਼ੂਲ ਦੀ ਬਹਿਸ ਕਰ ਰਹੇ ਹੋ। ਮੇਰੀ ਗੱਲ ਸੁਣੋ। ਮੈਂ ਆਪਣੀ ਜਾਤੀ ਦੀ ਔਕਾਤ ਦੇ ਉਲਟ ਸਿਰਫ਼ ਆਪਣੀ ਸਮਰੱਥਾ ਦੀ ਤਾਕਤ ਉਤੇ ਹੀ ਬੋਲ ਰਿਹਾ ਹਾਂ। ਮਹਿਜ ਬੋਲਦੇ ਰਹਿਣ ਦੇ ਉਦੇਸ਼ ਨਾਲ ਬੋਲਣ ਦੀ ਕਲਾ ਮਤਲਬ ਵਾਰਤਾਲਾਪ ਦੀ ਕਲਾ ਉਤੇ ਮੈਂ ਐਨੇ ਜ਼ਿਆਦਾ ਵਿਖਿਆਨ ਸੁਣੇ ਹਨ ਕਿ ਮੈਨੂੰ ਵੀ ਬੋਲਣਾ ਆ ਗਿਆ ਹੈ।'

'ਆਪਣੇ ਮਾਲਿਕ ਤੋਂ ਖਹਿੜਾ ਛੁਡਾ ਕੇ, ਉਹਦੇ ਵਾੜੇ 'ਚੋਂ ਭੱਜ ਕੇ ਅਤੇ ਉਹਦੇ ਅਧਿਕਾਰ ਨੂੰ ਝੁਠਲਾਉਂਦਿਆਂ ਹੋਇਆਂ ਤੂੰ ਕੀਹਦਾ ਹੱਕ ਅਦਾ ਕਰ ਰਿਹਾ ਹੈਂ?'

'ਗਾਰਜੀਆ ਵੀ ਉਨ੍ਹਾਂ ਹੀ ਪਾਗਲ ਹੈ ਜਿੰਨਾ ਕਿ ਤੁਸੀਂ, ਫਿਰ ਵੀ ਉਹ ਤੁਹਾਡੇ ਤੋਂ ਕਿਤੇ ਬਿਹਤਰ ਹੈ। ਅਜਿਹੇ ਲੋਕਾਂ ਦੇ ਨਾਲ ਨਿਰਬਾਹ ਕਰਨਾ ਔਖਾ ਹੁੰਦਾ ਹੈ। ਉਹ ਸਾਰੀਆਂ ਚੀਜ਼ਾਂ ਦੀ ਸਚਾਈ ਪ੍ਰਮਾਣਿਤ ਕਰਨਾ ਚਾਹੁੰਦੇ ਹਨ। ਦਰਅਸਲ, ਇਹ ਇਕ ਹੰਭਾ ਦੇਣ ਵਾਲਾ, ਬਹੁਤ ਸ਼ੱਕ ਪੈਦਾ ਕਰਨ ਵਾਲਾ ਕੰਮ ਹੈ। ਜ਼ਿੰਦਗੀ ਨੂੰ ਸੱਚ ਸਾਬਤ ਕਰਨ ਦੀ ਜ਼ਿੱਦ ਉਹਨੂੰ ਖੋਖਲਾ ਬਣਾ ਦਿੰਦੀ ਹੈ। ਸਭ ਕੁਝ ਦਾ ਕਾਰਨ ਜਾਣਨ ਦੀ ਚੇਸ਼ਟਾ ਵਿਚ ਮਹਿਜ਼ ਜੁਮਾਇਟਰੀ ਹੀ ਬਚ ਜਾਂਦੀ ਹੈ, ਬਾਕੀ ਸਿਫਰ (ਸ਼ੂੰਨ) ਰਹਿ ਜਾਂਦਾ ਹੈ। ਸ੍ਰਿਸ਼ਟੀ ਨੂੰ ਹਿਸਾਬੀ ਸਮੀਕਰਨ ਵਿਚ ਬਦਲਣ ਦੀ ਚੇਸ਼ਟਾ ਇਹਨੂੰ ਬੇਸਿਰ-ਪੈਰ ਵਰਗੀ ਚੀਜ਼ ਬਣਾ ਦਿੰਦੀ ਹੈ। ਵੇਖੋ, ਭਲਾ ਇਸੇ ਵਿਚ ਹੈ ਕਿ ਤੁਸੀਂ ਆਪਣਾ ਰਾਹ ਲੱਭੋ, ਨਹੀਂ ਤਾਂ ਮੈਂ ਸਤਰ ਰਾਤਾਂ ਅਤੇ ਸੱਤਰ ਦਿਨਾਂ ਤੱਕ ਅਜਿਹੀ ਹੀ ਬਕਵਾਸ ਕਰਦਾ ਰਹਿ ਸਕਦਾ ਹਾਂ। ਇਹ ਨਾ ਭੁੱਲੀਂ ਕਿ ਮੈਂ ਗੱਲਾਂ ਬਾਤਾਂ 'ਚ ਚਲਾਕ ਗਾਰਜੀਆਂ ਦਾ ਮੁਰਗਾ ਹਾਂ।'

'ਕਿਉਂਕਿ ਤੂੰ ਗੱਲਬਾਤ ਛਲੀ ਹੈਂ, ਸੋ ਆਪਣੇ ਪਾਪੀ ਕੰਮ ਦੇ ਲਈ, ਗਰੀਕ ਦੇ ਸਰਵਸ਼ਕਤੀਮਾਨ ਦੇਵਤੇ ਜੀਯਸ ਦੀ ਇੱਛਾ ਦੇ ਅਨੁਸਾਰ ਤੇਰੀ ਮੌਤ ਨਿਸ਼ਚਿਤ ਹੈ। ਆਪਣੇ ਆਪ ਨੂੰ ਚੁੱਪ ਚਾਪ ਮੇਰੇ ਹਵਾਲੇ ਕਰ ਦੇ!'

'ਤੇਰੇ ਜਿਉਂਦਿਆਂ ਜੀ ਤਾਂ ਕਦੇ ਵੀ ਨਹੀਂ। ਦੋਇਸ ਦਰਜੇ ਦੇ ਆਦਰਸ਼ਵਾਦੀ ਆਦਰਸ਼ਵਾਦੀ, ਮੈਨੂੰ ਹੱਥ ਪਾਉਣ ਵਾਲਾ ਅਜੇ ਪੈਦਾ ਨਹੀਂ ਹੋਇਆ। ਆਖਿਰ ਇਹਦਾ ਮਤਲਬ ਕੀ ਹੈ? ਇਹ ਕਿਹੋ ਜੇਹਾ ਨਿਰਦੇਈਪੁਣਾ ਹੈ? ਮੈਨੂੰ ਮਜ਼ਬੂਰ ਕਿਉਂ ਕਰ ਰਿਹਾ ਹੈਂ?'

'ਕਿਉਂਕਿ ਮੌਤ ਤੋਂ ਠੀਕ ਪਹਿਲਾਂ ਸੁਕਰਾਤ ਨੇ ਮੈਨੂੰ ਮੁਕਤੀ (ਸ਼ਾਂਤੀ) ਦੇ ਦੇਵਤਾ ਨੂੰ ਭੇਂਟ ਕਰਨ ਲਈ ਇਕ ਮੁਰਗੇ ਦੀ ਬਲੀ ਦੇਣ ਦੀ ਗੱਲ ਕਹੀ ਸੀ। ਮੌਤ ਦੇ ਰਾਹੀਂ ਜ਼ਿੰਦਗੀ ਦੀਆਂ ਸਾਰੀਆਂ ਕਮਜ਼ੋਰੀਆਂ ਤੋਂ ਮੁਕਤੀ ਦੁਆ ਕੇ (ਸ਼ਾਂਤੀ) ਦੀ ਮੁਕਤੀ ਦੇ ਦੇਵਤੇ ਏਸਕਯੂਲੇਪੀਅਸ ਨੇ ਉਹਨੂੰ ਸੱਚੀਂ ਸ਼ਾਂਤੀ ਮੁਹੱਈਆ ਕੀਤੀ ਸੀ?'

'ਕੀ ਇਹ ਸਾਰਾ ਕੁਝ ਸੁਕਰਾਤ ਨੇ ਹੀ ਕਿਹਾ ਸੀ?'

'ਨਹੀਂ, ਉਹਨਾਂ ਨੇ ਕਿਹਾ ਸੀ ਕਿ ਮੇਰੇ ਉਤੇ ਏਸਕਯੂਲੇਪੀਅਸ ਦਾ ਬਹੁਤ ਵੱਡਾ ਕਰਜ਼ ਹੈ।'

'ਅਤੇ ਬਾਕੀ ਦਾ ਤੂੰ ਅਨੁਮਾਨ ਲਾ ਲਿਆ।'

'ਕੀ ਉਨ੍ਹਾਂ ਸ਼ਬਦਾਂ ਦੇ ਹੋਰ ਅਰਥ ਵੀ ਹਨ?'

'ਹਾਂ, ਕਿਤੇ ਜ਼ਿਆਦਾ ਮਾਨਵੀ ਇਕ ਅਰਥ ਹੋਰ ਹੈ। ਇਕ ਅਜਿਹਾ ਅਰਥ, ਜਿਸ ਵਿਚ ਖ਼ੂਨ ਅਤੇ ਤਲਵਾਰ ਲਈ ਕੋਈ ਗੁੰਜਾਇਸ਼ ਨਹੀਂ ਹੈ। ਇਕ ਅਜਿਹੇ ਦੇਵਤੇ ਨੂੰ ਖੁਸ਼ ਕਰਨ ਦੇ ਲਈ, ਜਿਸ ਉਤੇ ਖੁਦ ਸੁਕਰਾਤ ਦਾ ਵਿਸ਼ਵਾਸ ਨਹੀਂ ਸੀ, ਮੇਰੀ ਬਲੀ ਦੇਣਾ ਸੁਕਰਾਤ ਦੀ ਅਵੱਗਿਆ ਅਤੇ ਸੱਚੇ ਦੇਵਤੇ ਦਾ ਅਪਮਾਨ ਹੀ ਹੈ.ਅਤੇ ਮੇਰੇ ਲਈ ਇਹ ਨਾ ਪੂਰਿਆ ਜਾਣ ਵਾਲਾ ਨੁਕਸਾਨ ਹੈ, ਕਿਉਂਕਿ ਮੈਂ, ਸੱਚੀ ਮੁੱਚੀ, ਜਿਉਂਦਾ ਹਾਂ ਅਤੇ ਨਿਰਦੋਸ਼ ਵੀ?' ਉਨ੍ਹਾਂ ਦੁੱਖਾਂ ਅਤੇ ਘਾਟਾਂ ਦਾ ਤਾਂ ਸਾਨੂੰ ਅਨੁਮਾਨ ਵੀ ਨਹੀਂ ਜਿਹੜੇ ਮੌਤ ਦੇ ਰਹੱਸ ਵਿਚ ਛੁਪੇ ਹਨ।'

'ਸੁਕਰਾਤ ਅਤੇ ਸਰਵਸ਼ਕਤੀਮਾਨ ਜੀਯਸ, ਦੋਵੇਂ ਹੀ ਤੇਰੀ ਬਲੀ ਚਾਹੁੰਦੇ ਹਨ।'

'ਕੀ ਤੈਨੂੰ ਇੰਝ ਨਹੀਂ ਲਗਦਾ ਕਿ ਸੁਕਰਾਤ ਦੇ ਇਸ ਕਥਨ ਵਿਚ ਵਿਅੰਗ ਹੈ, ਇਕ ਪ੍ਰਤਿਭਾਵਾਨ ਮਹਾਂਪੁਰਸ਼ ਦਾ ਉਚਾ ਅਤੇ ਅਹਿੰਸਕ ਵਿਅੰਗ। ਉਨ੍ਹਾਂ ਦੀ ਵਿਸ਼ਾਲ ਬੌਧਿਕਤਾ, ਨਵੀਨ ਦਲੀਲਾਂ ਦੀਆਂ ਉਚਾਈਆਂ ਅਤੇ ਪ੍ਰਚਲਤ ਭਰਮਾਂ ਦੇ ਕੌਤਿਕ ਵਿਚ ਬਿਨਾਂ ਕੋਈ ਸੰਕਟ ਪੈਦਾ ਕੀਤਿਆਂ, ਖੁਦ ਨੂੰ ਆਨੰਦਤ ਕਰਨ ਦੇ ਨਾਲ ਨਾਲ ਦੂਸਰਿਆਂ ਨੂੰ ਵੀ ਸੰਤੁਸ਼ਟ ਕਰਨ ਦੇ ਸਮਰੱਕ ਸੀ। ਸੁਕਰਾਤ ਦੇ ਨਾਲ ਨਾਲ ਨਵੀਨ ਅਧਿਆਤਮਕ ਜ਼ਿੰਦਗੀ ਦੇ ਹੋਰ ਵਿਦਵਾਨ ਵੀ ਪ੍ਰਤੀਕਾਂ ਵਿਚ ਹੀ ਆਪਣੀ ਗੱਲ ਕਹਿੰਦੇ ਹਨ। ਸ੍ਰਿਸ਼ਟੀ ਦੇ ਰਹੱਸਾਂ ਨਾਲ ਸੰਵਾਦ ਰਚਾਉਂਦਿਆਂ ਪਹਿਲੇ ਦੌਰ ਵਿਚ ਉਹ ਵਾਕਜ਼ਾਲ (ਸ਼ਬਦ ਜ਼ਾਲ) ਰਚਦੇ ਹਨ ਅਤੇ ਜਦੋਂ ਉਨ੍ਹਾਂ ਦੀ ਅਸੀਮਤਾ ਦਾ ਅਨੁਭਵ ਹੁੰਦਾ ਹੈ ਤਾਂ ਉਹਦਾ ਪ੍ਰਗਟਾਅ ਕਾਵਿ ਵਿਚ ਹੋਣ ਲਗਦਾ ਹੈ। ਆਤਮਾ ਅਤੇ ਪ੍ਰਮਾਤਮਾ ਦੇ ਰਾਗਆਤਮਕ ਸਬੰਧ ਦੀ ਅਭਿਵਿਅਕਤੀ ਇਸੇ ਸ਼ੈਲੀ ਵਿਚ ਹੁੰਦੀ ਹੈ ਪਰ ਇਥੇ ਇਸ ਉਤੇ ਧਿਆਨ ਦੇਣਾ ਪਵੇਗਾ ਕਿ ਜਦੋਂ ਉਹ ਅਧਿਆਤਮਕ ਅਨੁਭਵ ਦੇ ਉਚਤਮ ਸਿਖਰ ਤੋਂ ਹੇਠਾਂ ਉਤਰਦੇ ਹਨ ਅਤੇ ਸੰਸਾਰ ਨੂੰ ਗਿਆਨ ਦੇਣ ਦੇ ਲਈ ਕੋਸ਼ਿਸ਼ ਜੁਟਾਉਂਦੇ ਹਨ ਤਾਂ ਉਨ੍ਹਾਂ ਦੀ ਸਿੱਖਿਆ ਕਿੰਨੀ ਕਠੋਰ ਅਤੇ ਸਰਲ ਹੋ ਜਾਂਦੀ ਹੈ ਉਨ੍ਹਾਂ ਦੇ ਸੂਤਰਵਾਕ ਅਤੇ ਨੀਤੀਵਚਨ ਬੇਮਤਲਬੀ ਬਿੰਬਾਂ ਤੋਂ ਕਿਸ ਤਰ੍ਹਾਂ ਮੁਕਤ ਹੋ ਜਾਂਦੇ ਹਨ।'

'ਗਾਰਜੀਆ ਦੇ ਮੁਰਗੇ ਜੁਬਾਨ ਉਤੇ ਲਗਾਮ ਦੇ ਅਤੇ ਆਪਣੀ ਮੌਤ ਲਈ ਤਿਆਰ ਹੋ ਜਾ।'

'ਅਯੋਗ ਚੇਲੇ, ਮੂੰਹ ਬੰਦ ਕਰ ਅਤੇ ਭੱਜ ਜਾਹ; ਹਮੇਸ਼ਾ ਦੇ ਲਈ ਮੂੰਹ ਬੰਦ ਕਰ ਲੈ। ਸਾਰੇ ਇਕੋ ਜਿਹੇ ਹਨ! ਮਹਾਨ ਪ੍ਰਤਿਭਾਵਾਂ/ਹਸਤੀਆਂ ਦੇ ਚੇਲੇ ਉਨ੍ਹਾਂ ਦੀ ਵਿਸ਼ਾਲ ਬੌਧਿਕਤਾ ਤੋਂ ਥੋਥੇ ਸ੍ਰੇਸ਼ਟ ਮੁਹਾਰਨੀ ਰਟਨ ਵਾਲੇ ਗੁੰਗੇ ਅਤੇ ਬਹਿਰੇ, ਪ੍ਰਤੱਖਦਰਸ਼ੀ ਸਾਬਤ ਹੁੰਦੇ ਹਨ। ਅਜਿਹੇ ਹੀ ਭਰਮਾਂ ਦਾ ਸ਼ਿਕਵਾ ਤੂੰ ਅਤੇ ਤੇਰੇ ਵਰਗੇ ਇਹ ਮੰਨ ਲੈਂਦੇ ਹਨ ਕਿ ਉਨ੍ਹਾਂ ਦੇ ਸਿਧਾਂਤਾਂ ਉਤੇ ਦਵਾਈਆਂ ਅਤੇ ਨੁਖਸਿਆਂ ਦਾ ਲੇਪ ਲਾ ਕੇ ਉਨ੍ਹਾਂ ਦੀ ਅੰਤਆਤਮਾ ਦੇ ਨਿਚੋੜਾਂ ਨੂੰ ਅਮਰਤਾ ਮੁਹੱਈਆ ਕਰ ਸਕਦੇ ਹਨ। ਉਨ੍ਹਾਂ ਦੇ ਮ੍ਰਿਤਕ ਸਰੀਰ ਨੂੰ ਇਸ ਲਈ ਸੁਰੱਖਿਅਤ ਰੱਖਦੇ ਹਨ, ਕਿਉਂਕਿ ਤੁਹਾਨੂੰ ਇਕ ਮੂਰਤੀ ਚਾਹੀਦੀ ਹੈ। ਵਿਚਾਰਾਂ-ਆਦਰਸ਼ਾਂ ਨੂੰ ਤੁਸੀਂ ਪੱਥਰਾਂ ਵਿਚ ਢਾਲ ਦਿੰਦੇ ਹੋ ਅਤੇ ਚਿੰਤਨ ਦਾ ਬਰੀਕ ਸੂਤਰਾਂ ਨੂੰ ਤੇਜ਼ ਧਾਰ ਵਿਚ ਤਾਂ ਕਿ ਖ਼ੂਨ ਨਿਚੋੜਿਆ ਜਾ ਸਕੇ। ਹਾਂ, ਤੁਸੀਂ ਨਿਰਾਸ਼ ਫਿਰਕਾਪ੍ਰਸਤੀ (ਕੱਟੜਤਾਵਾਦ) ਦੇ ਮਨੁੱਖੀ ਪ੍ਰਤੀਕ ਤੱਕ ਸੀਮਤ ਹੋ। ਇਕ ਬੁੱਧੀਮਾਨ ਵਿਅਕਤੀ ਅਤੇ ਸੰਡ ਦੇ ਅੰਤਿਮ ਵਚਨਾਂ ਦਾ ਪਹਿਲਾ ਨਿਚੋੜ ਤੁਸੀਂ ਮੁਰਗੇ ਦਾ ਖ਼ੂਨ ਸਮਝ ਲਿਆ ਹੈ। ਜਦੋਂ ਕਿ ਸੁਕਰਾਤ ਦੀ ਜ਼ਿੰਦਗੀ ਦਾ ਉਦੇਸ਼ ਆਪਣੇ ਦੇਸ਼ਾਵਸੀਆਂ ਵਿਚ ਪ੍ਰਚਲਿਤ ਅੰਧਵਿਸ਼ਵਾਸਾਂ ਨੂੰ ਦਰੁਸਤ ਠਹਿਰਾਉਂਦਾ ਰਿਹਾ ਹੁੰਦਾ ਤਾਂ ਉਨ੍ਹਾਂ ਇਹ ਸਭ ਕੁਝ ਨਾ ਕੀਤਾ ਹੁੰਦਾ ਜੋ ਆਖਿਰ ਵਿਚ ਉਨ੍ਹਾਂ ਦੀ ਮੌਤ ਦਾ ਕਾਰਨ ਬਣਿਆ ਅਤੇ ਨਾ ਹੀ ਫਿਰ ਉਹ ਤੱਤਦਰਸ਼ੀ (ਸੱਚਾਈ ਦਾ ਮੂਲ ਜਾਣਨ ਵਾਲੇ) ਸੰਤ ਕਹਾਉਂਦੇ। ਮੁਕਤੀ (ਸ਼ਾਂਤੀ) ਦੇ ਦੇਵਤੇ ਏਸਪੇਲੀਅਸ ਵਿਚ ਾ ਤਾਂ ਉਨ੍ਹਾਂ ਦੀ ਆਸਥਾ ਸੀ ਅਤੇ ਨਾ ਹੀ ਉਹ ਇਕ ਮੱਖੀ ਤੱਕ ਨੂੰ ਮਾਰਨ ਵਿਚ ਵਿਸ਼ਵਾਸ ਰੱਖਦੇ ਸਨ; ਸਿਰਫ਼ ਭੀੜ ਨੂੰ ਖੁਸ਼ ਕਰਨ ਦੇ ਲਈ ਇਕ ਮੁਰਗੇ ਦੀ ਬਲੀ ਦੇਣੀ ਤਾਂ ਬਹੁਤ ਵੱਡੀ ਗੱਲ ਸੀ।'

'ਮੈਂ ਸੁਕਰਾਤ ਦੇ ਅੰਤਿਮ ਬਚਨ ਦੀ ਪਾਲਣਾ ਤਾਂ ਹਰ ਹਾਲਤ ਹੀ ਕਰਾਂਗਾ। ਤੂੰ ਆਪਣੇ ਆਪ ਨੂੰ ਮੇਰੇ ਹਵਾਲੇ ਕਰ ਦੇ।'

ਕੀਰਟੋ ਨੇ ਐਧਰ ਉਧਰ ਵੇਖਿਆ, ਇਕ ਪੱਥਰ ਚੁੱਕਿਆ; ਮੁਰਗੇ ਦੇ ਸਿਰ ਦਾ ਨਿਸ਼ਾਨਾ ਬੱਧਾ ਅਤੇ ਉਹਨੂੰ ਬੇਹੋਸ਼ੀ ਵਿਚ ਤੜਫਣ ਲਈ ਛੱਡ ਦਿੱਤਾ। ਮੁਰਗੇ ਦੀ ਕਲਗੀ 'ਚੋਂ ਲਹੂ ਦੀ ਧਾਰ ਫੁੱਟ ਪਈ। ਗਾਰਜੀਆ ਦਾ ਮੁਰਗਾ ਬੇਜ਼ਾਨ ਹੋ ਕੇ ਧਰਤੀ 'ਤੇ ਡਿੱਗ ਪਿਆ। ਜਿਉਂ ਹੀ ਉਹ ਜ਼ਮੀਨ ਉਤੇ ਡਿੱਗਾ ਜ਼ੋਰ ਨਾਲ ਚੀਕਿਆ। ਉਹ ਚੀਕ ਇਕ ਜੇਤੂ ਚੀਕ ਸੀ-'ਵਿਧਾਤਾ ਦੀ ਜਿਵੇਂ ਮਰਜ਼ੀ ਇਕ ਬੇਵਕੂਫ਼ ਦੀ ਇੱਛਾ ਪੂਰੀ ਹੋ ਗਈ!'

ਏਥਨ ਦੀ ਦੇਵੀ ਦੇ ਮੁਕਟ ਵਿਚ ਜੜ੍ਹੀ ਸੋਭਾ ਵਧਾਉਣ ਵਾਲੀ ਬਹੁਮੁਲੀ ਮਨੀ (ਨ.ਗ) ਤੋਂ ਮੁਰਗੇ ਦੇ ਖ਼ੂਨ ਦੀ ਬੂੰ ਬੂੰਦ ਟਪਕ ਰਹੀ ਸੀ।



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

# ਜੰਮੂ ਕਸ਼ਮੀਰ ਲਈ ਸੰਘੀ ਫਾਸ਼ੀਵਾਦੀਆਂ ਦੇ ਮਨਸੂਬੇ ਹਨ ਕੀ ?




ਜੰਮੂ ਕਸ਼ਮੀਰ ਲਈ ਸੰਘੀ ਫਾਸ਼ੀਵਾਦੀਆਂ ਦੇ ਮਨਸੂਬੇ ਸਪੱਸ਼ਟ ਹੈ। ਆਖਰ ਇਨ੍ਹਾਂ ਕੀਤਾ ਉਹੀ ਜੋ ਇਹ ਲੰਮੇ ਸਮੇਂ ਤੋਂ ਕਰਨ ਦੀ ਸੋਚ ਰਹੇ ਸਨ। ਜੰਮੂ ਕਸ਼ਮੀਰ ਨੂੰ ਫ਼ੌਜੀ ਬੂਟਾਂ ਥੱਲੇ ਰੌਂਦ ਕੇ ਉਸ ਨੂੰ ਭਾਰਤ ਦਾ "ਅਨਿਖੜਵਾਂ" ਅੰਗ ਬਣਾ ਲਿਆ। ਇਨ੍ਹਾਂ ਨੇ ਨਾ ਸਿਰਫ ਧਾਰਾ-370 ਦੇ ਤਹਿਤ ਜੰਮੂ-ਕਸ਼ਮੀਰ ਸੂਬੇ ਨੂੰ ਹਾਸਲ ਵਿਸ਼ੇਸ਼ ਅਧਿਕਾਰ ਖੋਹ ਲ਼ਿਆ ਬਲਕਿ ਉਸ ਨੂੰ ਸੂਬਾ ਵੀ ਨਹੀਂ ਰਹਿਣ ਦਿੱਤਾ। ਉਹਨਾਂ ਇਸ ਨੂੰ ਟੁੱਕੜਿਆਂ ਵਿੱਚ ਵੰਡ ਕੇ ਕੇਂਦਰ ਸ਼ਾਸਿਤ ਪ੍ਰਦੇਸ਼ (ਯੂ ਟੀ) ਬਣਾ ਲਿਆ ਹੈ। ਜੰਮੂ ਕਸ਼ਮੀਰ ਲਈ ਸੰਘੀਆਂ ਦੀ ਜੋ ਵਿਉਂਤ ਹੈ, ਉਹ ਉਨ੍ਹਾਂ ਨੇ ਇਜ਼ਰਾਈਲ ਦੇ ਜਿਯਨਵਾਦੀਆਂ ਤੋਂ ਉਧਾਰੀ ਲਈ ਹੈ। ਜੰਮੂ-ਕਸ਼ਮੀਰ ਵਿੱਚ ਸੰਘੀ ਫਾਸ਼ੀਵਾਦੀ ਉਹੀ ਕਰਨ ਜਾ ਰਹੇ ਹਾਂ ਜੋ ਫਿਲੀਸਤੀਨ ਵਿੱਚ ਇਜ਼ਰਾਈਲ ਦੇ ਜਿਯਨਵਾਦੀਆਂ ਨੇ ਕੀਤਾ ਸੀ। ਉਨ੍ਹਾਂ ਨੇ ਫਿਲੀਸਤੀਨ ਦੇ ਇਲਾਕਿਆਂ ਤੇ ਕਬਜ਼ਾ ਕਰਕੇ ਦੁਨੀਆਂ ਭਰ ਤੋਂ ਇਜ਼ਰਾਈਲ ਆਉਣ ਵਾਲੇ ਯਹੂਦੀਆਂ ਨੂੰ ਵਸਾਇਆ ਅਤੇ ਫਿਲੀਸਤੀਨ ਨੂੰ ਸਮੇਟਦੇ ਗਏ। ਅਖੀਰ ਵਿੱਚ ਫਿਲੀਸਤੀਨ ਸਿਰਫ ਵੇਸਟ ਬੈਂਕ ਅਤੇ ਗਾਜ਼ਾ ਪੱਟੀ ਤੱਕ ਸਿਮਟ ਗਿਆ। ਉਨ੍ਹਾਂ ਤੇ ਵੀ ਇਜ਼ਰਾਈਲ ਦਾ ਚਾਰੇ ਪਾਸਿਉਂ ਪਹਿਰਾ ਹੈ। ਜੰਮੂ-ਕਸ਼ਮੀਰ ਵਿੱਚ ਫਿਰਕੂ ਫਾਸ਼ੀਵਾਦੀ ਇਹੋ ਕਰਨਗੇ। ਉਹ ਪਾਕਿਸਤਾਨ ਤੇ ਬੰਗਲਾਦੇਸ਼ ਤੋਂ ਆਉਣ ਵਾਲੇ ਹਿੰਦੂ ਸਰਨਾਰਥੀਆਂ ਨੂੰ ਉੱਥੇ ਵਸਾਉਣਗੇ। ਨਾਲ ਦੀ ਨਾਲ ਭਾਂਤ ਭਾਂਤ ਦੇ ਲਾਲਚ ਦੇ ਕੇ ਦੇਸ਼ ਦੇ ਹੋਰ ਇਲਾਕਿਆਂ ਤੋਂ ਵੀ ਹਿੰਦੂਆਂ ਨੂੰ ਇੱਥੇ ਲਿਜਾ ਕੇ ਵਸਣ ਲਈ ਪ੍ਰੇਰਿਤ ਕਰਨਗੇ, ਇਸ ਤਰ੍ਹਾਂ ਉਹ ਜੰਮੂ-ਕਸ਼ਮੀਰ ਦੀ ਮੁਸਲਿਮ ਬਹੁਗਿਣਤੀ ਨੂੰ ਘੱਟ ਗਿਣਤੀ ਵਿੱਚ ਬਦਲ ਦੇਣਗੇ। ਇਸ ਦਾ ਵਿਰੋਧ ਕਰਨ ਵਾਲੇ ਕਸ਼ਮੀਰੀਆਂ ਨੂੰ ਫੌਜੀਆਂ ਦੀਆਂ ਬੰਦੂਕਾਂ ਨਾਲ ਕਸ਼ਮੀਰ ਘਾਟੀ ਵਿੱਚ ਕੈਦ ਕਰ ਦੇਣਗੇ। ਇਸ ਤਰ੍ਹਾਂ ਜੰਮੂ-ਕਸ਼ਮੀਰ ਦਾ ਭਾਰਤ ਵਿੱਚ ਰਲੇਵਾਂ ਪੂਰਾ ਹੋ ਜਾਵੇਗਾ। ਇਸ ਤਰ੍ਹਾਂ ਜੋ ਕੰਮ ਨਹਿਰੂ ਤੇ ਕਾਂਗਰਸ ਨੇ ਸ਼ੁਰੂ ਕੀਤਾ ਸੀ, ਉਹ ਸੰਘੀ ਫਾਸ਼ੀਵਾਦੀ ਪੂਰਾ ਕਰ ਦੇਣਗੇ। ਸੁਣਨ ਵਿੱਚ ਭਾਵੇਂ ਇਹ ਅਜੀਬ ਲੱਗਦਾ ਹੈ ਪਰ ਹੈ ਇਹ ਸੱਚ। ਅੱਜ ਸੰਘੀ ਫਾਸੀਵਾਦੀ ਉਸ ਅਮਲ ਨੂੰ ਅੰਜਾਮ ਤੱਕ ਪਹੁੰਚਾ ਰਹੇ ਹਨ ਜਿਸ ਨੂੰ 65 ਸਾਲ ਪਹਿਲਾਂ ਕਾਂਗਰਸ ਦੀ ਨਹਿਰੂ ਸਰਕਾਰ ਨੇ ਸ਼ੁਰੂ ਕੀਤਾ ਸੀ। ਇਸ ਕਾਰਨ ਕਾਂਗਰਸ ਪਾਰਟੀ ਦੇ ਅੰਦਰ ਜੰਮੂ-ਕਸ਼ਮੀਰ ਸਬੰਧੀ ਸੰਘੀ ਸੁਰ ਸੁਣਨ ਨੂੰ ਮਿਲ ਰਹੇ ਹਨ। 1947 ਵਿੱਚ ਜੰਮੂ ਕਸ਼ਮੀਰ ਦਾ ਭਾਰਤ ਨਾਲ ਰਲੇਵਾਂ ਬਹੁਤ ਸਪੱਸ਼ਟ ਸ਼ਰਤਾਂ ਤੇ ਹੋਇਆ ਸੀ। ਰੱਖਿਆ, ਵਿਦੇਸ਼ ਤੇ ਸੰਚਾਰ ਨੂੰ ਛੱਡ ਕੇ ਬਾਕੀ ਸਾਰੇ ਮਾਮਲਿਆਂ ਵਿੱਚ ਜੰਮੂ ਕਸ਼ਮੀਰ ਆਜ਼ਾਦ ਸੀ ਅਤੇ ਭਾਰਤ ਦੇ ਸੰਵਿਧਾਨ, ਕਾਨੂੰਨ ਉਸ ਤੇ ਲਾਗੂ ਨਹੀਂ ਹੋਣੇ ਸਨ। ਇਹ ਹਾਲਤ ਵਿੱਚ ਕੋਈ ਵੀ ਤਬਦੀਲੀ ਸਿਰਫ ਜੰਮੂ-ਕਸ਼ਮੀਰ ਦੀ ਜਨਤਾ ਦੀ ਸਹਿਮਤੀ (ਉਸ ਵਲੋਂ ਚੁਣੀ ਗਈ ਸੰਵਿਧਾਨ ਸਭਾ ਦੇ ਜ਼ਰੀਏ) ਨਾਲ ਹੀ ਹੋ ਸਕਦੀ ਸੀ। ਭਾਰਤ ਦੇ ਸੰਵਿਧਾਨ ਦੀ ਧਾਰਾ-370 ਇਸੇ ਨੂੰ ਯਕੀਨੀ ਬਣਾਉਂਦੀ ਸੀ। ਅਸਲ ਵਿੱਚ ਹੋਇਆ ਕੀ ? ਅਸਲ ਵਿੱਚ ਹੋਇਆ ਇਹ ਕਿ ਇੱਕ ਦਮ ਸ਼ੁਰੂ ਵਿੱਚ ਹੀ ਭਾਰਤ ਦੇ ਹਾਕਮਾਂ ਨੇ ਜੰਮੂ ਕਸ਼ਮੀਰ ਦੀ ਜਨਤਾ ਨਾਲ ਕੀਤੇ ਵਾਅਦੇ ਅਤੇ ਸਮਝੌਤੇ ਤੋੜ ਦਿੱਤੇ। ਇਸ ਲਈ ਨਹਿਰੂ ਨੇ ਆਪਣੇ ਦੋਸਤ ਸ਼ੇਖ ਅਬਦੁੱਲਾ ਨੂੰ ਵੀ ਜੇਲ੍ਹ ਵਿੱਚ ਸੁੱਟਣ ਤੋਂ ਗੁਰੇਜ਼ ਨਹੀਂ ਕੀਤਾ। ਅਗਲੇ ਪੰਦਰਾਂ ਸਾਲ ਤਕ ਸ਼ੇਖ ਅਬਦੁੱਲਾ ਨੂੰ ਜੇਹਲ ਦੇ ਆਂਦਰ ਬਾਹਰ ਕੀਤਾ ਜਾਂਦਾ ਰਿਹਾ। 1971 ਵਿਚ ਉਹਨਾਂ ਨੂੰ ਜੰਮੂ-ਕਸ਼ਮੀਰ ਰਾਜ ਤੋਂ ਬਾਹਰ ਕੱਢ ਦਿੱਤਾ ਗਿਆ। ਉਨ੍ਹਾਂ ਨੂੰ ਭਾਰਤ ਸਰਕਾਰ ਨੇ ਉਦੋਂ (1974 ਵਿੱਚ) ਹੀ ਵਿੱਚ ਵਾਪਸ ਲਿਆ ਜਦੋਂ ਉਹ ਗੋਡੇ ਟੇਕਣ ਲਈ ਤਿਆਰ ਹੋ ਗਏ। 1951 ਵਿੱਚ ਚੁਣੀ ਗਈ ਜੰਮੂ-ਕਸ਼ਮੀਰ ਦੀ ਸੰਵਿਧਾਨ ਸਭਾ ਅਜੇ ਉਸ ਲਈ ਸੰਵਿਧਾਨ ਬਣਾਉਣ ਦਾ ਕੰਮ ਕਰ ਹੀ ਰਹੀ ਸੀ ਕਿ ਨਹਿਰੂ ਸਰਕਾਰ ਨੇ 1953 'ਚ ਉਸ ਦੇ ਲੋਕ ਨੇਤਾ ਸ਼ੇਖ ਅਬਦੁੱਲਾ ਨੂੰ ਜੇਲ ਵਿਚ ਸੁੱਟ ਦਿੱਤਾ। ਨਹਿਰੂ ਨੂੰ ਜੰਮੂ-ਕਸ਼ਮੀਰ ਦੀ ਭਾਰਤ ਵਿੱਚ ਮੌਜੂਦਾ ਸਥਿਤੀ ਮਨਜ਼ੂਰ ਨਹੀਂ ਸੀ। ਉਹ ਭਾਰਤ ਵਿੱਚ ਉਸ ਦਾ "ਮੁਕੰਮਲ ਰਲੇਵਾਂ" ਚਾਹੁੰਦੇ ਸਨ। ਉਨ੍ਹਾਂ ਤੇ ਸੰਘੀ ਫਾਸ਼ੀਵਾਦੀਆਂ ਵਿੱਚ ਇਸ ਮਾਮਲੇ ਬਾਰੇ ਫ਼ਰਕ ਸਿਰਫ਼ ਏਨਾ ਸੀ ਕਿ ਸੰਘੀ ਫਾਸ਼ੀਵਾਦੀ ਖੁੱਲ੍ਹੇਆਮ ਇਹ ਕਹਿੰਦੇ ਸਨ। ਨਹਿਰੂ ਨੂੰ ਡਰ ਸੀ ਕਿ ਮੌਜੂਦਾ ਸਥਿਤੀ ਦੇ ਰਹਿੰਦਿਆਂ ਜੰਮੂ-ਕਸ਼ਮੀਰ ਕਦੀ ਵੀ ਭਾਰਤ ਤੋਂ ਅਲੱਗ ਹੋ ਸਕਦਾ ਸੀ। ਜੰਮੂ-ਕਸ਼ਮੀਰ ਵਿੱਚ ਆਤਮ ਨਿਰਣੇ ਲਈ ਲੋਕ ਰਾਇ ਇਕੱਠੀ ਕਰਨ ਦਾ ਸੰਯੁਕਤ ਰਾਸ਼ਟਰ ਦਾ 1948 ਦਾ ਫੈਸਲਾ ਵੀ ਉਨ੍ਹਾਂ ਨੂੰ ਭੈਭੀਤ ਕਰੀ ਰੱਖਦਾ ਸੀ। ਜੰਮੂ-ਕਸ਼ਮੀਰ ਦੇ ਭਾਰਤ ਵਿੱਚ "ਪੂਰਨ ਰਲੇਵੇਂ" ਦੀ ਯੋਜਨਾ ਬਹੁਤ ਸਰਲ ਸੀ। ਉਹ ਇਹ ਸੀ ਕਿ ਧਾਰਾ-370 ਵਿੱਚ ਬਿਨਾਂ ਕੋਈ ਛੇੜਛਾੜ ਕੀਤੇ ਦੇਸ਼ ਦੀਆਂ ਸਾਰੀਆਂ ਸੰਵਿਧਾਨਕ ਵਿਵਸਥਾਵਾਂ ਨੂੰ ਉਥੇ ਲਾਗੂ ਕਰ ਦਿੱਤਾ ਜਾਵੇ। ਇਸ ਨੀਤੀ ਦਾ ਸਿੱਟਾ ਇਹ ਨਿਕਲਿਆ ਕਿ 1990 ਦਾ ਦਹਾਕਾ ਖਤਮ ਹੁੰਦੇ ਹੁੰਦੇ ਭਾਰਤ ਦੇ ਸੰਵਿਧਾਨ ਦੀਆਂ 395 ਧਾਰਾਵਾਂ ਵਿੱਚੋਂ 260, ਸਮਵਰਤੀ ਸੂਚੀ ਵਿੱਚ 97 ਵਿੱਚੋਂ 94 ਤੇ ਪ੍ਰਦੇਸ਼ ਸੂਚੀ ਵਿੱਚ 47 ਚੋਂ 26 ਜੰਮੂ-ਕਸ਼ਮੀਰ ਵਿੱਚ ਲਾਗੂ ਹੋ ਚੁੱਕੀਆਂ ਸਨ। ਅਜਿਹਾ ਕਰਦੇ ਸਮੇਂ ਜੰਮੂ-ਕਸ਼ਮੀਰ ਦੇ ਲੋਕਾਂ ਦੀ ਕਦੇ ਵੀ ਰਾਇ ਨਹੀਂ ਲਈ ਗਈ। ਫਿਰ ਇਹ ਕੀਤਾ ਕਿਵੇਂ ਗਿਆ ?

1953 ਵਿੱਚ ਸ਼ੇਖ ਅਬਦੁੱਲਾ ਨੂੰ ਜੇਲ੍ਹ ਵਿੱਚ ਸੁੱਟਣ ਤੋਂ ਬਾਅਦ ਨਹਿਰੂ ਸਰਕਾਰ ਨੇ ਜੰਮੂ ਕਸ਼ਮੀਰ ਦੇ ਨੇਤਾਵਾਂ ਦੀ ਖਰੀਦੋ ਫਰੋਖਤ ਦਾ ਕੰਮ ਸੁਰੂ ਕਰ ਦਿੱਤਾ ਸੀ। ਅਬਦੁੱਲਾ ਦਾ ਡਰ ਵੀ ਘੱਟ ਨਹੀਂ ਸੀ। ਸੰਵਿਧਾਨ ਸਭਾ 1956 ਤੱਕ ਕੰਮ ਕਰਦੀ ਰਹੀ ਪਰ ਹੁਣ ਉਹ ਕੇਂਦਰ ਦੀ ਨਹਿਰੂ-ਕਾਂਗਰਸੀ ਸਰਕਾਰ ਦੇ ਹੱਥ ਦਾ ਖਿਡੌਣਾ ਬਣ ਗਈ। ਉਸ ਦੇ ਰਹਿੰਦਿਆਂ ਹੀ ਭਾਰਤੀ ਸੰਵਿਧਾਨ ਦੇ ਕਈ ਵਿਵਸਥਾਵਾਂ ਜੰਮੂ ਕਸ਼ਮੀਰ ਚ ਲਾਗੂ ਹੋ ਗਈਆਂ। ਉਸ ਪਿਛੋਂ ਇਸ ਦੇ ਲਈ ਅਪਣਾਏ ਗਏ ਤਰੀਕਾ ਬੇਹੱਦ ਸਰਲ ਸੀ। ਜੰਮੂ ਕਸ਼ਮੀਰ ਦੀ ਸਰਕਾਰ ਕੇਂਦਰ ਦੀ ਕੱਠਪੁਤਲੀ ਹੁੰਦੀ ਸੀ। ਉਹ ਕੇਂਦਰ ਦੇ ਇਸ਼ਾਰੇ ਤੇ ਇਛੱਤ ਪ੍ਰਸਤਾਵ ਇੱਥੋਂ ਦੀ ਵਿਧਾਨ ਸਭਾ ਤੋਂ ਪਾਸ ਕਰਵਾ ਕੇ ਭਿਜਵਾ ਦਿੰਦੀ ਸੀ। ਰਾਸ਼ਟਰਪਤੀ ਫਿਰ ਉਸ ਤੇ ਦਸਖਤ ਕਰ ਦਿੰਦੇ ਸਨ ਅਤੇ ਕੋਈ ਹੋਰ ਭਾਰਤੀ ਵਿਵਸਥਾ ਤੇ ਲਾਗੂ ਹੋ ਜਾਂਦੀ ਸੀ। 1960 ਦਹਾਕੇ ਤੋਂ ਤਾਂ ਮਾਮਲਾ ਹੋਰ ਵੀ ਅੱਗੇ ਚਲਾ ਗਿਆ, ਹੁਣ ਕੇਂਦਰ ਦੁਆਰਾ ਨਿਯੁਕਤ ਰਾਜਪਾਲ ਹੀ ਇਹ ਕੰਮ ਕਰਨ ਲੱਗਿਆਂ। ਰਾਜ ਦੀ ਵਿਧਾਨ ਸਭਾ ਅਤੇ ਸਰਕਾਰ ਦੀ ਮਨਜ਼ੂਰੀ ਦੀ ਲੋੜ ਹੁਣ ਨਹੀਂ ਰਹਿ ਗਈ। ਨੋਟ ਕਰਨ ਵਾਲੀ ਗੱਲ ਹੈ ਕਿ ਮੋਦੀ ਸ਼ਾਹ ਨੇ ਜੰਮੂ-ਕਸ਼ਮੀਰ ਨੂੰ ਮਸਲਣ ਲਈ ਇਸੇ ਕਨੂੰਨੀ ਤਰੀਕੇ ਦੀ ਵਰਤੋਂ ਕੀਤੀ। ਮਜ਼ੇ ਦੀ ਗੱਲ ਇਹ ਹੈ ਕਿ ਜੰਮੂ ਕਸ਼ਮੀਰ ਦੇ ਮਾਮਲੇ ਵਿੱਚ ਭਾਰਤ ਦੇ ਸੰਵਿਧਾਨ ਦੀ ਮੂਲ ਭਾਵਨਾ ਦੀਆਂ ਖੁੱਲ੍ਹੇਆਮ ਧੱਜੀਆਂ ਉਡਾਉਣ ਵਾਲੇ ਇਸ ਤਰੀਕੇ ਨੂੰ ਦੇਸ਼ ਦੀ ਸੁਪਰੀਮ ਕੋਰਟ ਨੇ ਵੀ ਸਹੀ ਠਹਿਰਾਇਆ ਸੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਰਵਾਇਤੀ ਤੌਰ ਤੇ ਦੇਸ਼ ਦਾ ਸਭ ਤੋਂ ਖ਼ੁਦਮੁਖਤਿਆਰ ਸੂਬਾ ਸਭ ਤੋਂ ਘੱਟ ਖੁਦਮੁਖਤਿਆਰ ਹੋ ਗਿਆ। ਉੱਥੇ ਹੀ ਸਰਕਾਰ ਉਥੋਂ ਦੀ ਜਨਤਾ ਦੀ ਮਰਜ਼ੀ ਨਾਲ ਨਹੀਂ ਕੇਂਦਰ ਦੀ ਮਰਜ਼ੀ ਨਾਲ ਬਨਦੀ-ਵਿਗੜਦੀ ਰਹੀ ਉਥੋਂ ਦੇ ਨੇਤਾ ਕੇਂਦਰ ਦੀ ਕੱਠਪੁੱਤਲੀ ਬਣ ਕੇ ਹੀ ਰਹਿ ਗਏ। ਉਨ੍ਹਾਂ ਨੂੰ ਡਰਾਇਆ ਗਿਆ ਅਤੇ ਖਰੀਦਿਆ ਗਿਆ। ਸ਼ੇਖ ਅਬਦੁੱਲਾ ਦੇ ਗੋਡੇ ਟੇਕਣ ਪਿੱਛੋਂ ਉਨ੍ਹਾਂ ਦੇ ਪੁੱਤਰ ਫਾਰੂਕ ਅਬਦੁੱਲਾ ਅਤੇ ਪੋਤੇ ਉਮਰ ਅਬਦੁੱਲਾ ਨੇ ਇਸ ਆਤਮ ਸਮਰਪਣ ਜਾਰੀ ਰੱਖਿਆ। ਉਹ ਜੰਮੂ ਕਸ਼ਮੀਰ ਦੇ ਲੋਕਾਂ ਦੇ ਨੁਮਾਇੰਦੇ ਹੋਣ ਦੇ ਬਜਾਏ ਕੇਂਦਰ ਦੇ ਏਜੰਟ ਬਣ ਕੇ ਰਹਿ ਗਏ। ਜੰਮੂ ਕਸ਼ਮੀਰ ਬਾਰੇ ਇਹ ਸਭ ਇਨ੍ਹਾਂ ਭਿਆਨਕ ਸੱਚ ਸੀ ਕਿ ਭਾਰਤੀ ਹਾਕਮ ਜਮਾਤ ਜਿਸ ਨੂੰ ਕਦੇ ਵੀ ਮੰਨਣ ਲਈ ਤਿਆਰ ਨਹੀਂ ਹੋਈ। ਉਹ ਝੂਠ ਫਰੇਬ ਨਾਲ ਇਸ ਤੇ ਸਚਾਈ ਤੇ ਪੜਦਾ ਪਾਉਂਦੀ ਰਹੀ। ਭਲਾ ਹੋਵੇ ਸੰਘੀ ਫਾਸ਼ੀਵਾਦੀਆਂ ਦਾ ਕਿ ਉਨ੍ਹਾਂ ਨੇ ਭਾਰਤੀ ਪਾਰਲੀਮੈਂਟ ਸਾਹਮਣੇ ਇਸ ਸਭ ਕੁੱਝ ਸਵੀਕਾਰ ਕਰ ਲਿਆ। ਇਸ ਨੂੰ ਮੰਨ ਲੈਣ ਵਿੱਚ ਉਨ੍ਹਾਂ ਦਾ ਮਕਸਦ ਕਾਂਗਰਸ ਅਤੇ ਖਾਸ ਕਰਕੇ ਨਹਿਰੂ ਨੂੰ ਬਦਨਾਮ ਕਰਨ ਦਾ ਸੀ ਪਰ ਲੱਗੇ ਹੱਥੀਂ ਉਨ੍ਹਾਂ ਨੇ ਆਪਣੇ ਮੂੰਹ ਤੇ ਵੀ ਕਾਲਖ ਮਲ ਲਈ। ਜੰਮੂ-ਕਸ਼ਮੀਰ ਵਿੱਚ ਕੇਂਦਰ ਸਰਕਾਰ ਦੀਆਂ ਇਨ੍ਹਾਂ ਘਿ ?ਣਤ ਹਰਕਤਾਂ ਦਾ ਸੰਘੀ ਫਾਸ਼ੀਵਾਦੀਆਂ ਨੇ ਕਦੇ ਵਿਰੋਧ ਨਹੀਂ ਕੀਤਾ ਸੀ ਬਲਕਿ ਉਨ੍ਹਾਂ ਨੇ ਸਾਥ ਹੀ ਦਿੱਤਾ ਸੀ। ਇਹ ਭਾਰਤੀ ਰਾਜ ਦੀ ਕਾਰਵਾਈ ਸੀ ਜਿਸ ਵਿੱਚ ਸੰਘ ਦੀ ਫਾਸੀਵਾਦੀ ਵੀ ਨਾਲ ਸਨ। ਲਗਾਤਾਰ ਸਾਢੇ ਤਿੰਨ ਦਹਾਕੇ ਤੱਕ ਇਹ ਸਭ ਦੇਖਣ ਤੇ ਸਹਿਣ ਪਿੱਛੋਂ ਅੰਤ ਜੰਮੂ ਕਸ਼ਮੀਰ ਦੇ ਲੋਕਾਂ ਦੇ ਸਬਰ ਦਾ ਬੰਨ ਟੁੱਟ ਗਿਆ। ਕੇਂਦਰ ਰਾਜੀਵ ਗਾਂਧੀ ਸਰਕਾਰ ਨੇ 1987 ਦੀਆਂ ਚੋਣਾਂ ਵਿੱਚ ਸਿਰੇ ਦੀ ਘਪਲੇਬਾਜੀ ਕਰਕੇ ਫਾਰੂਖ਼ ਅਬਦੁੱਲਾ ਦੀ ਨੈਸ਼ਨਲ ਕਾਂਗਰਸ ਨੂੰ ਜਿਤਾਇਆ ਸੀ। ਚੋਣਾਂ ਤਾਂ ਉਨ੍ਹਾਂ ਨੇ ਜਿੱਤੀਆਂ ਸੀ ਜੋ ਜੰਮੂ-ਕਸ਼ਮੀਰ ਦੀ ਆਜ਼ਾਦੀ ਦੀ ਗੱਲ ਕਰਦੇ ਸਨ। ਚੋਣਾਂ ਵਿੱਚ ਕੀਤੀ ਇਸ ਧਾਂਦਲੀ ਪਿੱਛੋਂ ਮਾਹੌਲ ਗਰਮ ਹੁੰਦਾ ਗਿਆ ਅਤੇ ਆਖਰਕਾਰ 1989 ਵਿੱਚ ਲੋਕ ਬਗ਼ਾਵਤ ਫੁੱਟ ਹੀ ਪਈ। ਉਸ ਪਿੱਛੋਂ ਤਾਂ ਜਿਹੋ ਜਿਹਾ ਕਹਿੰਦੇ ਹਨ ਸਭ ਇਤਿਹਾਸ ਹੈ। ਲੋਕਾਂ ਦੀ ਇਸ ਬਗਾਵਤ ਦੌਰਾਨ ਭਾਰਤ ਸਰਕਾਰ ਨੇ ਬੇਹੱਦ ਵਹਿਸ਼ੀਪੁਣੇ ਦਾ ਸਬੂਤ ਦਿੱਤਾ। ਇਸ ਦਾ ਅੰਦਾਜਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਖੁਦ ਸੰਘੀ ਗ੍ਰਹਿ ਮੰਤਰੀ ਨੇ ਸੰਸਦ ਚ ਕਿਹਾ ਕਿ ਪਿਛਲੇ ਤੀਹ ਸਾਲਾਂ ਵਿੱਚ ਕਸ਼ਮੀਰ ਵਿੱਚ ਉਨੰਜਾ ਹਜ਼ਾਰ ਲੋਕ ਮਾਰੇ ਗਏ ਹਨ। ਅਸਲ ਗਿਣਤੀ ਇਸ ਦੇ ਦੁੱਗਣੇ ਤੋਂ ਵੀ ਵੱਧ ਹੈ। ਕਸ਼ਮੀਰ ਦਾ ਚੱਪਾਚੱਪਾ ਪਿਛਲੇ ਤਿੰਨ ਦਹਾਕਿਆਂ ਤੋਂ ਫੌਜੀਆਂ ਦੀਆਂ ਸੰਗੀਨਾਂ ਦੇ ਸਾਏ ਵਿੱਚ ਹੈ। ਉਥੇ ਅੱਜ ਕੋਈ ਵੀ ਪਰਿਵਾਰ ਅਜਿਹਾ ਨਹੀਂ ਜੋ ਇਨ੍ਹਾਂ ਸੰਗੀਨਾਂ ਦਾ ਸ਼ਿਕਾਰ ਨਾ ਹੋਇਆ ਹੋਵੇ। ਜੇ ਕੋਈ ਬਚਿਆ ਹੋਵੇਗਾ ਤਾਂ ਉਹੀ ਜਿਸ ਨੂੰ ਉਥੇ ਭਾਰਤ ਦਾ ਏਜੰਟ ਕਿਹਾ ਜਾਂਦਾ ਹੈ। ਪਿਛਲੇ ਤਿੰਨ ਦਹਾਕਿਆਂ ਚ ਜੰਮੂ ਕਸ਼ਮੀਰ ਨੂੰ ਫੌਜ ਦੇ ਹਵਾਲੇ ਕਰਕੇ ਭਾਰਤ ਦੀਆਂ ਹਾਕਮ ਜਮਾਤ ਇਹ ਉਮੀਦ ਕਰਦੀ ਰਹੀ ਕਿ ਭਾਰਤ ਕਿਸੇ ਤਰ੍ਹਾਂ 1989 ਤੋਂ ਪਹਿਲਾਂ ਦੀ ਸਥਿਤੀ ਵਿੱਚ ਵਾਪਸ ਆ ਜਾਵੇਗਾ, ਪਰ ਅਜੇਹਾ ਨਾ ਹੋ ਸਕਦਾ ਸੀ ਤੇ ਨਾ ਹੋਇਆ। ਹਾਲਾਂਕਿ ਇਥੇ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਇਸ ਦਿਸ਼ਾ ਵਿੱਚ ਵਾਜਪਾਈ-ਮੁਸ਼ਰਫ ਦੀ ਇੱਕ ਕੋਸਿਸ਼ ਦੀ ਫੂਕ ਸੰਘੀ ਫਾਸ਼ੀਵਾਦੀਆਂ ਨੇ ਹੀ ਕੱਢੀ ਸੀ। ਹੁਣ ਸੰਘੀ ਫਾਸ਼ੀਵਾਦੀਆਂ ਨੇ ਉਸ ਅਮਲ ਨੂੰ ਸਿਖਰ ਤੱਕ ਪਹੁੰਚਾ ਦਿੱਤਾ ਹੈ, ਜੋ ਪਿਛਲੇ 65 ਸਾਲਾਂ ਤੋਂ ਚੱਲ ਰਿਹਾ ਸੀ। ਉਨ੍ਹਾਂ ਨੇ ਜੰਮੂ-ਕਸ਼ਮੀਰ ਦੇ ਮਾਮਲੇ ਵਿੱਚ ਲੋਕਰਾਜ,ਕਾਨੂੰਨ ਦਾ ਬਚਿਆ ਖੁਚਿਆ ਨਕਾਬ ਵੀ ਨਾਹ ਸੁੱਟਿਆ ਹੈ। ਉਨ੍ਹਾਂ ਨੇ ਖੁੱਲ੍ਹੇਆਮ ਜੰਮੂ-ਕਸ਼ਮੀਰ ਨੂੰ ਫੌਜੀਆਂ ਦੀਆਂ ਸੰਗੀਨਾਂ ਦੇ ਹਵਾਲੇ ਕਰ ਕੇ ਉਸ ਨੂੰ ਹਰ ਪੱਖੋਂ ਮਸਲ ਦਿੱਤਾ ਹੈ। ਇਹ ਉੱਥੋਂ ਦੇ ਲੋਕਾਂ ਦੀ ਮਾਣ ਮਰਿਆਦਾ ਨੂੰ ਸ਼ਰੇਆਮ ਪੈਰਾਂ ਹੇਠ ਰੋਲਣ ਵਾਲੀ ਕਾਰਵਾਈ ਹੈ। ਇਹ ਉਸ ਗੱਲ ਦਾ ਖੁਲ੍ਹਾ ਐਲਾਨ ਹੈ ਕਿ ਜੰਮੂ ਕਸ਼ਮੀਰ ਤੇ ਲੋਕਾਂ ਨੂੰ ਸੰਘੀ ਫਾਸੀਵਾਦੀ ਦੀ ਮਰਜ਼ੀ ਤੇ ਜਿਉਣਾ ਪਵੇਗਾ। ਉਨ੍ਹਾਂ ਦੇ ਲਈ ਹੁਣ ਲੋਕ-ਤੰਤਰ ਦਾ ਫੱਟਾ ਵੀ ਨਹੀਂ ਹੋਏਗਾ। ਸੰਘੀ ਫਾਸ਼ੀਵਾਦੀ ਵੈਸੇ ਵੀ ਲੋਕ-ਤੰਤਰ ਵਿੱਚ ਵਿਸ਼ਵਾਸ ਨਹੀਂ ਰਖਦੇ। ਗੱਲ ਸਿਰਫ਼ ਸੰਘੀ ਫਾਸ਼ੀਵਾਦੀਆਂ ਤੱਕ ਹੀ ਸੀਮਤ ਨਹੀਂ ਹੈ। ਬਲਕਿ ਇਹ ਭਾਰਤ ਦੇ ਸਮੁੱਚੇ ਨੌਕਰਸ਼ਾਹ ਸਰਮਾਏਦਾਰੀ ਢਾਂਚਾ ਦੀ ਗੱਲ ਹੈ। ਜੰਮੂ ਕਸ਼ਮੀਰ ਦੇ ਲੋਕਾਂ ਨੂੰ ਸੰਗੀਨਾਂ ਦੀ ਨੋਕ ਤੇ ਰੱਖ ਕੇ ਉਨ੍ਹਾਂ ਨੂੰ ਰਵਾਇਤੀ ਲੋਕਤੰਤਰ ਤੋਂ ਵੀ ਵਾਂਝੇ ਕਰਨਾ ਇੱਕ ਅਜਿਹੀ ਕਾਰਵਾਈ ਸੀ, ਜਿਸ ਨੂੰ ਸੰਘੀ ਫਾਸ਼ੀਵਾਦੀਆਂ ਤੋਂ ਇਲਾਵਾ ਕਿਸੇ ਦੀ ਵੀ ਇਹ ਹਮਾਇਤ ਨਹੀਂ ਮਿਲਣੀ ਚਾਹੀਦੀ ਸੀ, ਪਰ ਅਸਲ ਵਿੱਚ ਹੋਇਆ ਕੀ ? ਸੰਘੀ ਫਾਸ਼ੀਵਾਦੀਆਂ ਦੀ ਇਸ ਘਿ ?ਣਿਤ ਕਾਰਵਾਈ ਦੀ ਹਮਾਇਤ ਕਰਨ ਵਾਲਿਆਂ ਦੀ ਇੱਕ ਕਤਾਰ ਹੀ ਲੱਗੀ। ਉਸ ਦੇ ਵਿਰੋਧੀ ਵੀ ਉਸ ਦੀ ਹਮਾਇਤ ਕਰਨ ਲੱਗੇ। ਅਜਿਹੇ ਕਰਕੇ ਉਹਨਾਂ ਨੇ ਦਿਖਾਇਆ ਕਿ ਲੋਕਤੰਤਰ ਦੀ ਤਾਂ ਉਹਨਾਂ ਨੂੰ ਵੀ ਭੋਰਾਭਰ ਫਿਕਰ/ਪਰਵਾਹ ਨਹੀਂ ਹੈ। ਕੁਝ ਉਦਾਰਵਾਦੀਆਂ ਨੂੰ ਅਜੇ ਵੀ ਇਹ ਭਰਮ ਹੈ ਕਿ ਸੰਘੀ ਫਾਸ਼ੀਵਾਦੀਆਂ ਦੀ ਇਸ ਘਿ ?ਣਿਤ ਕਾਰਵਾਈ ਬਾਰੇ ਸ਼ਾਇਦ ਸਿਖਰਲੀ ਅਦਾਲਤ ਕਸ਼ਮੀਰੀ ਲੋਕਾਂ ਦੀ ਮੱਦਦ ਲਈ ਅੱਗੇ ਆਵੇ। ਜਿਸ ਸਿਖਰਲੀ ਅਦਾਲਤ ਨੇ ਅਤੀਤ ਵਿੱਚ ਕੇਂਦਰ ਸਰਕਾਰ ਦੀ ਇਸ ਸਬੰਧ ਵਿੱਚ ਸਾਰੀਆਂ ਕਾਰਗੁਜ਼ਾਰੀਆਂ ਨੂੰ ਜਾਇਜ਼ ਠਹਿਰਾਇਆ ਹੋਵੇ, ਕੀ ਹੁਣ ਉਹ ਮੋਦੀ ਸਰਕਾਰ ਖਿਲਾਫ ਜਾਵੇਗੀ ? ਇਹ ਕਹਿਣਾ ਬਹੁਤ ਮੁਸ਼ਕਿਲ ਹੈ। ਅਜੋਕੀਆਂ ਹਾਲਤਾਂ ਵਿੱਚ ਜੰਮੂ ਕਸ਼ਮੀਰ ਦੇ ਲੋਕਾਂ ਦੀ ਹਾਲਤ ਕੁਝ ਕੁਝ ਐਸੀ ਹੀ ਹੋਣ ਜਾ ਰਹੀ ਹੈ ਜਿਹੋ ਜਿਹੀ ਫਿਲਸਤੀਨ ਦੇ ਲੋਕਾਂ ਦੀ। ਇਹ ਲੋਕ ਇੱਕ ਜਾਬਰ ਸਤ ਦੇ ਭਿਅੰਕਰ ਅਤਿਆਚਾਰਾਂ ਦਾ ਸ਼ਿਕਾਰ ਹੋਵੇਗੀ ਪਰ ਲੜੇਗੀ। ਜੋ ਲੋਕ ਪਿਛਲੇ ਤਿੰਨ ਦਹਾਕਿਆਂ ਤੋਂ ਸੰਗੀਨਾਂ ਦੀ ਨੋਕ ਦੇ ਹੇਠਾਂ ਰਹਿੰਦੇ ਹੋਏ ਵੀ ਆਪਣਾ ਸੰਘਰਸ਼ ਜਾਰੀ ਰੱਖ ਰਹੇ ਹਨ, ਉਹ ਉਸ ਨੂੰ ਅੱਗੇ ਵੀ ਜਾਰੀ ਰੱਖਣਗੇ। ਹੁਣ ਤਾਂ ਕੋਈ ਪੜਦਾ ਵੀ ਨਹੀਂ ਰਹਿ ਗਿਆ। ਹੁਣ ਤਾਂ ਉੱਥੇ ਭਾਰਤ ਦੇ ਏਜੰਟ ਵੀ ਸੰਘਰਸ਼ ਦੇ ਨਾਲ ਆਉਣ ਨੂੰ ਮਜਬੂਰ ਹੋਣਗੇ। ਪਰ ਅੱਜ ਦੇ ਹਾਲਾਤ ਵਿੱਚ ਫਲਸਤੀਨੀ ਜਨਤਾ ਦੀ ਤਰ੍ਹਾਂ ਜੰਮੂ ਕਸ਼ਮੀਰ ਦੇ ਲੋਕਾਂ ਦਾ ਸੰਘਰਸ਼ ਉਨ੍ਹਾਂ ਦੇ ਇਕੱਲਿਆਂ ਦਾ ਹੋਵੇਗਾ। ਪਾਕਿਸਤਾਨ ਵਰਗੇ ਉਨ੍ਹਾਂ ਦੇ ਸਾਰੇ ਹਮਾਇਤੀ ਅਸਲ ਵਿੱਚ ਆਪਣੇ ਹਿੱਤਾ ਦੀ ਹੀ ਪੂਰਤੀ ਕਰਨਗੇ। ਦੁਨੀਆਂ ਦੇ ਸਾਰੇ ਹੀ ਹਾਕਮ ਅੱਜ ਭਾਰਤੀ ਹਾਕਮਾਂ ਵਾਂਗੂੰ ਇੰਨੇ ਪਤਿਤ ਹੋ ਚੁੱਕੇ ਹਨ ਕਿ ਕਿਸੇ ਵੀ ਤਰ੍ਹਾਂ ਦੇ ਲੋਕਾਂ ਦੇ ਹਿੱਤਾਂ ਨਾਲ ਨਹੀਂ ਖੜ੍ਹੇ ਹੋ ਸਕਦੇ। ਭਾਰਤ ਦੇ ਲੋਕਾਂ ਦੀ ਹਾਲਤ ਇਸ ਮਾਮਲੇ ਵਿੱਚ ਵਿਸ਼ੇਸ਼ ਬਣ ਜਾਂਦੀ ਹੈ। ਭਾਰਤ ਦੇ ਹਾਕਮ ਜੰਮੂ-ਕਸ਼ਮੀਰ ਵਿੱਚ ਸਾਰੇ ਕੁਕਰਮ ਭਾਰਤ ਦੇ ਲੋਕਾਂ ਦੇ ਨਾਂ ਤੇ ਹੀ ਕਰਦੇ ਰਹੇ ਹਨ। ਹੁਣ ਸੰਘੀ ਫਾਸ਼ੀਵਾਦੀਆਂ ਨੇ ਵੀ ਉਹੀ ਕੀਤਾ ਹੈ। ਪਰ ਸੱਚਾਈ ਇਹ ਹੈ ਕਿ ਲੋਕਾਂ ਦੇ ਇੱਕ ਹਿੱਸੇ ਤੇ ਜਬਰ ਦੀ ਹਮਾਇਤ ਕਰਕੇ ਦੂਜਾ ਹਿੱਸਾ ਖੁਦ ਆਜ਼ਾਦੀ ਦੀ ਵਰਤੋਂ ਨਹੀਂ ਕਰ ਸਕਦਾ। ਜਕੂਮਤੀ ਸੰਗੀਨਾਂ ਪਲਟ ਕੇ ਉਸ ਦੀ ਵੀ ਹਿੱਕ ਤੇ ਵਾਰ ਕਰ ਸਕਦੀਆਂ ਹਨ। ਭਾਰਤ ਦੇ ਲੋਕਾਂ ਦਾ ਹਿੱਤ ਜੰਮੂ ਕਸ਼ਮੀਰ ਦੇ ਲੋਕਾਂ ਦੇ ਨਾਲ ਖੜ੍ਹੇ ਹੋਣ ਵਿੱਚ ਹੈ। ਉਹਨਾਂ ਤੇ ਜਬਰ ਕਰਨ ਵਾਲੇ ਭਾਰਤੀ ਹਾਕਮਾਂ ਦੇ ਨਾਲ ਨਹੀਂ। ਸੰਘੀ ਫਾਸ਼ੀਵਾਦੀਆਂ ਦੇ ਨਾਲ ਤਾਂ ਬਿਲਕੁੱਲ ਵੀ ਨਹੀਂ। ਇਹ ਦੇਖਣਾ ਕੋਈ ਮੁਸ਼ਕਿਲ ਨਹੀਂ ਹੈ ਕਿ ਅੱਜ ਦੇ ਭਿਅੰਕਰ ਆਰਥਿਕ ਸੰਕਟ ਦੇ ਸਮੇਂ ਜਿਹਨਾਂ ਲੋਕਾਂ ਨੂੰ ਸਰਕਾਰ ਦੇ ਖ਼ਿਲਾਫ਼ ਸੜਕਾਂ ਤੇ ਹੋਣਾ ਚਾਹੀਦਾ ਸੀ, ਅੱਜ ਜੇ ਉਹ ਜੰਮੂ-ਕਸ਼ਮੀਰ ਦੇ ਲੋਕਾਂ ਤੇ ਹੁੰਦੇ ਜਬਰ ਅਤੇ ਮਾਣ ਮਰਿਆਦਾ ਦੇ ਘਾਣ ਤੇ ਲੱਡੂ ਵੰਡ ਰਹੇ ਹਨ ਤਾਂ ਇਹ ਕਿਸ ਦੇ ਹਿੱਤ ਵਿੱਚ ਹੈ ? ਕੇਵਲ ਹਰ ਥਾਂ ਅਨਿਆਂ, ਅੱਤਿਆਚਾਰ ਅਤੇ ਜਬਰ ਦਾ ਵਿਰੋਧ ਕਰਕੇ ਹੀ ਆਪਣੇ ਖਿਲਾਫ ਅਨਿਆਂ, ਅੱਤਿਆਚਾਰ ਅਤੇ ਜਬਰ ਦਾ ਵਿਰੋਧ ਕੀਤਾ ਜਾ ਸਕਦਾ ਹੈ। ਇਸ ਸੰਘੀ ਫਾਸ਼ੀਵਾਦੀ ਸਿਰਫ ਜੰਮੂ-ਕਸ਼ਮੀਰ ਤੱਕ ਹੀ ਨਹੀਂ ਰੁਕਣਗੇ ਉਹ ਹਰ ਗਲੀ ਮਹੱਲੇ ਨੂੰ ਸੰਘੀ ਲਪਟਾਂ ਤੇ ਫੌਜੀ ਬੂਟਾਂ ਦੇ ਹਵਾਲੇ ਕਰ ਦੇਣਗੇ। ਬਾਕੀ ਭਾਰਤ ਦੇ ਲੋਕਾਂ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਨਾਂ ਤੇ ਜੰਮੂ ਕਸ਼ਮੀਰ ਦੇ ਲੋਕਾਂ ਖਿਲਾਫ਼ ਖੜ੍ਹਾ ਕੀਤਾ ਜਾਂਦਾ ਰਿਹਾ ਹੈ ਅਤੇ ਇਸ ਸਮੇਂ ਵੀ ਕੀਤਾ ਜਾ ਰਿਹਾ ਹੈ। ਇਸ ਬਾਰੇ ਪਹਿਲਾ ਸੁਆਲ ਤਾਂ ਇਹੀ ਹੈ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਕੀ ਦੇਸ਼ ਦੇ ਲੋਕਾਂ ਲਈ ਹੈ ਜਾਂ ਲੋਕ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਹਨ ? ਕੀ ਦੇਸ਼ ਦੇ ਲੋਕਾਂ ਦੇ ਇੱਕ ਹਿੱਸੇ ਦਾ ਕਤਲੇਆਮ ਕਰ ਕੇ ਇਸ ਏਕਤਾ ਤੇ ਅਖੰਡਤਾ ਨੂੰ ਬਚਾਇਆ ਜਾ ਸਕੇਗਾ ? ਦੂਜਾ ਸਵਾਲ ਹੈ ਕਿ ਕੀ ਇਸ ਤਰ੍ਹਾਂ ਦੇਸ਼ ਦੀ ਏਕਤਾ ਤੇ ਅਖੰਡਤਾ ਬਚ ਸਕਦੀ ਹੈ ? ਦੁਨੀਆਂ ਭਰ ਦਾ ਪਿਛਲੇ ਸੌ ਸਾਲ ਦਾ ਇਤਿਹਾਸ ਇਹ ਦੱਸਦਾ ਹੈ ਕਿ ਅਜਿਹਾ ਸੰਭਵ ਨਹੀਂ ਹੁੰਦਾ। ਸੰਗੀਨਾਂ ਦੇ ਪ੍ਰਛਾਵੇਂ ਥੱਲੇ ਰਹਿ ਰਹੇ ਲੋਕ ਇੱਕ ਦਿਨ ਉਸ ਦੇਸ਼ ਤੋਂ ਵੱਖ ਹੋ ਜਾਣਗੇ। ਇਸ ਨੂੰ ਸਿਰਫ ਤਾਂ ਹੀ ਬਚਾਇਆ ਜਾ ਸਕਦਾ ਹੈ ਜਦ ਦੇਸ਼ ਦੇ ਅੰਦਰ ਤਰ੍ਹਾਂ ਤਰ੍ਹਾਂ ਦੀਆਂ ਕੌਮੀਅਤਾਂ ਨੂੰ ਤਰ੍ਹਾਂ ਤਰਾਂ ਦੀ ਖ਼ੁਦਮੁਖ਼ਤਾਰੀ ਹਾਸਲ ਹੋਵੇ। ਇਹ ਖ਼ੁਦਮੁਖਤਾਰੀ ਵੀ ਉਸ ਦੀ ਇੱਛਾ ਦੇ ਅਨੁਕੂਲ ਹੋਵੇ। ਉਨ੍ਹਾਂ ਦੀ ਇੱਛਾ ਵਿੱਚ ਦੇਸ਼ ਤੋਂ ਅਲੱਗ ਹੋਣ ਦਾ ਅਧਿਕਾਰ ਵੀ ਸ਼ਾਮਿਲ ਹੋਵੇ। ਸੰਘੀ ਫਾਸ਼ੀਵਾਦੀਆਂ ਦੀ ਇੱਕ ਦੇਸ਼, ਇੱਕ ਭਾਸ਼ਾ, ਇੱਕ ਸੰਸਕ੍ਰਿਤੀ ਦੀ ਧਾਰਨਾ ਦੇ ਠੀਕ ਉਲਟ ਭਾਰਤ ਬਹੁਤ ਸਾਰੀਆਂ ਭਾਸ਼ਾਵਾਂ ਤੇ ਸੱਭਿਆਚਾਰਾਂ ਵਾਲੇ ਦੇਸ਼ ਹੈ। ਕਈ ਸਾਰੇ ਧਰਮ ਤਾਂ ਹਨ ਹੀ। ਇਸ ਲਈ ਇਹ ਇੱਕ ਰਾਸ਼ਟਰ ਨਹੀਂ ਬਲਕਿ ਭਾਂਤ ਭਾਂਤ ਦੇ ਪੱਧਰ ਦੀਆਂ ਕੌਮੀਅਤਾਂ ਦਾ ਸਮੂਹ ਹੈ। ਇੱਕ ਦੇਸ਼ ਦੇ ਅੰਦਰ ਇਹ ਤਾਂ ਹੀ ਇਕੱਠੇ ਰਹਿ ਸਕਦੇ ਹਨ ਜਦ ਇਨ੍ਹਾਂ ਨੂੰ ਲੋੜੀਂਦਾ ਮਾਣ ਸਨਮਾਨ ਤੇ ਖੁਦਮੁਖਤਿਆਰੀ ਮਿਲੇ। ਪਿਛਲੇ ਸੱਤਰ ਸਾਲਾਂ ਵਿੱਚ ਇਹ ਨਹੀਂ ਹੋਇਆ ਹੈ। ਭਾਰਤ ਨੂੰ ਇੱਕ ਸੰਘ ਐਲਾਨ ਕਰਨ ਦੇ ਬਾਵਜੂਦ ਭਾਰਤ ਦੇ ਹਕੂਮਤ ਨੇ ਇਸ ਨੂੰ ਕੇਂਦਰੀਕ੍ਰਿਤ ਰਾਜ ਦੇ ਰੂਪ ਚ ਢਾਲਣਾ ਚਾਹਿਆ, ਜਿਸ ਨਾਲ ਇੱਥੇ ਕੌਮੀਅਤਾਂ ਦੀ ਸਮੱਸਿਆ ਵਿਕਰਾਲ ਹੋਈ। ਇਸ ਨਾਲ ਆਖਿਰਕਾਰ ਜੰਮੂ-ਕਸ਼ਮੀਰ ਲੋਕ ਬਗਾਵਤ ਦੀ ਹਾਲਤ ਵਿੱਚ ਪਹੁੰਚ ਗਿਆ। ਸੰਘੀ ਫਾਸ਼ੀਵਾਦੀ ਇਸ ਸਾਰੇ ਕੁਝ ਨੂੰ ਹੋਰ ਅੱਗੇ ਵਧਾਉਂਦੇ ਹੋਏ ਇੱਕ ਦੇਸ਼, ਇੱਕ ਭਾਸ਼ਾ, ਇੱਕ ਸੱਭਿਆਚਾਰ ਦਾ ਆਪਣਾ ਸੁਪਨਾ ਪੂਰਾ ਕਰਨਾ ਚਾਹੁੰਦੇ ਹਨ। ਇਹ ਅਸਲ ਵਿੱਚ ਦੇਸ਼ ਨੂੰ ਹੋਰ ਵਿਸਫੋਟ ਵੱਲ ਲੈ ਜਾਵੇਗਾ। ਭਾਰਤ ਦੇ ਮੇਹਨਤਕਸ਼ ਲੋਕਾਂ ਦਾ ਹਿੱਤ ਇਸ ਸੰਘੀ ਮਨਸੂਬੇ ਦਾ ਵਿਰੋਧ ਕਰਨ ਵਿੱਚ ਹੈ। ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਫਰਜੀ ਦੇਸ਼ਭਗਤੀ ਦੀ ਭਾਵਨਾ ਤੋਂ ਮੁਕਤ ਹੋ ਕੇ ਇਸ ਪਾਸੇ ਅੱਗੇ ਵਧਣਾ ਚਾਹੀਦਾ ਹੈ।

**ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ**

*23 ਅਕਤੂਬਰ ਨੂੰ ਜਨਮ ਦਿਵਸ ਸਮਾਗਮ 'ਤੇ ਵਿਸ਼ੇਸ਼*

# ਮਹਾਨ ਗ਼ਦਰੀ ਜਰਨੈਲ ਬਾਬਾ ਹਰੀ ਸਿੰਘ ਉਸਮਾਨ (ਬੱਦੋਵਾਲ)



ਬਾਬਾ ਹਰੀ ਸਿੰਘ ਉਸਮਾਨ ਦਾ ਜਨਮ ਜਿਲ੍ਹਾ ਲੁਧਿਆਣਾ ਦੇ ਇਤਿਹਾਸਕ ਪਿੰਡ ਬੱਦੋਵਾਲ ਵਿਖੇ 20 ਅਕਤੂਬਰ 1879 ਨੂੰ ਹੋਇਆ। ਪੂਰੇ 19 ਸਾਲ ਦੀ ਉਮਰ ਵਿੱਚ ਫੌਜ ਵਿੱਚ ਭਰਤੀ ਹੋ ਕੇ 20-10-1898 ਤੋਂ ਲੈ ਕੇ 01-04-1905 ਤੱਕ ਕਰੀਬ ਸਾਢੇ ਛੇ ਸਾਲ ਸਰਕਾਰੀ ਨੌਕਰੀ ਕੀਤੀ। ਅਣਖੀਲੇ ਸੁਭਾਅ ਦੇ ਮਾਲਕ ਹੋਣ ਕਰਕੇ ਫੌਜੀ ਗੁਲਾਮੀ ਨੂੰ ਲੱਤ ਮਾਰ ਕੇ ਪਿੰਡ ਵਾਪਸ ਆ ਗਏ ਤੇ ਢਾਈ ਸਾਲ ਖੇਤੀਬਾੜੀ ਦਾ ਕੰਮ ਕੀਤਾ। 30 ਅਕਤੂਬਰ 1907 ਨੂੰ ਰੋਟੀ ਰੋਜ਼ੀ ਦੀ ਭਾਲ ਵਿੱਚ ਫਿਲਪਾਈਨ ਲਈ ਰਵਾਨਾ ਹੋ ਗਏ। ਦੋ ਸਾਲ ਫਿਲਪਾਈਨ ਸ਼ਹਿਰ ਮਨੀਲਾ ਵਿੱਚ ਮਜ਼ਦੂਰੀ ਤੇ ਪਹਿਰੇਦਾਰੀ ਕੀਤੀ। ਅੱਗੋਂ ਅਮਰੀਕਾ ਜਾ ਕੇ ਕੈਲੀਫੋਰਨੀਆ, ਇੰਪੀਰੀਅਲ ਵੈਲੀ 'ਚ ਮਜ਼ਦੂਰੀ ਕਰਨ ਪਿੱਛੋਂ ਅਮਰੀਕਾ - ਮੈਕਸੀਕੋ ਹੱਦ 'ਤੇ ਮੈਕਸੀਕਾਲੀ ਕਸਬੇ ਨੇੜੇ 200 ਏਕੜ ਜ਼ਮੀਨ ਠੇਕੇ ਤੇ ਲੈ ਕੇ ਕਪਾਹ ਦੀ ਖੇਤੀ ਕਰਨ ਲੱਗੇ। ਬੇਹੱਦ ਤੇ ਮਿਹਨਤੀ ਤੇ ਸਿਰੜੀ ਸੀ ਹਰੀ ਸਿੰਘ। ਖ਼ੂਨ ਪਸੀਨਾ ਇੱਕ ਕਰਕੇ ਸਾਢੇ ਚਾਰ ਸਾਲਾਂ ਵਿੱਚ ਜਮ੍ਹਾਂ ਕੀਤੇ ਕਾਫੀ ਡਾਲਰ। ਦੂਜੇ ਪਾਸੇ ਗੋਰਿਆਂ ਵੱਲੋਂ ਪੈਰ-ਪੈਰ 'ਤੇ ਗੁਲਾਮੀ ਵਾਲੇ ਸਲੂਕ ਦੇ ਸ਼ੇਲੇ ਅਣਖੀ ਹਰੀ ਸਿੰਘ ਦੇ ਦਿਲ ਦਿਮਾਗ ਨੂੰ ਕਰਦੇ ਜ਼ਖ਼ਮੀ। ਅਜਿਹੇ ਹਾਲਾਤਾਂ ਅੰਦਰ ਸਾਨਫਰਾਂਸਿਸਕੋ ਦੇ 'ਯੁਗਾਂਤਰ - ਆਸ਼ਰਮ' (ਹੈਡਕੁਆਟਰ ਗ਼ਦਰ ਪਾਰਟੀ) 'ਚੋ ਨਿਕਲਦੇ ਗ਼ਦਰ ਅਖਬਾਰ ਦਾ ਪਹਿਲਾ ਪਰਚਾ ਹਰੀ ਸਿੰਘ ਨੂੰ ਮਿਲਿਆ। ਆਪ ਨੇ ਪੜ੍ਹੇ ਹੇਠ ਲਿਖੇ ਚਾਰ ਸਬਕ :-

ਪਹਿਲਾ ਸਬਕ :- ਹਥਿਆਰ ਬੰਦ ਇਨਕਲਾਬ, ਦੂਜਾ ਸਬਕ :- ਧਰਮ ਆਪੋ ਆਪਣਾ, ਤੀਜਾ ਸਬਕ :- ਸਭ ਗੁਲਾਮ ਦੇਸ਼ਾਂ ਦੀ ਆਜ਼ਾਦੀ ਦੇ ਘੋਲਾਂ ਵਿੱਚ ਹਿੱਸਾ ਲੈਣਾ, ਚੌਥਾ ਸਬਕ:- ਤਨਖਾਹ ਮੌਤ ਤੇ ਇਨਾਮ ਆਜ਼ਾਦੀ । ਚਾਰੇ ਸਬਕ ਕਰ ਲਏ ਹਰੀ ਸਿੰਘ ਨੇ ਪਾਠ ਦੀ ਤਰ੍ਹਾਂ ਯਾਦ । ਲੱਗਾ ਕੰਮ ਕਰਦਾ 'ਗ਼ਦਰ ਦੀ ਕਵਿਤਾ ਗਾਉਣ' :-''ਗ਼ਦਰ ਪਾਰਟੀ ਬੀੜ੍ਹਾ ਚੁੱਕਿਆ ਹਿੰਦ ਆਜ਼ਾਦ ਕਰਾਵਣ ਦਾ, ਆਉ ਸ਼ੇਰੋ ਗ਼ਦਰ ਮਚਾਈਏ ਵੇਲਾ ਨਹੀਂ ਖੁੰਝਾਵਣ ਦਾ"।

ਆਜ਼ਾਦੀ ਦੀ ਮੱਚਦੀ ਲਾਟ ਦੇ ਸੱਜਰੇ ਬਣੇ ਪਰਵਾਨੇ ਨੇ ਸੋਚਿਆ ਕਿ ਹੁਣ ਵੇਲਾ ਖੁੰਝਣ ਨਹੀਂ ਦੇਣਾ। 15 ਅਕਤੂਬਰ 1914 ਨੂੰ 'ਯੁਗਾਂਤਰ- ਆਸ਼ਰਮ' ਪੁੱਜ ਕੇ ਬਣ ਗਏ ਗ਼ਦਰ ਪਾਰਟੀ ਦੇ ਪੱਕੇ ਮੈਂਬਰ ਤੇ ਬੰਦ ਪਏ ਅਖਬਾਰ ਗ਼ਦਰ ਨੂੰ ਮੁੜ ਚਾਲੂ ਕਰਨ ਵਾਲੇ ਨਵੇਂ ਸੰਪਾਦਕ। ਗ਼ਦਰ ਪਾਰਟੀ ਦੇ ਫੈਸਲੇ ਮੁਤਾਬਿਕ ਆਪਣੇ ਸਾਥੀਆਂ - ਹਰਨਾਮ ਚੰਦ, ਕਿਸ਼ਨ ਚੰਦ, ਮੰਗੂ ਤੇ ਰਘਵੀਰ ਸਮੇਤ ਆਪ 'ਜਹਾਂਗੀਰ' ਗੁਪਤ ਨਾਂਅ ਹੇਠ 15 ਅਪ੍ਰੈਲ 1915 ਨੂੰ ਜਰਮਨ ਕੌਂਸਲ ਦੀ ਮਦਦ ਨਾਲ ਅਮਰੀਕਾ ਤੋਂ ਹਿੰਦ ਦੀ ਗ਼ਦਰ ਪਾਰਟੀ ਵਾਸਤੇ ਹਥਿਆਰਾਂ ਦਾ ਭਰਿਆਂ ਸਮੁੰਦਰੀ ਜ਼ਹਾਜ ਲੈ ਕੇ ਰਵਾਨਾ ਹੋ ਗਏ । 5 ਮਹੀਨੇ ਦੀਆਂ ਘੁੰਮਣ ਘੇਰੀਆਂ ਪਿੱਛੋ ਫੜੇ ਗਏ ਸਤੰਬਰ 1915 'ਚ । ਪ੍ਰੰਤੂ ਜਕਾਰਤਾ (ਜਾਵਾ) ਵਿਖੇ ਜਰਮਨ ਕੌਂਸਲ ਦੀ ਸਹਾਇਤਾ ਨਾਲ ਬਚ ਨਿਕਲੇ। ਜਾਵਾ ਦੇ ਪੱਛਮੀ ਹਿੱਸੇ ਦੇ ਪਹਾੜੀ ਖੇਤਰ 'ਗੰਗਹਾਲੂ' ਦੇ ਜੰਗਲਾਂ ਵਿੱਚ 01-01-16 ਤੋਂ 01-01-38 ਤੱਕ 'ਉਸਮਾਨ ਖਾਂ' ਦੇ ਨਾਂਅ ਹੇਠ ਤੀਜੇ ਰੂਪ 'ਚ ਗੁਪਤ ਵਾਸ ਜੀਵਨ ਬਤੀਤ ਕਰਦੇ ਰਹੇ। ਉਥੋਂ ਦੇ 'ਸੂਡਾਨਿਸ਼' ਲੋਕਾਂ ਦੀ ਬੋਲੀ/ਸੱਭਿਆਚਾਰ ਨੂੰ ਬਹੁਤ ਹੀ ਜਲਦੀ ਗ੍ਰਹਿਣ ਕਰਨ ਉਪਰੰਤ ਇੱਕ ਬੀਬੀ ਨਾਲ ਵਿਆਹ ਕਰਵਾਇਆ, ਜਿਸ ਦੀ ਕੁੱਖੋਂ ਤਿੰਨ ਧੀਆਂ ਤੇ ਦੋ ਪੁੱਤਰਾਂ ਨੇ ਜਨਮ ਲਿਆ। ਆਪ ਨੇ ਇਸ ਵਕਤ 25 ਏਕੜ ਦੀ ਜ਼ਮੀਨ 'ਤੇ ਖੇਤੀ ਕੀਤੀ। ਸ਼ੰਘਾਈ ਦੀ ਅੰਗਰੇਜ ਪੁਲਿਸ 'ਤੇ ਸੀ.ਆਈ.ਡੀ. ਤਿੰਨ ਸਾਲ ਆਪ ਨੂੰ ਜਾਵਾ 'ਚ ਭਾਲ-ਭਾਲ ਕੇ ਫੇਲ੍ਹ ਹੋ ਗਈ ਤੇ ਵਾਪਸ ਮੁੜ ਗਈ। ਆਪ ਦੇ ਰੌਸ਼ਨ ਦਿਮਾਗ 'ਚ ਗ਼ਦਰ ਸੁਪਨਾ ਸਦਾ ਜਿਉਂਦਾ ਰਿਹਾ।

ਇੰਗਲੈਂਡ ਤੇ ਜਾਪਾਨ ਦੇ ਵਿਚਕਾਰ ਜੰਗ ਦੇ ਆਸਾਰ ਬਣਦੇ ਹੀ, ਆਪ ਨੇ ਹਿੰਦ 'ਚ ਗ਼ਦਰ ਕਰਨ ਦੇ ਦੂਜੇ ਮੌਕਾ ਮੇਲ ਨੂੰ ਬੁੱਝ ਲਿਆ। ਸਿੱਟੇ ਵਜੋਂ 01-01-1938 ਨੂੰ ਆਪ ਆਪਣੀ ਪਤਨੀ 'ਤੇ ਬੱਚਿਆਂ ਨੂੰ ਸੁੱਤੇ ਪਏ ਹੀ ਛੱਡ ਗਏ। ਗ਼ਦਰ ਦੇ ਦੂਜੇ ਪੜਾਅ ਦੀ ਤਿਆਰੀ ਲਈ ਚੱਲ ਪਏ। ਸ਼ੰਘਾਈ ਤੇ ਸਿੰਘਾਪੁਰ ਨੂੰ ਗੜ੍ਹ ਬਣਾਉਂਦੇ ਹੋਏ, ਆਜ਼ਾਦ ਹਿੰਦ ਲੀਗ ਤੇ ਫੌਜ 'ਚ ਕ੍ਰਾਂਤੀਕਾਰੀ ਕੰਮ ਦੀ ਉਸਾਰੀ ਕਰਦੇ ਹੋਏ ਜਨਵਰੀ 1938 ਤੋਂ ਨਵੰਬਰ 1944 ਤੱਕ ਅਨੇਕਾਂ ਰਾਜਸੀ ਤੌਰ 'ਤੇ ਚੇਤਨ ਗ਼ਦਰੀ ਫੌਜੀ ਤਿਆਰ ਕੀਤੇ ਅਤੇ ਹਾਂਗਕਾਂਗ, ਪਿਨਾਂਗ, ਸਿੰਘਾਪੁਰ, ਰੰਗੂਨ 'ਤੇ ਬੈਂਕਾਕ 'ਚ ਪ੍ਰਚਾਰ ਕਰਨ ਲਈ ਅਤੇ ਹਿੰਦ 'ਚ ਗ਼ਦਰ ਦਾ ਯੁੱਧ ਕਰਨ ਲਈ ਭੇਜੇ । ਜਿਹਨਾਂ 'ਚੋਂ ਕਈ ਅੰਗਰੇਜ ਹਕੂਮਤ ਨੇ ਫਾਂਸੀ ਲਾਏ, ਗੋਲੀਆਂ ਨਾਲ ਸ਼ਹੀਦ ਕੀਤੇ ਤੇ ਕਾਲੇ ਪਾਣੀ ਭੇਜੇ। ਬਾਕੀ ਗ਼ਦਰ ਲਈ ਜੂਝਦੇ ਰਹੇ। ਆਪ ਦਾ ਪਹਿਲਾ ਸਪੁੱਤਰ ਵੱਡਾ ਹੈਰੀ (ਵੱਡਾ ਹਰੀ ਸਿੰਘ) ਆਜ਼ਾਦ ਹਿੰਦ ਫੌਜ ਦੇ ਲੈਫਟੀਨੈਂਟ ਦੇ ਰੂਪ 'ਚ ਇੰਫਾਲ ਫਰੰਟ 'ਤੇ ਅੰਗਰੇਜ਼ਾਂ ਵਿਰੁੱਧ ਹਿੰਦ ਦੀ ਮੁਕਤੀ ਲਈ ਲੜਦਾ ਹੋਇਆ ਸ਼ਹੀਦ ਹੋ ਗਿਆ। ਦੂਜਾ ਸਪੁੱਤਰ ਛੋਟਾ ਹੈਰੀ (ਛੋਟਾ ਹਰੀ ਸਿੰਘ) ਨੇ ਫੌਜ ਦੇ ਖੁਫੀਆ ਕਾਰਜਾਂ ਬਦਲੇ ਅੰਗਰੇਜ਼, ਡੱਚ 'ਤੇ ਜਾਵਾ ਹਾਕਮਾਂ ਦੇ ਅਸਿਹ ਤੇ ਅਕਿਹ ਤਸੀਹੇ ਝੱਲੇ। 1945 'ਚ ਮੁੜ ਜਾਵਾ ਵਾਪਸੀ 'ਤੇ ਨਵੰਬਰ 45 'ਚ ਮੁਸਲਿਮ ਕੱਟੜ ਪੰਥੀਆਂ ਵੱਲੋਂ ਸੁਣਾਈ ਸਜ਼ਾ ਏ ਮੌਤ ਹੋਣ ਤੋਂ ਪਹਿਲਾਂ ਆਪ ਤੇ ਛੋਟਾ ਹੈਰੀ ਦੋਨੋਂ ਬਚਣ 'ਚ ਸਫਲ ਹੋ ਗਏ । ਜਨਵਰੀ ਤੋਂ ਸਤੰਬਰ 48 ਤੱਕ ਡੱਚ ਸਾਮਰਾਜੀਆਂ ਦੀ ਕੈਦ ਕੱਟੀ ਤੇ 1 ਅਕਤੂਬਰ 1948 ਨੂੰ ਵਾਪਸ ਬੱਦੋਵਾਲ ਪਰਤੇ। ਗੁੰਮਨਾਮ ਪ੍ਰੰਤੂ ਚੜ੍ਹਦੀ ਕਲਾ ਵਾਲਾ, ਲੋਕ ਸੇਵਾ ਵਾਲਾ, ਕ੍ਰਾਂਤੀ 'ਚ ਅਟੱਲ ਵਿਸ਼ਵਾਸ ਵਾਲਾ, ਦੇਸ਼ ਨੂੰ ਸਮਰਪਣ ਵਾਲਾ ਫਕੀਰੀ ਜੀਵਨ ਜਿਉਂਦੇ ਹੋਏ 15 ਅਗਸਤ 1969 ਨੂੰ ਬੱਦੋਵਾਲ ਵਿਖੇ ਵਤਨ ਵਾਸੀਆਂ ਨੂੰ ਸਦੀਵੀ ਵਿਛੋੜਾ ਦੇ ਗਏ। ਆਪ ਜੀ ਦਾ ਮਹਾਨ ਤੇ ਉਚੇ ਸੁੱਚੇ ਕਿਰਦਾਰ ਵਾਲਾ ਜੀਵਨ ਤੇ ਬੇਮਿਸਾਲ ਕੁਰਬਾਨੀਆਂ ਸੂਹੇ ਰਾਹਾਂ ਦੇ ਰਾਹੀਆਂ ਨੂੰ ਸਦਾ-ਸਦਾ ਲਈ ਉਤਸ਼ਾਹ, ਜੋਸ਼, ਪ੍ਰੇਰਨਾ ਤੇ ਸਿੱਖਿਆ ਦਾ ਅਮੁੱਖ ਸੋਮਾ ਬਣੀਆਂ ਰਹਿਣਗੀਆਂ। ਅੱਜ ਮਹਾਨ ਕਰਾਂਤੀਕਾਰੀ ਜਰਨੈਲ ਨੂੰ ਉਨ੍ਹਾਂ ਦੇ ਵਾਰਿਸ ਪਿੰਡ ਬੱਦੋਵਾਲ ਸਮੇਤ ਦੇਸ਼-ਪ੍ਰਦੇਸ਼ ਵਿੱਚ ਵੱਖ ਵੱਖ ਥਾਵਾਂ 'ਤੇ ਜਨਮ ਦਿਵਸ ਸਮਾਗਮ ਰਚਕੇ ਸ਼ਰਧਾਂਜਲੀਆਂ ਭੇਟ ਕਰਨਗੇ।

**ਜਸਦੇਵ ਸਿੰਘ ਲਲਤੋਂ**
ਫੋਨ. 0161-2805677

# ਚੰਦ 'ਤੇ ਚੜ੍ਹਾਈ! ਭੁੱਖ ਨਾਲ ਲੜਾਈ?

**ਡੰਗ ਅਤੇ ਚੋਭਾਂ**



**ਗੁਰਮੀਤ ਸਿੰਘ ਪਲਾਹੀ**
98158-02070



ਗਲੋਬਲ ਹੰਗਰ ਇੰਡੈਕਸ ਵਿੱਚ ਕੁੱਲ 117 ਦੇਸ਼ਾਂ ਦੀ ਸੂਚੀ ਵਿੱਚ ਭਾਰਤ ਦਾ 102ਵਾਂ ਸਥਾਨ ਹੈ। ਭਾਰਤ ਦੀ ਰੈਂਕਿੰਗ ਭੁੱਖਮਰੀ ਦੇ ਮਾਮਲੇ 'ਚ ਗੁਆਂਢੀ ਮੁਲਕਾਂ ਬੰਗਲਾ ਦੇਸ਼, ਨੇਪਾਲ ਅਤੇ ਪਾਕਿਸਤਾਨ ਤੋਂ ਵੀ ਬਦਤਰ ਹੈ। ਚੀਨ ਦਾ ਸਥਾਨ ਭੁੱਖਮਰੀ ਦੇ ਮਾਮਲੇ 'ਤੇ 25 ਵਾਂ ਅਤੇ ਪਾਕਿਸਤਾਨ ਦਾ ਸਥਾਨ 94ਵੇਂ ਨੰਬਰ 'ਤੇ ਹੈ। ਸਪਸ਼ਟ ਵਿਖਾਈ ਦੇ ਰਿਹਾ ਹੈ ਕਿ ਭਾਰਤ ਚੰਦ 'ਤੇ ਚੜ੍ਹਾਈ ਕਰਕੇ ਵਿਸ਼ਵ ਪੱਧਰ 'ਤੇ ਨਾਮਣਾ ਖੱਟਣ ਦੇ ਚੱਕਰ ਵਿੱਚ ਹੈ, ਜਦਕਿ ਭੁੱਖਮਰੀ ਨੂੰ ਕਾਬੂ ਕਰਨ 'ਚ ਨਿੱਤ ਪੱਛੜਦਾ ਜਾ ਰਿਹਾ ਹੈ। ਸਾਲ 2018 ਵਿੱਚ ਭਾਰਤ ਦਾ ਸਥਾਨ 119 ਦੇਸ਼ਾਂ ਵਿੱਚ 103ਵੇਂ ਸਥਾਨ ਤੇ ਸੀ ਜਦਕਿ 2000 ਵਿੱਚ 113 ਦੇਸ਼ਾਂ ਵਿੱਚ ਇਹ ਨੰਬਰ 83ਵੇਂ ਥਾਂ ਤੇ ਸੀ। ਗਲੋਬਲ ਹੰਗਰ ਇੰਡੈਕਸ ਕਿਸੇ ਵੀ ਦੇਸ਼ ਵਿੱਚ ਕੁਪੋਸ਼ਣ ਬੱਚਿਆਂ ਦੇ ਅਨੁਪਾਤ, ਪੰਜ ਸਾਲ ਤੋਂ ਘੱਟ ਉਮਰ ਵਾਲੇ ਬੱਚੇ, ਜਿਨ੍ਹਾਂ ਦਾ ਭਾਰ ਜਾਂ ਲੰਬਾਈ ਉਮਰ ਦੇ ਹਿਸਾਬ ਨਾਲ ਘੱਟ ਹੈ ਅਤੇ ਪੰਜ ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਵਿੱਚ ਮਰਨ ਦਰ ਦੇ ਅਧਾਰ 'ਤੇ ਤਿਆਰ ਕੀਤੀ ਜਾਂਦੀ ਹੈ। ਰਿਪੋਰਟ ਅਨੁਸਾਰ ਭਾਰਤ ਵਿੱਚ ਕੁਪੋਸ਼ਣ ਦੀ ਸਥਿਤੀ ਕਾਫੀ ਮਾੜੀ ਹੈ। ਕੀ ਭੁੱਖਮਰੀ ਦੀ ਇਹ ਸਥਿਤੀ ਆਰਥਿਕ ਮਹਾਂਸ਼ਕਤੀ ਅਤੇ ਪੰਜਾਹ ਖਰਬ ਦੀ ਅਰਥ ਵਿਵਸਥਾ ਬਨਣ ਦਾ ਦਾਅਵਾ ਕਰਨ ਵਾਲੇ ਦੇਸ਼ ਦੇ ਲਈ ਬੇਹੱਦ ਸ਼ਰਮਨਾਕ ਨਹੀਂ ਹੈ, ਜਿਥੇ 90 ਫ਼ੀਸਦੀ ਤੋਂ ਵੱਧ ਬੱਚਿਆਂ ਨੂੰ ਘੱਟ ਤੋਂ ਘੱਟ ਭੋਜਨ ਵੀ ਨਹੀਂ ਮਿਲਦਾ?

ਵਿਸ਼ਵ ਬੈਂਕ ਦੀ ਰਿਪੋਰਟ ਦੇ ਮੁਤਾਬਕ ਭਾਰਤ ਵਿੱਚ ਅੱਜ ਵੀ 22 ਫ਼ੀਸਦੀ ਲੋਕ ਗਰੀਬੀ-ਰੇਖਾ ਤੋਂ ਹੇਠਾਂ ਹਨ। ਭਾਵੇਂ ਕਿ ਸਰਕਾਰਾਂ ਇਹ ਦਾਅਵਾ ਕਰਦੀਆਂ ਹਨ ਕਿ ਦੇਸ਼ ਦੀ ਵੱਡੀ ਆਬਾਦੀ ਨੂੰ ਇੱਕ ਰੁਪਏ ਕਿਲੋ ਕਣਕ, ਚਾਵਲ, ਮੁਹੱਈਆ ਕੀਤੇ ਜਾਂਦੇ ਹਨ, ਆਯੁਸ਼ਮਾਨ ਯੋਜਨਾ ਤਹਿਤ ਉਹਨਾ ਨੂੰ 5 ਲੱਖ ਰੁਪਏ ਦਾ ਖ਼ਰਚਾ ਇਲਾਜ ਲਈ ਦਿੱਤਾ ਜਾਂਦਾ ਹੈ। ਬਜ਼ੁਰਗਾਂ, ਵਿਧਵਾ, ਆਸ਼ਰਿਤ ਬੱਚਿਆਂ ਨੂੰ ਵੀ ਪੈਨਸ਼ਨ ਦਿੱਤੀ ਜਾਂਦੀ ਹੈ। ਗਰਭਵਤੀਆਂ ਨੂੰ ਸਹੂਲਤਾਂ ਮਿਲਦੀਆਂ ਹਨ। ਸਕੂਲ ਪੜ੍ਹਦੇ ਬੱਚਿਆਂ ਨੂੰ ਇੱਕ ਡੰਗ ਭੋਜਨ ਮੁਹੱਈਆ ਕੀਤਾ ਜਾਂਦਾ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਦੇਸ਼ ਦਾ ਸਧਾਰਨ ਆਦਮੀ ਹੋਰ ਗਰੀਬ ਹੋ ਰਿਹਾ ਹੈ, ਭਾਵੇਂ ਕਿ ਕਿਹਾ ਜਾ ਰਿਹਾ ਹੈ ਕਿ ਭਾਰਤ ਸਮੇਤ ਦੁਨੀਆ ਦੇ ਹੋਰ ਦੇਸ਼ ਗਰੀਬੀ ਤੋਂ ਮੁਕਤੀ ਦੀ ਦਿਸ਼ਾ 'ਚ ਪੁਲਾਂਘਾਂ ਪੁੱਟ ਰਹੇ ਹਨ। ਸਾਲ 2015 ਦੀ ਵਿਸ਼ਵ ਬੈਂਕ ਰਿਪੋਰਟ ਇਹ ਦੱਸਦੀ ਹੈ ਕਿ ਹੁਣ ਵੀ ਦੁਨੀਆ 'ਚ 70 ਕਰੋੜ ਲੋਕ ਅਤਿ ਦੇ ਗਰੀਬ ਹਨ, ਜਿਸ ਵਿੱਚ ਵੱਡੀ ਗਿਣਤੀ ਗਰੀਬ ਲੋਕ "ਮਹਾਨ ਭਾਰਤ" ਦੀ ਧਰਤੀ ਦੇ ਵਸਨੀਕ ਹਨ, ਜਿਹੜਾ ਆਪਣੇ ਨਾਗਰਿਕਾਂ ਦੀ ਸਿੱਖਿਆ, ਸਿਹਤ, ਰੁਜ਼ਗਾਰ ਪ੍ਰਤੀ ਚਿੰਤਾ ਛੱਡਕੇ ਕਥਿਤ ਆਰਥਿਕ ਵਿਕਾਸ ਦਾ ਰਸਤਾ ਚੁਣਕੇ, ਵਿਸ਼ਵ ਵਿੱਚ ਆਪਣੀ ਧੌਂਸ ਬਨਾਉਣ ਤੁਰਿਆ ਹੋਇਆ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ ਵਿਸ਼ਵ ਫੇਰੀਆਂ ਅਤੇ ਉਹਨਾ ਵਿਸ਼ਵ ਫੇਰੀਆਂ 'ਚ ਭਾਰਤ ਨੂੰ ਵਿਸ਼ਵ ਦੀ ਵੱਡੀ ਅਤੇ ਤਰੱਕੀ ਕਰ ਰਹੀ ਆਰਥਿਕਤਾ ਵਿਖਾਉਣਾ ਆਮ ਜਿਹੀ ਗੱਲ ਹੋ ਗਈ ਹੈ। ਪਰ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਵਿਸ਼ਵ ਪ੍ਰਸਿੱਧੀ ਪ੍ਰਾਪਤ ਅਰਥ ਡਾ. ਸ਼ਾਸ਼ਤਰੀ ਮਨਮੋਹਨ ਸਿੰਘ ਨੇ ਕਿਹਾ ਕਿ ਭਾਰਤ ਦੀ ਆਰਥਿਕਤਾ ਵਿਗੜ ਰਹੀ ਹੈ ਅਤੇ ਆਉਣ ਵਾਲੇ ਸਮੇਂ 'ਚ ਭਾਰਤ ਨੂੰ ਗੰਭੀਰ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪਏਗਾ। ਸਿੱਟੇ ਵਜੋਂ ਮਹਿੰਗਾਈ ਵਧੇਗੀ ਅਤੇ ਦੇਸ਼ ਵਿੱਚ ਗਰੀਬੀ ਦਾ ਹੋਰ ਵੀ ਪਸਾਰਾ ਹੋਏਗਾ। ਇਸ ਸਾਲ ਦੇ ਨੋਬੇਲ ਇਨਾਮ ਦੇ ਜੇਤੂ ਭਾਰਤੀ ਮੂਲ ਦੇ ਅਮਰੀਕੀ ਅਰਥ ਸ਼ਾਸ਼ਤਰੀ ਅਭਿਜੀਤ ਬੈਨਰਜੀ ਨੇ ਕਿਹਾ ਹੈ ਕਿ ਭਾਰਤੀ ਅਰਥ ਵਿਵਸਥਾ ਛੇਤੀ ਪਟੜੀ ਤੇ ਆਉਂਦੀ ਦਿਖਾਈ ਨਹੀਂ ਦੇ ਰਹੀ। ਭਾਰਤੀ ਅਰਥ ਵਿਵਸਥਾ ਬੁਰੀ ਤਰ੍ਹਾਂ ਡਾਵਾਂਡੋਲ ਹੈ। ਨੇੜਲੇ ਭਵਿੱਖ ਵਿੱਚ ਇਸਦੇ ਪਟੜੀ 'ਤੇ ਆਉਣ ਦਾ ਯਕੀਨ ਨਹੀਂ ਬੱਝਦਾ?

ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਦੇਸ਼ ਦੀ ਆਰਥਿਕਤਾ ਡਾਵਾਂਡੋਲ ਹੋਵੇ। ਲੋਕਾਂ ਦੇ ਬੈਂਕ ਵਿਵਸਥਾ ਦੇ ਵਿਸ਼ਵਾਸ ਨੂੰ ਖੋਰਾ ਲੱਗ ਰਿਹਾ ਹੋਵੇ। ਆਮ ਆਦਮੀ ਬੇਰੁਜ਼ਗਾਰੀ ਦੀ ਭੱਠੀ 'ਚ ਝੁਲਸ ਰਿਹਾ ਹੋਵੇ ਅਤੇ ਜਿਥੇ ਦੇਸ਼ ਵਿੱਚ ਹਰ ਵਰ੍ਹੇ ਇੱਕ ਕਰੋੜ ਲੋਕ ਬੇਰੁਜ਼ਗਾਰਾਂ ਦੀ ਕਤਾਰ ਵਿੱਚ ਲੱਗ ਰਹੇ ਹੋਣ, ਉਥੇ ਭੁੱਖਮਰੀ ਦਾ ਵਧਣਾ ਹੈਰਾਨੀਜਨਕ ਵਰਤਾਰਾ ਨਹੀਂ ਹੈ। ਦੇਸ਼ ਦੇ ਇੱਕ ਪਾਸੇ ਕਾਰਪੋਰੇਟ ਜਗਤ ਤਰੱਕੀ ਕਰ ਰਿਹਾ ਹੈ, ਵੱਡੇ-ਵੱਡੇ ਪ੍ਰਾਜੈਕਟਾਂ ਉਤੇ ਉਸਦੀ ਕਾਮਯਾਬੀ ਦੀ ਦਾਸਤਾਨ ਲਿਖੀ ਜਾ ਰਹੀ ਹੈ। ਵੱਡੇ ਧਨ ਕੁਬੇਰਾਂ ਦੇ ਬੈਂਕ ਕਰਜ਼ੇ ਮੁਆਫ਼ ਕੀਤੇ ਜਾ ਰਹੇ ਹਨ, ਪਰ ਆਮ ਆਦਮੀ ਦੇ ਜੀਵਨ-ਪੱਧਰ ਨੂੰ ਸੁਧਾਰਨ ਹਿੱਤ,ਉਸਦੀ ਨਵੀਂ ਪਨੀਰੀ ਜੋ ਕੁਪੋਸ਼ਣ ਦਾ ਸ਼ਿਕਾਰ ਹੋ ਰਹੀ ਹੈ, ਉਸ ਵਾਸਤੇ ਕੋਈ ਵਿਸ਼ੇਸ਼ ਉਦਮ ਉਪਰਾਲੇ ਨਹੀਂ ਕੀਤੇ ਜਾ ਰਹੇ।ਦੇਸ਼ ਦੀ ਅਰਥ-ਵਿਵਸਥਾ ਜੇ ਵਿਗਵਦੀ ਹੈ, ਤਾਂ ਰੁਜ਼ਗਾਰ ਖੁਸਦਾ ਹੈ। ਅਰਥ-ਵਿਵਸਥਾ ਵਿਗੜਦੀ ਹੈ ਤਾਂ ਮਹਿੰਗਾਈ ਵਧਦੀ ਹੈ। ਅਰਥ ਵਿਵਸਥਾ ਵਿਗੜਦੀ ਹੈ ਤਾਂ ਭੁੱਖਮਰੀ 'ਚ ਵਾਧਾ ਹੁੰਦਾ ਹੈ। ਅਰਥ ਵਿਵਸਥਾ ਵਿਗੜਦੀ ਹੈ ਤਾਂ ਵਿਕਾਸ ਦਰ ਘੱਟਦੀ ਹੈ। ਭੈੜੀ ਅਰਥ ਵਿਵਸਥਾ ਅਤੇ ਵਿਕਾਸ ਦਰ ਦੀ ਕਮੀ ਕਾਰਨ ਹਰ ਸੈਕਟਰ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਖੇਤੀ ਸੰਕਟ ਬਰਕਰਾਰ ਹੈ। ਆਟੋ ਮੋਬਾਇਲ ਖੇਤਰ 'ਚ ਮੰਦੀ ਨੇ ਤਾਂ ਰਿਕਾਰਡ ਤੋੜ ਦਿੱਤੇ ਹਨ। ਮੈਨੂਫੈਕਚਰਿੰਗ ਖੇਤਰ ਤਾਂ ਪਹਿਲਾ ਹੀ ਦੁਬਕਿਆ ਹੋਇਆ ਹੈ। ਕੀ ਇਹੋ ਜਿਹੇ ਹਾਲਾਤਾਂ ਵਿੱਚ ਦੇਸ਼ ਦੀ 50 ਖਰਬ ਡਾਲਰ ਅਰਥ ਵਿਵਸਥਾ ਬਨਣ ਦੀ ਕੋਈ ਉਮੀਦ ਵਿਖਾਈ ਦਿੰਦੀ ਹੈ, ਜਿਸਦਾ ਟੀਚਾ ਮੌਜੂਦਾ ਸਰਕਾਰ ਵਲੋਂ 2024 ਤੱਕ ਮਿੱਥਿਆ ਹੈ। ਜੇਕਰ ਅਰਥ ਵਿਵਸਥਾ ਦੀ ਵਿਕਾਸ ਦਰ 10 ਤੋਂ 12 ਫ਼ੀਸਦੀ ਹੋਏਗੀ ਤਾਂ ਹੀ ਇਹ ਟੀਚਾ ਪ੍ਰਾਪਤ ਹੋ ਸਕੇਗਾ। ਕੁਝ ਮਹੀਨੇ ਪਹਿਲਾਂ ਦੇਸ਼ ਦੀ ਅਰਥ ਵਿਵਸਥਾ ਦੀ ਵਿਕਾਸ ਦਰ 7.3 ਕਹੀ ਗਈ ਸੀ, ਜਦਕਿ ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈ.ਐਮ.ਐਫ਼.) ਨੇ ਦੇਸ਼ ਦੀ ਵਿਕਾਸ ਦਰ ਘਟਾਕੇ 6.1 ਫੀਸਦੀ ਮਿੱਥੀ ਹੈ।

ਗਰੀਬੀ ਉਤੇ ਵਿਸ਼ਵ ਪੱਧਰ ਉਤੇ ਵੱਡੀ ਖੋਜ਼ ਹੋਈ ਹੈ। ਅਰਥ ਸ਼ਾਸ਼ਤਰੀਆਂ ਨੇ ਗਰੀਬੀ ਦੇ ਪੈਮਾਨੇ ਨੀਅਤ ਕੀਤੇ ਹਨ ਅਤੇ ਆਪਣੇ ਵਲੋਂ ਗਰੀਬੀ ਖ਼ਤਮ ਕਰਨ ਲਈ ਸੁਝਾਅ ਵੀ ਦਿੱਤੇ ਹਨ। ਬਿਨ੍ਹਾਂ ਸ਼ੱਕ ਗਰੀਬੀ ਉਤੇ ਖੋਜ਼ ਕਰਨ ਵਾਲੇ ਲੋਕ ਆਪੂੰ ਗਰੀਬੀ ਖ਼ਤਮ ਕਰਨ ਲਈ ਕੁੱਝ ਨਹੀਂ ਕਰ ਸਕਦੇ ਪਰ ਉਹਨਾ ਵਲੋਂ ਦਿੱਤੀਆਂ ਸਲਾਹਾਂ ਅਤੇ ਗਰੀਬੀ ਖ਼ਤਮ ਕਰਨ ਦੇ ਤਰੀਕੇ ਹਾਕਮ ਧਿਰ ਨੂੰ ਮੰਨਣ ਯੋਗ ਹੋਣੇ ਚਾਹੀਦੇ ਹਨ। ਦੇਸ਼ ਭਾਰਤ ਦਾ ਨੀਤੀ ਆਯੋਗ ਅਤੇ ਪ੍ਰਧਾਨ ਮੰਤਰੀ ਹਾਊਸ ਦੇਸ਼ ਵਿੱਚ ਆਪਣੇ ਇਕਤਰਫਾ ਢੰਗ ਅਤੇ ਸੋਚ ਨਾਲ ਕੰਮ ਕਰ ਰਿਹਾ ਹੈ ਅਤੇ ਗਰੀਬੀ ਦੇ ਖ਼ਾਤਮੇ ਲਈ ਅਤੇ ਦੇਸ਼ ਦੇ ਵਿਕਾਸ ਲਈ ਨਿੱਤ ਨਵੀਆਂ ਯੋਜਨਾਵਾਂ ਉਲੀਕ ਰਿਹਾ ਹੈ, ਜੋ ਜ਼ਮੀਨੀ ਪੱਧਰ ਉਤੇ ਸਾਰਥਿਕ ਨਹੀਂ ਹੋ ਰਹੀਆਂ। ਨੀਤੀ ਆਯੋਗ ਦੇ ਲਈ ਨੋਬਲ ਪੁਰਸਕਾਰ ਵਿਜੇਤਾ ਅਭਿਜੀਤ ਬੈਨਰਜੀ ਦੇ ਸ਼ਬਦਾਂ ਨੂੰ ਸਮਝਣ ਵਾਲੀ ਗੱਲ ਹੈ ਕਿ ਗਰੀਬ ਦੇ ਗਰੀਬ ਬਣੇ ਰਹਿਣ ਦੇ ਕਾਰਨਾਂ ਵਿੱਚ ਵਖਰੇਵਾਂ ਹੈ। ਗਰੀਬ ਵਿਅਕਤੀ ਦਾ ਇੱਕ ਅਕਸ ਬਣਿਆ ਹੈ ਕਿ ਉਸਦੇ ਕੋਲ ਅਸਲ ਵਿੱਚ ਬਹੁਤ ਘੱਟ ਵਿਕਲਪ ਹਨ। ਕੁਝ ਲੋਕ ਨਿਸ਼ਚਿਤ ਰੂਪ 'ਚ ਕਠਿਨ ਮਿਹਨਤ ਕਰਦੇ ਹਨ, ਜਿੰਨੀ ਉਹ ਕਰ ਸਕਦੇ ਹਨ, ਪਰ ਉਹ ਆਪਣੀਆਂ ਬੁਨਿਆਦੀ ਲੋੜਾਂ ਨੂੰ ਪੂਰਿਆਂ ਨਹੀਂ ਕਰ ਸਕਦੇ। ਇਹੋ ਜਿਹੇ ਹਾਲਾਤ ਵਿੱਚ ਲੋਕ ਹਿਤੂ ਸਰਕਾਰਾਂ ਦਾ ਫ਼ਰਜ਼ ਹੁੰਦਾ ਹੈ ਕਿ ਉਹ ਉਹਨਾ ਲਈ ਲੋਕ-ਲੁਭਾਊ ਯੋਜਨਾਵਾਂ ਚਾਲੂ ਕਰੇ ਅਤੇ ਉਹਨਾ ਦੇ ਹਿੱਤ ਵਿੱਚ ਕੰਮ ਕਰੇ ਪਰ ਮੌਜੂਦਾ ਕੇਂਦਰ ਸਰਕਾਰ ਤਾਂ ਕਾਰਪੋਰੇਟ ਦਾ ਹੱਥ ਠੋਕਾ ਬਣਕੇ ਲੋਕਾਂ ਲਈ ਵੱਡੀਆਂ ਸਮੱਸਿਆਵਾਂ ਪੈਦਾ ਕਰ ਰਹੀ ਹੈ।

ਦੇਸ਼ ਦੇ ਬੁਨਿਆਦੀ ਢਾਂਚੇ 'ਚ ਸੁਧਾਰ ਹੋਣਾ ਜ਼ਰੂਰੀ ਹੈ। ਅਵਾਜਾਈ ਦੇ ਸਾਧਨ ਚੰਗੇਰੇ ਬਨਣ ਇਹ ਵੀ ਜ਼ਰੂਰੀ ਹੈ। ਦੇਸ਼ ਦੇ ਵਿਗਿਆਨਕ ਨਵੀਆਂ ਖੋਜਾਂ ਕਰਨ ਅਤੇ ਦੁਨੀਆਂ ਨਾਲ ਹਰ ਖੇਤਰ 'ਚ ਸੰਪਰਕ ਰੱਖਿਆ ਜਾਏ, ਇਹ ਵੀ ਜ਼ਰੂਰੀ ਹੈ। ਪਰ ਸੁਰੱਖਿਆ ਦੇ ਨਾਮ ਉਤੇ ਲੋੜੋਂ ਵੱਧ ਧਨ ਖ਼ਰਚਿਆਂ ਜਾਏ ਅਤੇ ਦੇਸ਼ ਦੇ ਭਵਿੱਖ ਬੱਚਿਆਂ ਨੂੰ ਕੁਪੋਸ਼ਤ ਰੱਖਕੇ ਹੋਰ ਉਚੀ ਉਡਾਣ ਵਾਲੀਆਂ ਯੋਜਨਾਵਾਂ ਉਲੀਕੀਆਂ ਜਾਣ, ਇਹ ਦੇਸ਼ ਦੇ ਹਿਤੈਸ਼ੀ ਲੋਕ ਕਿਵੇਂ ਪ੍ਰਵਾਨ ਕਰ ਸਕਦੇ ਹਨ? ਚੰਦਰਮਾ 'ਤੇ ਪੁੱਜਣਾ, ਖੋਜ ਕਰਨੀ, ਕਰੋੜਾਂ ਅਰਬਾਂ ਖਰਚਣੇ ਅਤੇ ਫਿਰ ਉਸਨੂੰ ਮਨੁੱਖੀ ਹਿੱਤਾਂ ਲਈ ਵਰਤਣਾ ਤਾਂ ਪ੍ਰਵਾਨ ਕਰਨ ਯੋਗ ਹੋ ਸਕਦਾ ਹੈ, ਪਰ ਦੇਸ਼ 'ਚ ਭੁੱਖਮਰੀ ਫੈਲੇ, ਬੱਚੇ ਕੁਪੋਸ਼ਿਤ ਹੋਣ, ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਕਮੀ ਰਹੇ ਇਹ ਦੇਸ਼ ਦਾ ਕੋਈ ਸੂਝਵਾਨ ਨਾਗਰਿਕ ਕਿਵੇਂ ਪ੍ਰਵਾਨ ਕਰ ਸਕਦਾ ਹੈ?

# Should Ontarians settle for six thousand fewer teachers?

**Ricardo Tranjan**

On October 24, Ontario Education Minister Stephen Lecce held a press conference to update the public on ongoing contract talks with the Ontario Secondary School Teachers' Federation. The Minister repeatedly stated that his government is offering to lower high school class sizes from 28 to 25 students per teacher. He said it 14 times during a 26-minute conference. It wasn't long before Toronto Star reporter Robert Benzie reminded the Minister that his government had increased class sizes from 22 to 28 students; Benzie called the new proposal simply a "slightly less draconian" measure.

The offer on the table is not actually a reduction in class size. It's an increase.

But what would be the impact of this "less draconian" proposal? How many teachers would each of the 72 school boards lose? That's what we're examining in this post.

To recap, the Ontario government increased school class sizes as part of a series of public services cuts approved in the past year. Under the government plan, class sizes in Grade 4 to 8 would increase from 23.84 students per teacher to 24.50; class sizes in high school (Grades 9 to 12) would jump from 22 students on average to 28. As a further cost-cutting measure, the province decreed that high school students would be required to earn four credits online instead of in the classroom. The government then set up a temporary $1.6 billion Job Protection Fund to ease the transition.

In September, Ontario's Financial Accountability Office (FAO) estimated that there would be 10,054 fewer teachers in the education system by the 2023-2024 school year as a result of these changes. The FAO estimate took into account the growing school-age population and compared the number of teachers under the new rules with the number of teachers that would have been employed if the government had not increased class sizes and made online learning mandatory.



Using similar assumptions as the FAO report, but relying on publicly available data, we arrived at a similar estimate for teaching jobs lost province-wide (9,984). Then we adjusted the formulas to the "less draconian" measure offered yesterday at the bargaining table, and applied them to all school boards.

Under the government's latest proposal, by 2023-2024, there would be approximately 5,900 fewer teachers (1,000 elementary teachers and 4,900 high school teachers) in Ontario's education system as a result of class size increases and mandatory e-learning. The board by board estimates are listed below in Table 1.

The number of teaching positions eliminated is proportional to the number of students in each board: the more students there are, the more teaching positions eliminated. The Toronto DSB will have 686 fewer teachers and the York Region DSB will lose 381 positions. Smaller boards like the Conseil des écoles publiques de l'Est de l'Ontario and the Thunder Bay Catholic School District will lose 39 and 21 teachers, respectively.

Our estimates assume a uniform 0.8% enrolment growth across school boards and the full implementation of the e-learning policy in 2020-2021. The figures provided are the totals for the 2023-2024 school year. Numbers include elementary and secondary classroom teaching jobs.

The limitation of these calculations is that they only capture classroom teacher positions funded through the largest funding envelope (the Pupil Foundation Allocation). They do not include other classroom staff and education workers who are funded through other grants to provide fundamental supports to students, inside and outside the classroom. Additional analyses are needed to capture these losses.

Even with this limitation, these are already staggering numbers.

The 4,900 fewer high school teachers, working 8 hours per day, 194 days per year, add up to the loss of more than 7.6 million instruction hours per year. Divide that by the estimated 624,500 high school school students in the 2023-2024 school year, and we conclude that each individual student will miss out on nearly 50 hours of teacher time throughout their high school career.

This time is needed to improve students' academic achievement, support their individual needs, tap into their talents, and, in general, equip them for life and the job market. They are losing all of this. And what are they getting instead? More screen time and less face-to-face interaction with educators—likely the last thing most of them need.

Verdict: Losing 5,900 teachers is a really bad deal for Ontario students.

| School Board | Teaching positions eliminated by 2023-2024 |
|---|---|
| Algoma DSB | 28 |
| Algonquin & Lakeshore Catholic DSB | 33 |
| Avon Maitland DSB | 46 |
| Bluewater DSB | 42 |
| Brant Haldimand Norfolk CDSB | 33 |
| Bruce-Grey Catholic DSB | 15 |
| Catholic DSB of Eastern Ontario | 38 |
| CEP de l'Est de l'Ontario | 39 |
| Conseil scolaire Viamonde | 24 |
| CSC MonAvenir | 38 |
| CSC Providence | 22 |
| CSD catholique Centre-Est de l'Ontario | 62 |
| CSD catholique de l'Est ontarien | 26 |
| CSD catholique des Aurores boréales | 2 |
| CSD catholique des Grandes Rivières | 15 |
| CSD catholique du Nouvel-Ontario | 17 |
| CSD catholique Franco-Nord | 7 |
| CSD du Nord-Est de l'Ontario | 4 |
| CSP du Grand Nord de l'Ontario | 6 |
| DSB of Niagara | 113 |
| DSB Ontario North East | 22 |
| Dufferin-Peel Catholic DSB | 287 |
| Durham Catholic DSB | 63 |
| Durham DSB | 209 |
| Grand Erie DSB | 74 |
| Greater Essex County DSB | 112 |
| Halton Catholic DSB | 122 |
| Halton DSB | 188 |
| Hamilton-Wentworth Cath DSB | 97 |
| Hamilton-Wentworth DSB | 133 |
| Hastings & Prince Edward DSB | 43 |
| Huron-Perth Catholic DSB | 13 |
| Huron-Superior Catholic DSB | 9 |
| Kawartha Pine Ridge DSB | 89 |
| Keewatin-Patricia DSB | 15 |
| Kenora Catholic DSB | 4 |
| Lakehead DSB | 24 |
| Lambton Kent DSB | 64 |
| Limestone DSB | 58 |
| London Dist. Catholic School | 66 |
| Near North DSB | 29 |
| Niagara Catholic DSB | 63 |
| Nipissing-Parry Sound Cath DSB | 8 |
| Northeastern Catholic DSB | 5 |
| Northwest Catholic DSB | 1 |
| Ottawa Catholic DSB | 129 |
| Ottawa-Carleton DSB | 226 |
| Peel DSB | 417 |
| PVNC Catholic DSB | 45 |
| Rainbow DSB | 38 |
| Rainy River DSB | 7 |
| Renfrew County Catholic DSB | 11 |
| Renfrew County DSB | 28 |
| Simcoe County DSB | 151 |
| Simcoe Muskoka Catholic DSB | 67 |
| St. Clair Catholic DSB | 25 |
| Sudbury Catholic DSB | 17 |
| Superior North Catholic DSB | 0 |
| Superior-Greenstone DSB | 5 |
| Thames Valley DSB | 221 |
| Thunder Bay Catholic DSB | 21 |
| Toronto Catholic DSB | 268 |
| Toronto DSB | 686 |
| Trillium Lakelands DSB | 44 |
| Upper Canada DSB | 77 |
| Upper Grand DSB | 102 |
| Waterloo Catholic DSB | 67 |
| Waterloo Region DSB | 195 |
| Wellington Catholic DSB | 22 |
| Windsor-Essex Catholic DSB | 66 |
| York Catholic DSB | 168 |
| York Region DSB | 381 |
| Province of Ontario | 5,895 |

Sources: Ontario Ministry of Education, 2019-2020 School Boards Estimates; Ministry of Education, Education Funding Techical Paper 2018-2019; Ministry of Education, Education Funding Techical Paper 2019-2020; FAO, Expenditure Estimates 2019-20; calculations by the author.

# Canadian housing market -first-time homebuyers



Harjit Singh Nagi




There are three basic requirements of life; food, clothing, and housing. Housing is the most expensive necessity to meet in comparison to food and clothing. In other words, if it is difficult to meet the housing requirement in developed economies, then it cannot be said that the economy is able to meet both ends for its individuals.

In Canada, housing can be said as a pillar of the economy where many jobs are attached with this sector directly or indirectly. There is a continuous incoming flow of migration from the rest of the world, no doubt housing demand will continuously persist. During the past decade, due to very low rate of interest (the lowest prime rate in Canada was 2.25 per cent that remained between April 22, 2009 to June 10, 2010), housing became more affordable. This led to commercialization of the housing market as renters are available in the booming market and rents are high. This led to per capita increase in the household debt. Now the situation became intolerable where the economic indicators convey that the Canadian household debt has increased much more than the disposable income especially in big cities like Toronto and Vancouver.

The worst impact Canadians had to face, the needy people living in these cities and their adjoining ones, were not able to meet the affordability to purchase their dwelling while the big players as well as foreigners occupied the housing market for their commercial interests. If there would have been different parameters for the control over the foreigners to enter this market, then there would have been a different situation as it is today. In this way, housing ability continued to remain away from the needy Canadians where the gap continued to rise in the housing prices and their affordable income.

Now the policy makers have taken steps to curb the housing prices by increasing prime rate of interest and making qualification for mortgage difficult through the stress test. Prime rates have increased five times since July 2017. All high ratio insured mortgages were being stress tested using 5 years qualifying rate (qualifying rate is five years benchmark fixed rate published by the Bank of Canada or contracted mortgage rate plus 200 bps whichever is higher) since Oct 2016 but this rule has been implemented now on uninsured mortgage loans also since January 2018.

The new Stress Test has begun on January 1, 2018 that requires even all conventional mortgages (having more than 20 per cent equity in purchase price) with fixed rate of interest to be stress tested. Increase in home prices during the past decade has very much adversely affected the affordability of the first-time home buyers. Thus, the situation became so vulnerable that the policy makers had to take strict steps like Stress Test which even many professionals think, does not seem more viable for the five years fixed term. It can be a considerable point in variable rate of interest term where the rate of interest fluctuates with the prime rate.

No doubt, the stress test, increase in prime interest rates, BC foreign buyer tax and Ontario foreign buyer tax have helped to curb the inflation in home prices and reduction in the competition of home buyers. It gives a good sign for the first-time home buyers.

It is only the relaxation in the Stress Test rules and increase in the amortization period (as before July 2008, the amortization period was 40 years) seem a positive alternative to move the real estate industry on the right track. The first-time home buyers would at least think to create an equity and ownership in their residences in stead of spending on monthly rents. It is only the qualifying issues for residential mortgage which have halted the growth in real estate industry.

**Harjit Singh Nagi is working as a Mortgage Professional in Surrey British Columbia and can be reached at 778 - 317 - 5146.**

# ਆਲੋਚਨਾ ਦੇਸ਼ ਧਰੋਹ ਨਹੀਂ ਹੋ ਸਕਦੀ

ਏ.ਪੀ. ਸ਼ਾਹ/
ਅਨੁਵਾਦ-ਕਮਲ ਦੁਸਾਂਝ

ਹਾਲ ਹੀ ਵਿਚ 49 ਉੱਘੀਆਂ ਸ਼ਖ਼ਸੀਅਤਾਂ ਖ਼ਿਲਾਫ਼ ਬਿਹਾਰ ਦੀ ਇਕ ਅਦਾਲਤ ਦਾ ਐਫ.ਆਈ.ਆਰ. ਕਰਨ ਦਾ ਹੁਕਮ ਝੰਜੋੜਨ ਵਾਲਾ, ਨਿਰਾਸ਼ਾਜਨਕ ਤੇ ਕਾਨੂੰਨ ਦੇ ਅਸਲ ਅਰਥ ਨੂੰ ਗ਼ਲਤ ਠਹਿਰਾਉਣ ਵਾਲਾ ਹੈ। ਇਨ੍ਹਾਂ 49 ਲੋਕਾਂ ਨੇ ਪ੍ਰਧਾਨ ਮੰਤਰੀ ਨੂੰ 'ਮਾਬ ਲਿੰਚਿੰਗ' 'ਤੇ ਇਕ ਚਿੱਠੀ ਲਿਖੀ ਸੀ।

ਦੇਸ਼ ਧਰੋਹ, ਜਨਤਕ ਖਰੂਦ, ਧਾਰਮਕ ਭਾਵਨਾਵਾਂ ਨੂੰ ਸੱਟ ਪਹੁੰਚਾਉਣ ਅਤੇ ਸ਼ਾਂਤੀ ਭੰਗ ਕਰਨ ਨਾਲ ਸਬੰਧਤ ਦੋਸ਼ਾਂ 'ਤੇ ਆਈਪੀਸੀ ਦੀਆਂ ਕਈ ਧਾਰਾਵਾਂ ਤਹਿਤ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਪਰ ਜ਼ਿਆਦਾਤਰ ਲੋਕ ਸਹਿਮਤ ਹੋਣਗੇ ਕਿ ਖ਼ਤ ਲਿਖਣ ਵਾਲਿਆਂ ਦਾ ਉਦੇਸ਼ ਉਹੀ ਸੀ, ਜੋ ਇਕ ਜਮਹੂਰੀਅਤ ਵਿਚ ਆਦਰਸ਼ ਨਾਗਰਿਕ ਦਾ ਹੋਣਾ ਚਾਹੀਦਾ ਹੈ, ਭਾਵ ਸਵਾਲ ਕਰਨ, ਵਾਦ-ਵਿਵਾਦ, ਅਸਹਿਮਤੀ ਤੇ ਰਾਸ਼ਟਰ ਦੇ ਮੁੱਦਿਆਂ 'ਤੇ ਸੱਤਾ ਨੂੰ ਚੁਣੌਤੀ ਦੇਣਾ।

ਇਹ ਸਾਫ਼ ਹੈ ਕਿ ਜੇਕਰ ਤੁਸੀਂ ਪੂਰੇ ਖ਼ਤ ਨੂੰ ਦੇਖਦੇ ਹੋ ਤਾਂ ਦੇਸ਼ ਧਰੋਹ ਤਾਂ ਦੂਰ, ਕੋਈ ਅਪਰਾਧਕ ਮਾਮਲਾ ਤੱਕ ਨਹੀਂ ਬਣਦਾ। ਅਦਾਲਤ ਦੇ ਇਸ ਹੁਕਮ ਮਗਰੋਂ ਦੇਸ਼ ਧਰੋਹ ਦੇ ਕਾਨੂੰਨ ਨੂੰ ਖ਼ਤਮ ਕਰਨ 'ਤੇ ਇਕ ਹੰਗਾਮੀ ਅਤੇ ਨਵੀਂ ਚਰਚਾ ਸ਼ੁਰੂ ਹੋਵੇਗੀ। ਕਿਉਕਿ ਲੋਕਤੰਤਰ ਵਿਚ ਇਸ ਦੀ ਕੋਈ ਥਾਂ ਨਹੀਂ ਹੋ ਸਕਦੀ।

**ਦੇਸ਼ ਧਰੋਹ ਦੇ ਕਾਨੂੰਨ ਦਾ ਇਤਿਹਾਸ**

ਇਕ ਸਦੀ ਪਹਿਲਾਂ, ਦੇਸ਼ ਧਰੋਹ ਦੇ ਕਾਨੂੰਨ 'ਤੇ ਚਰਚਾ ਹੁੰਦੀ ਸੀ ਕਿ ਕਿਵੇਂ ਇਸ ਦਾ ਇਸਤੇਮਾਲ ਅੰਗਰੇਜ਼ ਆਜ਼ਾਦੀ ਲਈ ਲੜਨ ਵਾਲਿਆਂ ਨੂੰ ਦੋਸ਼ੀ ਸਿੱਧ ਕਰਨ ਲਈ ਕਰਦੇ ਸਨ। ਬਦਕਿਸਮਤੀ ਨਾਲ ਅੱਜ ਵੀ ਭਾਰਤੀ ਲੋਕ ਇਸ ਸਵਾਲ ਨਾਲ ਜੂਝ ਰਹੇ ਹਨ।

ਫ਼ਰਕ ਬੱਸ ਏਨਾ ਹੈ ਕਿ ਵਿਦੇਸ਼ੀ ਸਰਕਾਰ ਦੀ ਬਜਾਏ ਭਾਰਤ ਦੀਆਂ ਸੰਸਥਾਵਾਂ ਇਸ ਕਾਨੂੰਨ ਦਾ ਗ਼ਲਤ ਇਸਤੇਮਾਲ ਕਰ ਰਹੀਆਂ ਹਨ। ਇਹ ਫ਼ੈਸਲਾ ਮਹਾਤਮਾ ਗਾਂਧੀ ਦੇ ਜਨਮ ਦਿਨ ਦੀ ਵਰ੍ਹੇਗੰਢ 'ਤੇ ਆਇਆ ਹੈ। ਗਾਂਧੀ ਦੇ ਵਿਚਾਰ ਦੀ ਆਤਮਾ ਅਸਹਿਮਤੀ ਦੇ ਅਧਿਕਾਰ ਵਿਚ ਰਚੀ ਹੋਈ ਹੈ, ਜਿਸ ਨੂੰ ਅੱਜ ਖ਼ਤਮ ਕੀਤਾ ਜਾ ਰਿਹਾ ਹੈ।

ਅੱਜ ਜੇਕਰ ਕੋਈ ਯੂਨੀਵਰਸਿਟੀ ਦਾ ਵਿਦਿਆਰਥੀ ਜਾਂ ਸਿਵਲ ਸੁਸਾਇਟੀ ਦਾ ਕਾਰਕੁਨ ਕਿਸੇ ਗੱਲ ਦੀ ਆਲੋਚਨਾ ਕਰਦਾ ਹੈ ਤਾਂ ਉਸ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਪਰ ਇਸ 'ਤੇ ਵਿਚਾਰ ਨਹੀਂ ਕੀਤਾ ਜਾਂਦਾ ਕਿ ਆਖ਼ਰ ਉਸ ਨੇ ਆਲੋਚਨਾ ਕਿਉ ਕੀਤੀ।

ਦੇਸ਼ ਧਰੋਹ ਦੇ ਕਾਨੂੰਨ 17ਵੀਂ ਸ਼ਤਾਬਦੀ ਵਿਚ ਇੰਗਲੈਂਡ ਵਿਚ ਉਦੋਂ ਬਣਾਏ ਗਏ ਸਨ, ਜਦੋਂ ਵਿਧਾਨ ਬਣਾਉਣ ਵਾਲਿਆਂ ਨੂੰ ਲਗਦਾ ਸੀ ਕਿ ਸਰਕਾਰ ਬਾਰੇ ਸਿਰਫ਼ ਚੰਗੇ ਨਜ਼ਰੀਏ ਹੀ ਹੋਣੇ ਚਾਹੀਦੇ ਹਨ। ਬੁਰੇ ਨਜ਼ਰੀਏ ਸਰਕਾਰ ਤੇ ਰਾਜਸ਼ਾਹੀ ਲਈ ਖ਼ਤਰਾ ਹੁੰਦੇ ਹਨ। ਇਸੇ ਭਾਵਨਾ ਨੂੰ 1870 ਵਿਚ ਆਈਪੀਸੀ ਵਿਚ ਸ਼ਾਮਲ ਕਰ ਲਿਆ ਗਿਆ।

ਇਹ ਕਾਨੂੰਨ ਪਹਿਲੀ ਵਾਰ ਬਾਲ ਗੰਗਾਧਰ ਨੂੰ ਸਜ਼ਾ ਦੇਣ ਲਈ 1897 ਵਿਚ ਇਸਤੇਮਾਲ ਕੀਤਾ ਗਿਆ ਸੀ। ਇਸ ਕੇਸ ਵਿਚ ਆਈਪੀਸੀ ਦੀ ਧਾਰਾ 124 ਏ (ਦੇਸ਼ ਧਰੋਹ ਨਾਲ ਸਬੰਧਤ) ਵਿਚ ਸੋਧ ਕੀਤੀ ਗਈ। ਇਸ ਵਿਚ 'ਨਫ਼ਰਤ', 'ਅਪਮਾਨ' ਅਤੇ 'ਦੁਸ਼ਮਣੀ' ਸ਼ਾਮਲ ਕੀਤੇ ਗਏ ਤਾਂ ਕਿ ਬੇਵਫਾਈ ਅਤੇ 'ਦੁਸ਼ਮਣੀ ਦੀ ਭਾਵਨਾ' ਨੂੰ ਵੀ ਨਾਲ ਲਿਆ ਜਾ ਸਕੇ।

1908 ਵਿਚ ਜਦੋਂ ਦੇਸ਼ ਧਰੋਹ ਦੇ ਇਕ ਦੂਸਰੇ ਕੇਸ ਵਿਚ ਬਾਲ ਗੰਗਾਧਰ ਤਿਲਕ ਨੂੰ ਦੋਸ਼ੀ ਸਿੱਧ ਕੀਤਾ ਗਿਆ ਤਾਂ ਉਨ੍ਹਾਂ ਨੇ ਕਿਹਾ, 'ਸਰਕਾਰ ਨੇ ਪੂਰੇ ਦੇਸ਼ ਨੂੰ ਜੇਲ੍ਹ ਵਿਚ ਬਦਲ ਦਿੱਤਾ ਹੈ ਅਤੇ ਅਸੀਂ ਸਾਰੇ ਇਸ ਦੇ ਬੰਦੀ ਹਾਂ।' ਗਾਂਧੀ 'ਤੇ ਵੀ ਬਾਅਦ ਵਿਚ 'ਯੰਗ ਇੰਡੀਆ' ਵਿਚ ਲਿਖੇ ਗਏ ਲੇਖ 'ਤੇ ਦੇਸ਼ ਧਰੋਹ ਦਾ ਮਾਮਲਾ ਚੱਲਿਆ ਤੇ ਜਿਵੇਂ ਕਿਹਾ ਜਾਂਦਾ ਹੈ, ਉਨ੍ਹਾਂ ਨੇ ਹਿੰਮਤ ਨਾਲ ਆਪਣੇ 'ਅਪਰਾਧ' ਨੂੰ ਮੰਨਿਆ।

ਸੰਵਿਧਾਨ ਸਭਾ ਵਿਚ ਕੁਝ ਲੋਕਾਂ ਨੇ ਦੇਸ਼ ਧਰੋਹ ਨੂੰ ਸੁਤੰਤਰ ਰਾਏ ਉਪਰ ਰੋਕ ਲਾਉਣ ਦਾ ਆਧਾਰ ਬਣਾਉਣ ਦੀ ਮੰਗ ਕੀਤੀ ਸੀ। ਪਰ ਸਿਆਸੀ ਅਸਹਿਮਤੀ ਨੂੰ ਕੁਚਲਣ ਵਿਚ ਵਰਤੋਂ ਦੇ ਡਰੋਂ ਇਸ ਮੰਗ ਦਾ ਜ਼ਬਰਦਸਤ ਤੇ ਸਫਲ ਵਿਰੋਧ ਹੋਇਆ। ਸੁਪਰੀਮ ਕੋਰਟ ਨੇ 1950 ਵਿਚ ਬ੍ਰਿਜ ਭੂਸ਼ਣ ਬਨਾਮ ਦਿੱਲੀ ਰਾਜ ਅਤੇ ਰੋਮੇਸ਼ ਥਾਪਰ ਬਨਾਮ ਮਦਰਾਸ ਰਾਜ ਦੇ ਕੇਸ ਵਿਚ ਸੰਵਿਧਾਨ ਸਭਾ ਵਿਚ ਹੋਏ ਤਰਕਾਂ ਦਾ ਜ਼ਿਕਰ ਕੀਤਾ ਸੀ। ਇਸ ਫ਼ੈਸਲੇ ਨੇ ਪਹਿਲੀ ਸੰਵਿਧਾਨਕ ਸੋਧ ਕਰਨ ਲਈ ਪ੍ਰੇਰਿਤ ਕੀਤਾ। ਇੱਥੇ ਧਾਰਾ 19 (2) ਨੂੰ ਮੁੜ ਲਿਖਿਆ ਗਿਆ ਅਤੇ ਉਸ ਵਿਚ ਜਨ ਵਿਵਸਥਾ ਦੇ ਹਿਤਾਂ ਦੀ ਬਜਾਏ 'ਰਾਜ ਦੀ ਸੁਰੱਖਿਆ' ਨੂੰ ਜੋੜਿਆ ਗਿਆ।

ਹਾਲਾਂਕਿ ਸੰਸਦ ਵਿਚ ਬੋਲਦਿਆਂ ਜਵਾਹਰ ਲਾਲ ਨਹਿਰੂ ਨੇ ਸਾਫ਼ ਕਿਹਾ ਸੀ ਕਿ 124 ਏ ਦੀ ਵਿਵਸਥਾ 'ਵੱਡੇ ਪੱਧਰ 'ਤੇ ਇਤਰਾਜ਼ਯੋਗ ਤੇ ਨਫ਼ਰਤ ਭਰੀ ਹੈ। ਇਸ ਤੋਂ ਜਿੰਨੀ ਜਲਦੀ ਹੋ ਸਕੇ ਛੁਟਕਾਰਾ ਪਾਉਣਾ ਪਏਗਾ।'

1962 ਵਿਚ ਸੁਪਰੀਮ ਕੋਰਟ ਨੇ ਕੇਦਾਰ ਸਿੰਘ ਬਨਾਮ ਬਿਹਾਰ ਰਾਜ ਵਿਚ 124 ਏ ਦੀ ਸੰਵਿਧਾਨਕ ਪ੍ਰਮਾਣਕਤਾ ਦੀ ਜਾਂਚ ਕੀਤੀ। ਇਸ ਵਿਚ ਸੰਵਿਧਾਨਕਤਾ ਤਾਂ ਬਰਕਰਾਰ ਰੱਖੀ ਗਈ, ਪਰ ਇਸ ਦੀ ਵਰਤੋਂ 'ਤੇ ਕੁਝ ਹੱਦਾਂ ਮਿੱਥ ਦਿੱਤੀਆਂ, ਜਿਵੇਂ ਕਿ 'ਕਾਰਵਾਈ ਵਿਚ ਵਿਵਸਥਾ ਨੂੰ ਭੰਗ ਕਰਨ ਦੀ ਮਨਸ਼ਾ ਹੋਣੀ ਚਾਹੀਦੀ ਹੈ, ਜਾਂ ਕਾਨੂੰਨ ਵਿਵਸਥਾ ਵਿਚ ਅਸ਼ਾਂਤੀ ਫੈਲੀ ਹੋਵੇ, ਜਾਂ ਹਿੰਸਾ ਲਈ ਪ੍ਰੇਰਿਤ ਕੀਤਾ ਗਿਆ ਹੋਵੇ। ਇਹ ਫ਼ੈਸਲਾ 'ਬੇਹੱਦ ਕਠੋਰ ਭਾਸ਼ਣ' ਜਾਂ ਸਰਕਾਰ ਦੀ ਆਲੋਚਨਾ ਵਿਚ ਕਹੇ ਗਏ 'ਜ਼ੋਰਦਾਰ ਸ਼ਬਦਾਂ' ਨੂੰ ਦੇਸ਼ ਧਰੋਹ ਤੋਂ ਵੱਖ ਕਰਦਾ ਹੈ।'

1995 ਵਿਚ ਸੁਪਰੀਮ ਕੋਰਟ ਨੇ ਬਲਵੰਤ ਸਿੰਘ ਬਨਾਮ ਪੰਜਾਬ ਰਾਜ ਕੇਸ ਵਿਚ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਇਕ ਸਿਨੇਮਾ ਹਾਲ ਦੇ ਬਾਹਰ 'ਖਾਲਿਸਤਾਨ ਜ਼ਿੰਦਾਬਾਦ' ਅਤੇ 'ਰਾਜ ਕਰੇਗਾ ਖਾਲਸਾ' ਵਰਗੇ ਨਾਅਰੇ ਲਾਉਣ ਵਾਲਿਆਂ ਨੂੰ ਬਰੀ ਕਰ ਦਿੱਤਾ। ਸ਼ਬਦਾਂ ਦੀ ਅਸ਼ਾਂਤੀ ਫੈਲਾਉਣ ਵਾਲੇ ਰੁਝਾਨ ਨੂੰ ਦੇਖਣ ਦੀ ਬਜਾਏ, ਅਦਾਲਤ ਨੇ ਕਿਹਾ ਕਿ ਸਿਰਫ਼ ਨਾਅਰੇ ਲਗਾ ਦੇਣ ਨਾਲ, ਜਿਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਜਨਵਿਰੋਧ ਨਹੀਂ ਹੋਇਆ, ਉਸ ਨੂੰ ਦੇਸ਼ ਧਰੋਹ ਨਹੀਂ ਕਿਹਾ ਜਾ ਸਕਦਾ। ਇਸ ਲਈ ਜ਼ਿਆਦਾ ਚੀਜ਼ਾਂ ਹੋਣੀਆਂ ਜ਼ਰੂਰੀ ਹਨ। ਮੁਲਜ਼ਮਾਂ ਦਾ ਅਸ਼ਾਂਤੀ ਫੈਲਾਉਣ ਦਾ ਕੋਈ ਇਰਾਦਾ ਨਹੀਂ ਸੀ, ਨਾ ਹੀ ਕਿਸੇ ਤਰ੍ਹਾਂ ਨਾਲ 'ਕਾਨੂੰਨ ਵਿਵਸਥਾ ਵਿਚ ਕੋਈ ਰੁਕਾਵਟ' ਆਈ।

ਹਾਲ ਹੀ ਵਿਚ ਲਿਖੇ ਗਏ ਖ਼ਤ ਨੂੰ ਵੀ ਇਸੇ ਚਸ਼ਮੇ ਨਾਲ ਦੇਖਿਆ ਜਾਣਾ ਚਾਹੀਦਾ ਹੈ। ਕਾਨੂੰਨ ਸਾਫ਼ ਤੌਰ 'ਤੇ ਸਰਕਾਰ ਦੀ 'ਸਖ਼ਤ ਆਲੋਚਨਾ' ਅਤੇ 'ਹਿੰਸਾ ਲਈ ਪ੍ਰੇਰਣਾ' ਵਿਚ ਅੰਤਰ ਕਰਦਾ ਹੈ। ਜੇਕਰ ਖ਼ਤ ਨੂੰ ਨਫ਼ਰਤ ਭਰਿਆ ਜਾਂ ਸਰਕਾਰ ਦੇ ਅਪਮਾਨ ਵਾਲਾ ਮੰਨ ਵੀ ਲਿਆ ਜਾਵੇ ਅਤੇ ਜੇਕਰ ਇਸ ਨਾਲ ਹਿੰਸਾ ਨਹੀਂ ਹੋਈ, ਤਾਂ ਵੀ ਇਹ ਦੇਸ਼ ਧਰੋਹ ਨਹੀਂ ਹੈ। ਬਦਕਿਸਮਤੀ ਨਾਲ ਭਾਰਤੀ ਨਿਆਂ ਪ੍ਰਣਾਲੀ ਖਾਸ ਕਰਕੇ ਹਾਲ ਹੀ ਦੇ ਦਿਨਾਂ ਵਿਚ ਇਸ ਫ਼ਰਕ ਵੱਲ ਧਿਆਨ ਨਹੀਂ ਦੇ ਰਹੀ ਹੈ।

ਦੇਸ਼ ਧਰੋਹ ਦਾ ਵੱਡੇ ਪੱਧਰ 'ਤੇ ਇਹ ਮਤਲਬ ਹੋ ਸਕਦਾ ਹੈ ਕਿ ਸਟੇਟ ਇਸ ਦੀ ਵਰਤੋਂ ਸੱਤਾ ਨੂੰ ਚੁਣੌਤੀ ਦੇਣ ਵਾਲਿਆਂ ਖ਼ਿਲਾਫ਼ ਕਰ ਸਕਦੀ ਹੈ। ਪਰ ਅਸਹਿਮਤੀ ਅਤੇ ਆਲੋਚਨਾ ਖ਼ਿਲਾਫ਼ ਇਸ ਦੀ ਵਰਤੋਂ ਨਾਲ ਤਾਂ ਸਿਰਫ਼ ਡਰ ਹੀ ਪੈਦਾ ਹੋਵੇਗਾ।

**ਕਾਨੂੰਨ ਨੂੰ ਚੁਣੌਤੀ**

ਸਿਰਫ਼ ਦੇਸ਼ ਧਰੋਹ ਦੀ ਧਮਕੀ ਨਾਲ ਹੀ ਲੋਕਾਂ ਵਿਚ ਖੁਦ ਨੂੰ ਸੈਂਸਰ ਕਰਨ ਦਾ ਰੁਝਾਨ ਵੱਧ ਜਾਂਦਾ ਹੈ, ਇਹ ਸੁਤੰਤਰ ਰਾਏ 'ਤੇ ਬੁਰਾ ਅਸਰ ਪਾਉਂਦਾ ਹੈ। ਇਸ ਨੂੰ ਜੜ੍ਹੋਂ ਖ਼ਤਮ ਕਰਕੇ ਇਸ ਦੀ ਗ਼ਲਤ ਵਰਤੋਂ ਨੂੰ ਰੋਕਣਾ ਹੋਵੇਗਾ। ਜਿਵੇਂ ਬਰਤਾਨੀਆ ਵਿਚ ਹੋ ਚੁੱਕਾ ਹੈ, ਇਸ ਕਾਨੂੰਨ ਨੂੰ ਖ਼ਤਮ ਕਰਨਾ ਹੀ ਹੋਵੇਗਾ। ਕੋਈ ਵੀ ਸਰਕਾਰ ਆਪਣੀ ਤਾਕਤ ਨੂੰ ਆਸਾਨੀ ਨਾਲ ਜਾਣ ਨਹੀਂ ਦੇਵੇਗੀ, ਸੋ ਲਾਜ਼ਮੀ ਤੌਰ 'ਤੇ ਕਿਸੇ ਨੂੰ ਤਾਂ ਮਦਦ ਲਈ ਅਦਾਲਤ ਵਿਚ ਜਾਣਾ ਹੀ ਪਵੇਗਾ।

ਬਦਕਿਸਮਤੀ ਨਾਲ ਨਿਆਂ ਵਿਵਸਥਾ ਸਾਡੇ ਅਧਿਕਾਰਾਂ ਦੀ ਰਾਖੀ ਕਰਦਿਆਂ ਬਹੁਤ ਘੱਟ ਦਿਖਾਈ ਦੇ ਰਹੀ ਹੈ, ਹਾਲਾਂਕਿ ਮੈਂ ਵੀ ਇਸ ਦਾ ਹਿੱਸਾ ਰਿਹਾ ਹਾਂ। ਪਿਛਲੇ ਕੁਝ ਵਕਤ ਤੋਂ ਜਨਤਾ ਦੀ ਆਜ਼ਾਦੀ ਦੇ ਕਈ ਮੁੱਦਿਆਂ 'ਤੇ ਨਿਰਾਸ਼ਾ ਮਿਲੀ ਹੈ। ਹੁਣ ਮੈਦਾਨ ਤੋਂ ਹੀ ਅੰਦੋਲਨ ਸ਼ੁਰੂ ਕਰਨਾ ਹੋਵੇਗਾ।

ਕਿਹਾ ਨਹੀਂ ਜਾ ਸਕਦਾ ਕਿ ਅਜਿਹੀ ਸਿੱਧੀ ਚੁਣੌਤੀ ਦਾ ਚਿਹਰਾ-ਮੋਹਰਾ ਕੀ ਹੋਵੇਗਾ, ਪਰ ਸਾਨੂੰ ਆਪਣੀ ਅਸਹਿਮਤੀ ਦੇ ਅਧਿਕਾਰ ਦੀ ਓਨੀ ਹੀ ਖੁੱਲ੍ਹ ਕੇ ਰਾਖੀ ਕਰਨੀ ਪਵੇਗੀ, ਜਿਸ ਤਰ੍ਹਾਂ ਅਸੀਂ ਆਪਣੀ ਜ਼ਿੰਦਗੀ ਦੀ ਕਰਦੇ ਹਾਂ। ਜੇਕਰ ਅਸੀਂ ਅਜਿਹਾ ਕਰਨ ਵਿਚ ਨਾਕਾਮ ਰਹੇ, ਤਾਂ ਮਾਣ ਮਹਿਸੂਸ ਕਰਨ ਵਾਲੇ ਜਮਹੂਰੀ ਰਾਸ਼ਟਰ ਦੇ ਤੌਰ 'ਤੇ ਸਾਡੀ ਹੋਂਦ ਖ਼ਤਰੇ ਵਿਚ ਹੋਵੇਗੀ।

(ਏ.ਪੀ. ਸ਼ਾਹ ਦਿੱਲੀ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ ਹਨ। ਇਹ ਲੇਖ 'ਹਿੰਦੂ' ਵਿਚ ਛਪੇ ਆਰਟੀਕਲ ਦਾ ਪੰਜਾਬੀ ਅਨੁਵਾਦ ਹੈ।)

# ਕੈਨੇਡੀਅਨ ਲੋਕਾਂ ਨੇ ਘੱਟ ਗਿਣਤੀ ਸਰਕਾਰ ਲਈ ਫਤਵਾ ਦਿੱਤਾ



ਦਰਬਾਰਾ ਸਿੰਘ ਕਾਹਲੋਂ
01-343-889-2550




ਹੁਣ 21 ਅਕਤੂਬਰ ਦੇ ਫਤਵੇ ਅਨੁਸਾਰ ਪਾਰਟੀ ਪੁਜ਼ੀਸ਼ਨ ਕੁਝ ਇਵੇਂ ਹੈ :

| ਲਿਬਰਲ | ਕੰਜ਼ਰਵੇਟਿਵ | ਬਲਾਕ ਕਿਊਬੈਕ | ਐੱਨ.ਡੀ.ਪੀ. | ਗਰੀਨ | ਅਜ਼ਾਦ | ਪੀਪੀਸੀ |
|---|---|---|---|---|---|---|
| 157 | 121 | 32 | 24 | 3 | 1 | 0 |
| −20 | +26 | +22 | −15 | +1 | −8 | −1 |
| 33.6 | 34.4% | 7.7% | 15.92% | 6.49% | 0.8% | 1.64% |

ਕੈਨੇਡਾ ਵਰਗੇ ਵਿਸ਼ਵ ਦੇ ਅਮੀਰ ਅਤੇ ਵਿਕਸਤ ਦੇਸ਼ ਦੇ ਲੋਕਾਂ ਵਲੋਂ 21 ਅਕਤੂਬਰ, 2019 ਨੂੰ 43ਵੀਆਂ ਫੈਡਰਲ ਪਾਰਲੀਮੈਂਟਰੀ ਚੋਣਾਂ ਲਈ ਦਿਤੇ ਫ਼ਤਵੇ ਸੰਬੰਧੀ ਵਿਖਾਈ ਸੂਝਬੂਝ ਤੇ ਕਿਸੇ ਵੀ ਤਰ੍ਹਾਂ ਦਾ ਕਿੰਤੂ-ਪ੍ਰੰਤੂ ਕਰਨਾ ਵੱਡੀ ਬੇਵਕੂਫੀ ਹੋਵੇਗੀ। ਲੋਕਾਂ ਨੇ ਆਪਣੇ ਭਵਿੱਖ ਲਈ ਲੱਖ ਚੁਣੌਤੀਆਂ ਸਨਮੁੱਖ ਉਸੇ ਤਰ੍ਹਾਂ ਦੀ ਸਰਕਾਰ ਚੁਣੀ ਹੈ ਜਿਸ ਤਰ੍ਹਾਂ ਦੀ ਉਹ ਚਾਹੁੰਦੇ ਹਨ। ਵੇਖੋ! ਜਿੱਥੇ ਉਨ੍ਹਾਂ ਨੇ ਸੱਤਾਧਾਰੀ ਲਿਬਰਲ ਪਾਰਟੀ ਨੂੰ ਹਾਰ ਦਿਤੀ ਉੱਥੇ ਉਸ ਦੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਿਚ ਘੱਟ-ਗਿਣਤੀ ਸਰਕਾਰ ਦੇ ਹੱਕ ਵਿਚ ਫ਼ਤਵਾ ਦਿਤਾ। ਮੁੱਖ ਵਿਰੋਧੀ ਧਿਰ ਪ੍ਰਾਗਰੈਸਿਵ ਕੰਜ਼ਰਵੇਟਿਵ ਪਾਰਟੀ ਨੂੰ ਜਿੱਥੇ ਮਜ਼ਬੂਤ ਕੀਤਾ ਉੱਥੇ ਉਸ ਨੂੰ ਸੱਤਾ ਤੋਂ ਦੂਰ ਹਵਾ ਵਿਚ ਲਟਕਾ ਕੇ ਰੱਖ ਦਿਤਾ।

ਘੱਟ-ਗਿਣਤੀ ਸਰਕਾਰ ਕੈਨੇਡਾ ਅੰਦਰ ਕੋਈ ਨਵੀਂ ਗੱਲ ਨਹੀਂ ਪਹਿਲਾਂ ਵੀ ਐਸੀਆਂ ਸਰਕਾਰਾਂ ਦੇ ਸਫਲ ਤਜ਼ਰਬੇ ਵੇਖਣ ਨੂੰ ਮਿਲੇ ਹਨ। ਸੰਨ 2015 ਵਿਚ ਜਸਟਿਨ ਟਰੂਡੋ ਦੀ ਅਗਵਾਈ ਵਿਚ ਬਹੁਮਤ ਲਿਬਰਲ ਪਾਰਟੀ ਸਰਕਾਰ ਬਣਨ ਤੋਂ ਪਹਿਲਾਂ ਸੰਨ 2004 ਤੋਂ 2011 ਤਕ ਘੱਟ ਗਿਣਤੀ ਸਰਕਾਰਾਂ ਦਾ ਦੌਰ ਵੇਖਣ ਨੂੰ ਮਿਲਿਆ ਸੀ।

ਸੰਨ 2015 ਦੀਆਂ 42ਵੀਆਂ ਫੈਡਰਲ ਪਾਰਲੀਮੈਂਟਰੀ ਚੋਣਾਂ ਵਿਚ 39.47 ਪ੍ਰਤੀਸ਼ਤ ਵੋਟਾਂ ਪ੍ਰਾਪਤ ਕਰਕੇ ਲਿਬਰਲ ਪਾਰਟੀ ਨੇ ਜਸਟਿਨ ਟਰੂਡੋ ਦੀ ਅਗਵਾਈ ਵਿਚ 338 ਮੈਂਬਰੀ ਹਾਊਸ ਆਫ ਕਾਮਨਜ਼ ਲਈ 184 ਸੀਟਾਂ ਜਿੱਤਦਿਆਂ ਸਟੀਫਨ ਹਾਰਪਰ ਦੀ ਪ੍ਰਾਗ੍ਰੈਸਿਵ ਕੰਜ਼ਰਵੇਟਿਵ ਪਾਰਟੀ ਸਰਕਾਰ ਨੂੰ ਸਭਾ ਵਿਚੋਂ ਬਾਹਰ ਵਗਾਹ ਮਾਰਿਆ ਸੀ, ਜਿਸ ਨੇ ਸਿਰਫ 31.9 ਪ੍ਰਤੀਸ਼ਤ ਵੋਟਾਂ ਹਾਸਿਲ ਕਰਦੇ 99 ਸੀਟਾਂ ਜਿੱਤੀਆਂ ਸਨ। ਨਿਊ ਡੈਮੋਕ੍ਰੇਟਿਕ ਪਾਰਟੀ (ਐੱਨ.ਡੀ.ਪੀ.) ਨੇ 19.73 ਪ੍ਰਤੀਸ਼ਤ ਵੋਟਾਂ ਲੈ ਕੇ ਆਗੂ ਟਾਮ ਮੁਲਕੇਅਰ ਦੀ ਅਗਵਾਈ ਵਿਚ 44 ਸੀਟਾਂ 'ਤੇ ਜਿੱਤ ਹਾਸਿਲ ਕੀਤੀ। ਫਰੈਂਚ ਭਾਸ਼ਾਈ ਰਾਜ ਕਿਊਬੈਕ ਦੀ ਖੇਤਰੀ ਪਾਰਟੀ ਨੇ 10 ਸੀਟਾਂ 4.7 ਪ੍ਰਤੀਸ਼ਤ ਵੋਟਾਂ ਪ੍ਰਾਪਤ ਕਰਕੇ ਗਿਲਮ ਡੂਸੱਪੇ ਦੀ ਅਗਵਾਈ ਵਿਚ ਪ੍ਰਾਪਤ ਕੀਤੀਆਂ ਸਨ। ਅਲੈਜਬੈਥ ਮੇਅ ਦੀ ਅਗਵਾਈ ਵਿਚ 3.5 ਪ੍ਰਤੀਸ਼ਤ ਵੋਟਾਂ ਲੈ ਕੇ ਗਰੀਨ ਪਾਰਟੀ ਇਕ ਸੀਟ ਤੇ ਜਿੱਤੀ ਸੀ ਜਦ ਬਾਕੀ ਸੀਟਾਂ 'ਤੇ ਅਜ਼ਾਦ ਜਾਂ ਹੋਰ ਕਾਬਜ਼ ਰਹੇ। ਸੰਨ 2019 ਦੀਆਂ ਫੈਡਰਲ ਚੋਣਾਂ ਤੋਂ ਪਹਿਲਾਂ ਹਾਊਸ ਆਫ ਕਾਮਨਜ਼ ਵਿਚ ਪਾਰਟੀ ਪੁਜ਼ੀਸ਼ਨ ਕੁਝ ਇੰਜ ਸੀਃ ਲਿਬਰਲ 177, ਕੰਜ਼ਰਵੇਟਿਵ 95, ਐੱਨ.ਡੀ.ਪੀ. 39, ਕਿਊਬੈਕ ਬਲਾਕ 10, ਗਰੀਨ ਪਾਰਟੀ 2, ਪੀਪਲਜ਼ ਪਾਰਟੀ ਆਫ ਕੈਨੇਡਾ ਇਕ, ਅਜ਼ਾਦ 9, ਖਾਲੀ ਪੰਜ।

ਕਜ਼ਰਵੇਟਿਵ ਪਾਰਟੀ ਦੀ ਕਿੰਨੀ ਬਦਕਿਸਮਤੀ ਹੈ ਕਿ ਉਹ ਘੱਟ ਗਿਣਤੀ ਸਰਕਾਰ ਗਠਨ ਕਰਨ ਵਾਲੀ ਲਿਬਰਲ ਪਾਰਟੀ ਨਾਲੋਂ ਵੱਧ ਵੋਟਾਂ ਹਾਸਿਲ ਕਰਨ ਦੇ ਬਾਵਜੂਦ ਘੱਟ ਸੀਟਾਂ ਪ੍ਰਾਪਤ ਕਰ ਸਕੀ ਹੈ। ਦਰਅਸਲ ਉਸ ਦਾ ਆਗੂ ਐਂਡਰੀਊ ਸ਼ੀਰ ਕ੍ਰਿਸ਼ਮਾਕਾਰੀ ਆਗੂ ਨਾ ਹੋਣ ਕਰਕੇ ਕੋਈ ਦਮ ਖ਼ਮ ਨਹੀਂ ਵਿਖਾ ਸਕਿਆ। ਆਪਣੀ ਵਿਦਿਅਕ ਯੋਗਤਾ ਅਤੇ ਅਮਰੀਕਾ ਦੀ ਵੀ ਕੈਨੇਡਾ ਦੇ ਨਾਲ ਨਾਲ ਸਿਟੀਜ਼ਨਸ਼ਿਪ ਹੋਣ ਕਰਕੇ ਕੈਨੇਡੀਅਨ ਸਮਾਜ ਨੇ ਚੰਗਾ ਨਹੀਂ ਸਮਝਿਆ। ਉਸ ਵੱਲੋਂ ਕਾਰਬਨ ਗੈਸ ਖ਼ਤਮ ਕਰਨ ਨੂੰ ਕਿਸੇ ਨੇ ਨਾ ਗੌਲਿਆ ਭਾਵੇਂ ਇਸ ਰਾਹੀਂ ਉਸਨੇ 159 ਮਿਲੀਅਨ ਡਾਲਰ ਦੀ ਬਚਤ ਦਾ ਦਾਅਵਾ ਕੀਤਾ। ਕਿਊਬੈਕ ਵਿਚ ਉਸ ਕੋਲ ਕਿਊਬੈਕ ਬਲਾਕ ਦੀ ਵੱਧਦੀ ਲੋਕਪ੍ਰਿਯਤਾ ਅਤੇ ਉਨ੍ਹਾਂ ਦੀ ਸਰਕਾਰ ਵਲੋਂ ਪਾਸ ਕੀਤੇ ਧਰਮ ਨਿਰਪੱਖਤਾ ਸੰਬੰਧੀ ਬਿਲ-21 ਵਿਰੁਧ ਬੋਲਣ ਲਈ ਕੋਈ ਤਰਕ ਨਹੀਂ ਸੀ। ਲਿਬਰਲ ਆਗੂ ਜਸਟਿਨ ਟਰੂਡੋ ਵੱਲੋਂ ਲੋਕਾਂ ਨੂੰ 'ਕਿਫਾਇਤੀ ਜੀਵਨ' ਦੇਣ ਦਾ ਵੀ ਉਹ ਕੋਈ ਤੋੜ ਪੇਸ਼ ਕਰਨ ਵਿਚ ਨਾਕਾਮ ਰਿਹਾ। ਉਸਦੀਆਂ ਫੈਡਰਲ ਸਰਕਾਰ ਦਾ ਰੋਲ ਘਟਾਉਣ ਦੀਆਂ ਨੀਤੀਆ ਨੂੰ ਵੀ ਲੋਕਾਂ ਪਸੰਦ ਨਾ ਕੀਤਾ। ਉਸ ਨੇ ਬਹੁਮੱਤ ਪ੍ਰਾਪਤ ਕਰਕੇ ਦੇਸ਼ ਨੂੰ ਵਧੀਆ ਕੰਜ਼ਰਵੇਟਿਵ ਸਰਕਾਰ ਗਠਤ ਕਰਨ ਦਾ ਇਕ ਸੁਨਹਿਰੀ ਮੌਕਾ ਗੁਆ ਦਿਤਾ।

ਕਿਊਬੈਕ ਬਲਾਕ ਫਰਾਂਸੀਸੀ ਭਾਸ਼ਾਈ ਕਿਊਬੈਕ ਵਿਚ ਸੱਤਾ ਵਿਚ ਹੈ। ਅਕਸਰ ਫੈਡਰਲ ਚੋਣਾਂ ਸਮੇਂ ਲੋਕ ਸਥਾਨਿਕ ਜਾਂ ਖੇਤਰੀ ਪਾਰਟੀਆਂ ਅਤੇ ਉਨ੍ਹਾਂ ਦੇ ਪ੍ਰੋਗਰਾਮਾਂ ਨੂੰ ਕੋਈ ਬਹੁਤਾ ਮਹੱਤਵ ਨਹੀਂ ਦਿੰਦੇ ਪਰ ਇਸ ਵਾਰ ਇਸ ਪਾਰਟੀ ਨੇ ਆਪਣੇ ਆਗੂ ਫਰਾਂਕੋਈ ਬਲਾਚੇ ਦੀ ਅਗਵਾਈ ਵਿਚ ਆਪਣੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਇਸ ਕਦਰ ਨਵਾਂ ਦਿਲਚਸਪ ਰੂਪ ਦਿਤਾ ਕਿ ਰਾਜ ਦੇ ਲੋਕਾਂ ਦਾ ਵੱਡਾ ਸਮਰਥਨ ਹਾਸਿਲ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ। ਉਸ ਵੱਲੋਂ ਪਾਰਟੀ ਅੰਦਰ ਖਾਨਾਜੰਗੀ ਖ਼ਤਮ ਕਰਨਾ, ਪਾਰਟੀ ਆਗੂਆਂ ਦੇ ਡਿਬੇਟ ਸਮੇਂ ਪਾਰਟੀ ਅਤੇ ਇਸ ਦੀਆ ਨੀਤੀਆਂ ਦਾ ਪੱਖ ਦਲੇਰਾਨਾ ਢੰਗ ਨਾਲ ਰਖਣਾ, ਅਬਾਰਸ਼ਨ ਬਾਰੇ ਆਪਣੇ ਨਿੱਜੀ ਵਿਚਾਰ ਅਲੱਗ ਰੱਖਣਾ, ਧਰਮ ਨਿਰਪੱਖ ਬਿਲ-21 ਦਾ ਦਲੇਰੀ ਨਾਲ ਬਚਾਅ ਕਰਨਾ ਅਤੇ ਲਿਬਰਲ-ਕੰਜ਼ਰਵੇਟਿਵ ਟਕਰਾਅ ਦਾ ਲਾਭ ਉਠਾਉਣਾ ਆਦਿ ਕਰਕੇ ਕਿਊਬੈਕ ਬਲਾਕ 10 ਤੋਂ ਵਧ ਕੇ 32 ਸੀਟਾਂ ਲੈਣ ਵਿਚ ਸਫਲ ਹੋਇਆ। ਆਪਣੀ ਪਾਰਟੀ ਨੂੰ ਇਵੇਂ ਰਾਸ਼ਟਰੀ ਪਾਰਟੀ ਵਲੋਂ ਚੋਣ ਕਮਿਸ਼ਨ ਕੋਲ ਦਰਜ ਕਰਵਾਉਣ ਵਿਚ ਸਫਲ ਰਿਹਾ। ਕੈਨੇਡਾ ਦੇ ਸੰਵਿਧਾਨ ਅਨੁਸਾਰ ਹਾਊਸ ਆਫ ਕਾਮਨਜ਼ ਵਿਚ 12 ਸੀਟਾਂ ਹਾਸਿਲ ਕਰਨ ਵਾਲੀ ਪਾਰਟੀ ਹੀ ਇਹ ਦਰਜਾ ਪ੍ਰਾਪਤ ਕਰ ਸਕਦੀ ਹੈ।

ਐੱਨ.ਡੀ.ਪੀ. ਨੂੰ ਮੁੜ ਪਾਰਲੀਮੈਂਟ ਵਿਚ ਤੀਸਰੇ ਨੰਬਰ ਦੀ ਪਾਰਟੀ ਕਾਇਮ ਰਖਣ ਵਿਚ ਆਪਣੇ ਨਿੱਜੀ ਕ੍ਰਿਸ਼ਮੇ ਅਤੇ ਮਜ਼ਬੂਤ ਲੀਡਰਸ਼ਿਪ ਦੇ ਬਾਵਜੂਦ ਜਗਮੀਤ ਸਿੰਘ ਨਾਕਾਮ ਰਿਹਾ। ਕਿਊਬੈਕ ਵਿਚ ਪਿਛਲੀਆਂ ਚੋਣਾਂ ਵਿਚ ਜਿੱਤੀਆਂ 14 ਵਿਚੋਂ ਸਿਰਫ ਇਕ ਹੀ ਜਿੱਤ ਸਕਿਆ। ਆਪਣੇ ਪਿੱਤਰੀ ਓਂਟਾਰੀਓ ਸੂਬੇ ਵਿਚ ਵੀ ਕੋਈ ਕ੍ਰਿਸ਼ਮਾ ਨਾ ਵਿਖਾ ਸਕਿਆ। ਫਿਰ ਵੀ ਉਸ ਦੀ ਅਗਵਾਈ ਵਿਚ ਪਾਰਟੀ ਵੱਲੋਂ ਪਾਰਲੀਮੈਂਟ ਵਿਚ 24 ਸੀਟਾਂ ਜਿੱਤਣ ਕਰਕੇ ਨਵੀਂ ਜਸਟਿਨ ਟਰੂਡੋ ਦੀ ਘੱਟ ਗਿਣਤੀ ਲਿਬਰਲ ਸਰਕਾਰ ਦਾ ਸਟੇਰਿੰਗ ਉਸ ਦੇ ਹੱਥ ਵਿਚ ਹੋਵੇਗਾ। ਚੋਣ ਮੁਹਿੰਮ ਦੌਰਾਨ ਉਸ ਨੇ ਐਲਾਨ ਕੀਤਾ ਸੀ ਕਿ ਉਹ ਕੰਜ਼ਰਵੇਟਿਵਾਂ ਦਾ ਸਾਥ ਨਹੀਂ ਦੇਵੇਗਾ ਜੇਕਰ ਚੋਣਾਂ ਬਾਅਦ ਕਿਸੇ ਪਾਰਟੀ ਨੂੰ ਬਹੁਮਤ ਪ੍ਰਾਪਤ ਨਹੀਂ ਹੁੰਦਾ।

ਲਿਬਰਲ ਪਾਰਟੀ ਅਤੇ ਇਸ ਦਾ ਆਗੂ ਜਸਟਿਨ ਟਰੂਡੋ ਵਿਰੋਧੀ ਧਿਰ ਦੇ ਮੁੱਖ ਨਿਸ਼ਾਨਾ ਹੋਣ, ਉਨ੍ਹਾਂ ਦੀ ਸਰਕਾਰ ਤੇ ਆਗਾ ਖਾਂ, ਐਸ.ਐਨ.ਸੀ.-ਲਾਵਾਲਿਨ ਸਕੈਮਾਂ ਦੇ ਦੋਸ਼ ਲਗਣ, 20 ਸਾਲ ਪਹਿਲਾਂ ਉਸ ਵਲੋਂ ਕਾਲਾ ਨਕਾਬ ਪਹਿਨਣ, ਚੇਹਰਾ ਕਾਲਾ ਕਰਨ, ਫੈਡਰਲ ਬਜਟ ਵਾਅਦੇ ਮੁਤਾਬਿਕ ਸੰਤੁਲਿਤ ਨਾ ਕਰ ਸਕਣ, ਉਸ ਨੂੰ ਝੂਠਾ ਅਤੇ ਜਾਅਲੀ ਆਗੂ ਪ੍ਰਚਾਰਨ ਦੇ ਬਾਵਜੂਦ ਉਸ ਦੇਸ਼ ਅੰਦਰ ਹਰਮਨ ਪਿਆਰੇ ਅਤੇ ਅਗਲੀ ਘੱਟ ਗਿਣਤੀ ਸਰਕਾਰ ਦੀ ਅਗਵਾਈ ਦੇ ਕਾਬਲ ਆਗੂ ਵਜੋਂ ਆਪਣੇ ਅਕਸ ਕਾਇਮ ਰਖਣ ਵਿਚ ਸਫਲ ਰਿਹਾ।

ਕੈਨੇਡਾ ਅੰਦਰ ਘੱਟ ਗਿਣਤੀ ਸਫਲ ਸਰਕਾਰਾਂ ਦੀ ਪ੍ਰੰਪਰਾ ਪੁਰਾਣੀ ਹੈ। ਸੰਨ 1957 ਵਿਚ ਪਹਿਲੀ ਜਾਹਨ ਡਾਈਫੈਨਮੇਕਰ ਦੀ ਕੰਜ਼ਰਵੇਟਿਵ ਘੱਟ ਗਿਣਤੀ ਸਰਕਾਰ ਚੁਣੀ ਗਈ ਸੀ ਜੋ ਸੰਨ 1958 ਵਿਚ ਮੁੜ ਚੋਣਾਂ ਸਮੇਂ ਬਹੁਮੱਤ ਲੈਣ ਵਿਚ ਸਫਲ ਰਹੀ ਸੀ। ਦੂਸਰੀ ਘੱਟ ਗਿਣਤੀ ਸਰਕਾਰ ਇਕ ਸਾਲ ਕਾਇਮ ਰਹੀ। ਉਸ ਤੋਂ ਬਾਅਦ ਲਿਬਰਲ ਪਾਰਟੀ ਨੇ ਲੈਸਟਰ ਪੀਅਰਸਨ ਦੀ ਅਗਵਾਈ ਵਿਚ ਘੱਟ ਗਿਣਤੀ ਸਰਕਾਰ ਗਠਤ ਕੀਤੀ। ਲੈਂਸਟਰ ਪੀਅਰਸਨ ਬਹੁਤ ਸਫਲ ਪ੍ਰਧਾਨ ਮੰਤਰੀ ਸਾਬਤ ਹੋਏ। ਆਪਣੇ ਸਾਸ਼ਨ ਦੌਰਾਨ ਉਨ੍ਹਾਂ ਯੂਨੀਵਰਸਲ ਹੈਲਥ ਕੇਅਰ, ਕੈਨੇਡੀਅਨ ਪੈਨਸ਼ਨ ਯੋਜਨਾ, ਮੌਤ ਦੀ ਸਜ਼ਾ ਖ਼ਤਮ ਕਰਨਾ, ਕੈਨੇਡਾ ਦਾ ਨਵਾਂ ਝੰਡਾ ਕਾਇਮ ਕਰਨਾ ਅਤੇ ਇਕਜੁੱਟ ਫੌਜ ਸਿਸਟਮ (ਜੋ ਭਾਰਤ ਨੇ ਹੁਣ ਅਪਣਾਇਆ) ਲਾਗੂ ਕੀਤੇ। ਏਨੇ ਵੱਡੇ ਇਤਿਹਾਸਿਕ ਫੈਸਲੇ ਉਨ੍ਹਾ ਆਪਣੀ ਘੱਟ ਗਿਣਤੀ ਸਰਕਾਰ ਦੇ ਬਾਵਜੂਦ ਕੀਤੇ ਜੋ ਇਕ ਹੈਰਾਨਕੁੰਨ ਮਿਸਾਲ ਹਨ।

ਕੀ ਜਸਟਿਨ ਟਰੂਡੋ ਐਸੀ ਡਿਪਲੋਮੇਸੀ, ਦੂਰਅੰਦੇਸ਼, ਸਭ ਨੂੰ ਨਾਲ ਲੈ ਕੇ ਚਲਣ ਦੀ ਪ੍ਰਤਿਭਾ ਦਾ ਮੁਜ਼ਾਹਿਰਾ ਕਰ ਸਕਣਗੇ ਇਹ ਤਾਂ ਸਮਾਂ ਦਸੇਗਾ। ਜ਼ਿਕਰਯੋਗ ਹੈ ਕਿ ਉਨ੍ਹਾਂ ਦੇ ਪਿਤਾ ਪਿਅਰੇ ਟਰੂਡੋ ਨੇ ਸਫਲਤਾਪੂਰਵਕ ਘੱਟ ਗਿਣਤੀ ਸਰਕਾਰ ਦੋ ਸਾਲ ਚਲਾਈ ਸੀ ਅਤੇ ਫਿਰ 1974 ਵਿਚ ਬਹੁਮੱਤ ਪ੍ਰਾਪਤ ਕਰਕੇ ਸਰਕਾਰ ਗਠਤ ਕੀਤੀ ਸੀ।

ਜਸਟਿਨ ਟਰੂਡੋ ਦੀ ਘੱਟ ਗਿਣਤੀ ਸਰਕਾਰ ਨਿਸ਼ਚਿਤ ਤੌਰ 'ਤੇ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਸਭ ਤੋਂ ਵੱਡੀ ਚੁਣੌਤੀ ਅਜ ਕੈਨੇਡਾ ਨੂੰ ਇਕ ਜੁੱਟ ਰਖਣ ਦੀ ਹੈ। ਸਥਿਤੀ ਸੰਨ 1867 ਵਿਚ ਦੇਸ਼ ਅੰਦਰ ਬ੍ਰਿਟਿਸ਼ ਬਸਤੀਵਾਦ ਉਪਰੰਤ ਲੋਕਤੰਤਰ ਸਥਾਪਿਤ ਕਰਨ ਵੇਲੇ ਵਰਗੀ ਜਿਉਂ ਦੀ ਤਿਉਂ ਹੈ। ਕਿਊਬੈਕ, ਅਲਬਰਟਾ, ਸਸਕੈਚਵਿਨ ਆਦਿ ਰਾਜਾਂ ਅੰਦਰ ਵੱਖਵਾਦੀ ਅਨਸਰ ਉੱਭਰ ਰਹੇ ਹਨ। ਅੰਦਰੂਨੀ ਵਪਾਰ ਅੰਦਰ ਅਜੇ ਤਕ ਕੋਈ ਫੈਡਰਲ ਨੀਤੀ ਨਹੀਂ ਬਣਾਈ ਜਾ ਸਕੀ। ਪੂਰੇ ਦੇਸ਼ ਅੰਦਰ ਟਰਾਂਸਪੋਰਟ ਢਾਂਚਾ ਤਿਆਰ ਨਹੀਂ ਕੀਤਾ ਜਾ ਸਕਿਆ। ਵਾਤਾਵਰਨ ਪ੍ਰਦੂਸ਼ਿਤ ਕਰਨ ਨੂੰ ਲੈ ਕੇ ਵੱਖ-ਵੱਖ ਰਾਜ ਇਕ ਦੂਸਰੇ ਵਿਰੁੱਧ ਤਲਵਾਰਾਂ ਸੂਤੀ ਬੈਠੇ ਹਨ। ਸੰਨ 1980 ਦੇ ਸੰਵਿਧਾਨ ਵਿਚ ਚਾਰਟਰ ਆਫ ਰਾਈਟਸ ਐਂਡ ਫਰੀਡਮ ਦੀਆਂ ਤਰੁੱਟੀਆਂ ਦੂਰ ਕਰਨ ਵਾਲੀਆਂ ਹਨ। ਆਰਥਿਕ ਨਾ ਬਰਾਬਰੀ ਦਾ ਕੋਹੜ ਨਿਰੰਤਰ ਕਾਇਮ ਹੈ। ਸੈਨੇਟ ਬਹੁਤ ਕਮਜ਼ੋਰ ਸਦਨ ਹੈ ਇਸ ਨੂੰ ਮਜਬੂਤ ਬਣਾਉਣ ਦੀ ਲੋੜ ਹੈ। ਫੈਡਰਲ ਸਿਸਟਮ ਦੀ ਮਜ਼ਬੂਤੀ ਸਾਰੇ ਰਾਜਾਂ ਦੇ ਪ੍ਰੀਮੀਅਰਾਂ ਦੀ ਮੀਟਿੰਗ ਦੀ ਮੰਗ ਕਰਦੀ ਹੈ। ਕੈਨੇਡਾ ਦੇ ਮੂਲ ਨਿਵਾਸੀ 'ਅਬਾਰਿਜਨਲ' ਲੋਕਾਂ ਦੇ ਸਭਿਆਚਾਰ, ਭਾਸ਼ਾਵਾਂ, ਰੋਜ਼ਗਾਰ, ਸਿਹਤ, ਸਿੱਖਿਆ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ। ਦੇਸ਼ ਦੇ ਮੱਧ ਵਰਗ ਨੂੰ ਟੈਕਸਾਂ ਦੇ ਲੱਕ ਤੋੜਵੇਂ ਭਾਰ ਤੋਂ ਮੁੱਕਤ ਕਰਨਾ ਅਤਿ ਜ਼ਰੂਰੀ ਹੈ। ਲੇਕਿਨ ਬਹੁਤ ਕਠਿਨ ਹੈ ਡਗਰ ਪਨਘੱਟ ਕੀ।

ਕੈਨੇਡਾ ਅੰਦਰ ਪੰਜਾਬੀਆਂ ਅਤੇ ਉਨ੍ਹਾਂ ਦੇ ਹਮਦਰਦਾਂ ਨੂੰ ਇਸ ਵਾਰ ਆਸ ਸੀ ਕਿ ਉਹ ਦੋ ਦਰਜਨ ਦਾ ਅੰਕੜਾ ਪਾਰ ਕਰਨਗੇ। ਪਰ ਆਪਸ ਵਿਚ ਖਹਿਣ, ਵੱਖ-ਵੱਖ ਦਲਾਂ ਵਿਚ ਵੰਡੇ ਹੋਣ, ਪੰਜਾਬੀ ਪ੍ਰਵਾਸੀ ਪਾੜ੍ਹਿਆਂ ਵੱਲੋਂ ਖਰੂਦ ਮਚਾਉਣ, ਨੌਜਵਾਨਾਂ ਵੱਲੋਂ ਜਰਾਇਮ ਪੇਸ਼ਾ ਗੈਂਗਸਟਰਾਂ ਨਾਲ ਰਲਣ, ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਕੇ ਬਦਨਾਮ ਹੋਣ ਦੀਆਂ ਘਟਨਾਵਾਂ ਦੇ ਮਾੜੇ ਅਸਰ ਕਰਕੇ ਉਹ ਪਿਛਲੀ ਪਾਰਲੀਮੈਂਟ ਵਿਚ 18 ਸੀਟਾਂ ਦਾ ਅੰਕੜਾਂ ਪਾਰ ਨਹੀ ਕਰ ਸਕੇ। ਲਿਬਰਲ ਪਾਰਟੀ ਵਿਚ ਪੰਜਾਬੀਆਂ ਦੀ ਝੰਡੀ ਕਾਇਮ ਰਹੀ ਜਿਸਦੇ 13 ਉਮੀਦਵਾਰ ਹਰਜੀਤ ਸੱਜਣ, ਰਣਦੀਪ ਸਿੰਘ ਸਰਾਏ, ਸੁੱਖ ਧਾਲੀਵਾਲ, ਨਵਦੀਪ ਸਿੰਘ ਬੈਂਸ, ਗਗਨ ਸਿਕੰਦ, ਰਮੇਸ਼ਵਰ ਸਾਂਗਾ, ਮਨਿੰਦਰ ਸਿੱਧੂ, ਕਮਲ ਖੇੜਾ, ਰੂਬੀ ਸਹੋਤਾ, ਸੋਨੀਆ ਸਿੱਧੂ, ਬਰਦੀਸ਼ ਚਗਰ, ਰਾਜ ਸੈਣੀ, ਅੰਜੂ ਢਿਲੋਂ ਜਿੱਤੇ। ਕੰਜ਼ਰਵੇਟਿਵ ਪਾਰਟੀ ਦੇ ਚਾਰ ਉਮੀਦਵਾਰ ਟਿਮ ਉੱਪਲ, ਜਸਰਾਜ ਸਿੰਘ, ਜਗ ਸਹੋਤਾ, ਬਾਬ ਸਰੋਆ ਜਿੱਤੇ। ਐਨ.ਡੀ.ਪੀ. ਦੇ ਸਿਰਫ ਜਗਮੀਤ ਸਿੰਘ ਹੀ ਜਿੱਤ ਸਕੇ। ਆਸ ਹੈ ਕਿ ਜਸਟਿਨ ਟਰੂਡੋ ਸਰਕਾਰ ਵਿਚ ਪਿਛਲੀ ਸਰਕਾਰ ਵਾਂਗ ਘੱਟੋ-ਘੱਟ ਚਾਰ ਪੰਜਾਬੀ ਮੰਤਰੀ ਤਾਂ ਜ਼ਰੂਰ ਬਣਨਗੇ। ਇਹ ਸਮੂਹ ਪੰਜਾਬੀਆਂ ਅਤੇ ਸਿੱਖ ਭਾਈਚਾਰੇ ਲਈ ਵੱਡੇ ਮਾਣ ਵਾਲੀ ਗੱਲ ਹੋਵੇਗੀ।✪

ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ।

## ਉਹ ਇੱਕਠੇ ਹੋਣਗੇ ਇੱਕ ਦਿਨ ਤੇ ਖੇਡਣਗੇ ਮਿਲ਼ਕੇ



ਉਹ ਇੱਕਠੇ ਹੋਣਗੇ ਇੱਕ ਦਿਨ ਤੇ ਖੇਡਣਗੇ ਮਿਲ਼ਕੇ
ਉਹ ਸਾਫ਼-ਸੁਥਰੀਆਂ ਕੰਧਾਂ ਉੱਤੇ
ਝਰੀਟਣਗੇ ਪੈਂਸਿਲਾਂ ਨੂੰ
ਉਹ ਕੁੱਤਿਆਂ ਨਾਲ਼ ਗੱਲਾਂ ਮਾਰਨਗੇ
ਅਤੇ ਬੱਕਰੀਆਂ ਨਾਲ਼...
ਅਤੇ ਹਰੇ ਟਿੱਡਿਆਂ ਨਾਲ਼
ਤੇ ਕੀੜੀਆਂ ਨਾਲ਼ ਵੀ

ਉਹ ਆਪਣੀ ਪੂਰੀ ਵਾਹ ਲਾਕੇ ਭੱਜਣਗੇ
ਹਵਾ ਅਤੇ ਧੁੱਪ ਦੀ ਸਾਂਝੀ ਨਿਗਰਾਨੀ ਵਿੱਚ
ਅਤੇ ਧਰਤੀ ਹੌਲ਼ੀ-ਹੌਲ਼ੀ ਹੋਰ ਪਸਰਦੀ ਜਾਵੇਗੀ
ਉਹਨਾਂ ਦੇ ਪੈਰਾਂ ਕੋਲ਼, ਵੇਖਣਾ
ਉਹ ਤੁਹਾਡੇ ਟੈਂਕਾ ਵਿੱਚ ਮਿੱਟੀ ਭਰ ਦੇਣਗੇ
ਤੇ ਤੁਹਾਡੀਆਂ ਬੰਦੂਕਾਂ ਨੂੰ ਦੱਬ ਦੇਣਗੇ ਡੂੰਘਾ ਧਰਤੀ ਵਿੱਚ
ਉਹ ਸੜਕਾਂ ਉੱਤੇ ਟੋਏ ਕਰ ਦੇਣਗੇ ਤੇ ਉਹਨਾਂ ਨੂੰ ਭਰ ਦੇਣਗੇ ਪਾਣੀ ਨਾਲ਼
ਤੇ ਉਹਨਾਂ ਪਾਣੀਆਂ ਵਿੱਚ ਉਹ ਟੱਪਣਗੇ ਛੱਪ-ਛੱਪ ਕਰਦੇ ਹੋਏ

ਉਹ ਪਿਆਰ ਕਰਨਗੇ ਇੱਕ ਦਿਨ ਉਹਨਾਂ ਸਾਰਿਆਂ ਨੂੰ
ਜਿੰਨਾ ਨਾਲ਼ ਤੁਸੀਂ ਉਹਨਾਂ ਨੂੰ ਨਫ਼ਰਤ ਕਰਨਾ ਸਿਖਾਇਆ ਹੈ
ਉਹ ਤੁਹਾਡੀਆਂ ਕੰਧਾਂ ਵਿੱਚ ਮੋਰੇ ਕਰ ਦੇਣਗੇ ਇੱਕ ਦਿਨ
ਤੇ ਆਰ-ਪਾਰ ਦੇਖਣ ਦੀ ਕੋਸ਼ਿਸ਼ ਕਰਨਗੇ
ਉਹ ਅਚਾਨਕ ਚੀਖ ਉੱਠਣਗੇ ਤੇ ਕਹਿਣਗੇ
-ਦੇਖੋ ਉਸ ਵੰਨੇ ਵੀ ਮੌਸਮ ਸਾਡੇ ਜਿਹਾ ਹੀ ਹੈ!
ਉਹ ਹਵਾ ਤੇ ਧੁੱਪ ਨੂੰ ਆਪਣੀਆਂ ਗੱਲ੍ਹਾਂ ਦੁਆਲੇ ਮਹਿਸੂਸ ਕਰਨਾ ਚਾਹੁਣਗੇ
ਅਤੇ ਤੁਸੀਂ ਉਸ ਦਿਨ ਉਹਨਾਂ ਨੂੰ ਨਹੀਂ ਰੋਕ ਪਾਓਂਗੇ

ਇੱਕ ਦਿਨ ਤੁਹਾਡੇ ਮਹਿਫ਼ੂਜ਼ ਘਰਾਂ ਤੋਂ ਬੱਚੇ ਬਾਹਰ ਆ ਜਾਣਗੇ
ਤੇ ਰੁੱਖਾਂ 'ਤੇ ਆਲ੍ਹਣੇ ਪਾਉਣਗੇ
ਉਹਨਾਂ ਨੂੰ ਕਾਟੋਆਂ ਬਹੁਤ ਪਸੰਦ ਨੇ ਉਹ ਉਹਨਾਂ ਨਾਲ਼ ਵੱਡਾ ਹੋਣਾ ਚਾਹੁਣਗੇ
ਤੁਸੀਂ ਦੇਖੋਂਗੇ ਜਦੋਂ ਉਹ ਹਰ ਚੀਜ਼ ਨੂੰ ਉਲਟਾ-ਪੁਲਟਾ ਕਰ ਦੇਣਗੇ
ਉਹਨਾਂ ਨੂੰ ਹੋਰ ਖ਼ੂਬਸੂਰਤ ਬਣਾਉਣ ਲਈ
ਇੱਕ ਦਿਨ ਮੇਰੀ ਦੁਨੀਆਂ ਦੇ ਸਾਰੇ ਬੱਚੇ
ਕੀੜੀਆਂ, ਟਿੱਡਿਆਂ
ਨਦੀਆਂ, ਪਹਾੜਾਂ, ਸਮੁੰਦਰਾਂ ਤੇ ਸਾਰੀਆਂ ਬਨਸਪਤੀਆਂ ਨਾਲ਼ ਧਾਵਾ ਬੋਲਣਗੇ
ਤੇ ਤੁਹਾਡੀ ਬਣਾਈ ਹਰ ਚੀਜ਼ ਨੂੰ ਖਿਡਾਓਣਾ ਬਣਾ ਦੇਣਗੇ।

-ਅਦਨਾਨ ਕਫ਼ੀਲ ਦਰਵੇਸ਼

# ਕਾਹਦੀ ਖਾਤਿਰ ?



ਹਰੀਪਾਲ
403-714-4816



ਇਕੱਲਤਾ ਦੀਆਂ ਰਾਤਾਂ ਬਹੁਤ ਲੰਬੀਆਂ ਹੁੰਦੀਆਂ ਹਨ। ਇਕੱਲਤਾ ਤਾਂ ਆਪਣੇ ਆਪ ਵਿੱਚ ਹੀ ਇੱਕ ਸ਼ਰਾਪ ਹੈ। ਇਕੱਲਤਾ ਦੇ ਦਿਨ ਵੀ ਕੋਈ ਛੋਟੇ ਨਹੀਂ ਹੁੰਦੇ, ਪਰ ਦਿਨ ਤਾਂ ਟੀ.ਵੀ. ਵਗੈਰਾ ਦੇਖ ਕੇ ਲੰਘ ਜਾਂਦਾ ਹੈ ਜਾਂ ਕਿਸੇ ਯਾਰ ਮਿੱਤਰ ਨਾਲ਼ ਗੱਲਾਂ ਮਾਰ ਕੇ ਲੰਘ ਜਾਂਦਾ ਹੈ ਪਰ ਰਾਤ ਲੰਘਾਉਣੀ ਬੜੀ ਔਖੀ ਹੈ, ਖਾਸ ਕਰਕੇ ਜ਼ਿੰਦਗੀ ਦੇ ਆਖਰੀ ਪਹਿਰ ਵਿੱਚ ਤਾਂ ਹੋਰ ਵੀ ਔਖੀ ਹੈ। ਪੂਰੀ ਟਿਕੀ ਹੋਈ ਦਸੰਬਰ ਦੀ ਰਾਤ ਹੈ। ਪਿਛਲੇ ਕਈ ਦਿਨ ਬਰਫ ਪੈਂਦੀ ਰਹੀ ਹੈ ਅਤੇ ਧਰਤੀ ਉਤੇ ਬਰਫ ਦੀ ਸਫੈਦ ਚਿੱਟੀ ਚਾਦਰ ਵਿਛੀ ਹੈ। ਜਾਂ ਤਾਂ ਰਾਤ ਨੂੰ ਫਰਿੱਜ ਦੀ ਘੂੰ ਘੂੰ ਸੁਣਦੀ ਹੈ ਜਾਂ ਫਰਨੈਸ ਦੇ ਚੱਲਣ ਜਾਂ ਖੜਨ ਦੀ ਅਵਾਜ। ਹੌਲ਼ੀ ਹੌਲ਼ੀ ਕੰਧਾਂ ਨੂੰ ਟੋਹ ਟੋਹ ਕੇ ਪੌੜੀਆਂ ਉਤਰਦਾ ਹਾਂ। ਬਾਰਾਂ ਵਜੇ ਉਠ ਕੇ ਸੀਤੋ ਜੁਆਕਾਂ ਦੀ ਮਾਂ ਜ਼ ਨੇ ਨੀਂਦ ਵਾਲ਼ੀ ਦੂਜੀ ਗੋਲ਼ੀ ਲੈ ਲਈ ਹੈ। ਸ਼ਾਇਦ ਪਹਿਲਾਂ ਲਈ ਗੋਲ਼ੀ ਸ਼ਰੀਰਿਕ ਪੀੜ ਨੂੰ ਘੱਟ ਨਹੀਂ ਕਰ ਸਕੀ। ਉਸ ਨੂੰ ਸ਼ੂਗਰ ਜਾਂ ਅਰਥਰਾਈਟਸ ਜੋੜਾਂ ਦਾ ਦਰਦ ਜਾਂ ਉਹ ਕਿਹੜੀ ਬਮਾਰੀ ਹੈ ਜੋ ਨਹੀਂ ਹੈ। ਜਦੋਂ ਦਾ ਜੁਆਕਾਂ ਨੇ ਆਲ੍ਹਣਾ ਛੱਡਿਆ ਹੈ, ਉਹ ਠੀਕ ਨਹੀਂ ਰਹੀ। ਮੈਨੂੰ ਪਤਾ ਹੈ ਉਹ ਦੂਜੀ ਗੋਲ਼ੀ ਲੈਣ ਤੋਂ ਬਾਅਦ ਚਾਰ ਪੰਜ ਵਜੇ ਤੱਕ ਨਹੀਂ ਉਠਦੀ। ਉਸਦੀ ਨੀਂਦ ਨਾਂ ਖਰਾਬ ਹੋ ਜਾਵੇ ਇਸ ਕਰਕੇ ਭੋਰਾ ਵੀ ਖੜਕਾ ਨਹੀਂ ਕਰਦਾ। ਥੱਲੇ ਆ ਕੇ ਖਿੜਕੀ ਦੇ ਪਰਦੇ ਚੱਕਦਾ ਹਾਂ। ਬਾਹਰ ਚਿੱਟਾ ਹੀ ਚਿੱਟਾ ਦਿਸਦਾ ਹੈ। ਹੌਲ਼ੀ ਹੌਲ਼ੀ ਆ ਕੇ ਸੋਫੇ ਤੇ ਬੈਠ ਜਾਂਦਾ ਹਾਂ। ਟੀ. ਵੀ. ਔਨ ਨਹੀਂ ਕਰਦਾ ਮਤੇ ਸੀਤੋ ਦੀ ਅੱਖ ਖੁੱਲ ਜਾਵੇ। ਮਨੁੱਖ ਦਾ ਮਨ ਵੀ ਅਜੀਸ਼ੈ ਹੈ, ਰੌਲ਼ੇ ਵਿੱਚ ਇਕੱਲਤਾ ਭਾਲਦਾ ਹੈ ਅਤੇ ਇਕੱਲਤਾ ਵਿੱਚ ਰੌਲ਼ਾ। ਮਨ ਅਜੀਬੋ ਗਰੀਬ ਕਸ਼ਮਕਸ਼ ਵਿੱਚ ਪਿਆ ਹੈ। ਚਿੱਤ ਵਕਤ ਨੂੰ ਪੁਠਾ ਗੇੜਾ ਦਿੰਦਾ ਹੈ।

ਇੱਕ ਦਿਨ ਦਾ ਜ਼ਿਕਰ ਹੈ। ਬੱਚੇ ਛੋਟੇ ਛੋਟੇ ਹਨ। ਅੱਜ ਖੂਭ ਘਰ ਵਿੱਚ ਰੌਲ਼ਾ ਹੈ। ਸਭ ਤੋਂ ਵੱਡਾ ਬੰਟੀ ਆਪਦੀ ਭੈਣ ਦੇ ਚਿੱਪਸ ਖਾ ਗਿਆ ਹੈ। ਜਦੋਂ ਵੀ ਗਰੋਸਰੀ ਲਿਆਂਉਦੇ ਹਾਂ ਤਾਂ ਤਿੰਨੇ ਬੱਚੇ ਆਪੋ ਆਪਦੇ ਚਿੱਪਸ ਲੁਕੋ ਦਿੰਦੇ ਹਨ। ਸੀਮਾਂ ਅਤੇ ਅਮਨ ਨਾਲ਼ੋਂ ਬੰਟੀ ਵੱਡਾ ਹੈ, ਇਸ ਕਰਕੇ ਦੋਵਾਂ ਛੋਟਿਆਂ ਨਾਲ਼ ਧੱਕਾ ਕਰ ਜਾਂਦਾ ਹੈ। ਗੁਸਲਖਾਨਾ ਸਾਫ ਕਰਦੀ ਸੀਤੋ ਬਾਹਰ ਆਂਉਦੀ ਹੈ। ਬੱਚਿਆਂ ਦੀ ਚਿਪਸਾਂ ਪਿੱਛੇ ਲੜਾਈ ਸੁਣਦੀ ਹੈ, ਫੇਰ ਮੇਰੇ ਵੱਲ ਵੇਖਦੀ ਹੈ, “ਜਾ ਕੇ ਬੱਚਿਆਂ ਨੂੰ ਚਿਪਸ ਹੋਰ ਲਿਆ ਦਿੰਦੇ, ਕਿਵੇਂ ਸਵੇਰ ਦੇ ਅਖ਼ਬਾਰ ਤੇ ਚਿਮਟੇ ਪਏ ਹੋ, ਅਖ਼ਬਾਰਾਂ ਨੇ ਕਿਹੜਾ ਦੁੱਧ ਦੇਣਾ ਹੈ? ਮੈਂ ਅਖਬਾਰ ਪਰੇ ਕਰਕੇ ਸੀਤੋ ਵੱਲ ਝਾਕਦਾ ਹਾਂ। ਬੱਚੇ ਫੇਰ ਮਾਂ ਦੇ ਉਦਾਲ਼ੇ ਹੋ ਜਾਂਦੇ ਹਨ, ਮੰਮੀ ਅਸੀਂ ਨੀ ਹੁਣ ਚਿਪਸ ਲੈਣੇ , ਸਾਨੂੰ ਤਾਂ ਮਕਡੌਨਲਡ ਦੇ ਲੈ ਕੇ ਚੱਲੋ। ਸੀਤੋ ਫੇਰ ਮੇਰੇ ਵੱਲ ਵੇਖਦੀ ਹੈ। ਇਸ ਤੋਂ ਪਹਿਲਾਂ ਸੀਤੋ ਕੁੱਝ ਕਹੇ ਮੈਂ ਬੱਚਿਆਂ ਨੂੰ, ਮਕਡੌਨਲਡ ਦੇ ਲੈ ਜਾਂਦਾ ਹਾਂ। ਕਦੇ ਕਦੇ ਮੈਨੂੰ ਲੱਗਦਾ ਹੈ ਕਿ ਰੋਟੀ ਇੱਕ ਸਾਂਝ ਦਾ ਨਾਂ ਹੈ, ਜਦੋਂ ਇਹ ਰੋਟੀ ਨਹੀਂ ਖਾਂਦੇ ਤਾਂ ਇਹਨਾਂ ਦੀ ਅਤੇ ਸਾਡੀ ਸਾਂਝ ਕਿੰਨਾ ਚਿਰ ਰਹੂਗੀ। ਮੈਂ ਕਦੇ ਕਦੇ ਸੀਤੋ ਨੂੰ ਕਹਿੰਦਾ ਹਾਂ, ਇਹਨਾਂ ਨੂੰ ਕਹਿ ਰੋਟੀ ਖਾਇਆ, ਕਰਨ ਪੰਜਾਬੀ ਬੋਲਿਆ ਕਰਨ, ਚਾਹੇ ਪੰਜਾਬੀ ਵਿੱਚ ਇੱਕ ਦੂਜੇ ਨੂੰ ਗਾਲ਼ਾਂ ਕੱਢਿਆ ਕਰਨ। ਸੀਤੋ ਮੇਰੇ ਵੱਲ ਦੇਖਦੀ ਹੈ ਮੈਂ ਸਮਝ ਜਾਂਦਾ ਹਾਂ ਕਿ ਕੀ ਕਹਿ ਰਹੀ ਹੈ ਕਿ ਜਾਣ ਦੇ ਵੱਡਿਆ ਲੇਖਕਾ ਜੁਆਕਾਂ ਤੇ ਆਪਦੀਆਂ ਫਿਲਾਸਫੀਆਂ ਨਾਂ ਘੋਟਿਆ ਕਰ। ਬੱਚੇ ਆਪਸ ਵਿੱਚ ਕਦੇ ਵੀ ਪੰਜਾਬੀ ਨਹੀਂ ਬੋਲਦੇ ਤੇ ਸਾਡੇ ਨਾਲ਼ ਵੀ ਟੁੱਟੀ ਫੁੱਟੀ ਪੰਜਾਬੀ ਬੋਲਦੇ ਹਨ। ਟੈਲੀਵਿਜਨ ਤੇ ਸੈਸ-ਮੀ ਸਟਰੀਟ ਜਾਂ ਨਿੰਜਾ ਟਰਟਲ ਦੇ ਸ਼ੋ ਦੇਖਦੇ ਹਨ। ਮੈਨੂੰ ਮੇਰੇ ਬਚਪਨ ਦੇ ਦਿਨ ਯਾਦ ਆ ਜਾਂਦੇ ਹਨ। ਸਾਡੀ ਮਾਂ ਚੀਕਣੀ ਮਿੱਟੀ ਦੇ ਊਠ, ਬਲਦ, ਰੇਹੜੀ ਬਣਾ ਕੇ ਦਿੰਦੀ ਸੀ ਅਤੇ ਅਸੀਂ ਦੋਵੇਂ ਭੈਣ ਭਰਾਅ ਉਹਨਾਂ ਨੂੰ ਸੁਹਾਗ ਪਟਿਆਰੀ ਵਾਂਗ ਸੰਭਾਲ਼ ਕੇ ਰੱਖਦੇ ਸੀ। ਮਨ ਵਾਪਸ ਆਂਉਦਾ ਹੈ, ਕੱਲ ਨੂੰ ਬੱਚਿਆਂ ਨੇ ਸਕੂਲ ਜਾਣਾ ਹੈ। ਵੱਡੀਆਂ ਵੱਡੀਆਂ ਫਰਮਾਇਸ਼ਾਂ ਹਨ, ਨਾਈਕੀ ਦੇ ਬੂਟ, ਟੌਮੀ ਹਿੱਲ ਫਿੱਗਰ ਦੀਆਂ ਸ਼ਰਟਾਂ। ਇੱਕ ਦਿਨ ਮੈਂ ਨਿੱਕੇ ਅਮਨ ਨੂੰ ਕਿਹਾ, ਤੁਸੀਂ ਕਿੰਨੇ ਲੱਕੀ ਹੋ ਤੁਹਾਨੂੰ ਤਾਂ ਦੋ ਤਿੰਨ ਸਾਲ ਦੀ ਉਮਰ ਵਿੱਚ ਸਾਈਕਲ ਮਿਲ਼ ਜਾਂਦਾ ਹੈ, ਮੈਂ ਤਾਂ ਸੱਤਵੀਂ ਜਮਾਤ ਤੱਕ ਸਕੂਲ ਵੀ ਨੰਗੇ ਪੈਰੀਂ ਗਿਆ ਸੀ ਤਾਂ ਨਿੱਕਾ ਬੋਲਦਾ ਹੈ ਡੈਡੀ ਉਹ ਤੁਹਾਡਾ ਟਾਈਮ ਸੀ ਅਤੇ ਇਹ ਸਾਡਾ ਟਾਈਮ ਹੈ। ਮੈਂ ਉਸ ਨੂੰ ਕਿਵੇਂ ਸਮਝਾਵਾਂ ਕਿ ਪੁੱਤ ਇਹ ਟਾਈਮ ਦੀ ਗੱਲ ਨਹੀਂ ਇਹ ਮਾਂ ਬਾਪ ਦਾ ਮੁੜਕਾ ਹੈ, ਜਿਹੜਾ ਕਿ ਡਾਲਰਾਂ ਵਿੱਚ ਬਦਲ ਕੇ ਤੁਹਾਡੇ ਲਈ ਸਭ ਕੁੱਝ ਹਾਜਰ ਕਰਦਾ ਹੈ। ਬੱਚੇ ਹਨ ਵੱਡੇ ਹੋ ਕੇ ਸਭ ਸਮਝ ਜਾਣਗੇ, ਸੀਤੋ ਦੀ ਹਮੇਸ਼ਾਂ ਇਹੀ ਦਲੀਲ ਹੁੰਦੀ ਹੈ।

ਬੱਚੇ ਵੱਡੇ ਹੋ ਗਏ ਹਨ। ਹੁਣ ਇਹਨਾਂ ਦੇ ਵਿਆਹਾਂ ਦਾ ਫਿਕਰ ਹੈ। ਪੜ੍ਹ ਕਿ ਇਹ ਇੰਨੇ ਸਿਆਣੇ ਹੋ ਗਏ ਹਨ ਕਿ ਰੈਸਟੋਰੈਂਟ ਜਾਣ ਤੇ ਮਾਂ ਬਾਪ ਨੂੰ ਮੈਨਰਜ਼ ਸਿਖਾਉਂਦੇ ਹਨ ਪਰ ਬਿੱਲ ਮਾਂ ਬਾਪ ਹੀ ਦਿੰਦੇ ਹਨ। ਬੰਟੀ ਡਿਗਰੀ ਕਰਕੇ ਤੇਲ ਦੀ ਕੰਪਨੀ ਵਿੱਚ ਕੰਮ ਕਰਦਾ ਹੈ। ਤਨਖ਼ਾਹ ਸੱਠ ਹਜਾਰ ਡਾਲਰ ਹੈ ਪਰ ਘਰੇ ਕੋਈ ਪੈਸਾ ਨਹੀਂ ਦਿੰਦਾ। ਸੀਮਾ ਵੀ ਡਿਗਰੀ ਕਰ ਚੁੱਕੀ ਹੈ ਉਸਨੂੰ ਵੀ ਜੌਬ ਮਿਲ਼ ਗਈ ਹੈ, ਬੇਸ਼ੱਕ ਉਸਦੇ ਪਸੰਦ ਦੀ ਤਾਂ ਨਹੀਂ ਪਰ ਤਨਖ਼ਾਹ ਵਧੀਆ ਹੈ। ਛੋਟੇ ਦੀ ਡਿਗਰੀ ਦਾ ਆਖ਼ਰੀ ਸਾਲ ਹੈ। ਬੰਟੀ ਨੇ ਬੀ. ਐਮ. ਡਬਲਯੂ. ਕਾਰ ਲੈ ਲਈ ਹੈ। ਸੱਤ ਸੌ ਮਹੀਨੇ ਦੀ ਕਿਸ਼ਤ ਹੈ। ਬੰਟੀ ਤੋਂ ਥੋੜੇ ਹੀ ਦਿਨਾਂ ਬਾਦ ਸੀਮਾ ਵੀ ਆਪਦੀ ਕਾਰ ਲੈ ਆਈ ਹੈ। ਜੇਕਰ ਕਹੀਦਾ ਹੈ, ਘਰੇ ਤਾਂ ਕੋਈ ਪੈਸਾ ਦਿਓ ਤਾਂ ਬਹਾਨਾ ਹੈ, ਕਾਰ ਦੀ ਦੀ ਕਿਸ਼ਤ, ਕਾਰ ਦਾ ਇੰਸ਼ੋਰੈਂਸ ਅਤੇ ਸਟੂਡੈਂਟ ਲੋਨ। ਮੈਂ ਅਜੇ ਵੀ ਓਵਰ ਟਾਈਮ ਲਾਂਉਦਾ ਹਾਂ। ਸੋਚਦਾ ਹਾਂ ਜਦੋਂ ਕੈਨੇਡਾ ਵਿੱਚ ਪੱਕਾ ਹੋ ਗਿਆ ਸੀ, ਬਾਪੂ ਨੂੰ ਕਿਹਾ ਸੀ, ਕੋਈ ਕੰਮ ਨਾ ਕਰੀਂ, ਚਿੱਟੇ ਕੱਪੜੇ ਪਾ ਕੇ ਸੱਥ ਵਿੱਚ ਬੈਠਿਆ ਕਰ। ਪਰ ਮੈਨੂੰ ਪਤਾ ਹੈ ਮੈਨੂੰ ਇਹ ਲਫ਼ਜ ਸੁਣਨ ਨੂੰ ਨਹੀਂ ਮਿਲਣੇ। ਜੇਕਰ ਕਹੀਦਾ ਹੈ ਕਿ ਪੁੱਤ ਕੀ ਤੁਸੀਂ ਸਾਨੂੰ ਬੁਢਪੇ ਵਿੱਚ ਸਾਂਭਿਆ ਕਰੋਗੇ ਤਾਂ ਜਵਾਬ ਮਿਲ਼ਦਾ ਹੈ, “ਡੈਡ ਇੱਥੇ ਕਿੰਨੇ ਵਧੀਆ ਕੇਅਰ ਹੋਮ ਹਨ, ਉਹਨਾਂ ਵਿੱਚ ਜਾ ਕੇ ਆਪਣੀ ਉਮਰ ਦੇ ਲੋਕਾਂ ਵਿੱਚ ਅਰਾਮ ਨਾਲ਼ ਰਹੋ। ਕੇਅਰ ਹੋਮ ਦੀ ਇਕੱਲਤਾ ਡਰਾਂਉਦੀ ਹੈ। ਵੀਕ-ਐਂਡ ਆਂਉਦਾ ਹੈ, ਜੀਅ ਕਰਦਾ ਹੈ ਕਿ ਸਾਰੀ ਫੈਮਿਲੀ ਘੱਟੋ ਘੱਟ ਇਕੱਠੇ ਬੈਠ ਕੇ ਨਾਸ਼ਤਾ ਤਾਂ ਕਰੀਏ, ਪਰ ਨਹੀਂ ਨਾਸ਼ਤਾ ਕਰਨ ਲਈ ਪਾਰਕਿੱਨਜ ਰੈਸਟੋਰੈਂਟ ਦਾ ਨਾਂ ਜ਼ ਜਾਂ ਡੈਨੀ ਰੈਸਟੋਰੈਂਟਜ਼ ਵਿੱਚ ਜਾਣਾ ਹੈ, ਘੱਟੋ ਘੱਟ ਖਰਚਾ ਸੱਤਰ ਜਾਂ ਅੱਸੀ ਡਾਲਰ। ਇਹਨਾਂ ਨੂੰ ਕੋਈ ਪਰਵਾਹ ਨਹੀਂ ਕਿਉਂਕਿ ਬਿੱਲ ਤਾਂ ਡੈਡੀ ਨੇ ਹੀ ਦੇਣਾ ਹੈ। ਗੱਲ ਖਾਣ ਪੀਣ ਦੀ ਨਹੀਂ ਬਹਿ ਕੇ ਗੱਲਾਂ ਕਰਨ ਦੀ ਹੈ, ਪਰ ਬੱਚੇ ਤਾਂ ਵਟਸ-ਐਪ ਜਾਂ ਫੇਸ-ਬੁੱਕ ਤੇ ਬਿਜ਼ੀ ਹਨ। ਮੈਂ ਤੇ ਸੀਤੋ ਇੱਕ ਦੂਜੇ ਵੱਲ ਝਾਕੀ ਜਾਂਦੇ ਹਾਂ। ਇਹ ਵੀ ਨਹੀਂ ਕਹਿ ਸਕਦੇ ਕਿ ਨਾਸ਼ਤੇ ਦਾ ਬਿੱਲ ਹੀ ਦੇ ਦਿਓ। ਪਰ ਅਸੀਂ ਕਿੰਨੇ ਲਾਚਾਰ ਹਾਂ ਕਿ ਕੁੱਝ ਵੀ ਹੋਵੇ, ਬੱਚੇ ਘਰ ਰਹਿਣ ਤੇ ਸਾਨੂੰ ਮਿਲ਼ਦੇ ਗਿਲ਼ਦੇ ਰਹਿਣ। ਇੱਕ ਦਿਨ ਸੀਤੋ ਨੂੰ ਦੱਸਦਾ ਹਾਂ ਕਿ ਕਿਊਬਾ ਦੀ ਟਿਕਟ ਸੇਲ ਤੇ ਲੱਗੀ ਹੈ, ਸੇਲ ਤੇ ਦੋ ਜਾਣਿਆਂ ਦੀ ਦੋ ਹਜ਼ਾਰ ਵਿੱਚ। ਮੇਰਾ ਜੀਅ ਕਰਦਾ ਹੈ ਦੇਖਾਂ, ਕਿ ਜਿੱਥੇ ਕਾਸਟਰੋ ਤੇ ਚੀ-ਗੁਵੇਰਾ ਇਨਕਲਾਬ ਦੀ ਅਗਵਾਈ ਕਰਦੇ ਰਹੇ ਸਨ। ਪਰ ਸੀਤੋ ਨੂੰ ਫਿਕਰ ਹੈ, ਜੇਕਰ ਬੰਟੀ ਦੀ ਬਹੂ ਪੇਟ ਤੋਂ ਹੋ ਗਈ ਤਾਂ ਦੋ ਹਜ਼ਾਰ ਦਾ ਖ਼ਰਚ ਸਿਰ ਤੇ ਪਿਆ ਹੈ, ਮੈਂ ਚੁੱਪ ਕਰ ਜਾਂਦਾ ਹਾਂ।

ਅੰਤਲਾ ਪੜਾਅ ਆ ਗਿਆ ਹੈ । ਬੰਟੀ ਸੀਮਾ ਤੇ ਅਮਨ ਆਪੋ ਆਪਣੇ ਆਲ੍ਹਿਣਆਂ ਵਿੱਚ ਚਲੇ ਗਏ ਹਨ। ਅਸੀਂ ਇਕੱਲੇ ਹਾਂ। ਕਦੇ ਕਦੇ ਸੀਮਾਂ ਸਾਡਾ ਹਾਲ ਪੁੱਛਦੀ ਹੈ। ਉਂਝ ਆਪਣੇ ਬੱਚੇ ਸੰਭਾਉਣ ਲਈ ਬੰਟੀ ਜਾਂ ਅਮਨ ਵੀ ਘੌਲ਼ ਨਹੀਂ ਕਰਦੇ। ਬੰਟੀ ਜਿਹੜਾ ਕਿ ਮੇਰੇ ਨਾਲ਼ ਹਮੇਸ਼ਾ ਪੈਗ ਖੜਕਾਂਉਦਾ ਸੀ, ਹੁਣ ਹਫਤਾ ਹਫਤਾ ਭਰ ਫੂਨ ਵੀ ਨਹੀਂ ਕਰਦਾ। ਮੇਰੀ ਬੰਟੀ ਨਾਲ਼ ਸਕਾਚ ਦੀ ਸਾਂਝ ਸੀ ਜਦ ਕਿ ਅਮਨ ਬੀਅਰ ਦਾ ਸ਼ੌਕੀਨ ਸੀ। ਅਮਨ ਦੇ ਨਾਲ਼ ਮੈਨੂੰ ਬੀਅਰ ਪੀਣੀ ਪੈਂਦੀ ਸੀ ਜਦ ਕਿ ਪੰਜਾਬ ਦੇ ਜੰਮਪਲ ਚੌਲ਼ਾ ਜਾਂ ਜੌਆਂ ਦੇ ਪਾਣੀ ਨੂੰ ਬਿੱਲਕੁਲ ਪਸੰਦ ਨਹੀਂ ਕਰਦੇ। ਪਰ ਅਮਨ ਦੀ ਖੁਸ਼ੀ ਦੀ ਖਾਤਿਰ ਮੈਂ ਜੌਆਂ ਦਾ ਪਾਣੀ ਵੀ ਚਟਖ਼ਾਰੇ ਲੈ ਲੈ ਪੀਂਦਾ। ਦਿਲ ਘੁੰਮਦਾ ਹੈ, ਵਕਤ ਪਿੱਛੇ ਮੁੜਦਾ ਹੈ, ਮੈਂ ਬਲਵੰਤ ਨੱਤ, ਭੂਪਿੰਦਰ ਲਖਵੀਰ ਰਾਮਪਾਲ ਕਾਲਜ ਦੇ ਟੂਰ ਵੇਲ਼ੇ ਘਰ ਦੀ ਕੱਢੀ ਸ਼ਰਾਬ ਪੀਂਦੇ ਹਾਂ, ਸਿਰਫ ਆਰਥਿਕ ਫਿਕਰਮੰਦੀ ਹੈ, ਨਹੀਂ ਤਾਂ ਜ਼ਿੰਦਗੀ ਲੁਤਫ਼ ਹੈ। ਮੈਂ ਕਿਉਂ ਇੱਥੇ ਆਇਆ ਹਾਂ? ਮੈਂ ਕੀ ਖੱਟਿਆ ਹੈ? ਸਵਾਲ ਹਨ ਜਿਨ੍ਹਾਂ ਦਾ ਮੇਰੇ ਕੋਲ਼ ਜਵਾਬ ਨਹੀਂ ਹੈ ।

ਫਿਰ ਵਾਪਸ ਆ ਜਾਂਦਾ ਹਾਂ ਵਰਤਮਾਨ ਵਿੱਚ। ਪਿਕਸੀ ਮੇਰਾ ਕਤੂਰਾ ਹੈ। ਉਹ ਵੀ ਮੇਰੇ ਉਠਣ ਨਾਲ਼ ਜਾਗ ਪਿਆ ਹੈ। ਉਸਦੀ ਪਿੱਠ ਤੇ ਹੱਥ ਫੇਰਦਾ ਹਾਂ, ਉਹ ਬੜਾ ਹੀ ਨਿੰਮਦਾ ਹੈ , ਮੇਰਾ ਹੱਥ ਚੁੰਮਦਾ ਹੈ ਅਤੇ ਮੇਰੀ ਬੁੱਕਲ਼ ਵਿੱਚ ਆ ਬੈਠਦਾ ਹੈ। ਉਪਰ ਜਾਂਦਾ ਹਾਂ ਤਾਂ ਸੀਤੋ ਦੇ ਘੁਰਾੜੇ ਘਟ ਗਏ ਹਨ। ਉਹ ਪਾਸਾ ਜਿਹਾ ਲੈ ਕੇ ਮੇਰੀ ਅਣਹੋਂਦ ਮਹਿਸੂਸ ਕਰਦੀ ਹੈ। ਮੈਂ ਹਾਜਰ ਹੁੰਦਾ ਹਾਂ, ਉਸਦਾ ਮੇਹਣਾ ਹੈ, “ਤੁਹਨੂੰ ਤਾਂ ਨਾਂ ਜੁਆਨੀ ਵਿੱਚ ਅਰਾਮ ਸੀ ਤੇ ਨਾਂ ਹੁਣ ਬੁਢਾਪੇ ਵਿੱਚ ਚੈਨ”। ਮੇਰੇ ਕੋਲ਼ ਇਸਦਾ ਕੋਈ ਜਵਾਬ ਨਹੀਂ। ਪੌੜੀਆਂ ਉਤਰ ਕੇ ਫੇਰ ਲਿਵਿੰਗ ਰੂਮ ਵਿੱਚ ਆ ਜਾਂਦਾ ਹਾਂ।

ਸੀਤੋ ਬਿਮਾਰ ਹੈ। ਇਕੱਲਾ ਹੀ ਉਸਦੀ ਦੇਖਭਾਲ਼ ਕਰਦਾ ਹਾਂ। ਬੱਚਿਆਂ ਨੂੰ ਫੂਨ ਕਰਕੇ ਦੱਸਦਾ ਹਾਂ, ਤੁਹਾਡੀ ਮਾਂ ਬਿਮਾਰ ਹੈ। ਫੂਨ ਤਾਂ ਉਹਨਾਂ ਨੂੰ ਮਗਰੋਂ ਪਹੁੰਚਦਾ ਹੈ, ਪਰ ਬਹਾਨੇ ਪਹਿਲਾਂ ਆ ਜਾਂਦੇ ਹਨ। ਕਿਸੇ ਦੇ ਬੱਚਿਆਂ ਦੀਆਂ ਗੇਮਾਂ ਹੋ ਰਹੀਆਂ ਹਨ, ਕਿਸੇ ਨੇ ਕੰਮ ਦੇ ਨਾਲ਼ ਨਾਲ਼ ਕੋਈ ਛੋਟਾ ਮੋਟਾ ਕੋਰਸ ਸ਼ੁਰੂ ਕੀਤਾ ਹੋਇਆ ਹੈ । ਇਕੱਲਾ ਹੀ ਹਾਂ। ਸੀਤੋ ਨੂੰ ਹਸਪਤਾਲ਼ ਭਰਤੀ ਕਰਾ ਦਿੰਦਾ ਹਾਂ। ਸੀਤੋ ਤਾਕੀਦ ਕਰਦੀ ਹੈ, ਬੱਚਿਆਂ ਨਾਲ਼ ਮੇਰੀ ਗੱਲ ਕਰਾ। ਬੱਚੇ ਸੀਤੋ ਨੂੰ ਫੂਨ ਕਰਦੇ ਹਨ। ਸੀਤੋ ਬੱਚਿਆਂ ਨੂੰ ਕਹਿੰਦੀ ਹੈ ਮੈਨੂੰ ਆ ਕੇ ਮਿਲ਼ ਜਾਵੋ, ਬੱਚੇ ਫੇਰ ਬਹਾਨੇ ਕਰਦੇ ਹਨ। ਸੀਮਾ ਨੂੰ ਦੱਸਦਾ ਹਾਂ ਤੇਰੀ ਮਾਂ ਸਖ਼ਤ ਬਿਮਾਰ ਹੈ। ਸੀਮਾ ਮਿਲਣ ਆਂਉਦੀ ਹੈ ਮਾਂਵਾਂ ਧੀਆਂ ਗਲ਼ ਲੱਗ ਕੇ ਰੋਂਦੀਆਂ ਹਨ। ਪਰ ਸੀਮਾ ਵੀ ਕਬੀਲਦਾਰ ਹੈ, ਉਸਨੂੰ ਵਾਪਸ ਜਾਣਾ ਪੈਂਦਾ ਹੈ, ਨਹੀਂ ਤਾਂ ਉਸਦਾ ਪਤੀ ਦੇਵ ਉਸ ਤੇ ਬਹੁਤ ਗੁੱਸੇ ਹੋ ਜਾਵੇਗਾ। ਡਾਕਟਰ ਆ ਕੇ ਪੁੱਛਦਾ ਹੈ, ਅੰਗਦਾਨ ਦਾ ਫਾਰਮ ਭਰਿਆ ਹੈ। ਮੇਰੀ ਭੁੱਬ ਨਿੱਕਲ਼ ਜਾਂਦੀ ਹੈ। ਮੇਰੀ ਸੀਤੋ ਅਜੇ ਜਿਉਂਦੀ ਹੈ, ਇਹ ਹੁਣੇ ਹੀ ਉਸਦੇ ਅੰਗ ਭਾਲ਼ਦੇ ਹਨ। ਪਰ ਸ਼ਾਇਦ ਜੋ ਡਾਕਟਰ ਨੂੰ ਦਿਸ ਰਿਹਾ ਹੈ, ਮੈਨੂੰ ਨਹੀਂ ਦਿਸ ਰਿਹਾ। ਸੀਤੋ ਨੂੰ ਲਗਾਤਾਰ ਦੌਰੇ ਪੈ ਰਹੇ ਹਨ, ਜਦ ਵੀ ਹੋਸ਼ ਆਂਉਦੀ ਹੈ ਬੱਚਿਆਂ ਦਾ ਨਾਂ ਲੈਂਦੀ ਹੈ। ਮੈਂ ਬਹਾਨੇ ਲਾਂਉਦਾ ਰਹਿੰਦਾ ਹਾਂ। ਟੈਕਸੀ ਲੈ ਕੇ ਘਰ ਆਂਉਦਾ ਹਾਂ, ਸਾਡੇ ਵਿਆਹ ਦੀ ਐਲਬਮ ਦੇਖਦਾ ਹਾਂ, ਪੁਰਾਣੀਆਂ ਯਾਦਾਂ ਫਰੋਲ਼ਦਾ ਹਾਂ। ਕੰਧਾਂ ਤੇ ਸੀਤੋ ਅਤੇ ਬੱਚਿਆਂ ਦੀਆਂ ਵੱਡੀਆਂ ਵੱਡੀਆਂ ਫੋਟੋਆਂ ਲੱਗੀਆਂ ਹੋਈਆਂ ਹਨ। ਜੀਅ ਕਰਦਾ ਹੈ ਕਿ ਸਾਰੀਆਂ ਫੋਟੋਆਂ ਲਾਹ ਕੇ ਪਾੜ ਦਿਆਂ। ਪਿਕਸੀ ਮੇਰੀਆਂ ਲੱਤਾਂ ਨੂੰ ਚਿੰਬੜ ਜਾਂਦਾ ਹੈ। ਲੱਗਦਾ ਹੈ ਪਿਆਰ ਮਨੁੱਖਾਂ ਵਿੱਚੋਂ ਖਤਮ ਹੋ ਗਿਆ ਹੈ, ਪਰ ਜਾਨਵਰਾਂ ਵਿੱਚ ਪਿਆਰ ਕਾਇਮ ਹੈ। ਲੱਗਦਾ ਹੈ , ਪਿਕਸੀ ਪੁੱਛਦਾ ਹੈ , “ਮਾਂ ਕਿੱਥੇ ਹੈ? ” ਪਿਕਸੀ ਸੀਤੋ ਨੂੰ ਆਪਦੀ ਮਾਂ ਹੀ ਸਮਝਦਾ ਹੈ। ਚਾਰ ਹਫਤਿਆਂ ਦਾ ਸੀ ਜਦ ਅਸੀਂ ਪਿਕਸੀ ਲਿਆਂਦਾ ਸੀ। ਹਰ ਵੇਲ਼ੇ ਸੀਤੋ ਦੇ ਮਗਰ ਮਗਰ ਫਿਰਦਾ ਰਹਿੰਦਾ ਸੀ, ਜੇਕਰ ਉਹ ਰਸੋਈ ਵਿੱਚ ਹੁੰਦੀ ਪਿਕਸੀ ਰਸੋਈ ਵਿੱਚ ਚਲਿਆ ਜਾਂਦਾ ਅਤੇ ਜੇਕਰ ਬਾਹਰ ਗਾਰਡਨ ਵਿੱਚ ਹੁੰਦੀ ਤਾਂ ਬਾਹਰ ਘਾਹ ਤੇ ਬੈਠਾ ਸੀਤੋ ਨੂੰ ਦੇਖਦਾ ਰਹਿੰਦਾ ਤੇ ਚਿੜੀਆਂ ਨੂੰ ਭੌਂਕਦਾ ਰਹਿੰਦਾ। ਮੇਰੇ ਕੋਲ਼ ਪਿਕਸੀ ਦੀਆਂ ਅੱਖਾਂ ਦੇ ਸਵਾਲ ਦਾ ਕੋਈ ਜਵਾਬ ਨਹੀਂ। ਪਿਕਸੀ ਨੂੰ ਗਰਾਜ ਦੇ ਡੋਰ ਕੋਲ਼ ਲਿਜਾ ਕੇ ਉਸਦਾ ਫੂਡ ਪਾਂਉਦਾ ਹਾਂ, ਪਰ ਉਹ ਨਹੀਂ ਖਾਂਦਾ। ਵਾਪਸ ਹਸਪਤਾਲ਼ ਪਹੁੰਚਦਾ ਹਾਂ, ਸੀਤੋ ਦੀਆਂ ਅੱਖਾਂ ਫਿਰ ਉਹੀ ਸਵਾਲ ਕਰ ਰਹੀਆਂ ਹਨ, ਮੇਰੇ ਕੋਲ਼ ਵੀ ਉਹੀ ਬਹਾਨਾ ਹੈ, ਬੱਚੇ ਆ ਜਾਣਗੇ ਤੂੰ ਦਿਲ ਕਿਉਂ ਛੱਡਦੀ ਹੈਂ। ਪਰ ਸੀਤੋ ਦੀਆਂ ਅੱਖਾਂ ਕਹਿ ਰਹੀਆਂ ਹਨ ਕਿ ਹੁਣ ਉਹ ਕਾਇਮ ਨਹੀਂ ਹੋਵੇਗੀ। ਆਪਣੇ ਬੱਚਿਆਂ ਨੂੰ ਸਕੂਲ ਛੱਡ ਕੇ ਸੀਮਾ ਫਿਰ ਆਪਣੀ ਮਾਂ ਕੋਲ਼ ਆਈ ਹੈ। ਮਾਂ ਅਤੇ ਧੀ ਜ਼ੁਬਾਨ ਨਾਲ਼ ਨਹੀਂ ਅੱਖਾਂ ਨਾਲ਼ ਗੱਲਾਂ ਕਰ ਰਹੀਆਂ ਹਨ। ਸੀਮਾ ਮੇਰੇ ਵੱਲ ਝਾਕਦੀ ਹੈ, ਲੱਗਦਾ ਹੈ ਜਿਵੇਂ ਕਹਿ ਰਹੀ ਹੋਵੇ , ਡੈਡ ਤੁਸੀਂ ਮੇਰੀ ਮਾਂ ਦਾ ਖਿਆਲ ਨਹੀਂ ਰੱਖਿਆ। ਮੈਨੂੰ ਲੱਗਦਾ ਹੈ ਸਭ ਪਾਸਿਆਂ ਤੋਂ ਮੈਂ ਹੀ ਦੋਸ਼ੀ ਹਾਂ।

ਸੀਤੋ ਸਫਰ ਪੂਰਾ ਕਰ ਗਈ ਹੈ। ਬੱਚੇ ਆ ਗਏ ਹਨ। ਦੋਵੇਂ ਨੂੰਹਾਂ ਵੀ ਆ ਗਈਆਂ ਹਨ। ਘਰ ਨੂੰ ਸੰਵਾਰਨ ਦਾ ਕੰਮ ਸ਼ੁਰੂ ਹੋ ਗਿਆ ਹੈ। ਯਾਰ ਮਿੱਤਰ ਅਫਸੋਸ ਕਰਨ ਲਈ ਆ ਰਹੇ ਹਨ। ਜਿਹੜੀਆਂ ਲੜਾਈਆਂ ਆਪਣੇ ਬੱਚਿਆਂ ਵਿੱਚ ਹੁੰਦੀਆਂ ਸਨ, ਹੁਣ ਉਹੀ ਲੜਾਈਆਂ ਪੋਤਿਆਂ ਦੋਹਤਿਆਂ ਵਿੱਚ ਹੁੰਦੀਆਂ ਦੇਖਦਾ ਹਾਂ। ਸ਼ਾਮ ਨੂੰ ਦੋਵੇਂ ਮੁੰਡੇ ਇਕੱਲੇ ਨਾਲ਼ ਗੱਲ ਕਰਦੇ ਹਨ, ਬਹੁਤ ਅਫਸੋਸ ਜਾਹਰ ਕਰਦੇ ਹਨ ਕਿ ਉਹ ਟਾਇਮ ਸਿਰ ਨਹੀਂ ਆ ਸਕੇ। ਮੈਂ ਚੁੱਪ ਰਹਿੰਦਾ ਹਾਂ। ਘਰ ਦੇ ਕਾਗਜ਼ਾਂ ਦੀ ਫੋਲਾ ਫਾਲੀ ਜਾਰੀ ਹੈ। ਬੜੇ ਖੁਸ਼ ਹੁੰਦੇ ਹਨ ਜਦ ਦੇਖਦੇ ਹਨ ਕਿ ਘਰ ਤਾਂ ਸਾਰਾ ਪੇਅਡ-ਅੱਪ ਹੈ। ਮਨ ਦੇ ਵਿੱਚ ਘਰ ਦੀ ਕੀਮਤ ਦਾ ਅੰਦਾਜ਼ਾ ਲਾਂਉਦੇ ਹਨ। ਹੁਣ ਦੋਵੇਂ ਹੀ ਖਿੱਚ ਕਰਦੇ ਹਨ ਕਿ ਮੈਂ ਉਹਨਾਂ ਕੋਲ਼ ਰਹਾਂ। ਬੇਟੀ ਕੋਈ ਗੱਲ ਨਹੀਂ ਕਰਦੀ ਬੱਸ ਇੱਕ ਨੁੱਕਰ ਵਿੱਚ ਬੈਠੀ ਰੋਈ ਜਾਂਦੀ ਹੈ। ਮੁੰਡੇ ਫੇਰ ਗੱਲ ਕਰਦੇ ਹਨ, ਡੈਡ ਇੱਡੇ ਵੱਡੇ ਘਰ ਦਾ ਕੀ ਕਰੋਗੇ, ਹੁਣ ਇਹਨੂੰ ਵੇਚ ਕੇ ਸਾਡੇ ਕੋਲ਼ ਆ ਜਾਵੋ। ਸੀਮਾ ਉਹਨਾਂ ਨੂੰ ਭੱਜ ਕੇ ਪੈਂਦੀ ਹੈ, ਮਾਂ ਦਾ ਸਿਵਾ ਤਾਂ ਠੰਡਾ ਹੋ ਜਾਣ ਦੇਵੋ ਆ ਗਏ ਵੰਡੀਆਂ ਪਾਉਣ। ਹਾਰ ਕੇ ਮੈਨੂੰ ਚੁੱਪ ਕਰਾਉਣੇ ਹੀ ਪੈਂਦੇ ਹਨ। ਦੇਖੋ ਮੈਂ ਤੇ ਪਿਕਸੀ ਜਿੰਨਾ ਚਿਰ ਕਾਇਮ ਹਾਂ, ਇਸੇ ਘਰ ਵਿੱਚ ਰਹਾਂਗੇ, ਜਦੋਂ ਅਸੀਂ ਨਾ ਰਹੇ ਇਹ ਘਰ ਬੇ-ਘਰਿਆਂ ਨੂੰ ਜਾਵੇਗਾ। ਹੁਣ ਚਿਹਰਿਆਂ ਤੋਂ ਪਿਤਾ ਪਿਆਰ ਗਾਇਬ ਹੈ। ਵਾਪਸ ਜਾਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਸਮਾਨ ਇਕੱਠਾ ਕਰਨ ਦੀ ਭੱਜ-ਦੌੜ ਤੇਜ ਹੋ ਗਈ ਹੈ। ਦੋਵੇਂ ਨੂੰਹਾਂ ਫਿਰ ਕੋਲ਼ ਆ ਗਈਆਂ ਹਨ। ਡੈਡੀ ਸੋਚ ਲਓ, ਐਥੇ ਇਕੱਲਿਆਂ ਦਾ ਜੀਅ ਨਹੀਂ ਲੱਗਣਾਂ , ਮੇਰਾ ਮਨ ਜਵਾਬ ਦਿੰਦਾ ਹੈ । ਇਸ ਘਰ ਵਿੱਚ ਸੀਤੋ ਦੀਆਂ ਯਾਦਾਂ ਹਨ , ਉਸਦੇ ਸਾਹਾਂ ਦੀ ਮਹਿਕ ਹੈ, ਉਸਦੀ ਹੋਂਦ ਮੈਨੂੰ ਮਹਿਸੂਸ ਹੁੰਦੀ ਹੈ। ਇਸ ਘਰ ਤੋਂ ਦੂਰ ਜਾ ਕੇ ਤਾਂ ਮੈਂ ਜਿਉਂਦਾ ਹੀ ਮਰ ਜਾਵਾਂਗਾ। ਉਹ ਸਮਾਨ ਗੱਡੀਆਂ ਵਿੱਚ ਰੱਖ ਰਹੇ ਹਨ, ਮੈਂ ਪਿਕਸੀ ਨੂੰ ਲੈ ਕੇ ਬਾਹਰ ਨੂੰ ਚਲਾ ਜਾਂਦਾ ਹਾਂ। ਏਅਰਪੋਰਟ ਵੱਲ ਦੇਖਦਾ ਹਾਂ, ਇੱਕ ਹੋਰ ਏਅਰ-ਇੰਡੀਆ ਦਾ ਜਹਾਜ ਏਅਰਪੋਰਟ ਤੇ ਲੈਂਡ ਹੋ ਰਿਹਾ ਹੈ।

## ਮਨੁੱਖੀ ਹੱਕਾਂ ਲਈ ਨਿਰੰਤਰ ਆਵਾਜ਼ ਬੁਲੰਦ ਕਰਨ ਵਾਲੇ ਪ੍ਰੋਫੈਸਰ ਐੱਸ ਏ ਆਰ ਗਿਲਾਨੀ ਦੇ ਸਦੀਵੀ ਵਿਛੋੜੇ ਤੇ ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ ਦੁੱਖ ਦਾ ਪ੍ਰਗਟਾਵਾ

**ਸਰੋਕਾਰਾਂ ਦਾ ਆਵਾਜ਼ ਬਿਊਰੋ**

ਮਨੁੱਖੀ ਹੱਕਾਂ ਲਈ ਨਿਰੰਤਰ ਆਵਾਜ਼ ਬੁਲੰਦ ਕਰਨ ਵਾਲੇ ਪ੍ਰੋਫੈਸਰ ਐੱਸ ਏ ਆਰ ਗਿਲਾਨੀ ਦੇ ਸਦੀਵੀ ਵਿਛੋੜੇ ਤੇ ਜਮਹੂਰੀ ਅਧਿਕਾਰ ਸਭਾ, ਪੰਜਾਬ ਨੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਇਸ ਸਬੰਧੀ ਜਾਰੀ ਇੱਕ ਪ੍ਰੈੱਸ ਨੋਟ ਵਿੱਚ ਸਭਾ ਦੇ ਪ੍ਰਧਾਨ ਪ੍ਰੋਫੈਸਰ ਏ ਕੇ ਮਲੇਰੀ, ਜਨਰਲ ਸਕੱਤਰ ਪ੍ਰੋ. ਜਗਮੋਹਨ ਸਿੰਘ, ਮੀਤ ਪ੍ਰਧਾਨ ਪ੍ਰਿੰ. ਬੱਗਾ ਸਿੰਘ ਪ੍ਰੈਸ ਸਕੱਤਰ ਬੂਟਾ ਸਿੰਘ ਅਤੇ ਸਕੱਤਰੇਤ ਦੇ ਮੈਂਬਰ ਡਾ. ਅਜੀਤਪਾਲ ਸਿੰਘ ਨੇ ਕਿਹਾ ਕਿ ਪ੍ਰੋਫੈਸਰ ਐੱਸ ਏ ਆਰ ਗੀਲਾਨੀ ਜਮਹੂਰੀ ਹਲਕਿਆਂ ਵਿੱਚ ਜਾਣੀ ਪਹਿਚਾਣੀ ਉਹ ਸ਼ਖ਼ਸੀਅਤ ਸਨ ਜਿਨ੍ਹਾਂ ਨੂੰ ਇਕ ਕਸ਼ਮੀਰੀ ਹੋਣ ਕਾਰਨ ਪਾਰਲੀਮੈਂਟ ਉਪਰ ਕਥਿਤ ਹਮਲੇ ਦੇ ਮਾਮਲੇ ਵਿਚ ਫਸਾ ਕੇ ਜੇਲ੍ਹ ਵਿਚ ਡੱਕਿਆ ਗਿਆ। ਆਖ਼ਿਰ ਉਹ ਬੇਕਸੂਰ ਸਾਬਤ ਹੋਏ। ਉਹ ਮਨੁੱਖੀ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੀ ਇਕ ਉੱਘੀ ਸ਼ਖਸੀਅਤ ਵਜੋਂ ਜਾਣੇ ਜਾਂਦੇ ਸਨ, ਉਹਨਾਂ ਅੱਗੇ ਕਿਹਾ ਕਿ ਪ੍ਰਿੰ. ਗੀਲਾਨੀ ਨੇ ਆਦਿਵਾਸੀਆਂ, ਦਲਿਤਾਂ, ਘੱਟਗਿਣਤੀਆਂ ਅਤੇ ਹੋਰ ਮਜ਼ਲੂਮਾਂ ਦੇ ਹੱਕ ਵਿਚ ਆਵਾਜ਼ ਉਠਾਈ। ਉਹ ਸਿਆਸੀ ਕੈਦੀਆਂ ਦੀ ਰਿਹਾਈ ਲਈ ਬਣੀ ਕਮੇਟੀ, ਪ੍ਰੋਫੈਸਰ ਜੀ ਐੱਨ ਸਾਈਬਾਬਾ ਦੀ ਰਿਹਾਈ ਲਈ ਕਮੇਟੀ ਅਤੇ ਹੋਰ ਬਹੁਤ ਸਾਰੀਆਂ ਜਮਹੂਰੀ ਸੰਸਥਾਵਾਂ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਸਨ। ਸੰਨ 2016 ਵਿੱਚ ਪ੍ਰੋਫੈਸਰ ਗੀਲਾਨੀ ਸਾਹਿਬ ਅਪਰੇਸ਼ਨ ਗਰੀਨ ਹੰਟ ਵਿਰੁੱਧ ਜਮਹੂਰੀ ਫਰੰਟ ਪੰਜਾਬ ਦੇ ਸੱਦੇ ’ਤੇ ਲੁਧਿਆਣੇ ਮੁੱਖ ਵਕਤਾ ਦੇ ਤੌਰ ਤੇ ਸ਼ਾਮਲ ਹੋਏ ਸਨ। ਉਹਨਾਂ ਦੀ ਉਸ ਵਕਤ ਤਕਰੀਰ ਬਹੁਤ ਪ੍ਰਭਾਵਸ਼ਾਲੀ ਸੀ। ਪ੍ਰੋ. ਗੀਲਾਨੀ ਨੂੰ ਸ਼ਰਧਾਂਜਲੀ ਦੇ ਤੌਰ ਤੇ ਉਹਨਾਂ ਦੀਆਂ ਇਸ ਤਰ੍ਹਾਂ ਦੀਆਂ ਯਾਦਾਂ ਤੇ ਕੀਤੇ ਕੰਮ ਅਸੀਂ ਉਸ ਸਮੇਂ ਸਾਂਝੇ ਕਰ ਰਹੇ ਹਾਂ, ਜਦੋਂ ਹਿੰਦੂਤਵ ਫਾਸ਼ੀਵਾਦ ਦੀਆਂ ਅਤਿਅੰਤ ਖ਼ਤਰਨਾਕ ਚੁਣੌਤੀਆਂ ਦਾ ਦੌਰ ਆਪਣੀ ਚਰਮਸੀਮਾ ਤੇ ਹੈ। ਉਹਨਾਂ ਕਿਹਾ ਕਿ ਐਸੀ ਅਜ਼ੀਮ ਸ਼ਖ਼ਸੀਅਤ ਦਾ ਵਿਛੋੜਾ ਦੇ ਜਾਣਾ ਮਨੁੱਖੀ ਤੇ ਜਮਹੂਰੀ ਹੱਕਾਂ ਦੀ ਲਹਿਰ ਲਈ ਬਹੁਤ ਵੱਡੀ ਸੱਟ ਹੈ। ਮਨੁੱਖੀ ਤੇ ਜਮਹੂਰੀ ਹੱਕਾਂ ਦੇ ਇਸ ਘੁਲਾਟੀਏ ਨੂੰ ਜਮਹੂਰੀ ਅਧਿਕਾਰ ਸਭਾ ਸਲਾਮ ਕਰਦੀ ਹੈ।

*ਗ਼ਦਰੀ ਬਾਬਿਆਂ ਦੇ ਸੁਪਨਿਆਂ ਦਾ ਸਮਾਜ*

# ਆਓ ! ਮੰਜ਼ਲ ਵੱਲ ਅਗੇ ਵਧੀਏ...

- ਗੁਰਮੀਤ -

ਮੇਲਾ ਗ਼ਦਰੀ ਬਾਬਿਆਂ ਦਾ, ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਲਾਮਿਸਾਲ ਭੂਮਿਕਾ ਨਿਭਾਉਣ ਅਤੇ ਕੁਰਬਾਨੀਆਂ ਕਰਨ ਵਾਲੀ ਗ਼ਦਰ ਪਾਰਟੀ ਦੀ ਰਾਜਸੀ ਚੇਤਨਾ ਦਾ ਸੁਨੇਹਾ ਦੇਣ ਦੀ ਲਹਿਰ ਬਣ ਗਿਆ ਹੈ। ਅੱਜ ਤੋਂ 27 ਵਰ੍ਹੇ ਪਹਿਲਾਂ ਸ਼ੁਰੂ ਕੀਤਾ ਗਿਆ ਇਹ ਮੇਲਾ ਅੱਜ ਆਪਣੇ 28ਵੇਂ ਪੜਾਅ ਵਿਚ ਇਤਿਹਾਸਕ ਜਲ੍ਹਿਆਂ ਵਾਲਾ ਬਾਗ਼ ਸਾਕੇ ਦੀ ਸ਼ਤਾਬਦੀ ਨੂੰ ਸਮਰਪਤ ਹੈ ਅਤੇ ਇਸੇ ਵੇਲੇ ਵਿਸ਼ਵ ਭਰ ਵਿਚ ਗੁਰੂ ਨਾਨਕ ਦੇਵ ਜੀ ਦੀ 550ਵੀਂ ਵਰ੍ਹੇਗੰਢ ਮੌਕੇ ਉਨ੍ਹਾਂ ਦੇ ਸੰਦੇਸ਼ ਨੂੰ ਸਮਰਪਤ ਸਮਾਗਮਾਂ ਦਾ ਸਿਲਸਿਲਾ ਵੀ ਜਾਰੀ ਹੈ। ਹਰ ਸਾਲ 1 ਨਵੰਬਰ ਨੂੰ ਗ਼ਦਰ ਪਾਰਟੀ ਦਾ ਪਰਚਮ ਲਹਿਰਾ ਕੇ ਆਪਣੇ ਸਿਖ਼ਰ ਪੜਾਅ ’ਤੇ ਇਹ ਮੇਲਾ ਜਿਥੇ ਝੰਡੇ ਦੇ ਗੀਤ, ਇਤਿਹਾਸਕ ਵਾਰਾਂ, ਗੀਤ-ਸੰਗੀਤ ਅਤੇ ਦੇਸ਼ ਦੀ ਮੌਜੂਦਾ ਸਥਿਤੀ ਬਾਰੇ ਮਾਹਿਰ ਬੁੱਧੀਜੀਵੀਆਂ ਦੇ ਭਾਸ਼ਣਾਂ ਨਾਲ ਗ਼ਦਰ ਲਹਿਰ ਦੇ ਮਨੋਰਥਾਂ ਤੇ ਸੰਕਲਪਾਂ ਦਾ ਹੋਕਾ ਦਿੰਦਾ ਹੈ ਅਤੇ ਨਾਲ ਹੀ ਰਾਤ ਭਰ ਨਾਟਕਾਂ ਰਾਹੀਂ ਵੀ ਦੇਸ਼ ਦੀ ਮੌਜੂਦਾ ਸਥਿਤੀ ਦਾ ਦ੍ਰਿਸ਼ ਪੇਸ਼ ਕਰਦਾ ਹੈ ਤੇ ਇਸ ਵਾਰ ਬਾਬਾ ਨਾਨਕ ਦੇਵ ਜੀ ਦੇ ਫਲਸਫ਼ੇ ਨੂੰ ਸਮਰਪਤ ਵਿਸ਼ੇਸ਼ ਵਿਚਾਰ-ਚਰਚਾ ਵੀ ਕਰਵਾਈ ਜਾ ਰਹੀ ਹੈ।

73 ਸਾਲ ਪਹਿਲਾਂ ਬਰਤਾਨਵੀ ਸਾਮਰਾਜੀ ਜੂਲ਼ੇ ਤੋਂ ਮੁਕਤੀ ਤੋਂ ਬਾਅਦ ਆਜ਼ਾਦ ਭਾਰਤ ਨੇ ਭਾਵੇਂ ਕੁਝ ਤਕਨੀਕੀ ਤੇ ਹੋਰ ਖੇਤਰਾਂ ਵਿਚ ਵਿਕਾਸ ਕੀਤਾ ਹੈ ਪਰ ਇਸ ਦਾ ਰਾਜਨੀਤਕ ਅਤੇ ਆਰਥਿਕ ਢਾਂਚਾ ਦੇਸ਼ ਦੇ ਆਮ ਆਵਾਮ ਨੂੰ ਖ਼ੁਸ਼ਹਾਲੀ ਅਤੇ ਬਰਾਬਰੀ ਵਾਲਾ ਜ਼ਿੰਦਗੀ ਜੀਉਣ ਦਾ ਮਾਹੌਲ ਨਹੀਂ ਦੇ ਸਕਿਆ। ਜਦੋਂ ਆਮ ਜਨਤਾ ਦੇ ਮੂੰਹੋਂ ਇਹ ਗੱਲ ਸੁਣਦੇ ਹਾਂ ਕਿ: “...ਕੋਈ ਫ਼ਰਕ ਨਹੀਂ ਪਿਆ, ਗੋਰੇ ਅੰਗਰੇਜ਼ ਚਲੇ ਗਏ ਤੇ ਕਾਲੇ ਆ ਗਏ ਹਨ।” ਤਾਂ ਆਜ਼ਾਦੀ ਸੰਗਰਾਮ ਵਿਚ ਬਰਾਬਰੀ ਅਤੇ ਖ਼ੁਸ਼ਹਾਲ ਸਮਾਜ ਦੀ ਸਿਰਜਣਾ ਦਾ ਸੰਕਲਪ ਲੈ ਕੇ ਆਪਾ ਵਾਰਨ ਵਾਲੇ ਸੂਰਬੀਰਾਂ ਦੇ ਮਨਾਂ ’ਤੇ ਚੀਸ ਪੈਂਦੀ ਹੈ। ਅੱਜ ਦੇਸ਼ ਦੀ ਆਮ ਜਨਤਾ ਨੂੰ ਧਰਮ, ਜਾਤ ਅਤੇ ਫ਼ਿਰਕੇ ਦੇ ਨਾਂਅ ’ਤੇ ਵੰਡਿਆ ਜਾ ਰਿਹਾ ਹੈ। ਹੱਕ, ਸੱਚ ਦੀ ਆਵਾਜ਼ ਉਠਾ ਰਹੇ ਬੁੱਧੀਜੀਵੀਆਂ ਅਤੇ ਕਿਰਤੀਆਂ ਨੂੰ ਰੋਲਟ ਐਕਟ ਵਰਗੇ ਜਾਬਰ ਕਾਨੂੰਨਾਂ ਨਾਲ ਜਕੜਿਆ ਜਾ ਰਿਹਾ ਹੈ। ਫ਼ਿਰਕੂ, ਫਾਸ਼ੀਵਾਦੀ ਟੋਲਿਆਂ ਤੇ ਭੀੜਤੰਤਰ ਦਾ ਬੋਲਬਾਲਾ ਹਾਸਲ ਹੈ। ਇਨ੍ਹਾਂ ਨੂੰ ਹਾਕਮ ਦੀ ਸ਼ਹਿ ਹੈ।

ਆਜ਼ਾਦੀ ਮਿਲਣ ਤੋਂ 17 ਵਰ੍ਹੇ ਬਾਅਦ ਗ਼ਦਰ ਪਾਰਟੀ ਦੇ ਉਸਰਈਏ ਬਾਬਾ ਸੋਹਣ ਸਿੰਘ ਭਕਨਾ ਨੇ ਉਸ ਵੇਲੇ ਦੇਸ਼ ਦੀ ਹਾਲਾਤ ਬਾਰੇ ਜੋ ਭਰੇ ਮਨ ਹਾਲਾਤ ਬਿਆਨ ਕੀਤੇ ਸਨ, ਅੱਜ 56 ਸਾਲ ਬਾਅਦ ਹਾਲਾਤ ਉਸ ਤੋਂ ਵੀ ਬਦਤਰ ਹਨ। ਬਾਬਾ ਜੀ ਨੇ ਜਨਵਰੀ 1964 ਵਿਚ ਕਿਹਾ ਸੀ:



“ਜ਼ਮਾਨੇ ਦਾ ਫੇਰ ਹੈ, ਮੇਰੇ ਜਿਹੇ ਬੁੱਢੇ, ਜਿਨ੍ਹਾਂ ਮੁਲਕ ਨੂੰ ਆਜ਼ਾਦ ਕਰਾਣ ਵਾਸਤੇ ਆਪਣੀਆਂ ਨਾੜਾਂ ਦਾ ਖ਼ੂਨ ਦਿੱਤਾ, ਆਪਣੀਆਂ ਜਵਾਨੀਆਂ ਗਾਲੀਆਂ ਤੇ ਘਰ-ਬਾਰ ਲੁਟਾਇਆ ਸੀ-ਸੋਚਦੇ ਸਨ, ਅੰਗਰੇਜ਼ ਦੇ ਚਲੇ ਤੋਂ ਪਿਛੋਂ ਦੇਸ ਦੀ ਗਰੀਬੀ, ਅਨਪੜ੍ਹਤਾ, ਜਹਾਲਤ, ਫ਼ਿਰਕਾ ਪ੍ਰਸਤੀ, ਊਚ ਨੀਚ ਦਾ ਫਰਕ ਤੇ ਦੂਜਿਆ ਦੀਆਂ ਝੁਗੀਆਂ ਢਾਹ ਕੇ ਆਪਣੇ ਮਹਿਲ ਉਸਾਰਨ ਦੀ ਰੁਚੀ ਖ਼ਤਮ ਹੋਵੇਗੀ, ਅਤੇ ਸਭੇ ਰਜ ਕੇ ਰੋਟੀ ਖਾਣ ਤੇ ਆਜ਼ਾਦੀ ਦੇ ਮਾਹੌਲ ਵਿਚ ਸਾਹ ਲੈਣਗੇ। ਸਾਡੇ ਗਭਰੂ ਅਤੇ ਔਣ ਵਾਲੀਆਂ ਨਸਲਾਂ ਦੁਨੀਆਂ ਦੀਆਂ ਦੂਜੀਆਂ ਆਜ਼ਾਦ ਕੌਮਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਬਹੁਲਤਾ ਅਤੇ ਅਮਨ ਸ਼ਾਨਤੀ ਦਾ ਜੁਗ ਲਿਔਣ ਵਿਚ ਆਪਣਾ ਹਿਸਾ ਪੌਣਗੀਆਂ।

ਪਰ ਅਜ ਦੀ ਹਾਲਤ ਨੇ ਸਾਨੂੰ : ਸੰਨ 1915 ਵਾਲੇ ਗ਼ਦਰ ਪਾਰਟੀ ਦੇ ਸੇਵਕਾਂ ਅਤੇ ਦੂਜੇ ਸਾਰੇ ਈਮਾਨਦਾਰ ਲੋਕਾਂ, ਜਿਨ੍ਹਾਂ ਵਿਚ ਕਾਂਗਰਸੀ ਤੇ ਥਕ ਹਾਰ ਬੈਠੇ ਹੋਰ ਦੇਸ਼ ਭਗਤ ਵੀ ਸ਼ਾਮਲ ਹਨ, ਨੂੰ ਫ਼ਿਕਰਮੰਦ ਕਰ ਦਿੱਤਾ ਹੈ ਕਿ ਇਸ ਦੇਸ਼ ਦਾ ਕੀ ਬਣੇਗਾ ? ਬੀਮਾਰੀ ਕਾਇਮ ਹੀ ਨਹੀਂ, ਪਹਿਲਾਂ ਤੋਂ ਸਗੋਂ ਵਧ ਗਈ ਹੈ। ਤੇ ਜੋ ਡਾਕਟਰੀ ਚੋਗੇ ਪਾਈ ਫਿਰਦੇ ਹਨ, ਉਨ੍ਹਾਂ ਨੂੰ ਇਲਾਜ ਕੋਈ ਸੁਝ ਨਹੀਂ ਰਿਹਾ।

ਕਸਰ ਕੋਈ ਇਕ ਹੋਵੇ ਤਾਂ ਗੱਲ ਹੋਰ ਹੈ, ਇਥੇ ਤੇ ਵਾਲ ਵਾਲ ਦੁਖੀ ਹੈ। ਸਾਰਾ ਭਾਰਤ ਹੀ ਨਰਕ ਬਣਦਾ ਜਾ ਰਿਹਾ ਹੈ। ਜਿਸ ਦੇ ਹੱਥ ਹਕੂਮਤ ਦੀ ਵਾਗਡੋਰ ਹੈ, ਨੂੰ ਜਿਸ ਤਰ੍ਹਾਂ ਵੀ ਹੋ ਸਕੇ ਆਪਣੀਆਂ ਗਦੀਆਂ ਕਾਇਮ ਰਖਣ ਦੀ ਫ਼ਿਕਰ ਲਗੀ ਹੋਈ ਹੈ ਜਾਂ ਆਪਣੇ ਪੁਤ ਭਤੀਜਿਆਂ ਤੇ ਕੁੜਮ ਕਬੀਲਿਆਂ ਦੇ ਘਰ ਭਰਨ ਦੀ। ਜਮਹੂਰੀਅਤ ਦਾ ਮੂੰਹ ਪੂੰਝਣ ਵਾਸਤੇ ਜੇ ਚੋਣਾਂ ਕਰਵਾਈਆਂ ਵੀ ਜਾਂਦੀਆਂ ਹਨ ਤਾਂ ਰਿਸ਼ਵਤ ਅਤੇ ਗੁੰਡਾਗਰਦੀ ਕਿਸੇ ਚੰਗੇ ਆਦਮੀ ਨੂੰ ਅਗੇ ਔਣ ਦਾ ਮੌਕਾ ਹੀ ਨਹੀਂ ਦੇਂਦੀ। ਸਚਾਈ ਨੂੰ ਭ੍ਰਿਸ਼ਟਾਚਾਰ ਦੇ ਥਲੇ ਦਬ ਦਿੱਤਾ ਜਾਂਦਾ ਹੈ। ਅਜੇਹੀ ਪਾਲੀਸੀ ਦਾ ਅਸਰ ਅਜ ਸਭ ਦੇ ਸਾਹਮਣੇ ਹੈ।”

ਭਾਵੇਂ ਬਾਬਾ ਸੋਹਣ ਸਿੰਘ ਭਕਨਾ ਨੇ ਆਪਣੇ ਇਸ ਭਾਸ਼ਣ ਤੋਂ ਬਾਅਦ ਹਿੰਦ ਵਾਸੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਸੀ:

“ਮੁਸ਼ਕਲਾਂ ਨੂੰ ਦੇਖ ਕੇ ਦਿਲ ਨਾ ਹਾਰੋ। ਕਸੂਰ ਇਕੱਲੇ ਹਾਕਮਾਂ ਦਾ ਹੀ ਨਹੀਂ, ਲੋਕਾਂ ਦੀ ਵੀ ਹੈ। ਉਹਨਾਂ ਨੂੰ ਇਹ ਧੱਬਾ ਤੇ ਭ੍ਰਿਸ਼ਟਾਚਾਰ ਵੇਖਕੇ ਕਿਉਂ ਗੁੱਸਾ ਨਹੀਂ ਆ ਰਿਹਾ। ਉਹ ਕਿਉਂ ਨਹੀਂ ਜਥੇਬੰਦ ਹੋਕੇ ਸਮਾਜ ਦੇ ਇਹਨਾਂ ਦੁਸ਼ਮਣਾਂ ਨੂੰ ਲਲਕਾਰਦੇ ? ਅਸੀਂ ਜੋ ਹਿਕਾਂ ਤਾਣ ਤਾਣ ਅੰਗਰੇਜ਼ ਦੀਆਂ ਗੋਲੀਆਂ ਖਾਂਦੇ ਜੇਲਾਂ ਵਿਚ ਸੜਦੇ ਤੇ ਘੋੜਿਆਂ ਦੇ ਸੰਮਾਂ ਹੇਠ ਮਸਲੇ ਜਾਂਦੇ ਰਹੇ ਹਾਂ, ਸਾਡੀ ਗੈਰਤ ਅਜ ਕਿਉਂ ਨਹੀਂ ਜਾਗਦੀ ? ਕੀ ਵਰਤਮਾਨ ਅਫ਼ਸਰ ਸ਼ਾਹੀ, ਗੁੰਡਾਸ਼ਾਹੀ ਤੇ ਲੁਟੇਰੀ ਧਾੜ ਅੰਗਰੇਜ਼ ਤੋਂ ਭੀ ਤਾਕਤ ਵਾਲੀ ਹੈ। ਜੇ ਅਸੀਂ ਉਸ ਨੂੰ ਕਢ ਸਕਦੇ ਹਾਂ ਤੇ ਇਸ ਦੀਆਂ ਜੜਾਂ ਕਿਉਂ ਨਹੀਂ ਪੁਟ ਸਕਦੇ ? ਅਣਖਾਂ ਵਾਲਿਓ, ਲੋਕਾਂ ਦੇ ਦਰਦੀਓ, ਈਮਾਨਦਾਰੋ, ਚਾਹੇ ਤੁਸੀਂ ਕਾਂਗਰਸੀ ਹੋ, ਕਮਿਊਨਿਸਟ ਜਾਂ ਕੋਈ ਹੋਰ ਜੇ ਤੁਸੀਂ ਕੌਮ ਦਾ ਭਲਾ ਚਾਹੁੰਦੇ ਹੋ, ਮੁਲਕ ਦਾ ਭਲਾ ਚਾਹੁੰਦੇ ਹੋ ਤੇ ਸਮੁੱਚੀ ਮਨੁੱਖਤਾ ਦਾ ਭਲਾ ਚਾਹੁੰਦੇ ਹੋ, ਤਾਂ ਉਠੋ ! ਜਾਗੋ ! ਤੇ ਇਕ ਮੁਠ ਹੋਵੋ, ਸਾਂਝੇ ਭਲੇ ਲਈ। ਲਿਹਾਜ਼ਦਾਰੀ ਛਡੋ, ਖ਼ੁਸ਼ਾਮਦ ਪਰਸਤੀ ਤਿਆਗੋ ਤੇ ਢਿਲ ਮਠ ਖ਼ਤਮ ਕਰੋ। ਆਪਣੇ ਹਕਾਂ ਦੀ ਆਪ ਰਾਖੀ ਕਰੋ। ਏਹੋ ਇਕੋ ਰਾਹ ਵਰਤਮਾਨ ਨਰਕੀ ਜੀਵਨ ਵਿਚੋਂ ਨਿਕਲਣ ਦਾ ਹੈ। ਜੇ ਤੁਹਾਨੂੰ ਇਸ ਤੋਂ ਕੋਈ ਗਿਲਾਨੀ ਹੈ ਤਾਂ ਸਮੇਂ ਦੀ ਲੋੜ ਪੂਰੀ ਕਰੋ। ਜੋ ਡੰਗੋਰੀ ਡੰਡਾ ਮੈਨੂੰ ਦਿਓਗੇ, ਫੜਕੇ ਮੈਂ ਵੀ ਤੁਹਾਡੀ ਪਹਿਰੇਦਾਰੀ ਕਰੀ ਜਾਵਾਂਗਾ। ਜੇ ਇਸ ਰਸਤੇ ਨਹੀਂ ਤੁਰੋਗੇ ਤਾਂ ਸਚਾ ਅਮਨ ਕਦੇ ਕਾਇਮ ਨਹੀਂ ਹੋ ਸਕਣ ਲਗਾ, ਚਾਹੇ ਤੁਸੀਂ ਉਸ ਲਈ ਕਿੰਨੀਆਂ ਵੀ ਟਾਹਰਾਂ ਮਾਰੀ ਜਾਓ।”

ਅਜੋਕੇ ਕਾਲੇ ਦੌਰ ਉਪਰ ਮਹਿਜ਼ ਟਿੱਪਣੀਆਂ ਦਾ ਵੇਲਾ ਨਹੀਂ ਸਗੋਂ ਉਚੇਚੇ ਤੌਰ ’ਤੇ ਜੁਆਨੀ ਨੂੰ ਸੰਭਾਲਣ, ਇਨਕਲਾਬੀ ਇਤਿਹਾਸਕ ਵਿਰਾਸਤ ਦਾ ਪਰਚਮ ਲੈ ਕੇ ਤੁਰਨ ਲਈ ਅੱਗੇ ਆਉਣ ਵਾਸਤੇ ਉੱਦਮ ਜੁਟਾਉਣ ਦਾ ਵੇਲ਼ਾ ਹੈ। 28ਵੇਂ ਮੇਲੇ ਦਾ ਇਹੋ ਵਿਸ਼ੇਸ਼ ਪੈਗ਼ਾਮ ਹੈ। ਗ਼ਦਰ ਪਾਰਟੀ ਵੱਲੋਂ ਸ਼ੁਰੂ ਕੀਤਾ ਸੰਗਰਾਮ ਅੱਜ ਵੀ ਸਾਡੀ ਅਗਵਾਈ ਕਰਦਾ ਹੈ... ਆਓ ! ਗ਼ਦਰੀ ਬਾਬਿਆਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਇਕ-ਜੁੱਟ ਹੋ ਕੇ ਮੰਜ਼ਲ ਵੱਲ ਵਧੀਏ....!




ਇੱਜ਼ਤ ਨਗਰੀ ਕੀ ਅਸਭਿਆ ਬੇਟੀਆਂ
ਡਾਇਰੇਕਟਰ: ਨਕੁਲ ਸਾਹਨੀ
Immoral Daughters in the Land of Honour
Director: Nakul Sahni
ਫਿਲਮ ਦਿਖਾਈ ਜਾਏਗੀ ਅਤੇ ਡਾਇਰੇਕਟਰ ਨਾਲ ਗੱਲਬਾਤ ਦਾ ਮੌਕਾ
Movie screening and Discussion with the Director
17 ਨਵੰਬਰ, ਐਤਵਾਰ
SUNDAY, 17 NOVEMBER
765 Keewatin St. Winnipeg
765 ਕੀਵਾਟਿਨ ਸਟਰੀਟ, ਵਿੰਨੀਪੈਗ
2:00 PM
ਦੁਪਹਿਰ:2 ਵਜੇ
Mangat Sahota (204-914-0355);
Harnek Dhaliwal (204-488-6960)
PUNJABI LITERARY AND CULTURAL ASSOCIATION, WINNIPEG




ਗੋਰਕੀ ਪ੍ਰਕਾਸ਼ਨ, ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ ਛਪਵਾਉਣ ਲਈ ਸੰਪਰਕ ਕਰੋ
ਸਾਡੀਆਂ ਕੁਝ ਕਿਤਾਬਾਂ
- ਪਾਬਲੋ ਨੇਰੂਦਾ- ਅਨੁਵਾਦ- ਮਨਦੀਪ ਸੱਦੋਵਾਲ
- ਕੀ ਖਾਣਾ ਲੋੜੀਏ- ਡਾ. ਦਰਸ਼ਨ ਖੇੜੀ
- ਮਹਾਨ ਖੋਜਕਾਰ- ਪ੍ਰਿੰਸੀ- ਹਰੀ ਕਿਸ਼ਨ ਮਾਇਰ
- ਪੂਛਹੀਣ ਬਾਂਦਰ ਤੋਂ ਮਨੁੱਖ ਤੱਕ ਤਬਦੀਲੀ ਵਿੱਚ ਕਿਰਤ ਵੱਲੋਂ ਪਾਇਆ ਹਿੱਸਾ- ਏਂਗਲਜ
- ਮੇਰੇ ਮਨਪੰਸਦ ਲੇਖਕ- ਡਾ.ਅਮਰਜੀਤ ਸਿੰਘ ਹੇਅਰ
- ਗਰਭਅਵਸਥਾ- ਇੱਕ ਸੁਖਮਈ ਅਹਿਸਾਸ- ਡਾ. ਰਣਬੀਰ ਕੌਰ
- ਮੇਰਾ ਅਮਰੀਕਨ ਸਫਰਨਾਮਾ- ਗੋਪਾਲ ਸਿੰਘ ਖਾਲਸਾ
- ਪੀੜ ਪਰਦੇਸੀਆਂ ਦੀ- ਪ੍ਰਿੰਸੀ- ਬਲਕਾਰ ਸਿੰਘ ਬਾਜਵਾ
- ਪ੍ਰਣਾਮ- ਕਾਮਰੇਡ ਸਿਕੰਦਰ ਸਿੰਘ ਸਰਾਭਾ
- ਪਹਿਲਾ ਪਿਆਰ ਅਤੇ ਹੋਰ ਲੇਖ- ਪ੍ਰਿੰਸੀ- ਬਰਜਿੰਦਰ ਸਿੰਘ ਸਿੱਧੂ

ਅਤੇ ਹੋਰ.....
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ
94176-42785, 77172-45945



HomeLife SilverCity Realty Inc., Brokerage
Higher Standards
Homelife SilverCity Realty Inc.
BROKERAGE Independently Owned & Operated
Mandeep Dhaliwal
Sales Representative
416-648-9053
905-913-8500
mkdsm0713@gmail.com

11775 Bramalea Rd., Unit #201, Brampton ON L6R3S9



# ਡਾਕੂਮੈਂਟਰੀ ਫਿਲਮਸਾਜ਼ ਨਕੁਲ ਸਾਹੀਨੀ ਦੀ ਕੈਨੇਡਾ ਫੇਰੀ




## ਇੱਜ਼ਤ ਨਗਰ ਕੀ ਅਸੱਭਿਆ ਬੇਟੀਆਂ

### ਵੱਖ ਵੱਖ ਸ਼ਹਿਰਾਂ ਵਿੱਚ ਪ੍ਰੋਗਰਾਮਾਂ ਦਾ ਵੇਰਵਾ

**2 ਨਵੰਬਰ (1 - 6 ਵਜੇ ਤੱਕ), ਯੂ ਬੀ ਸੀ**

ਪੈਟਰਨਜ਼ ਆਫ ਪੁਲੀਟੀਕਲ ਵਾਇਲੈਂਸ ਸਮਾਗਮ ਵਿੱਚ ਸ਼ਮੂਲੀਅਤ

C.K. Choi Building, Room Number 120, 1855 West Mall

ਫਿਲਮ ਸ਼ੋਅ: ਮੁਜੱਫਰ ਨਗਰ ਬਾਕੀ ਹੈ ਅਤੇ ਗੱਲਬਾਤ

ਸੰਨ 2013 ਵਿੱਚ ਮੁੱਜਫਰ ਨਗਰ ਵਿੱਚ ਵਾਪਰੀ ਮੁਸਲਮਾਨ ਵਿਰੋਧੀ ਹਿੰਸਾ 'ਤੇ ਕੇਂਦਰਿਤ ਇਸ ਫਿਲਮ ਵਿੱਚ ਸਾਹਨੀ ਇਸ ਹਿੰਸਾ ਪਿੱਛੇ ਕੰਮ ਕਰਦੇ ਅਤੇ ਇਸ ਹਿੰਸਾ ਤੋਂ ਪ੍ਰਭਾਵਿਤ ਸਿਆਸੀ ਅਤੇ ਸਮਾਜਕ ਵਰਤਾਰਿਆਂ ਨੂੰ ਉਜਾਗਰ ਕਰਦਾ ਹੈ।

ਸੈਂਟਰ ਫਾਰ ਇੰਡੀਆ ਐਂਡ ਸਾਊਥ ਏਸ਼ੀਅਨ ਰਿਸਰਚ, ਇੰਟਰਡਿਸੀਪਲਨਰੀ ਹਿਸਟਰੀਜ਼ ਰਿਸਰਚ ਕਲਸਟਰ, ਸੰਸਦ, ਡਾ: ਹਰੀ ਸ਼ਰਮਾ ਫਾਊਂਡੇਸ਼ਨ ਅਤੇ ਡੀਨ ਆਫ ਆਰਟਸ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਦੇਖੋ:
https://cisar.iar.ubc.ca/events/event/patterns-of-political-violence/

**3 ਨਵੰਬਰ (ਦੁਪਹਿਰ ਦੇ 1: 15 - 4:30 ਵਜੇ ਤੱਕ), ਸਿਟੀ ਸੈਂਟਰ ਲਾਇਬ੍ਰੇਰੀ, ਸਰੀ**

10350 University Drive, Surrey, Room Number 120

ਫਿਲਮ ਸ਼ੋਅ: ਇੱਜ਼ਤ ਨਗਰ ਕੀ ਅਸੱਭਿਆ ਬੇਟੀਆਂ, ਅਤੇ ਚੱਲ-ਚਿੱਤਰ ਅਭਿਆਨ ਪ੍ਰੋਜੈਕਟ ਬਾਰੇ ਗੱਲਬਾਤ

"ਇੱਜ਼ਤ ਨਗਰ ਕੀ ਅਸੱਭਿਆ ਬੇਟੀਆਂ" ਉੱਤਰੀ ਭਾਰਤ ਵਿੱਚ 'ਅਣਖ ਖਾਤਰ ਹੁੰਦੇ ਕਤਲਾਂ' ਦਾ ਵਿਰੋਧ ਕਰ ਰਹੀਆਂ ਨੌਜਵਾਨ ਕੁੜੀਆਂ ਦੇ ਸੰਘਰਸ਼ ਅਤੇ ਖੱਪ ਪੰਚਾਇਤਾਂ ਵੱਲੋਂ ਜਾਰੀ ਕੀਤੇ ਜਾਂਦੇ ਫਰਮਾਨਾਂ ਨੂੰ ਕੇਂਦਰ ਵਿੱਚ ਰੱਖ ਕੇ ਬਣਾਈ ਗਈ ਹੈ। ਇਨ੍ਹਾਂ ਕੁੜੀਆਂ ਦੀ ਕਹਾਣੀ ਅਤੇ ਖੱਪ ਪੰਚਾਇਤਾਂ ਦੀ ਸੋਚ, ਫਰਮਾਨਾਂ ਅਤੇ ਹਿੰਸਾ ਨੂੰ ਆਹਮੋ ਸਾਹਮਣੇ ਰੱਖ ਕੇ ਫਿਲਮ ਅਜੋਕੇ ਭਰਤੀ ਸਮਾਜ ਵਿੱਚਲੇ ਦੋਗਲੇਪਣ, ਜਾਤਪਾਤ, ਲਿੰਗਕ ਵਿਤਕਰੇ ਅਤੇ ਮਰਦਾਨਗੀ ਧੌਂਸ ਨੂੰ ਬਹੁਤ ਹੀ ਸ਼ਕਤੀਸ਼ਾਲੀ ਢੰਗ ਨਾਲ ਨੰਗਾ ਕਰਦੀ ਹੈ।

ਆਨ ਲਾਈਨ ਪੰਜਾਬੀ ਮੈਗਜ਼ੀਨ ਵਤਨ ਵੱਲੋਂ ਕਰਵਾਈ ਜਾ ਰਹੀ ਇਸ ਮੀਟਿੰਗ ਬਾਰੇ ਹੋਰ ਜਾਣਕਾਰੀ ਲਈ ਸੁਖਵੰਤ ਹੁੰਦਲ ਨੂੰ 604-644-2470 'ਤੇ ਜਾਂ ਹਰਦੇਵ ਸਿੰਘ ਨੂੰ 778-688-3545 'ਤੇ ਫੋਨ ਕਰੋ।

**15 ਨਵੰਬਰ (ਸ਼ਾਮ ਦੇ 5-7 ਵਜੇ ਤੱਕ), ਫਾਲਕਨਬ੍ਰਿੱਜ ਕਮਿਊਨਿਟੀ ਹਾਲ, ਕੈਲਗਰੀ**

95 Falshire Dr. NE, Calgary

ਫਿਲਮ ਸ਼ੋਅ: ਇੱਜ਼ਤ ਨਗਰ ਕੀ ਅਸੱਭਿਆ ਬੇਟੀਆਂ, ਅਤੇ ਗੱਲਬਾਤ

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਵੱਲੋਂ ਕਰਵਾਏ ਜਾ ਰਹੇ ਇਸ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨੂੰ 403-455-4220 ਜਾਂ ਹਰਚਰਨ ਸਿੰਘ ਨੂੰ 403-681-8689 'ਤੇ ਫੋਨ ਕਰੋ।

**17 ਨਵੰਬਰ (ਦੁਪਹਿਰ ਦੇ ਦੋ ਵਜੇ), ਵਿਨੀਪੈੱਗ ਪਬਲਿਕ ਲਾਇਬ੍ਰੇਰੀ**

765 Keewatin Street, Winnipeg

ਫਿਲਮ ਸ਼ੋਅ: ਇੱਜ਼ਤ ਨਗਰ ਕੀ ਅਸੱਭਿਆ ਬੇਟੀਆਂ, ਅਤੇ ਚੱਲ-ਚਿੱਤਰ ਅਭਿਆਨ ਪ੍ਰੋਜੈਕਟ ਬਾਰੇ ਗੱਲਬਾਤ

ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ ਵਿਨੀਪੈੱਗ ਵੱਲੋਂ ਕਰਵਾਏ ਜਾ ਰਹੇ ਇਸ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਹਰਨੇਕ ਧਾਲੀਵਾਲ ਨੂੰ 204-488-6960 'ਤੇ ਜਾਂ ਮੰਗਤ ਸਹੋਤਾ ਨੂੰ 204-914-0355 'ਤੇ ਫੋਨ ਕਰੋ।

**22 ਨਵੰਬਰ (ਸ਼ਾਮ ਦੇ 5-8 ਵਜੇ ਤੱਕ), ਯੂਨੀਵਰਸਿਟੀ ਆਫ ਟਰਾਂਟੋ, ਮਿਸੀਸਾਗਾ**

Mist Theatre, 3359 Mississauga Road, Mississauga

ਫਿਲਮ ਸ਼ੋਅ: ਮੁਜੱਫਰ ਨਗਰ ਬਾਕੀ ਹੈ ਅਤੇ ਗੱਲਬਾਤ

ਯੂਨੀਵਰਸਿਟੀ ਆਫ ਟਰਾਂਟੋ, ਮਿਸੀਸਾਗਾ ਦੇ ਸੈਂਟਰ ਫਾਰ ਸਾਊਥ ਏਸ਼ੀਅਨ ਸਿਵਿਲਾਈਜੇਸ਼ਨਜ਼ ਵੱਲੋਂ ਕਰਵਾਏ ਜਾ ਰਹੇ ਇਸ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲੈਣ ਲਈ ਦੇਖੋ :
https://www.eventbrite.ca/e/muzaffarnagar-baaqi-hai-tickets-73689991749

**24 ਨਵੰਬਰ (ਦਪਹਿਰ ਦੇ 1 ਵਜੇ), ਬਰੈਂਪਟਨ, ਓਨਟੇਰੀਓ**

FBI School, 21 Coventry Road, Brampton

ਫਿਲਮ ਸ਼ੋਅ: ਇੱਜ਼ਤ ਨਗਰ ਕੀ ਅਸੱਭਿਆ ਬੇਟੀਆਂ, ਅਤੇ ਚੱਲ-ਚਿੱਤਰ ਅਭਿਆਨ ਪ੍ਰੋਜੈਕਟ ਬਾਰੇ ਗੱਲਬਾਤ

ਇੰਡੋਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਅਤੇ ਨੌਰਥ ਅਮਰੀਕਨ ਤਰਕਸ਼ੀਲ ਸੁਸਾਇਟੀ ਵੱਲੋਂ ਕਰਵਾਏ ਜਾ ਰਹੇ ਇਸ ਸ਼ੋਅ ਬਾਰੇ ਹੋਰ ਜਾਣਕਾਰੀ ਲੈਣ ਲਈ

**ਸੁਰਜੀਤ ਸਹੋਤਾ ਨੂੰ 416-704-0745 'ਤੇ ਜਾਂ ਬਲਦੇਵ ਰਹਿਪਾ ਨੂੰ 416-881-7202 'ਤੇ ਫੋਨ ਕਰੋ।**



ਜਗਦੇਵ ਸਿੰਘ ਸਿੱਧੂ
403-351-1136

# ਗੁਰੂ ਨਾਨਕ ਬਾਣੀ ਅਤੇ ਵਿਗਿਆਨਕ ਨਜ਼ਰੀਆ



ਗੁਰੂ ਨਾਨਕ ਦੇਵ ਜੀ ਦੇ ਮੁਖਾਰਬਿੰਦ ਤੋਂ ਉਚਾਰੀ ਹੋਈ ਰੂਹਾਨੀ ਬਾਣੀ ਸ੍ਰਿਸ਼ਟੀ, ਬ੍ਰਹਿਮੰਡ, ਪ੍ਰਾਣੀ, ਪਰਿਵਾਰ, ਸਮਾਜ, ਜੀਵਨ ਦੇ ਫਲਸਫੇ ਅਤੇ ਸੰਸਾਰ ਦੇ ਹਰੇਕ ਵਰਤਾਰੇ ਬਾਰੇ ਹਰ ਪੱਖ ਤੋਂ ਚਾਨਣ ਪਾਉਣ ਵਾਲੇ ਗਿਆਨ ਦਾ ਅਥਾਹ ਸਾਗਰ ਹੈ ਜਿਸ ਵਿਚੋਂ ਮੋਤੀ ਤਾਂ ਚੁਗੇ ਜਾ ਸਕਦੇ ਹਨ ਪਰ ਉਸ ਦਾ ਥਾਹ ਨਹੀਂ ਪਾਇਆ ਜਾ ਸਕਦਾ। ਇਸ ਦੀ ਰੌਸ਼ਨੀ ਵਿਚ ਭਰਪੂਰ ਜੀਵਨ ਜਿਉਂ ਸਕਦੇ ਹਾਂ; ਆਦਰਸ਼ ਸਮਾਜ ਸਿਰਜ ਸਕਦੇ ਹਾਂ; ਵਿਸ਼ਵ ਵਿਚ ਸਦੀਵੀ ਅਮਨ, ਸਹਿਹੋਂਦ, ਭਰਾਤਰੀਭਾਵ, ਸਰਬੱਤ ਦੇ ਭਲੇ ਵਾਲੀ ਨਿਆਂਪੂਰਨ ਕਲਿਆਣਕਾਰੀ ਵਿਵਸਥਾ ਸਥਾਪਤ ਕਰ ਸਕਦੇ ਹਾਂ। ਹੋਰ ਵੀ ਬਹੁਤ ਕੁਝ। ਗੁਰੂ ਨਾਨਕ ਦੇਵ ਜੀ ਨੇ ਇਕ ਸਾਧਾਰਨ ਗ੍ਰਹਿਸਤੀ ਮਨੁੱਖ ਵਾਂਗ ਵਿਚਰਦਿਆਂ ਹੋਇਆਂ ਸਰਬ ਕਲਿਆਣਕਾਰੀ ਦਰਸ਼ਨ ਨੂੰ ਬੜੇ ਸਾਦੇ, ਸਰਲ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਨਾ ਸਿਰਫ਼ ਬਿਆਨ ਕੀਤਾ ਸਗੋਂ ਬੜੇ ਢੁਕਵੇਂ ਅਤੇ ਅਸਰਦਾਰ ਮੌਕਿਆਂ 'ਤੇ ਇਸ ਦਾ ਏਨੇ ਪ੍ਰਭਾਵਸ਼ਾਲੀ ਤਰੀਕੇ ਨਾਲ ਪ੍ਰਚਾਰ ਕੀਤਾ ਜਿਸ ਦਾ ਲੋਕ ਮਨਾਂ ਉਤੇ ਸਦੀਵੀ ਅਤੇ ਡੂੰਘਾ ਪ੍ਰਭਾਵ ਪਿਆ। ਉਨ੍ਹਾਂ ਨੇ ਜਿਸ ਆਦਰਸ਼ ਜੀਵਨ ਦਾ ਸੁਨੇਹਾ ਦਿੱਤਾ ਉਹ ਆਦਰਸ਼ ਜੀਵਨ ਉਨ੍ਹਾਂ ਨੇ ਆਪ ਜੀਵਿਆ ਅਤੇ ਲੁਕਾਈ ਸਾਹਮਣੇ ਮਿਸਾਲ ਪੇਸ਼ ਕੀਤੀ। ਉਨ੍ਹਾਂ ਨੇ ਨਿੱਕੇ ਹੁੰਦਿਆਂ ਪਸ਼ੂ ਚਰਾਏ, ਘਰੇਲੂ ਕੰਮਾਂ ਵਿਚ ਹੱਥ ਵਟਾਇਆ, ਫਿਰ ਸੁਲਤਾਨਪੁਰ ਲੋਧੀ ਵਿਖੇ ਨੌਕਰੀ ਵੀ ਕੀਤੀ; ਕਰਤਾਰਪੁਰ ਸਾਹਿਬ ਵਿਖੇ ਖੇਤੀ ਵੀ ਕੀਤੀ। ਆਪਣੇ ਜੀਵਨ ਕਾਲ ਵਿਚ ਬਹੁ-ਦਿਸ਼ਾਵੀ ਲੰਮੀਆਂ ਯਾਤਰਾਵਾਂ (ਉਦਾਸੀਆਂ) ਕਰਕੇ ਸਮੁੱਚੀ ਮਾਨਵਤਾ ਦੇ ਭਲੇ ਖਾਤਰ ਗਿਆਨ ਦਾ ਸੁਨੇਹਾ ਦੂਰ-ਦੂਰ ਤੱਕ ਪੁਚਾਇਆ।

ਦੁਨੀਆਂ ਦੇ ਦੂਜੇ ਧਰਮਾਂ ਵਿਚ ਬਹੁਤ ਤੱਥ ਇਸ ਤਰ੍ਹਾਂ ਦੇ ਬਿਆਨੇ ਗਏ ਹਨ ਜਿਨ੍ਹਾਂ ਨੂੰ ਵਿਗਿਆਨ ਦੀਆਂ ਖੋਜਾਂ ਨੇ ਗਲਤ ਸਾਬਤ ਕਰ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਦਰਸਾਈਆਂ ਸੱਚਾਈਆਂ ਨੂੰ ਵਿਗਿਆਨਕ ਨਜ਼ਰੀਏ ਤੋਂ ਪਰਖਿਆਂ ਅਜਿਹਾ ਜਾਪਦਾ ਹੈ ਕਿ ਸੱਚਾਈ ਉਹੀ ਹੈ ਪਰ ਉਸ ਨੂੰ ਆਪੋ ਆਪਣੇ ਨਜ਼ਰੀਏ ਤੋਂ ਬਿਆਨ ਕੀਤਾ ਗਿਆ ਹੈ ਤੇ ਕੋਈ ਟਕਰਾਅ ਨਹੀਂ ਹੈ। ਕਈ ਥਾਈਂ ਤਾਂ ਕੋਈ ਵਿਰੋਧਾਭਾਸ ਹੈ ਹੀ ਨਹੀਂ। ਪ੍ਰਸਿੱਧ ਵਿਗਿਆਨੀ ਅਲਬਰਟ ਆਇਨਸਟੀਨ ਨੂੰ ਇਕ ਵਾਰ ਨਿਊਯਾਰਕ ਵਿਚ ਉਥੋਂ ਦੇ ਇਕ ਪਾਦਰੀ (ਬਿਸ਼ਪ) ਨੇ ਸਾਇੰਸ ਦੀਆਂ ਹੋ ਰਹੀਆਂ ਖੋਜਾਂ ਤੋਂ ਘਬਰਾਕੇ ਪੁੱਛਿਆ ਸੀ ਕਿ ਹੁਣ ਚਰਚ ਯਾਨੀ ਧਰਮ ਦਾ ਕੀ ਬਣੇਗਾ? ਆਇਨਸਟੀਨ ਨੇ ਉਸ ਨੂੰ ਕਿਹਾ ਸੀ ਕਿ ਧਰਮ ਆਪਣੇ ਥਾਂ ਹੈ, ਵਿਗਿਆਨ ਆਪਣੇ ਥਾਂ, ਤੈਨੂੰ ਘਬਰਾਉਣ ਦੀ ਲੋੜ ਨਹੀਂ। ਇਹ ਠੀਕ ਹੈ ਕਿ ਧਰਮ ਅਤੇ ਵਿਗਿਆਨ ਦਾ ਆਪੋ ਆਪਣੇ ਥਾਂ ਵੱਖਰਾ ਖੇਤਰ ਹੈ ਪਰ ਜੇ ਤੱਥ ਇਕ ਦੂਜੇ ਨਾਲ ਮੇਲ ਖਾਂਦੇ ਹੋਣ ਤਾਂ ਧਰਮ ਅਤੇ ਵਿਗਿਆਨ ਇਕ ਹੁੰਦੇ ਦਿਸਦੇ ਹਨ। ਗੁਰੂ ਨਾਨਕ ਬਾਣੀ ਵਿਚ ਅਜਿਹੇ ਤੱਥ ਆਮ ਮਿਲਦੇ ਹਨ ਜਿਨ੍ਹਾਂ ਨੂੰ ਸਮਝ ਕੇ ਹੈਰਾਨੀ ਹੁੰਦੀ ਹੈ ਕਿ ਉਨ੍ਹਾਂ ਨੇ ਵਿਗਿਆਨਕ ਖੋਜਾਂ ਹੋਣ ਤੋਂ ਪਹਿਲਾਂ ਹੀ ਇਨ੍ਹਾਂ ਦਾ ਪਤਾ ਕਿਵੇਂ ਲਾ ਲਿਆ ਸੀ।


ਹੁਣ ਤੱਕ ਵਿਗਿਆਨ ਇਸੇ ਸਿੱਟੇ (ਬਲਕਿ ਥਿਊਰੀ) 'ਤੇ ਪਹੁੰਚੀ ਹੈ ਕਿ ਸ੍ਰਿਸ਼ਟੀ ਦੀ ਸਿਰਜਣਾ ਬਿਗ ਬੈਂਗ (ਸ਼੍ਰੋਮਣੀ ਧਮਾਕੇ) ਰਾਹੀਂ ਹੋਈ ਸੀ ਜਿਸ ਨੂੰ ਬਿਗ ਬੈਂਗ ਥਿਊਰੀ ਦਾ ਨਾਂ ਦਿੱਤਾ ਗਿਆ ਹੈ। ਇਸ ਮੁਤਾਬਕ ਜੁਗਾਂ-ਜੁਗਾਂਤਰਾਂ ਤੱਕ ਕੁਝ ਵੀ ਨਹੀਂ ਸੀ, ਸਿਰਫ਼ ਅੰਧੇਰ-ਗੁਬਾਰ ਹੀ ਸੀ। ਸਪੇਸ ਅਤੇ ਸਮਾਂ (ਟਾਈਮ) ਵੀ ਨਹੀਂ ਸੀ। ਫਿਰ ਅਚਾਨਕ ਇਕ ਦਮ ਇਕ ਮਹਾਂ-ਵਿਸਫੋਟ ਹੋਇਆ ਅਤੇ ਕੁਝ ਹੀ (ਛੇ) ਮਿੰਟਾਂ ਵਿਚ ਸਾਰਾ ਬ੍ਰਹਿਮੰਡ ਹੋਂਦ ਵਿਚ ਆ ਗਿਆ। ਇਹ ਆਪਣੇ ਆਪ 'ਕੁਦਰਤ ਦਾ ਨੇਮ' ਅਨੁਸਾਰ ਹੋ ਗਿਆ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵੀ ਇਹੋ ਬਿਆਨ ਕਰਦੀ ਹੈ, ਫ਼ਰਕ ਏਨਾ ਹੀ ਹੈ ਕਿ ਗੁਰੂ ਜੀ ਨੇ 'ਕੁਦਰਤ ਦੇ ਨੇਮ' ਦੀ ਥਾਂ ਇਸ ਨੂੰ 'ਹੁਕਮੈ ਅੰਦਰਿ' ਦਾ ਨਾਂ ਦਿੱਤਾ ਹੈ ਅਤੇ ਇਸ ਹੁਕਮ ਨੂੰ ਚਲਾਉਣ ਵਾਲੀ ਸਰਬ ਸ਼ਕਤੀਮਾਨ, ਸਰਵ-ਵਿਆਪਕ, ਸਰਵੱਗ ਸ਼ਕਤੀ ਯਾਨੀ ਰੱਬ ਦੀ ਹੋਂਦ ਨੂੰ ਮੰਨਿਆ ਹੈ।

**'ਅਰਬਦ ਨਰਬਦ ਧੁੰਧੂਕਾਰਾ।**
**ਧਰਣਿ ਨ ਗਗਨਾ ਹੁਕਮੁ ਅਪਾਰਾ॥**
**ਨ ਦਿਨੁ ਰੈਨਿ ਨ ਚੰਦੁ ਨ ਸੂਰਜੁ**
**ਸੁੰਨ ਸਮਾਧਿ ਲਗਾਇਦਾ।'**
**'ਕੇਤੜਿਆ ਜੁਗ ਧੁੰਧੂਕਾਰੈ।**
**ਤਾੜੀ ਲਾਈ ਸਿਰਜਣਹਾਰੈ'**
**'ਧੁੰਧੂਕਾਰਿ ਨਿਰਾਲਮੁ ਬੈਠਾ**
**ਨ ਤਦਿ ਧੰਧੁ ਪਸਾਰਾ ਹੇ।'**

ਸਰਬ ਸ਼ਕਤੀਮਾਨ ਸ੍ਰਿਸ਼ਟੀ ਸਾਜਣ ਤੋਂ ਬਾਅਦ ਹੀ ਪ੍ਰਗਟ ਹੋਇਆ।

**ਖੰਡ ਬ੍ਰਹਮੰਡ ਪਾਤਾਲ ਅਰੰਭੇ**
**ਗੁਪਤਹੁ ਪਰਗਟੀ ਆਇਦਾ।**

ਇਸ ਸੁੰਨ ਸਮਾਧਿ ਲਗਾਉਣ ਬਾਰੇ ਵਿਗਿਆਨ ਖ਼ਾਮੋਸ਼ ਹੈ ਪਰ ਬਾਕੀ ਸ੍ਰਿਸ਼ਟੀ ਸਿਰਜਣਾ ਦੇ ਪ੍ਰਯੋਜਨ ਵਿਚ ਕੋਈ ਵੱਡਾ ਮਤਭੇਦ ਨਹੀਂ ਹੈ। ਇਥੋਂ ਤੱਕ ਕਿ ਸ੍ਰਿਸ਼ਟੀ ਦੇ ਆਦਿ ਕਣ (ਬੋਸੋਨ) ਨੂੰ ਵਿਗਿਆਨ ਨੇ 'ਗੌਡ ਪਾਰਟੀਕਲ' ਦਾ ਨਾਂ ਦੇ ਕੇ ਸ੍ਰਿਸ਼ਟੀ ਦੇ ਕਰਤਾ ਕਿਸੇ ਗੌਡ (ਰੱਬ) ਦੀ ਹੋਂਦ ਵੱਲ ਇਸ਼ਾਰਾ ਤਾਂ ਕਰ ਹੀ ਦਿੱਤਾ ਹੈ।



ਵਿਗਿਆਨ ਮੁਤਾਬਕ ਜਦੋਂ ਧਰਤੀ ਠੰਡੀ ਹੋਣ ਲੱਗੀ ਤਾਂ ਪ੍ਰਾਕ੍ਰਿਤਕ ਨੇਮ (ਰੂਲ ਆਫ਼ ਨੇਚਰ) ਅਨੁਸਾਰ ਪਹਿਲਾਂ ਹੀਲੀਅਮ ਅਤੇ ਹਾਈਡਰੋਜਨ ਵਰਗੀਆਂ ਗੈਸਾਂ ਹੋਂਦ ਵਿਚ ਆਈਆਂ, ਫਿਰ ਇਨ੍ਹਾਂ (ਹਾਈਡਰੋਜਨ ਅਤੇ ਆਕਸੀਜਨ) ਦੇ ਮੇਲ ਤੋਂ ਪਾਣੀ ਬਣ ਗਿਆ ਅਤੇ ਇਹ ਪਾਣੀ ਹੀ ਸਾਰੇ ਜੀਵਾਂ ਦੀ ਉਤਪਤੀ ਦਾ ਆਧਾਰ ਬਣ ਗਿਆ। ਗੁਰੂ ਨਾਨਕ ਬਾਣੀ ਵਿਚ ਵੀ ਇਹ ਪ੍ਰਕਿਰਿਆ ਕੁਝ ਇਸੇ ਤਰ੍ਹਾਂ ਹੀ ਹੋਈ ਦਰਸਾਈ ਗਈ ਹੈ। ਫ਼ਰਕ ਏਨਾ ਹੈ ਕਿ ਗੁਰਬਾਣੀ ਪ੍ਰਾਕ੍ਰਿਤੀ ਦੀ ਥਾਂ ਜਾਂ ਉਸ ਤੋਂ ਅੱਗੇ ਰੱਬ ਦੀ ਹੋਂਦ ਨੂੰ ਜ਼ਰੂਰ ਮੰਨਦੀ ਹੈ।

**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।**
**ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤਿ ਸਮੋਇ।**

ਇਹ ਗੁਰੂ ਨਾਨਕ ਦੇਵ ਜੀ ਹੀ ਸਨ ਜਿਨ੍ਹਾਂ ਨੇ ਅਨੇਕਾਂ ਸੌਰ ਮੰਡਲਾਂ (ਗਲੈਕਸੀਆਂ) ਦੀ ਹੋਂਦ ਬਾਰੇ ਦੱਸਿਆ ਸੀ।

**'ਧਰਤੀ ਹੋਰ ਪਰੈ ਹੋਰ ਹੋਰ।'**
**'ਕੇਤੇ ਇੰਦ ਚੰਦ ਸੂਰ ਕੇਤੇ**
**ਕੇਤੇ ਮੰਡਲ ਦੇਸ'**

ਕੇਤੇ ਮੰਡਲ ਦੇਸ ਤੋਂ ਭਾਵ ਹੋ ਸਕਦਾ ਹੈ ਕਿ ਧਰਤੀ ਵਾਂਗ ਹੋਰ ਗ੍ਰਹਿਾਂ 'ਤੇ ਵੀ ਜੀਵਨ (ਲਾਈਫ਼) ਹੋਵੇ। ਹੁਣੇ ਤਾਰਾ-ਵਿਗਿਆਨੀਆਂ ਨੇ ਇਕ ਗ੍ਰਹਿ (ਐਕਸੋ ਪਲੈਨੇਟ) ਦਾ ਪਤਾ ਲਾਇਆ ਹੈ ਜਿਹੜਾ ਸੂਰਜ ਦੇ ਨਹੀਂ ਬਲਕਿ ਕਿਸੇ ਹੋਰ ਤਾਰੇ ਦੇ ਦੁਆਲੇ ਚੱਕਰ ਕਟਦਾ ਹੈ। ਇਸ ਉਪਰ ਪਾਣੀ ਦੇ ਵਾਸ਼ਪ ਹੋਣ ਦੀ ਉਮੀਦ ਹੈ ਅਤੇ ਇਸ ਦੀ ਸਤਹਿ ਦਾ ਤਾਪਮਾਨ 0 ਤੋਂ 40 ਦਰਜੇ ਸੈਲਸੀਅਸ ਤੱਕ ਹੈ ਜਿਹੜਾ ਜੀਵਨ ਦੇ ਅਨੁਕੂਲ ਹੈ। ਅਜੇ ਤਾਂ ਹੋਰ ਪਤਾ ਨਹੀਂ ਕਿੰਨੇ ਗ੍ਰਹਿ ਲੱਭਣ ਵਾਲੇ ਪਏ ਹਨ।

ਚੰਦਰਮਾ ਸੂਰਜ ਤੋਂ ਰੌਸ਼ਨੀ ਲੈਂਦਾ ਹੈ, ਇਸ ਦੀ ਆਪਣੀ ਕੋਈ ਰੌਸ਼ਨੀ ਨਹੀਂ ਹੈ। ਇਸ ਤੱਥ ਨੂੰ ਵੀ ਬਾਣੀ ਸਪਸ਼ਟ ਕਰਦੀ ਹੈ।

**'ਚੰਦੁ ਸੂਰਜੁ ਦੁਇ ਦੀਪਕ ਰਾਖੇ**
**ਸਸਿ ਘਰਿ ਸੂਰੁ ਸਮਾਇਦਾ।'**
**'ਸਸੀਅਰ ਕੈ ਘਰਿ ਸੂਰੁ ਸਮਾਵੈ।'**
**'ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ।'**

ਵਿਗਿਆਨ ਅਨੁਸਾਰ ਸ੍ਰਿਸ਼ਟੀ ਆਪਣੇ ਆਪ ਵਿਚ ਪੂਰਨ ਹੈ, ਇਹ ਕੁਦਰਤ ਦੇ ਬੱਝੇ ਨੇਮਾਂ ਅਨੁਸਾਰ ਚੱਲ ਰਹੀ ਹੈ। ਬਾਣੀ ਅਨੁਸਾਰ ਵੀ ਤਾਂ ਇਵੇਂ ਹੀ ਹੈ, ਪਰ ਇਥੇ ਕੁਦਰਤ ਦੀ ਥਾਂ ਰੱਬ ਦੀ ਹੋਂਦ ਨੂੰ ਮੰਨਿਆ ਗਿਆ ਹੈ।

**ਪੂਰੇ ਕਾ ਕੀਆ ਸਭ ਕਿਛੁ ਪੂਰਾ**
**ਘਟਿ ਵਧਿ ਕਿਛੁ ਨਾਹੀ।**

ਜੀਵਾਂ ਦੀ ਉਪਤੀ ਅਤੇ ਵਿਸਰਜਣਾ ਬਾਰੇ ਵਿਗਿਆਨ ਦਾ ਮੱਤ ਹੈ ਕਿ ਜੀਵਨ ਤੋਂ ਹੀ ਜੀਵਨ ਪੈਦਾ ਹੋ ਸਕਦਾ ਹੈ। (ਲਾਈਫ਼ ਕੈਨ ਓਨਲੀ ਬੀ ਪ੍ਰੋਡਿਊਸ਼ਡ ਫ਼ਰਾਮ ਲਾਈਫ਼)। ਗੁਰੂ ਜੀ ਇਸ ਬਾਰੇ ਰਾਗ ਮਲਾਰ ਵਿਚ ਇਉਂ ਫੁਰਮਾਉਂਦੇ ਹਨ :

**'ਪਹਿਲਾ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ।**
**ਮਾਸਹੁ ਹੀ ਮਾਸ ਉਪਜੈ ਮਾਸਹੁ ਸਭੋ ਸਾਕੁ।'**
**'ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ।'**
**'ਜੀਅ ਜੰਤ ਸਭਿ ਮਾਸਹੁ ਹੋਇ ਜੀਇ ਲਇਆ ਵਾਸੇਰਾ।'**

ਵਿਗਿਆਨ ਅਤੇ ਨਾਨਕ ਬਾਣੀ ਅਨੁਸਾਰ ਜੀਵ (ਲਾਈਫ਼) ਦੀ ਉਤਪਤੀ ਦਾ ਆਧਾਰ ਪਾਣੀ ਹੈ।

**ਪੰਡੇ ਤੂ ਜਾਣਹਿ ਹੀ ਨਾਹੀ ਕਿਥਹੁ ਮਾਸੁ ਉਪੰਨਾ।**
**ਤੋਇਅਹੁ ਅੰਨੁ ਕਮਾਦੁ**
**ਕਪਾਹਾ ਤੋਇਅਹੁ ਤ੍ਰਿਭਵਣੁ ਗੰਨਾ।**

ਵਿਗਿਆਨ ਨੇ ਤਾਂ ਕਿਤੇ ਮਗਰੋਂ ਜਾ ਕੇ ਇਸ ਤੱਥ ਦੀ ਖੋਜ ਕੀਤੀ ਕਿ ਜੀਵਨ ਆਕਸੀਜਨ ਨਾਲ ਸਾਹ ਲੈਣ ਤੋਂ ਬਿਨਾਂ ਵੀ ਸੰਭਵ ਹੈ ਜਿਵੇਂ ਕਿ ਐਨੋਰੋਬਿਕ ਬੈਕਟੀਰੀਆ ਆਦਿ, ਪਰ ਗੁਰੂ ਜੀ ਨੇ ਸਦੀਆਂ ਪਹਿਲਾਂ ਅਜਿਹਾ ਇਜ਼ਹਾਰ ਕਰ ਦਿੱਤਾ ਸੀ। ਕੇਤੇ ਜੀਵਾਲੇ ਅਸਾਹ। ਭਾਵ ਕਿੰਨੇ ਹੀ ਜੀਵ ਸਾਹ ਲੈਣ ਤੋਂ ਬਿਨਾਂ ਜਿਉਂਦੇ ਹਨ। ਹੁਣ ਵਿਗਿਆਨ ਇਹ ਵੀ ਸਿੱਧ ਕਰ ਚੁੱਕੀ ਹੈ ਕਿ ਮਨੁੱਖਾਂ ਵਾਂਗ ਹੀ ਜਾਨਵਰਾਂ, ਸੂਖਮ ਜੀਵਾਣੂਆਂ ਅਤੇ ਬਨਸਪਤੀ ਅੰਦਰ ਜਾਨ (ਲਾਈਫ਼) ਹੈ ਪਰ ਗੁਰੂ ਜੀ ਨੇ ਪੰਜ ਸੌ ਸਾਲ ਪਹਿਲਾਂ ਇਹ ਤੱਥ ਸਾਹਮਣੇ ਲੈ ਆਂਦਾ ਸੀ ਜਦੋਂਕਿ ਵਿਗਿਆਨ (ਮਾਈਕ੍ਰੋਬਾਇਆਲੋਜੀ) ਨੇ ਸੂਖਮ ਜੀਵਾਣੂਆਂ (ਬੈਕਟੀਰੀਆ, ਫੰਗਸ, ਅਲਗੀ ਤੇ ਆਦਿ) ਬਾਰੇ ਕਿੰਤੇ ਮਗਰੋਂ ਜਾ ਕੇ ਅਜਿਹੀ ਖੋਜ ਕੀਤੀ।

**ਜੇਕਰਿ ਸੂਤਕੁ ਮੰਨੀਐ ਸਭ ਤੈ ਸੂਤਕ ਹੋਇ।**
**ਗੋਹੇ ਅਤੇ ਲਕੜੀ ਅੰਦਰਿ ਕੀੜਾ ਹੋਇ।**
**ਜੇਤੇ ਦਾਣੇ ਅੰਨਥੇ ਜੀਆ ਬਾਝੁ ਨ ਕੋਇ।**
**ਪਹਿਲਾਂ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।**

ਜਿਥੇ ਵਿਗਿਆਨ ਨੇ ਅਜੇ ਤੱਕ ਇਹ ਸਿੱਧ ਕੀਤਾ ਹੈ ਕਿ ਬੱਚੇ ਦੀ ਉਤਪਤੀ ਮਾਤਾ ਅਤੇ ਪਿਤਾ ਦੇ ਦੋ ਕਰੋਮੋਜ਼ੋਮ (ਐਕਸ ਜਮਾ ਐਕਸ ਜਾਂ ਐਕਸ ਜਮਾ ਵਾਈ) ਦੇ ਮਿਲਣ ਦੀ ਕ੍ਰਿਆ ਦੁਆਰਾ ਹੁੰਦੀ ਹੈ, ਉਥੇ ਗੁਰੂ ਜੀ ਨੇ ਵੀ ਕੁਝ ਇਸੇ ਤਰ੍ਹਾਂ ਫਰਮਾਇਆ ਹੈ :

**ਮਾ ਕੀ ਰਕਤੁ ਪਿਤਾ ਬਿਦੁ ਧਾਰਾ।**
**ਮੂਰਤਿ ਸੂਰਤਿ ਕਰਿ ਆਪਾਰਾ।**

ਜਿਥੇ ਵਿਗਿਆਨ ਜੀਵਾਂ ਅੰਦਰ ਖਾਸ ਕਰਕੇ ਮਨੁੱਖੀ ਪ੍ਰਾਣੀਆਂ ਅੰਦਰ ਆਤਮਾ ਵਗੈਰਾ ਦੀ ਹੋਂਦ ਤੋਂ ਇਨਕਾਰੀ ਹੈ, ਜਾਂ ਕਹਿ ਲਓ ਅਜੇ ਤੱਕ ਅਨਜਾਣ ਹੈ, ਉਥੇ ਗੁਰੂ ਜੀ ਸਰੀਰ ਅੰਦਰ ਕਿਸੇ ਅਬਨਾਸ਼ੀ ਤੱਤ ਦੀ ਹੋਂਦ ਨੂੰ ਮੰਨਦੇ ਹਨ।

**'ਦੇਹੀ ਮਾਟੀ ਬੋਲੈ ਪਉਣੁ।**
**ਬੁਝੁ ਰੇ ਗਿਆਨੀ ਮੂਆ ਹੈ ਕਉਣੁ।**
**ਮੂਈ ਸੁਰਤਿ ਬਾਦੁ ਅਹੰਕਾਰੁ**
**ਓਹੁ ਨ ਮੂਆ ਜੋ ਦੇਖਣਹਾਰ।**

ਇਹ ਅਬਨਾਸ਼ੀ ਜੋਤਿ (ਆਤਮਾ) ਸਭ ਜੀਅ ਜੰਤੂਆਂ ਵਿਚ ਹੈ।

**ਏਕਾ ਸੁਰਤਿ ਜੇਤੇ ਹੈ ਜੀਅ॥**
**ਸੁਰਤਿ ਵਿਹੂਣਾ ਕੋਇ ਨਾ ਕੀਆ॥**

ਗੁਰੂ ਜੀ ਨੇ ਇਸ ਜੋਤਿ ਨੂੰ ਹੰਸ ਵੀ ਕਿਹਾ ਹੈ-

**ਕਾਇਆ ਹੰਸ ਸੰਜੋਗ ਮੇਲਿ ਮਿਲਾਇਆ।**

ਗੁਰੂ ਜੀ ਦਾ ਫੁਰਮਾਨ ਹੈ - ਹੁਕਮੈ ਅੰਦਰਿ ਸਭ ਕੋ ਬਾਹਰਿ ਹੁਕਮ ਨ ਕੋਇ। 'ਹੁਕਮ' ਨੂੰ ਆਇਨਸਟੀਨ 'ਕੁਦਰਤ ਦੇ ਨੇਮ' ਦੱਸਦਾ ਹੈ। ਉਸ ਅਨੁਸਾਰ ਵਿਗਿਆਨ ਕੋਈ ਨਵੇਂ ਨੇਮ ਨਹੀਂ ਘੜ ਰਹੀ ਸਗੋਂ ਇਹ ਤਾਂ ਉਨ੍ਹਾਂ ਨੇਮਾਂ ਦੀ ਭਾਲ (ਖੋਜ) ਕਰ ਰਹੀ ਹੈ ਜਿਹੜੇ ਪਹਿਲਾਂ ਹੀ ਕੁਦਰਤ ਨੇ ਬਣਾ ਰੱਖੇ ਹਨ ਜਿਨ੍ਹਾਂ ਮੁਤਾਬਕ ਸਾਰੀ ਸ੍ਰਿਸ਼ਟੀ ਚਲ ਰਹੀ ਹੈ। ਇਹ ਸ੍ਰਿਸ਼ਟੀ ਦੇ ਅੰਦਰ ਵਿਦਮਾਨ ਹਨ। ਆਇਨਸਟੀਨ ਨੇ ਯੁੱਗ-ਪਲਟਾਊ ਵਿਗਿਆਨਕ ਸਿਧਾਂਤ ਕਿਸੇ ਪ੍ਰਯੋਗਸ਼ਾਲਾ ਵਿਚ ਤਜਰਬੇ ਕਰਕੇ ਨਹੀਂ ਬਣਾਏ ਸਨ ਸਗੋਂ ਆਪਣੀ ਤੀਖਣ ਬੁੱਧੀ ਦੁਆਰਾ ਕਲਪਨਾ ਕਰਕੇ ਬਣਾਏ ਸਨ। ਗੁਰੂ ਜੀ ਨੇ ਚਾਰ ਲੰਮੀਆਂ ਉਦਾਸੀਆਂ ਕਰਕੇ ਦੂਰ-ਦੁਰਾਡੀਆਂ ਧਰਤੀਆਂ ਗਾਹ ਕੇ ਸੱਚ ਦੀ ਖੋਜ ਕੀਤੀ ਸੀ। ਉਨ੍ਹਾਂ ਦਾ ਆਪਣਾ ਫੁਰਮਾਨ ਹੈ ਕਿ ਉਨ੍ਹਾਂ ਨੇ ਇਹ ਸੱਚ ਬਣੀ ਘਾਲਣਾ ਨਾਲ ਲੱਭ ਕੇ ਖੋਜ ਕਰਕੇ ਪ੍ਰਾਪਤ ਕੀਤਾ ਹੈ।

**'ਢੋਢੇਲਮ ਢੂਢਮ ਡਿਠ ਮੈ ਨਾਨਕ ਜਗ ਧੁਏ ਕਾ ਧਵਲਹਰ।'**
**'ਖੋਜਤ ਖੋਜਤ ਅੰਮ੍ਰਿਤੁ ਪੀਆ।'**

ਗੁਰੂ ਜੀ ਦੀਆਂ ਉਦਾਸੀਆਂ ਵਧੇਰੀ ਖੋਜ ਦੀ ਮੰਗ ਕਰਦੀਆਂ ਹਨ। ਏਨੇ ਬਿਖੜੇ ਪੈਂਡੇ, ਏਨੇ ਦੁਸ਼ਵਾਰ ਮੌਸਮ, ਦਰਿਆ, ਪਹਾੜ, ਜੰਗਲ, ਭਿਆਨਕ ਖ਼ੂਨੀ ਜਾਨਵਰ, ਨਾ ਖਾਣ ਪੀਣ ਦਾ ਕੋਈ ਪ੍ਰਬੰਧ, ਨਾ ਆਵਾਜਾਈ ਦਾ ਕੋਈ ਸਾਧਨ, ਨਾ ਕੋਈ ਇਕੋ ਬੋਲੀ, ਨਾ ਇਕੋ ਸਭਿਆਚਾਰ, ਨਾ ਇਕੋ ਵਰਤ-ਵਿਹਾਰ। ਇਥੋਂ ਤੱਕ ਕਿ ਉੜੀਸਾ ਵਿਚ ਵੀ ਉਨ੍ਹਾਂ ਦੇ ਆਗਮਨ ਬਾਰੇ ਇਸ਼ਾਰਾ ਮਿਲਦਾ ਹੈ। ਉਥੇ ਪੁਰੀ ਵਿਖੇ ਸਾਲ ਵਿਚ ਇਕ ਵਾਰ ਬਹੁਤ ਵੱਡੀ ਯਾਤਰਾ ਨਿਕਲਦੀ ਹੈ ਜਦੋਂ ਇਕ ਝਾਕੀ ਦੇ ਬੋਲ ਇਹ ਹੁੰਦੇ ਹਨ:

**ਕਹਾਂ ਸੇ ਆਇਆ ਨਾਨਕ ਸਾਈਂ**
**ਕਹਾਂ ਤੁਮਾਰਾ ਡੇਰਾ।**
**ਕਹਾਂ ਤੁਮਾਰਾ ਗੁਰੂ ਕਾ ਗੱਦੀ**
**ਕੌਣ ਦੇਵ ਕਾ ਪਹਿਰਾ**

ਸੱਚ ਦੀ ਖੋਜ ਵਿਚ, ਮਨੁੱਖਤਾ ਦੇ ਭਲੇ ਲਈ ਏਨੇ ਲੰਮੇ ਪੈਂਡੇ ਤੈਅ ਕਰਨਾ ਕਿਸੇ ਵਿਗਿਆਨੀ ਦੁਆਰਾ ਖੋਜ ਵਿਚ ਜੁਟੇ ਹੋਣ ਨਾਲੋਂ ਘੱਟ ਨਹੀਂ।

'ਪੀਪਲਜ਼ ਬੁੱਕਸ ਆਫ਼ ਨੇਚਰਲ ਸਾਇੰਸ' ਦੇ ਸੰਪਾਦਕ ਆਰੋਨ ਬਰਨਸਟਾਈਨ ਨੇ ਲਿਖਿਆ ਨੇ ਲਿਖਿਆ ਹੈ, "ਮਨੁੱਖਾਂ ਅੰਦਰ ਘਰ ਕਰ ਚੁੱਕਿਆ ਧਰਮ ਦਾ ਝੁਕਾਅ ਉਨ੍ਹਾਂ ਦੀ ਮੱਧਮ ਚੇਤਨਾ ਦਾ ਹਿੱਸਾ ਹੈ ਜਿਸ ਅਨੁਸਾਰ ਮਾਨਵਤਾ ਸਣੇ ਸਾਰੀ ਕੁਦਰਤ ਕਿਸੇ ਘਟਨਾ ਦਾ ਸਿੱਟਾ ਨਹੀਂ ਹੈ ਸਗੋਂ ਇਸ ਨਿਯਮਾਂਵਲੀ ਕਰਕੇ ਹੈ ਕਿ ਸਮੁੱਚੀ ਹੋਂਦ ਦੀ ਕੋਈ ਨਾ ਕੋਈ ਬੁਨਿਆਦ ਹੈ।"

ਆਇਨਸਟੀਨ ਮੁਤਾਬਕ "ਅਸੀਂ ਵੇਖਦੇ ਹਾਂ ਕਿ ਬ੍ਰਹਮੰਡ ਦੀ ਤਰਤੀਬ ਬੜੀ ਕਮਾਲ ਦੀ ਹੈ ਜਿਹੜੀ ਕੁਝ ਨਿਸ਼ਚਿਤ ਨੇਮਾਂ 'ਤੇ ਆਧਾਰਿਤ ਹੈ ਪਰ ਸਾਨੂੰ ਇਨ੍ਹਾਂ ਨੇਮਾਂ ਦੀ ਬਹੁਤ ਘੱਟ ਜਾਣਕਾਰੀ ਹੈ-ਕੁਦਰਤ ਦੇ ਨੇਮਾਂ ਵਿਚ ਇਕ ਵਿਸ਼ਾਲ ਉੱਤਮ ਸਪਿਰਿਟ ਵਿਦਮਾਨ ਹੈ।"

ਗੁਰੂ ਨਾਨਕ ਦੇਵ ਜੀ ਨੇ ਜਾਤ ਪਾਤ ਦੇ ਭਿੰਨ ਭੇਦ ਨੂੰ ਮੂਲੋਂ ਨਕਾਰਿਆ ਹੈ-ਫਕੜ ਜਾਤੀ ਫਕੜ ਨਾਓ। ਸਭਨਾ ਜੀਆ ਇਕੋ ਛਾਉ। ਸਾਰੇ ਜੀਅ ਅੰਦਰ ਇਕੋ ਜੋਤ ਪ੍ਰਕਾਸ਼ਮਾਨ ਹੋ ਰਹੀ ਹੈ ਤਾਂ ਫਿਰ ਜਾਪ ਪਾਤ ਕਿਥੋਂ ਆ ਗਈ - ਜਾਣਹੁ ਜੋਤਿ ਨ ਪੂਛਹੁ ਜਾਤਿ ਆਗੈ ਜਾਤਿ ਨ ਹੇ। ਉਨ੍ਹਾਂ ਨੇਤਾਂ ਇਥੋਂ ਤੱਕ ਫਰਮਾਇਆ ਹੈ ਕਿ ਜਿਨ੍ਹਾਂ ਨੂੰ ਨੀਵੇਂ ਕਿਹਾ ਜਾਂਦਾ ਹੈ, ਗੁਰੂ ਜੀ ਤਾਂ ਉਨ੍ਹਾਂ ਤੋਂ ਵੀ ਨੀਵੇਂ ਹਨ ਅਤੇ ਉਨ੍ਹਾਂ ਦੇ ਅੰਗ-ਸੰਗ ਤਹਨ; ਅਖੌਤੀ ਵੱਡੇ ਕਹਾਉਣ ਵਾਲਿਆਂ ਨਾਲ ਉਨ੍ਹਾਂ ਦਾ ਕੋਈ ਵਾਸਤਾ ਨਹੀਂ।

**ਨੀਚਾ ਅੰਦਰਿ ਨੀਚ ਜਾਤਿ ਨੀਚੀ**
**ਹੂ ਅਤਿ ਨੀਚੁ।**
**ਨਾਨਕੁ ਤਿਨਕੈ ਸੰਗਿ ਸਾਥ**
**ਵਡਿਆ ਸਿਉ ਕਿਆ ਰੀਸ॥**
**ਜਿਥੈ ਨੀਚ ਸਮਾਲੀਅਨਿ ਤਿਥੈ**
**ਨਦਰਿ ਤੇਰੀ ਬਖਸੀਸ॥**

ਸਿਰੀ ਰਾਗ ਵਿਚ ਫੁਰਮਾਇਆ ਹੈ ਕਿ ਉਨ੍ਹਾਂ ਨੂੰ ਤਾਂ ਕੋਈ ਵੀ ਨੀਵਾਂ ਨਹੀਂ ਦਿਸਦਾ। ਸਾਰੇ ਸਰੀਰਾਂ ਵਿਚ ਇਕੋ ਪ੍ਰਕਾਸ਼ ਵਿਦਿਤ ਹੈ।

**ਸਭ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ॥**
**ਇਕਨਾ ਭਾਂਡ ਸਾਜਿਐ ਇਕੁ ਚਾਨਣੁ ਤਿਹੁ ਲੋਇ॥**

ਰਾਗ ਆਸਾ ਵਿਚ ਵੀ ਉਹ ਆਪਣੇ ਆਪ ਨੂੰ ਸਭ ਤੋਂ ਨੀਵਾਂ ਮੰਨਦੇ ਹਨ–

**ਹਉ ਢਾਡੀ ਕਾ ਨੀਚਿ ਜਾਤਿ**
**ਹੋਰਿ ਉਤਮ ਜਾਤਿ ਸਦਾਇਦੇ॥**

ਰਾਗ ਪਰਭਾਤੀ ਬਿਭਾਸ ਵਿਚ ਗੁਰੂ ਜੀ ਫਰਮਾਉਂਦੇ ਹਨ ਕਿ ਚੰਗਾ ਜਾਂ ਮੰਦਾ ਸਭ ਕਰਮ ਕਰਨ ਅਨੁਸਾਰ ਹੁੰਦਾ ਹੈ, ਉਚੀ ਜਾਂ ਨੀਵੀਂ ਜਾਤ ਕਾਰਨ ਨਹੀਂ।

**ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ।**
**ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਲੇ।**

ਉਪਰੋਕਤ ਕੁਝ ਕੁ ਮਿਸਾਲਾਂ ਜਾਤ–ਪਾਤ ਦਾ ਖੰਡਨ ਕਰਨ ਹਿਤ ਦਿੱਤੀਆਂ ਗਈਆਂ ਹਨ। ਇਸ ਸੰਦਰਭ ਵਿਚ ਵਿਗਿਆਨ ਦੀ ਪਹੁੰਚ ਬੜੀ ਸਪਸ਼ਟ ਹੈ। ਵਿਗਿਆਨ ਵੀ ਜਾਤ–ਪਾਤ ਨੂੰ ਮੁੱਢੋਂ–ਸੁੱਢੋਂ ਨਕਾਰਦੀ ਹੈ। ਵਿਗਿਆਨ ਅਨੁਸਾਰ ਸਾਰੇ ਪ੍ਰਾਣੀ ਮਾਤਰ ਦਾ ਮੂਲ ਇਕੋ ਹੈ। ਅਜੋਕੇ ਸਾਰੇ ਮਨੁੱਖਾਂ ਦੀ ਪੈਦਾਇਸ਼ ਦਾ ਮੁੱਢ ਅਫ਼ਰੀਕਾ ਅੰਦਰਲੇ ਕਬੀਲਿਆਂ ਤੋਂ ਬੱਝਿਆ ਹੈ। ਸਾਡੀ ਸਾਰਿਆਂ ਦੀ ਆਦਿ ਦਾਦੀ ਜਾਂ ਨਾਨੀ ਅਫ਼ਰੀਕਾ ਵਿਚਲੇ ਨਾਮੀਬੀਆ ਜਾਂ ਬੋਤਸਵਾਨਾ ਅੰਦਰਲੇ ਕਬੀਲਿਆਂ ਦੀ ਕੋਈ ਹਜ਼ਾਰਾਂ ਸਾਲ ਪਹਿਲਾਂ ਹੋ ਗੁਜ਼ਰੀ ਮਾਈ ਹੈ। ਉਸੇ ਦਾ ਡੀ. ਐਨ. ਏ. ਸਾਡੇ ਵਿਚ ਕਿਸੇ ਨਾ ਕਿਸੇ ਸ਼ਕਲ ਵਿਚ ਮੌਜੂਦ ਹੈ। ਸੋ ਇਸ ਪੱਖ ਤੋਂ ਗੁਰੂ ਨਾਨਕ ਬਾਣੀ ਅਤੇ ਵਿਗਿਆਨ ਵਿਚ ਕੋਈ ਮਤਭੇਦ ਨਹੀਂ ਹੈ।

ਗੁਰੂ ਨਾਨਕ ਦੇਵ ਜੀ ਨੇ ਸਖ਼ਤ ਤੋਂ ਸਖ਼ਤ ਅਤੇ ਸਪਸ਼ਟ ਸ਼ਬਦਾਂ ਰਾਹੀਂ ਵਹਿਮਾਂ, ਭਰਮਾਂ, ਪਾਖੰਡਾਂ ਅਤੇ ਕੂੜ ਦਾ ਪਰਦਾਫਾਸ਼ ਕੀਤਾ ਹੈ ਜੋ ਕਿ ਤਰਕ ਦੇ ਆਧਾਰ ’ਤੇ ਵਿਗਿਆਨਕ ਪਹੁੰਚ ਹੈ।

**‘ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥**
**ਗੁਰ ਪੀਰ ਹਾਮਾ ਤਾ ਭਰੇ ਜਾ ਮੁਰਦਾਰ ਨ ਖਾਇ॥**
**ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥’**
**‘ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।**
**ਜੇ ਰਤੁ ਪੀਵਹਿ ਮਾਣਸਾ ਤਿਨ**
**ਕਿਉ ਨਿਰਮਲੁ ਚੀਤਿ।’**
**‘ਕਾਜੀ ਹੋਇਕੇ ਬਹੈ ਨਿਆਇ॥**
**ਫੇਰੇ ਤਸਬੀ ਕਰੇ ਖੁਦਾਇ॥**
**ਵਢੀ ਲੈ ਕੇ ਹਕ ਗਵਾਇ॥’’**

ਰਾਮਕਲੀ ਕੀ ਵਾਰ ਵਿਚ ਪਹਿਲੇ ਮਹਲੇ ਦੇ ਸਲੋਕ ਪਾਖੰਡ ਅਤੇ ਕੂੜ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕਰਦੇ ਹਨ। ਮਿਸਾਲ ਵਜੋਂ ਕੁਝ ਸਤਰਾਂ :

**‘ਸਤੀ ਪਾਪ ਕਰਿ ਸਤੁ ਕਮਾਹਿ।**
**ਗੁਰ ਦੀਖਿਆ ਘਰਿ ਦੇਵਣਿ ਜਾਹਿ।’**
**‘ਸਾਸਤੁ ਬੇਦੁ ਨ ਮਾਨੈ ਕੋਇ।**
**ਆਪੋ ਆਪੈ ਪੂਜਾ ਹੋਇ।**
**ਕਾਜੀ ਹੋਇਕੈ ਬਹੈ ਨਿਆਇ।**
**ਫੇਰੇ ਤਸਬੀ ਕਰੇ ਖੁਦਾਇ।**
**ਵਢੀ ਲੈ ਕੇ ਹਕੁ ਗਵਾਏ।’**
**‘ਦਉਕਾ ਦੇ ਕੈ ਸੁਚਾ ਹੋਇ।**
**ਐਸਾ ਹਿੰਦੂ ਵੇਖੋ ਕੋਇ।’**
**‘ਜੋਗੁ ਨ ਪਾਇਆ ਜੁਗਤਿ ਗਵਾਈ।**
**ਕਿਤੁ ਕਾਰਣਿ ਸਿਰਿ ਛਾਈ ਪਾਈ।’**
**‘ਸੂਤੁ ਪਾਇ ਕਰੇ ਬੁਰਿਆਈ।**
**ਨਾਤਾ ਧੋਤਾ ਥਾਇ ਨ ਪਾਈ।’**
**‘ਜੋਗੀ ਕੈ ਘਰਿ ਜੁਗਤਿ ਕਸਾਈ।**
**ਤਿਤੁ ਕਾਰਣਿ ਕਨਿ ਮੁੰਦ੍ਰਾ ਪਾਈ।’**

ਰਾਗ ਸੂਹੀ ਵਿਚ ਗੁਰੂ ਜੀ ਇਉਂ ਫੁਰਮਾਉਂਦੇ ਹਨ :

**ਨਾਵਣ ਚਲੇ ਭੀਰਥੀ ਮਨਿ ਖੋਟੈ ਤਨਿ ਚੋਰ।**
**ਇਕੁ ਭਾਉ ਲਥੀ ਨਾਤਿਆ**
**ਦੁਇ ਭਾ ਚ ਚੜੀਅਸੁ ਹੋਰੁ।**
**ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ।**
**ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ।**

ਰਾਗ ਬਸੰਤ ਵਿਚ ਵੀ ਅਜਿਹਾ ਹੀ ਫੁਰਮਾਇਆ ਹੈ –

**ਤੀਰਥਿ ਭਰਮੈ ਰੋਗੁ ਨ ਛੂਟਸਿ॥**

ਰਾਗ ਭੈਰਉ ਵਿਚ ਕਰਮ ਕਾਂਡਾਂ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਨਕਾਰਿਆ ਹੈ –

**ਜਗ ਹੋਮ ਪੁੰਨ ਤਪ ਪੂਜਾ**
**ਦੇਹ ਦੁਖੀ ਨਿਤ ਦੂਖ ਸਹੈ॥**

ਰਾਗ ਬਿਲਾਵਲ ਵਿਚ ਵੀ ਕੁਝ ਅਜਿਹਾ ਹੀ ਉਪਦੇਸ਼ ਹੈ –

**‘‘ਪਾਖੰਡਿ ਕੀਨੈ ਮੁਕਤਿ ਨ ਹੋਇ॥’’**
**‘ਅੰਧੇ ਗੁੰਗੇ ਅੰਧ ਅੰਧਾਰੁ।**
**ਪਾਥੁਰ ਲੈ ਪੂਜਹਿ ਮੁਗਧ ਗੰਵਾਰ॥’**

ਰਾਗ ਆਸਾ ਵਿਚ ਤਾਂ ਗੁਰੂ ਜੀ ਪਾਖੰਡਾਂ ਦਾ ਤਿਆਗ ਕਰਨ ਲਈ ਸਿੱਧਾ ਹੋਕਾ ਦੇ ਰਹੇ ਹਨ : ਛੋਡੀ ਲੇ ਪਾਖੰਡਾ॥

ਇਥੇ ਹੀ ਬੱਸ ਨਹੀਂ ਜਿਥੇ ਕਿਤੇ ਵੀ ਪਾਖੰਡਵਾਦ ਜਾਂ ਅਨਿਆ ਜਾਂ ਜ਼ੋਰ ਜ਼ੁਲਮ ਦਿੱਸਿਆ, ਗੁਰੂ ਜੀ ਨੇ ਉਥੇ ਹੀ ਜੁਰਅਤ ਨਾਲ ਇਸ ਦੇ ਵਿਰੁੱਧ ਆਵਾਜ਼ ਉਠਾਈ। ਰਾਗ ਮਲਾਰ ਵਿਚ ਉਚਰੇ ਸ਼ਾਸ਼ਕਾਂ ਖਿਲਾਫ਼ ਇਸ ਤੋਂ ਕਰੜੇ ਸ਼ਬਦ ਕੀ ਹੋ ਸਕਦੇ ਹਨ–

**ਰਾਜੇ ਸੀਹਿ ਮੁਕਦਮ ਕੁੱਤੇ॥**
**ਜਾਇ ਜਗਾਇਨਿ ਬੈਠੇ ਸੁਤੇ।**

ਰਾਜੇ ਦੇ ਕਰਿੰਦਿਆਂ ਅਤੇ ਨੌਕਰਸ਼ਾਹੀ ਦੀਆਂ ਕਰਤੂਤਾਂ ਦਾ ਇਹ ਕਹਿ ਕੇ ਭਾਂਡਾ ਭੰਨਿਆ ਕਿ ਉਹ ਨੌਕਰ–ਚਾਕਰ ਪਰਜਾ ਨੂੰ ਆਪਣੇ ਕਰੂਰ ਨਹੁੰਦਰਾਂ ਨਾਲ ਜ਼ਖ਼ਮੀ ਕਰਦੇ ਹਨ ਅਤੇ ਕੁੱਤਿਆਂ ਵਾਂਗ ਜਨਤਾ ਦਾ ਲਹੂ ਪੀਂਦੇ ਹਨ–

**ਚਾਕਰ ਨਹਦਾ ਪਾਇਨਿ ਘਾਉ॥**
**ਰਤ ਪਿਤੁ ਕੁਤਿਹੋ ਚਟਿ ਜਾਹੁ॥**

ਰਾਗ ਆਸਾ ਵਿਚ ਇਹ ਵੀ ਫੁਰਮਾਨ ਹੈ–

**ਲਬੁ ਪਾਪ ਦੁਇ ਰਾਜਾ ਮਹਤਾ**
**ਕੂੜੁ ਹੋਆ ਸਿਕਦਾਰ॥**

ਨਿਆਂ ਵਿਵਸਥਾ ਏਨੀ ਨਿਘਰ ਚੁੱਕੀ ਸੀ ਵੱਢੀ ਦੇਣ ਤੋਂ ਬਿਨਾਂ ਨਿਆਂ ਦੀ ਉਮੀਦ ਕਰਨੀ ਵੀ ਵਿਅਰਥ ਸੀ

**‘ਰਾਜਾ ਨਿਆਉ ਕਰੇ ਹਥਿ ਹੋਇ॥’**
**‘‘ਮਾਣਸ ਖਾਣੇ ਕਰਹਿ ਨਿਵਾਜ’’**
**ਛੁਰੀ ਵਗਾਇਨ ਤਿਨ ਗਲ ਤਾਗ।’’**

ਇਸ ਤਰ੍ਹਾਂ ਧਾਰਮਿਕ ਆਗੂ ਕਹਾਉਣ ਵਾਲਿਆਂ ਨੂੰ ਆਦਮ ਖਾਣੇ ਆਖਣ ਦੀ ਜੁਰਅਮ ਗੁਰੂ ਜੀ ਹੀ ਕਰ ਸਕਦੇ ਸਨ।

ਮਾਰੂ ਸੋਲਹੇ ਵਿਚ ਉਸ ਸਮੇਂ ਦੇ ਵੱਢੀਖੋਰ ਢਾਂਚੇ ਅਤੇ ਨਿਜ਼ਾਮ ਨੂੰ ਨੰਗਾ ਕਰਨ ਵਿਚ ਵੀ ਕੋਈ ਕਸਰ ਨਹੀਂ ਛੱਡੀ ਅਤੇ ਇਨ੍ਹਾਂ ਸਬਦਾਂ ਨਾਲ ਫਿਟਕਾਰ ਲਗਾਈ ਹੈ :

**ਲੈਕੇ ਵਢੀ ਦੇਨਿ ਉਗਾਹੀ**
**ਦੁਰਮਤਿ ਕਾ ਗਲਿ ਫਾਹਾ ਹੇ।**

ਜਿਵੇਂ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰੀ ਗਈ ਬਾਣੀ ਸਰਬ ਲੋਕਾਈ ਲਈ ਕਲਿਆਣਕਾਰੀ ਹੈ। ਇਸ ਦਾ ਵਿਗਿਆਨਕ ਨਜ਼ਰੀਏ ਨਾਲ ਕੋਈ ਜ਼ਿਕਰਯੋਗ ਟਕਰਾਅ ਨਹੀਂ ਹੈ। ਸਿਵਾਇ ਆਤਮਾ ਅਤੇ ਰੱਬ ਦੀ ਹੋਂਦ ਅਤੇ ਵਰਤਾਰੇ ਤੋਂ। ਪਰ ਇਸ ਨੁਕਤੇ ਤੇ ਵਿਗਿਆਨ ਨਵੇਂ ਤੋਂ ਨਵੇਂ ਤੱਥ ਖੋਜਣ ਵਿਚ ਗਤੀਸ਼ੀਲ ਹੈ। ਨਵੀਆਂ ਖੋਜਾਂ ਕੁਝ ਪੁਰਾਣੀਆਂ ਖੋਜਾਂ ਨੂੰ ਜਾਂ ਤਾਂ ਰੱਦ ਕਰ ਰਹੀਆਂ ਹਨ ਜਾਂ ਉਨ੍ਹਾਂ ਵਿਚ ਗੁਣਾਤਮਕ ਸੋਧ ਕਰ ਰਹੀਆਂ ਹਨ। ਅਜੇ ਪੁਲਾੜ ਦਾ ਕਿਸਨੇ ਅੰਤ ਪਾਇਆ ਹੈ। ਕੀ ਪਤਾ ਕਦੋਂ ਕਿਹੜੀ ਹੈਰਾਨੀਜਨਕ ਖੋਜ ਸਾਹਮਣੇ ਆ ਜਾਵੇ। ਰੱਬ ਦੀ ਹੋਂਦ ਅਤੇ ਆਤਮਾ ਬਾਰੇ ਵਿਗਿਆਨ ਅਜੇ ਕੁਝ ਨਹੀਂ ਦੱਸ ਰਹੀ ਜਾਂ ਇਸ ਤੋਂ ਇਨਕਾਰੀ ਹੈ ਪਰ ਲਗਦਾ ਹੈ ਕਿ ਵਿਗਿਆਨ ਇਸ ਤੋਂ ਮੂਲੋਂ ਇਨਕਾਰੀ ਨਹੀਂ। ਇਕ ਵਾਰ ਆਈਨਸਟੀਨ ਨੇ ਕਿਹਾ ਸੀ, ‘‘ਜਦੋਂ ਮੈਂ ਕਿਸੇ ਸਿਧਾਂਤ (ਥਿਉਰੀ) ਦੀ ਪਰਖ ਕਰ ਰਿਹਾ ਹੁੰਦਾ ਹਾਂ ਤਾਂ ਮੈਂ ਆਪਣੇ ਆਪ ਨੂੰ ਪੁੱਛਦਾ ਹਾਂ ਕਿ ਜੇ ਮੈਂ ਰੱਬ ਹੁੰਦਾ ਤਾਂ ਕੀ ਮੈਂ ਦੁਨੀਆਂ ਨੂੰ ਇਸੇ ਤਰ੍ਹਾਂ ਨਾਲ ਬਣਾਉਂਦਾ।’’ ਇਕ ਹੋਰ ਥਾਂ ਉਹ ਲਿਖਦਾ ਹੈ, ‘‘ਹਰੇਕ ਚੀਜ਼, ਆਦਿ ਹੋਵੇ ਭਾਵੇਂ ਅੰਤ, ਉਨ੍ਹਾਂ ਤਾਕਤਾਂ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ ਜਿਨ੍ਹਾਂ ਉਪਰ ਸਾਡਾ ਕੋਈ ਕੰਟਰੋਲ ਨਹੀਂ ਹੁੰਦਾ। ਅਸੀਂ ਤਾਂ ਦੂਰ ਤੋਂ ਕਿਸੇ ਅਦਿੱਖ ਖਿਲਾੜੀ ਦੇ ਰਹੱਸਮਈ ਰਾਗ ਉਪਰ ਨੱਚ ਰਹੇ ਹਾਂ।’’ ਇਕ ਵਿਚਾਰ ਇਹ ਵੀ ਹੈ ਕਿ ਮਾਨਵਤਾ ਰੂਪੀ ਸੁਰੰਗ ਦੇ ਇਕ ਸਿਰੇ ਤੋਂ ਵਿਗਿਆਨ ਆਪਣੀਆਂ ਖੋਜਾਂ ਵਿਚ ਕਰਮਸ਼ੀਲ ਹੈ ਅਤੇ ਦੂਜੇ ਸਿਰੇ ’ਤੇ ਧਰਮ ਬੈਠੇ ਹਨ। ਜੇ ਦੋਵੇਂ ਸਹੀ ਅਰਥਾਂ ਅਤੇ ਸਹੀ ਸੇਧ ਵਿਚ ਹਾਂਪੱਖੀ ‘ਖੋਜ ਕਾਰਜਾਂ’ ਵਿਚ ਅੱਗੇ ਵਧਦੇ ਰਹੇ ਤਾਂ ਧਰਤੀ ਦਾ ਕੇਂਦਰਬਿੰਦੂ ਲੱਭਣ ਵਾਲੀਆਂ ਡੈਲਫੀ ਦੀਆਂ ਦੋ ਇੱਲਾਂ ਵਾਂਗ ਇਨ੍ਹਾਂ ਦੀ ਕਦੇ ਨਾ ਕਦੇ ਕਿਤੇ ਇਕੋ ਥਾਂ ’ਤੇ ਮਿਲਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਇਹ ਤਾਂ ਇਕ ਅਤੀ ਨਿਮਾਣੀ ਜਿਹੀ ਕੋਸ਼ਿਸ਼ ਸਿਰਫ਼ ਇਸ਼ਾਰੇ–ਮਾਤਰ ਹੈ। ਇਸ ਵਿਚਾਰ ਅਤੇ ਇਸ ਨਜ਼ਰੀਏ ਤੋਂ ਘੋਖਣ ਲਈ ਵਿਦਵਾਨ ਖੋਜਕਾਰਾਂ ਅੱਗੇ ਬਿਨਾਂ ਕਿਸੇ ਕੱਟੜਪੁਣੇ ਤੋਂ ਅੱਗੇ ਵਧਣ ਲਈ ਵਸੀਹ ਖੇਤਰ ਪਿਆ ਹੈ।

# ਸਮਾਜਕ ਸਰੋਕਾਰਾਂ ਦਾ ਫਿਲਮਸਾਜ਼: ਨਕੁਲ ਸਾਹਨੀ

-ਸੁਖਵੰਤ ਹੁੰਦਲ-

(ਡਾਕੂਮੈਂਟਰੀ ਫਿਲਮਸਾਜ਼ ਨਕੁਲ ਸਾਹਨੀ ਨਵੰਬਰ ਮਹੀਨੇ ਵਿੱਚ ਕੈਨੇਡਾ ਦੀ ਫੇਰੀ ’ਤੇ ਆ ਰਿਹਾ ਹੈ। ਪੇਸ਼ ਹੈ ਉਸ ਦੀ ਸੰਖੇਪ ਜਾਣਪਛਾਣ।)



ਡਾਕੂਮੈਂਟਰੀ ਫਿਲਮਸਾਜ਼ ਨਕੁਲ ਸਾਹਨੀ ਡਾਕੂਮੈਂਟਰੀ ਫਿਲਮਸਾਜ਼ੀ ਦੇ ਖੇਤਰ ਵਿੱਚ ਪਿਛਲੇ ਡੇਢ ਦਹਾਕੇ ਤੋਂ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਹੁਣ ਤੱਕ ਉਹ ਫਿਰਕਾਪ੍ਰਸਤੀ, ਅਣਖ ਖਾਤਰ ਕੀਤੇ ਜਾਂਦੇ ਕਤਲਾਂ, ਮਜ਼ਦੂਰਾਂ ਦੇ ਹੱਕਾਂ ਅਤੇ ਸਮਾਜਕ ਨਿਆਂ ਦੇ ਹੋਰ ਮੁੱਦਿਆਂ ’ਤੇ ਕੁੱਝ ਮਹੱਤਵਪੂਰਨ ਫਿਲਮਾਂ ਬਣਾ ਚੁੱਕਾ ਹੈ।

ਦਿੱਲੀ ਦੇ ਜੰਮਪਲ ਨਕੁਲ ਨੇ ਸੰਨ 2005-06 ਵਿੱਚ ਫਿਲਮ ਐਂਡ ਟੈਲੀਵਿਯਨ ਇੰਸਟੀਚਿਊਟ, ਪੂਨੇ ਤੋਂ ਫਿਲਮ ਡਾਇਰੈਕਸ਼ਨ ਦਾ ਡਿਪਲੋਮਾ ਪਾਸ ਕੀਤਾ। ਫਿਲਮ ਐਂਡ ਟੈਲੀਵਿਯਨ ਇੰਸਟੀਚਿਊਟ ਵਿੱਚ ਹੁੰਦਿਆਂ ਉਸ ਨੇ ਕੁਝ ਛੋਟੀਆਂ ਫਿਲਮਾਂ ਬਣਾਈਆਂ। ਉੱਥੋਂ ਪੜ੍ਹਾਈ ਮੁਕਾਉਣ ਤੋਂ ਬਾਅਦ ਉਸ ਨੇ ਆਪਣੀ ਪਹਿਲੀ ਲੰਬੀ ਡਾਕੂਮੈਂਟਰੀ ਪੰਜਾਬ ਦੇ ਛੇਹਰਟਾ ਖੇਤਰ ਵਿੱਚ ਕੱਪੜੇ ਦੀਆਂ ਮਿੱਲਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਇਤਿਹਾਸ ’ਤੇ ਬਣਾਈ।

ਸੰਨ 2012 ਵਿੱਚ ਉਸ ਵੱਲੋਂ ਬਣਾਈ ਫਿਲਮ ‘‘ਇੱਜ਼ਤ ਨਗਰ ਕੀ ਅਸੱਭਿਆ ਬੇਟੀਆਂ’’ ਉੱਤਰੀ ਭਾਰਤ ਵਿੱਚ ‘ਅਣਖ ਖਾਤਰ ਹੁੰਦੇ ਕਤਲਾਂ’ ਦਾ ਵਿਰੋਧ ਕਰ ਰਹੀਆਂ ਨੌਜਵਾਨ ਕੁੜੀਆਂ ਦੇ ਸੰਘਰਸ਼ ਅਤੇ ਖੱਪ ਪੰਚਾਇਤਾਂ ਵੱਲੋਂ ਜਾਰੀ ਕੀਤੇ ਜਾਂਦੇ ਫਰਮਾਨਾਂ ਨੂੰ ਕੇਂਦਰ ਵਿੱਚ ਰੱਖ ਕੇ ਬਣਾਈ ਗਈ ਹੈ। ਇਸ ਫਿਲਮ ਵਿੱਚ ਪੰਜ ਜਾਟ ਕੁੜੀਆਂ ਦੀ ਕਹਾਣੀ ਦੱਸੀ ਗਈ ਹੈ ਜਿਹਨਾਂ ਨੇ ਵਿਆਹਾਂ ਦੇ ਮਾਮਲੇ ਵਿੱਚ ਆਪਣੀ ਮਰਜ਼ੀ ਦੇ ਸਾਥੀ ਚੁਣਨ ਦੀ ਅਜ਼ਾਦੀ ਨੂੰ ਦਬਾਉਣ ਲਈ ਸਮਾਜ ਵੱਲੋਂ ਪਰੰਪਰਾ ਅਤੇ ਸ਼ੁੱਧੀ ਦੇ ਨਾਂ ’ਤੇ ਵਰਤੀ ਜਾਂਦੀ ਹਿੰਸਾ ਵਿਰੁੱਧ ਲੜਨ ਦਾ ਹੌਂਸਲਾ ਕੀਤਾ ਹੈ। ਇਨ੍ਹਾਂ ਔਰਤਾਂ ਦੀ ਕਹਾਣੀ ਅਤੇ ਖੱਪ ਪੰਚਾਇਤਾਂ ਦੀ ਸੋਚ, ਫਰਮਾਨਾਂ ਅਤੇ ਹਿੰਸਾ ਨੂੰ ਆਹਮੋ ਸਾਹਮਣੇ ਰੱਖ ਕੇ ਫਿਲਮ ਅਜੋਕੇ ਭਰਤੀ ਸਮਾਜ ਵਿੱਚਲੇ ਦੋਗਲੇਪਣ, ਜਾਤਪਾਤ, ਲਿੰਗਕ ਵਿਤਕਰੇ ਅਤੇ ਮਰਦਾਨਗੀ ਧੌਂਸ ਨੂੰ ਬਹੁਤ ਹੀ ਸ਼ਕਤੀਸ਼ਾਲੀ ਢੰਗ ਨਾਲ ਨੰਗਾ ਕਰਦੀ ਹੈ।

ਹੁਣ ਤੱਕ ਇਹ ਫਿਲਮ ਦੁਨੀਆ ਦੇ ਕਈ ਇੰਟਰਨੈਸ਼ਨਲ ਫਿਲਮ ਫੈਸਟੀਵਲਾਂ ਵਿੱਚ ਦਿਖਾਈ ਜਾ ਚੁੱਕੀ ਹੈ, ਜਿਨ੍ਹਾਂ ਵਿੱਚੋਂ ਪ੍ਰਮੁੱਖ ਹਨ: ਮੁੰਬਈ ਇੰਟਰਨੈਸ਼ਨਲ ਫਿਲਮ ਫੈਸਟੀਵਲ, ਫਿਲਮ ਸਾਊਥ ਏਸ਼ੀਆ (ਨੇਪਾਲ), ਮਿੰਨੀਐਪਲਿਸ ਸੇਂਟ ਪਾਲ ਇੰਟਰਨੈਸ਼ਨਲ ਫਿਲਮ ਫੈਸਟੀਵਲ, ਕੇਰਲਾ ਦਾ ਦਸਵਾਂ ਇੰਟਰਨੈਸ਼ਨਲ ਡਾਕੂਮੈਂਟਰੀ ਐਂਡ ਸ਼ਾਰਟ ਫਿਲਮ ਫੈਸਟੀਵਲ।

ਜਨਵਰੀ 2015 ਵਿੱਚ ਰਿਲੀਜ਼ ਹੋਈ ਉਸ ਦੀ ਅਗਲੀ ਫਿਲਮ ‘ਮੁਜੱਫਰ ਨਗਰ ਬਾਕੀ ਹੈ‘ ਸੰਨ 2013 ਵਿੱਚ ਮੁੱਜਫਰ ਨਗਰ ਵਿੱਚ ਮੁਸਲਮਾਨ ਵਿਰੋਧੀ ਹਿੰਸਾ ’ਤੇ ਕੇਂਦਰਿਤ ਹੈ। ਇਸ ਫਿਲਮ ਵਿੱਚ ਸਾਹਨੀ ਇਸ ਹਿੰਸਾ ਪਿੱਛੇ ਕੰਮ ਕਰਦੇ ਅਤੇ ਇਸ ਹਿੰਸਾ ਤੋਂ ਪ੍ਰਭਾਵਿਤ ਸਿਆਸੀ ਅਤੇ ਸਮਾਜਕ ਵਰਤਾਰਿਆਂ ਨੂੰ ਉਜਾਗਰ ਕਰਦਾ ਹੈ। ਫਿਲਮ ਵਿੱਚ ਜਿੱਥੇ ਸੰਨ 2013 ਵਿੱਚ ਵਾਪਰੀ ਹਿੰਸਾ ਅਤੇ ਉਸ ਦੇ ਮਾਰੂ ਨਤੀਜਆਂ ਨੂੰ ਰਿਕਾਰਡ ਕੀਤਾ ਗਿਆ ਹੈ, ਉਸ ਦੇ ਨਾਲ ਨਾਲ ਇਸ ਕਤਲੇਆਮ ਦੇ ਵੱਖ ਵੱਖ ਪੱਖਾਂ – ਔਰਤ ਵਿਰੁੱਧ ਲਿੰਗਕ ਹਿੰਸਾ, ਫਿਰਕੂ ਵੰਡੀਆਂ ਨੂੰ ਉਭਾਰਨ ਵਿੱਚ ਬੀ ਜੇ ਪੀ–ਆਰ ਆਰ ਐੱਸ ਐੱਸ ਵਰਗੀਆਂ ਹਿੰਦੂ ਰਾਸ਼ਟਰਵਾਦੀ ਸੰਸਥਾਂਵਾਂ ਦੀ ਭੂਮਿਕਾ, ਹਿੰਦੂਤਵਾ ਸਿਆਸਤ ਵਿੱਚ ਵਿਲੀਨ ਹੁੰਦੀ ਜਾਤੀ ਪਛਾਣ, ਇਸ ਇਲਾਕੇ ਵਿੱਚੋਂ ਸ਼ਕਤੀਸ਼ਾਲੀ ਭਾਰਤੀ ਕਿਸਾਨ ਯੂਨੀਅਨ ਦੀ ਟੁੱਟ–ਭੱਜ ਅਤੇ ਦਲਿਤ ਸਿਆਸਤ ਦੀਆਂ ਕਈ ਤਹਿਆਂ ਅਤੇ ਮੁਸਲਮਾਨ ਭਾਈਚਾਰੇ ਦੀ ਬੇਗਾਨਗੀ– ਨੂੰ ਘੋਖਣ ਦਾ ਯਤਨ ਵੀ ਕੀਤਾ ਗਿਆ ਹੈ।

ਅਗਸਤ 2015 ਵਿੱਚ ਦਿੱਲੀ ਯੂਨੀਵਰਸਿਟੀ ਵਿੱਚ ਇਸ ਫਿਲਮ ਨੂੰ ਦਿਖਾਏ ਜਾਣ ਦੇ ਇਕ ਪ੍ਰੋਗਰਾਮ ਨੂੰ ਵਿਦਿਆਰਥੀਆਂ ਦੀ ਸੱਜੇ ਪੱਖੀ ਜਥੇਬੰਦੀ ਅਖਿਲ ਭਾਰਤੀਆ ਵਿਦਿਆਰਥੀ ਪ੍ਰੀਸ਼ਦ ਨੇ ਭੰਗ ਕਰ ਦਿੱਤਾ ਸੀ ਅਤੇ ਫਿਲਮਸਾਜ਼ ਅਤੇ ਯੂਨੀਵਰਸਿਟੀ ਦੇ ਹੋਰ ਪ੍ਰੋਫੈਸਰਾਂ ਨੂੰ ਆਪਣੇ ਹਮਲੇ ਦਾ ਸ਼ਿਕਾਰ ਬਣਾਇਆ ਸੀ। ਇਸ ਤੋਂ ਬਾਅਦ ਇਸ ਦੇ ਵਿਰੋਧ ਵਿੱਚ ਅਤੇ ਵਿਚਾਰਾਂ ਦੀ ਅਜ਼ਾਦੀ ਦੀ ਹਿਮਾਇਤ ਵਿੱਚ ਪੂਰੇ ਹਿੰਦੁਸਤਾਨ ਵਿੱਚ ਇਸ ਫਿਲਮ ਦੇ 200 ਸ਼ੋਆਂ ਦਾ ਪ੍ਰਬੰਧ ਕੀਤਾ ਗਿਆ। ਉਸ ਤੋਂ ਬਾਅਦ ਹੁਣ ਤੱਕ ਇਹ ਫਿਲਮ ਦੇਸ਼ ਅਤੇ ਵਿਦੇਸ਼ ਵਿੱਚ ਕਈ ਜਾਣੇ ਪਛਾਣੇ ਫਿਲਮ ਫੈਸਟੀਵਲਾਂ ਅਤੇ ਸਮਾਗਮਾਂ ਵਿੱਚ ਦਿਖਾਈ ਜਾ ਚੁੱਕੀ ਹੈ।

ਸੰਨ 2016 ਬਣੀ ਸਾਹਨੀ ਦੀ ਅੱਧੇ ਘੰਟੇ ਦੀ ਛੋਟੀ ਫਿਲਮ ‘ਕੈਰਾਨਾ ਸੁਰਖੀਆਂ ਕੇ ਬਾਅਦ’ ਸਿਆਸਤਦਾਨਾਂ ਵੱਲੋਂ ਪੱਛਮੀ ਉੱਤਰ ਪ੍ਰਦੇਸ਼ ਦੇ ਖੇਤਰ ਵਿੱਚ ਝੂਠੀਆਂ ਖਬਰਾਂ ਫੈਲਾ ਕੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਤਣਾਅ ਅਤੇ ਝਗੜੇ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਦਾ ਪਾਜ਼ ਉਘਾੜਦੀ ਹੈ। ਜੂਨ 2016 ਵਿੱਚ ਇਸ ਇਲਾਕੇ ਦੇ ਭਾਰਤੀ ਜਨਤਾ ਪਾਰਟੀ ਦੇ ਐੱਮ ਪੀ ਹੁਕਮ ਸਿੰਘ ਨੇ ਦਾਅਵਾ ਕੀਤਾ ਸੀ ਕਿ ਇਸ ਇਲਾਕੇ ਦੇ 346 ਹਿੰਦੂ ਪਰਿਵਾਰ ਇਹ ਇਲਾਕਾ ਛੱਡ ਕੇ ਚਲੇ ਗਏ ਹਨ, ਕਿਉਂਕਿ ਮੁਸਲਮਾਨ ਬਹੁਗਿਣਤੀ ਵਾਲੇ ਇਸ ਇਲਾਕੇ ਵਿੱਚ ਮੁਸਲਮਾਨਾਂ ਵੱਲੋਂ ਹਿੰਦੂਆਂ ਨੂੰ ਤੰਗ ਕੀਤਾ ਜਾ ਰਿਹਾ ਹੈ। ਪਰ ਜਲਦੀ ਇਸ ਗੱਲ ਦਾ ਪਤਾ ਲੱਗ ਗਿਆ ਕਿ ਉਸ ਵੱਲੋਂ ਦਿੱਤੀ ਗਈ 346 ਹਿੰਦੂਆਂ ਦੀ ਲਿਸਟ ਝੂਠੀ ਸੀ। ਫਿਲਮ ਵਿੱਚ ਇਸ ਇਲਾਕੇ ਦੇ ਕਈ ਮੁਸਲਮਾਨ, ਹਿੰਦੂ, ਜੈਨ ਆਦਿ ਧਰਮਾਂ ਦੇ ਲੋਕਾਂ ਨੂੰ ਇੰਟਰਵਿਊ ਕੀਤਾ ਗਿਆ ਹੈ। ਇੰਟਰਵਿਊਆਂ ਵਿੱਚ ਇਹ ਲੋਕ ਇਲਾਕੇ ਦੇ ਸਿਆਸਤਦਾਨਾਂ ਵੱਲੋਂ ਆਪਣੇ ਸੌੜੇ ਹਿੱਤਾਂ ਲਈ ਫੈਲਾਈਆਂ ਜਾਂਦੀਆਂ ਝੂਠੀਆਂ ਖਬਰਾਂ ਦਾ ਖੰਡਨ ਕਰਨ ਦੇ ਨਾਲ ਨਾਲ ਇਲਾਕੇ ਦੇ ਲੋਕਾਂ ਦੇ ਅਸਲੀ ਮੁੱਦਿਆਂ ਨੂੰ ਸਾਹਮਣੇ ਲਿਆਉਂਦੇ ਹਨ।

ਸੰਨ 2017 ਵਿੱਚ ਬਣਾਈ ਉਸ ਦੀ ਵੀਹ ਮਿੰਟ ਦੀ ਛੋਟੀ ਫਿਲਮ ‘ਸਵਿਤਰੀ ਭੈਣਾਂ’ ਅਜ਼ਾਦੀ ਕੂਚ ਮਾਰਚ ਵਿੱਚ ਹਿੱਸਾ ਲੈ ਰਹੀਆਂ ਦੋ ਦਲਿਤ ਭੈਣਾਂ – ਲਕਸ਼ਮੀਬੈਨ ਅਤੇ ਮਧੂਬੈਨ– ’ਤੇ ਕੇਂਦਰਿਤ ਹੈ। ਜੁਲਾਈ 2016 ਵਿੱਚ ਗੁਜਰਾਤ ਦੇ ਕਸਬੇ ਊਨਾ ਵਿੱਚ ਇਕ ਦਲਿਤ ਪਰਿਵਾਰ ਦੇ 7 ਜੀਆਂ ਨੂੰ ਗਊ ਰੱਖਸ਼ਕਾਂ ਵੱਲੋਂ ਜਨਤਕ ਤੌਰ ’ਤੇ ਕੁੱਟਿਆ ਗਿਆ ਸੀ। ਜਦੋਂ ਇਸ ਮਾਰਕੁੱਟ ਵੀਡੀਓ ਸੋਸ਼ਲ ਮੀਡੀਏ ’ਤੇ ਲੋਕਾਂ ਵੱਲੋਂ ਵੱਡੀ ਗਿਣਤੀ ਵਿੱਚ ਦੇਖੀ ਗਈ ਤਾਂ ਇਸ ਘਟਨਾ ਵਿਰੁੱਧ ਪੂਰੇ ਸੂਬੇ ਵਿੱਚ ਬਹੁਤ ਸਾਰੇ ਪ੍ਰਦਰਸ਼ਨ ਹੋਏ। ਇਸ ਘਟਨਾ ਤੋਂ ਇਕ ਸਾਲ ਬਾਅਦ ਗੁਜਰਾਤ ਵਿੱਚ ਦਲਿਤਾਂ ਵੱਲੋਂ ‘ਅਜ਼ਾਦੀ ਕੂਚ’ ਯਾਤਰਾ ਦਾ ਪ੍ਰਬੰਧ ਕੀਤਾ ਗਿਆ। ਇਹ ਯਾਤਰਾ ਗੁਜਰਾਤ ਦੇ ਕਈ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿੱਚ ਦੀ ਲੰਘੀ। ਫਿਲਮ ‘ਸਵਿਤਰੀ ਭੈਣਾਂ’ ਇਸ ਯਾਤਰਾ ਵਿੱਚ ਹਿੱਸਾ ਲੈ ਰਹੀਆਂ ਦੋ ਭੈਣਾਂ ਦੇ ਤਜਰਬੇ ਨੂੰ ਰਿਕਾਰਡ ਕਰਦੀ ਹੈ। ਇਕ ਪਾਸੇ ਇਹ ਫਿਲਮ ਦਲਿਤ ਅੰਦੋਲਨ ਵਿੱਚ ਇਨ੍ਹਾਂ ਦੋ ਭੈਣਾਂ ਦੇ ਲੀਡਰ ਬਣ ਕੇ ਉਭਰਨ ਦੀ ਨਿੱਜੀ ਕਹਾਣੀ ਅਤੇ ਜੱਦੋਜਹਿਦ ਨੂੰ ਰਿਕਾਰਡ ਕਰ ਕੇ ਇਸ ਜੱਦੋਜਹਿਦ ਵਿੱਚ ਔਰਤਾਂ ਵੱਲੋਂ ਪਾਏ ਯੋਗਦਾਨ ਨੂੰ ਉਭਾਰਦੀ ਹੈ, ਦੂਜੇ ਪਾਸੇ ਹੋਰ ਔਰਤਾਂ ਨੂੰ ਆਪਣੇ ਹੱਕਾਂ ਲਈ ਜੱਦੋਜਹਿਦ ਕਰਨ ਲਈ ਪ੍ਰੇਰਨਾ ਦਿੰਦੀ ਹੈ।

ਡਾਕੂਮੈਂਟਰੀ ਫਿਲਮਸਾਜ਼ੀ ਤੋਂ ਬਿਨਾਂ ਨਕੁਲ ਸਾਹਨੀ ਪੱਛਮੀ ਉੱਤਰ ਪ੍ਰਦੇਸ਼ ਵਿੱਚ ਇਕ ਚੱਲ–ਚਿੱਤਰ ਅਭਿਆਨ ਨਾਂ ਦਾ ਇਕ ਗਰੁੱਪ ਵੀ ਚਲਾ ਰਿਹਾ ਹੈ। ਇਸ ਗਰੁੱਪ ਦਾ ਮਕਸਦ ਮੁੱਖ ਧਾਰਾ ਮੀਡੀਏ ਵੱਲੋਂ ਅਣਗੌਲੇ ਮੁੱਦਿਆਂ ਨੂੰ ਉਭਾਰਨਾ ਅਤੇ ਜਨਤਕ ਵਿਚਾਰ ਚਰਚਾ ਦੇ ਕੇਂਦਰ ਵਿੱਚ ਲਿਆਉਣਾ ਹੈ। ਇਸ ਮਕਸਦ ਨੂੰ ਪੂਰਾ ਕਰਨ ਲਈ ਗਰੁੱਪ ਆਮ ਲੋਕਾਂ ਨਾਲ ਸੰਬੰਧਤ ਮਸਲਿਆਂ ’ਤੇ ਛੋਟੀਆਂ ਡਾਕੂਮੈਂਟਰੀ ਫਿਲਮਾਂ, ਨਿਊਜ਼ ਫੀਚਰ, ਮੁਲਾਕਾਤਾਂ ਅਤੇ ਲਾਈਵ ਬ੍ਰਾਡਕਾਸਟ ਪ੍ਰੋਗਰਾਮ ਤਿਆਰ ਕਰਦਾ ਹੈ। ਇਸ ਤਰ੍ਹਾਂ ਦੇ ਪ੍ਰੋਗਰਾਮ ਤਿਆਰ ਕਰਨ ਦੇ ਨਾਲ ਨਾਲ ਗਰੁੱਪ ਸਥਾਨਕ ਲੋਕਾਂ ਨੂੰ ਇਸ ਤਰ੍ਹਾਂ ਦੇ ਪ੍ਰੋਗਰਾਮ ਤਿਆਰ ਕਰਨ ਲਈ ਸਿਖਲਾਈ ਵੀ ਦਿੰਦਾ ਹੈ, ਤਾਂ ਕਿ ਉਹ ਵੀਡੀਓ ਰਾਹੀਂ ਆਪਣੀ ਗੱਲ ਆਪ ਕਹਿ ਸਕਣ।

ਇਹ ਖੁਸ਼ੀ ਦੀ ਗੱਲ ਹੈ ਕਿ ਇਸ ਨਵੰਬਰ ਵਿੱਚ ਨਕੁਲ ਸਾਹਨੀ ਕੈਨੇਡਾ ਦੀ ਫੇਰੀ ’ਤੇ ਆ ਰਿਹਾ ਹੈ। ਕੈਨੇਡਾ ਵਿੱਚ ਉਹ ਆਪਣੀ ਫੇਰੀ ਦੀ ਸ਼ੁਰੂਆਤ, 2 ਨਵੰਬਰ 2019 ਨੂੰ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਿੱਚ ‘ਪੈਟਰਨਜ਼ ਆਫ ਪੁਲੀਟੀਕਲ ਵਾਇਲੈਂਸ: 35 ਯੀਅਰਜ਼ ਸਿੰਸ 1984’ ਨਾਂ ਦੇ ਸਮਾਗਮ ਵਿੱਚ ਹਿੱਸਾ ਲੈ ਕੇ ਕਰੇਗਾ। ਇਸ ਸਮਾਗਮ ਵਿੱਚ ਉਸ ਦੀ ਫਿਲਮ ਮੁਜੱਫਰ ਨਗਰ ਬਾਕੀ ਹੈ ਦਿਖਾਈ ਜਾਏਗੀ ਅਤੇ ਸਾਹਨੀ ਨਾਲ ਗੱਲਬਾਤ ਕੀਤੀ ਜਾਵੇਗੀ। ਸੈਂਟਰ ਫਾਰ ਇੰਡੀਆ ਐਂਡ ਸਾਊਥ ਏਸ਼ੀਆ ਰਿਸਰਚ ਵੱਲੋਂ ਕੀਤੇ ਜਾ ਰਹੇ ਇਸ ਸਮਾਗਮ ਬਾਰੇ ਹੋਰ ਜਾਣਕਾਰੀ ਇਸ ਵੈੱਬਸਾਈਟ ਤੋਂ ਲਈ ਜਾ ਸਕਦੀ ਹੈ:

https://cisar.iar.ubc.ca/events/event/patterns-of-political-violence/.

ਕੈਨੇਡਾ ਦੇ ਯੂਨੀਵਰਸਿਟੀ ਖੇਤਰ ਵਿੱਚ ਨਕੁਲ ਸਾਹਨੀ ਦਾ ਦੂਸਰਾ ਪ੍ਰੋਗਰਾਮ 22 ਨਵੰਬਰ 2019 ਨੂੰ ਯੂਨੀਵਰਸਿਟੀ ਆਫ ਟਰਾਂਟੋ, ਮਿਸੀਸਾਗਾ ਵਿਖੇ ਹੋਵੇਗਾ। ਸੈਂਟਰ ਫਾਰ ਸਾਊਥ ਏਸ਼ੀਅਨ ਸਿਵਿਲਾਈਜੇਸ਼ਨ ਵੱਲੋਂ ਕਰਵਾਏ ਜਾ ਰਹੇ ਇਸ ਪ੍ਰੋਗਰਾਮ ਵਿੱਚ ਸਾਹਨੀ ਦੀ ਫਿਲਮ ਮੁਜੱਫਰ ਨਗਰ ਬਾਕੀ ਹੈ ਦਿਖਾਈ ਜਾਵੇਗੀ ਅਤੇ ਸਾਹਨੀ ਨਾਲ ਗੱਲਬਾਤ ਕੀਤੀ ਜਾਵੇਗੀ। ਯੂਨੀਵਰਸਿਟੀ ਆਫ ਟਰਾਂਟੋ ਦੇ ਇਸ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਇਸ ਵੈੱਬਸਾਈਟ ਤੋਂ ਲਈ ਜਾ ਸਕਦੀ ਹੈ:

https://www.eventbrite.ca/e/muzaffarnagar-baaqi-hai-tickets-73689991749

ਯੂਨੀਵਰਸਿਟੀਆਂ ਦੇ ਦਾਇਰੇ ਤੋਂ ਬਿਨਾਂ ਨਕੁਲ ਸਾਹਨੀ ਦੇ ਕਮਿਊਨਿਟੀ ਪ੍ਰੋਗਰਾਮ ਸਰੀ ਵਿੱਚ 3 ਨਵੰਬਰ ਨੂੰ, ਕੈਲਗਰੀ ਵਿੱਚ 15 ਨਵੰਬਰ ਨੂੰ, ਵਿਨੀਪੈੱਗ ਵਿੱਚ 17 ਨਵੰਬਰ ਨੂੰ ਅਤੇ ਟਰਾਂਟੋ ਵਿੱਚ 24 ਨਵੰਬਰ ਨੂੰ ਹੋਣਗੇ। ਇਨ੍ਹਾਂ ਪ੍ਰੋਗਰਾਮਾਂ ਵਿੱਚ ਸਾਹਨੀ ਦੀ ਡਾਕੂਮੈਂਟਰੀ ‘ਇੱਜ਼ਤ ਨਗਰ ਕੀ ਅਸੱਭਿਆ ਬੇਟੀਆਂ’ ਦਿਖਾਈ ਜਾਵੇਗੀ ਅਤੇ ਸ੍ਰੋਤਿਆਂ ਨੂੰ ਨਕੁਲ ਸਾਹਨੀ ਨਾਲ ਸਵਾਲ–ਜਵਾਬ ਕਰਨ ਦਾ ਮੌਕਾ ਮਿਲੇਗਾ। ਇਨ੍ਹਾਂ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਸਰੀ ਵਿੱਚ (604–644–2470), ਕੈਲਗਰੀ ਵਿੱਚ (403–455–4220 ਜਾਂ 403–681–8689), ਵਿਨੀਪੈੱਗ ਵਿੱਚ (204–914–0355 ਜਾਂ 204–488–6960) ਅਤੇ ਟਰਾਂਟੋ ਵਿੱਚ (416–704–0745 ਜਾਂ 416–881–7202) ’ਤੇ ਫੋਨ ਕੀਤਾ ਜਾ ਸਕਦਾ ਹੈ।

ਨੋਟ: ਇਹ ਲੇਖ ਨਕੁਲ ਸਾਹਨੀ ਵੱਲੋਂ ਭੇਜੀ ਜਾਣਕਾਰੀ ਅਤੇ ਵਿੱਕੀਪੀਡੀਏ ’ਤੇ ਮਿਲਦੀ ਜਾਣਕਾਰੀ ਦੇ ਆਧਾਰ ’ਤੇ ਲਿਖਿਆ ਗਿਆ ਹੈ।

–ਕੌੜਾ ਪਰ ਸਚ–

# ਭਾਰਤੀ ਬ੍ਰਾਹਮਣਾਂ ਨੂੰ ਹਰ ਸਾਲ ਮਹਾਤਮਾ ਰਾਵਣ ਦੇ ਪੁਤਲਿਆਂ ਨੂੰ ਸਾੜਨ ਦੀ ਕਿਉਂ ਪੈਂਦੀ ਹੈ ਲੋੜ?

ਰਸ਼ਪਾਲ ਸਿੰਘ ਭਾਰਦਵਾਜ਼, ਸਰੀ



ਭਾਰਤ ਦੇ ਇਤਿਹਾਸਕ ਝਰੋਖੇ ਵੱਲ ਧਿਆਨ ਕੀਤਾ ਜਾਵੇਂ ਤਾਂ ਭਾਰਤ ਇੱਕ ਵਿਸ਼ਾਲ ਦੇਸ਼ ਹੁੰਦਾ ਸੀ ਜਿਥੇ ਸਾਰੇ ਧਰਮਾਂ ਦੇ ਲੋਕ ਆਪਸ ਵਿੱਚ ਬਹੁਤ ਸ਼ਾਤੀਪੂਰਵਕ ਨਾਲ ਰਹਿ ਰਹੇ ਸਨ। ਭਾਰਤੀ ਸੰਵਿਧਾਨ ਅਧੀਨ ਹਰ ਧਰਮ ਦੇ ਇਨਸਾਨ ਭਾਰਤ ਵਿੱਚ ਅਜ਼ਾਦੀ ਨਾਲ ਰਹਿ ਸਕਦੇ ਸਨ ਪਰ ਅੱਜ ਦੇ ਸਮੇਂ ਵਿੱਚ ਇਸ ਅਜ਼ਾਦੀ ਨੂੰ ਭਾਰਤੀ ਸਰਕਾਰ ਵਲੋਂ ਹੌਲੀ ਹੌਲੀ ਖਤਮ ਕੀਤਾ ਜਾ ਰਿਹਾ ਹੈ ਅਤੇ ਅੱਜ ਭਾਰਤ ਦੇ ਲੋਕ ਧਰਮਾਂ ਅਤੇ ਜਾਤਾਂ ਵਿੱਚ ਵੰਡੇ ਜਾ ਰਹੇ ਹਨ। ਭਾਰਤੀ ਸਰਕਾਰ (ਬ੍ਰਾਹਮਣਵਾਦੀ, ਆਰ. ਐਸ.ਐਸ ਵਾਲੇ ਲੋਕ) ਲੋਕਾਂ ਨੂੰ ਹਿੰਦੂਤਵਾ ਦਾ ਪਾਠ ਪੜ੍ਹਾ ਕੇ ਭਾਰਤੀ ਲੋਕਾਂ ਨਾਲ ਬੇਇਨਸਾਫੀ ਕਰ ਰਹੀ ਹੈ। ਹਿੰਦੂਵਾਦੀ ਤਾਕਤਾਂ ਮੰਨੂ ਦੇ ਕਾਨੂੰਨਾਂ ਨੂੰ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ "ਮੰਨੂਸਿਮ੍ਰਤੀ, ਰਾਮ ਚਾਰਿਤਰ ਮਾਨਸ" ਵਰਗੇ ਗ੍ਰੰਥ, ਜੋ ਬ੍ਰਾਹਮਣਵਾਦ ਨਾਲ ਭਰੇ ਹੋਏ ਹਨ, ਜਬਰਦਸਤੀ ਪੜ੍ਹਾਏ ਜਾ ਰਹੇ ਹਨ। ਬ੍ਰਾਹਮਣਵਾਦੀ ਧਾਰਮਿਕ ਰਹੁ-ਰੀਤੀਆਂ ਦੇ ਅਧੀਨ ਮਹਾਤਮਾ ਰਾਵਣ ਤੇ ਉਸਦੇ ਪਰਿਵਾਰਕ ਮੈਂਬਰਾਂ ਦੇ ਪੁਤਲਿਆਂ ਨੂੰ ਦੇਸ਼ਾਂ-ਵਿਦੇਸ਼ਾਂ ਵਿੱਚ ਸਾੜਿਆ ਜਾ ਰਿਹਾ ਹੈ।

ਭਗਵਾਨ ਮਹਾਰਿਸ਼ੀ ਵਾਲਮੀਕ ਦੀ ਰਮਾਇਣ ਦਾ ਅਧਿਐਨ ਕਰਨ ਤੋਂ ਪਤਾ ਚੱਲਦਾ ਹੈ ਕਿ ਰਾਜਾ ਦਸ਼ਰਥ ਦੀਆਂ ਤਿੰਨ ਰਾਣੀਆਂ ਸਨ ਪਰ ਉਨਾਂ ਦੇ ਕੋਈ ਧੀਆਂ-ਪੁੱਤਰ ਨਹੀਂ ਸਨ। ਇੱਕ ਰਿਸ਼ੀ ਦੇ ਮੰਤਰੇ ਹੋਏ ਫੱਲ ਜਾਂ ਪ੍ਰਸ਼ਾਦ ਖਾਣ ਨਾਲ ਰਾਜਾ ਦਸ਼ਰਥ ਦੇ ਘਰ 'ਚ ਚਾਰ ਪੁਤਰ ਪੈਦਾ ਹੋਏ। ਸ਼ਇਦ ਸੁਣਨੇ ਵਿੱਚ ਇਹ ਵੀ ਆਇਆ ਸੀ ਕਿ ਇੱਕ ਲੜਕੀ ਵੀ ਉਨ੍ਹਾਂ ਦੇ ਘਰ ਪੈਦਾ ਹੋਈ ਸੀ ਜਿਸਦਾ ਇਤਿਹਾਸ ਵਿੱਚ ਕੋਈ ਜਿਕਰ ਨਹੀਂ ਆਉਂਦਾ।ਰਾਜਾ ਰਾਮ, ਦਸ਼ਰਥ ਦੇ ਸੱਭ ਤੋਂ ਵੱਡੇ ਪੁੱਤਰ ਸਨ ਜੋ ਆਪਣੇ ਪ੍ਰੀਵਾਰ ਵਿੱਚ ਮਰਿਯਾਦਾ ਪ੍ਰਸ਼ੋਤਮ ਵਜੋਂ ਜਾਣਿਆ ਜਾਂਦਾ ਸੀ ਕਿਉਂਕਿ ਰਾਜਾ ਰਾਮ ਨੇ ਆਪਣੀ ਮਾਤੇਰ ਮਾਤਾ ਕੇਕੈਈ ਦੀ ਵਿਨਾਸ਼ਮਈ ਪ੍ਰੀਵਾਰਕ ਇੱਛਾ ਨੂੰ ਆਪਣੇ ਖਿੜੇ ਮੱਥੇ ਸਵਿਕਾਰ ਕੀਤਾ ਸੀ ਅਤੇ ੧੪ ਸਾਲ ਆਪਣੇ ਪਿਤਾ ਦੇ ਰਾਜ ਦੀ ਹੱਦ ਤੋਂ ਬਾਹਰ ਰਹਿ ਕੇ ਜੰਗਲਾਂ ਵਿੱਚ, ਆਪਣੀ ਧਰਮ ਪਤਨੀ ਸੀਤਾ ਅਤੇ ਆਪਣਾ ਛੋਟਾ ਭਾਈ ਲਖਸ਼ਮਣ ਸਹਿਤ ਬਨਵਾਸੀ ਜਿੰਦਗੀ ਬਤੀਤ ਕੀਤੀ। ਰਾਜਾ ਰਾਮ ਨੇ ਆਪਣੇ ਇਸ ਬਨਵਾਸੀ ਜਿੰਦਗੀ ਵਿੱਚ ਅਨੇਕਾਂ ਪ੍ਰਕਾਰ ਦੇ ਕਸ਼ਟ ਝੱਲੇ ਅਤੇ ਬਹੁਤ ਸਾਰੇ ਰਿਸ਼ੀਮੁਨੀਆਂ ਨਾਲ ਵੀ ਵਿਚਾਰ ਵਿਟਾਂਦਰੇ ਵੀ ਕੀਤੇ ਸਨ।

ਰਾਜਾ ਰਾਮ ਦੇ ਬਨਵਾਸ ਦੇ ੧੩ ਸਾਲ ਬੀਤ ਜਾਣ ਤੋਂ ਬਾਅਦ ਇੱਕ ਅਜੀਬ ਜਿਹੀ ਘੱਟਨਾ ਵਾਪਰੀ ਕਿ ਸ਼੍ਰੀਲੰਕਾ ਦੇ ਰਾਜੇ ਰਾਵਣ ਦੀ ਛੋਟੀ ਭੈਣ ਸ਼ਰੂਪਨੱਖਾ ਜੋ ਅਤਿ ਸੁੰਦਰ ਸੀ, ਅਚਾਨਕ ਉਸਦਾ ਮਿਲਾਪ ਰਾਜਾ ਰਾਮ ਦੇ ਛੋਟੇ ਭਰਾ ਲਖਸ਼ਮਣ ਨਾਲ ਜੰਗਲ ਵਿੱਚ ਹੋਇਆ।ਰਾਜਾ ਰਾਮ ਦੇ ਛੋਟੇ ਭਰਾ ਲਖਸ਼ਮਣ ਵੀ ਅਧਿਕ ਸੋਹਣਾ ਸੁਨੱਖਾ ਜਵਾਨ ਮਰਦ ਸੀ। ਸ਼੍ਰੀਲੰਕਾਂ ਦੇ ਰਾਜੇ ਰਾਵਣ ਦੀ ਛੋਟੀ ਭੈਣ ਸ਼ਰੂਪਨੱਖਾ ਨੇ ਲਖਸ਼ਮਣ ਨਾਲ ਦੋਸਤੀ ਦਾ ਹੱਥ ਵਧਾਇਆ ਸੀ। ਪਰ ਵੱਧਕਿਸਮਤੀ ਨਾਲ ਲੁਖਸ਼ਮਣ ਨੇ ਸ਼ਰੂਪਨੱਖਾ ਦਾ ਨੱਕ ਤਲਵਾਰ ਨਾਲ ਵੱਡ ਦਿੱਤਾ ਸੀ। ਲੁਖਸ਼ਮਣ ਦੀ ਇਹ ਜਾਣ-ਬੁੱਝ ਕੇ ਕੀਤੀ ਗਲਤੀ ਨੂੰ ਇਤਿਹਾਸਕਾਰ ਉਚਤ ਨਹੀਂ ਸੱਮਝਦੇ ਕਿਉਂਕਿ ਲੁਖਸ਼ਮਣ ਨੂੰ ਇੱਕ ਔਰਤ ਦਾ ਨੱਕ ਵੱਡਣ ਦਾ ਕੋਈ ਹੱਕ ਨਹੀਂ ਸੀ।ਜ਼ਖਮੀ ਹੋਈ ਸ਼ਰੂਪਨੱਖਾ ਆਪਣੇ ਭਰਾ ਰਾਜੇ ਰਾਵਣ ਦੇ ਦਰਬਾਰ ਵਿੱਚ ਆਪਣਾ ਦੁੱਖ ਦਰਦ ਲੈ ਕੇ ਗਈ ਸੀ। ਇਥੇ ਅਸੀਂ ਮਹਿਸੂਸ ਕਰ ਸਕਦੇ ਹਾਂ ਕਿ ਅਗਰ ਸਾਡੀ ਭੈਣ ਦਾ ਨੱਕ ਵੱਢਿਆ ਜਾਵੇ ਤਾਂ ਅਸੀ ਦੋਸ਼ੀ ਨੂੰ ਜਾਨੋ ਮਾਰ ਦੇਣ ਤੱਕ ਜਾਂਦੇ ਹਾਂ ਪਰ ਰਾਜਾ ਰਾਵਣ ਤਾਂ ਸ਼੍ਰੀਲੰਕਾਂ ਦਾ ਰਾਜਾ ਸੀ ਸੋ ਉਸਦੀ ਭੈਣ ਦੀ ਜੋ ਹਾਲਤ ਲਖਸ਼ਮਣ ਨੇ ਕੀਤੀ ਉਸਨੂੰ ਬਰਦਾਸ਼ਤ ਕਰਨਾ ਉਸ ਲਈ ਨਾ-ਮੁਮਕਨ ਸੀ। ਮਹਾਤਮਾ ਰਾਵਣ ਨੇ ਇਸ ਦੇ ਬਦਲੇ ਵਿੱਚ ਰਾਜਾ ਰਾਮ ਦੀ ਪਤਨੀ ਸੀਤਾ ਮਾਤਾ ਨੂੰ ਆਪਣੇ ਰਾਜ ਵਿੱਚ ਜ਼ਬਰਨ ਚੁੱਕ ਲਿਆਂਦਾ ਸੀ। ਮਹਾਤਮਾ ਰਾਵਣ ਨੇ ਆਪਣੇ ਸੁੰਦਰ ਬਾਗ ਅਸ਼ੋਕਾ ਵਾਟਿਕਾ ਵਿੱਚ ਸੀਤਾ ਮਾਤਾ ਦੀ ਇਛਿਆ ਅਨੁਸਾਰ ਖੁੱਲੇ ਮੈਦਾਨ 'ਚ ਰਹਿਣ ਦੀ ਇਜਾਜਤ ਦਿੱਤੀ ਸੀ ਅਤੇ ਸੀਤਾ ਮਾਤਾ ਦੀ ਰਾਜ ਦਰਵਾਰੀਆਂ ਵਲੋਂ ਪੂਰੀ ਦੇਖ ਭਾਲ ਕੀਤੀ ਗਈ। ਸੀਤਾ ਮਾਤਾ ਦੇ ਅਪਹਰਣ ਕਰਕੇ ਰਾਜਾ ਰਾਮ ਅਤੇ ਮਹਾਤਮਾ ਰਾਵਣ ਦੀਆਂ ਫੌਜਾਂ ਵਿੱਚਕਾਰ ਬਹੁਤ ਲੰਬੀ ਲੜਾਈ ਹੋਈ। ਰਾਜਾ ਰਾਮ ਨੇ ਮਹਾਤਮਾ ਰਾਵਣ ਦੇ ਭਰਾ ਭਾਵੀਸ਼ਣ ਨੂੰ ਸ਼੍ਰੀਲੰਕਾ ਦਾ ਰਾਜ ਦੇਣ ਦਾ ਲਾਲਚ ਦੇ ਕੇ ਉਸਦੇ ਬਦਲੇ ਰਾਜਾ ਰਾਵਣ ਦੇ ਸਾਰੇ ਪ੍ਰੀਵਾਰਕ ਮੈਂਬਰਾਂ ਦਾ ਗੁਪਤ ਭੇਦ ਲੈ ਲਿਆ ਤੇ ਰਾਜਾ ਰਾਮ ਨੇ ਮਹਾਤਮਾ ਰਾਵਣ ਦੇ ਸਾਰੇ ਪ੍ਰਵਾਰ ਨੂੰ ਖਤਮ ਕਰ ਦਿੱਤਾ। ਇਸ ਘਟਨਾ ਤੋਂ ਬਾਅਦ ਇਹ ਭਾਰਤੀ ਕਹਾਵਤ ਬਣੀ ਕਿ "ਘਰ ਦਾ ਭੇਤੀ ਲੰਕਾ ਢਾਏ"। ਬ੍ਰਾਹਮਣ ਸਮਾਜ ਅੱਜ ਵੀ ਬਹੁਜਨ ਲੋਕਾਂ ਨੂੰ ਧੰਨ ਦੋਲਤ ਦੇ ਲਾਲਚ ਦੇ ਕੇ ਬਹੁਜਨ ਸਮਾਜ ਦੇ ਲੋਕਾਂ ਦਾ ਘਾਣ ਕਰਦੇ ਹਨ।

ਇਤਿਹਾਸਕਾਰ ਦੱਸਦੇ ਹਨ ਕਿ ਭਗਵਾਨ ਮਹਾਰਿਸ਼ੀ ਵਾਲਮੀਕ ਨੇ ਇਸ ਸਾਰੀ ਘਟਨਾ ਨੂੰ 'ਰਮਾਇਣ' ਨਾਂਅ ਦੇ ਗ੍ਰੰਥ ਵਿਚ ਵਿਸਥਾਰ ਸਹਿਤ ਵਰਣਨ ਕੀਤਾ ਅਤੇ ਸੀਤਾ ਮਾਤਾ ਤੇ ਉਸਦੇ ਪੁੱਤਰ ਲਵ ਤੇ ਕੁਸ਼ ਦੀ ਦੇਖ ਭਾਲ ਵੀ ਕੀਤੀ। ਲਵ-ਕੁਸ਼ ਉਸ ਸਮੇਂ ਦੇ ਮਹਾਨ ਸ਼ਕਤੀਸ਼ਾਲੀ ਯੋਧੇ ਮੰਨੇ ਗਏ ਹਨ ਜਿਨਾਂ ਨੇ ਆਪਣੇ ਪਿਤਾ ਰਾਜਾ ਰਾਮ ਦੇ ਰਾਜ ਦੀਆ ਧੱਜੀਆਂ ਉੜਾ ਦਿੱਤੀਆ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਰਾਜਾ ਰਾਮ ਨੂੰ ਰਾਜਾ ਰਾਮ ਅਤੇ ਰਾਵਣ ਨੂੰ 'ਰਾਵਣ' ਲਿਖਿਆ ਗਿਆ ਹੈ। ਭਗਵਾਨ ਮਹਾਰਿਸ਼ੀ ਵਾਲਮੀਕ ਨੇ ਆਪਣੇ ਗ੍ਰੰਥ ਵਿੱਚ ਕਿਤੇ ਵੀ ਰਾਮ ਨੂੰ ਅਵਤਾਰ ਨਹੀਂ ਲਿਖਿਆ ਸਗੋਂ ਰਾਜਾ ਰਾਮ ਹੀ ਲਿਖਿਆ ਹੈ। ਰਮਾਇਣ ਵਿਚ ਕਿਧਰੇ ਵੀ ਰਾਮ ਦੇ ਬਨਵਾਸ ਵਾਪਸੀ ਤੇ ਆਯੁਧਿਆ ਵਾਸੀਆਂ ਵਲੋਂ ਦੀਪ ਮਾਲਾ ਕਰਨ ਦਾ ਵਰਨਣ ਨਹੀਂ ਮਿਲਦਾ। ਇਸਦੀ ਘੋਖ ਕਰਨ ਤੋਂ ਬਾਅਦ ਪਤਾ ਚਲਦਾ ਹੈ ਕਿ ਰਾਜਾ ਰਾਮ ਨੇ ਮਹਾਤਮਾ ਰਾਵਣ ਦੀ ਬ੍ਰਮ ਹੱਤਿਆ ਕੀਤੀ ਸੀ। ਇਸ ਲਈ ਰਾਜਾ ਰਾਮ ਨੇ ਆਪਣੇ ਰਾਜਨੀਤਕ ਦਰਬਾਰੀਆਂ ਤੇ ਪ੍ਰੋਹਤਾਂ ਤੋਂ ਸਲਾਹ ਲੈਣ ਬਾਅਦ ਪਛਤਾ-ਤਾਪ ਜੱਗ ਕਰਵਾਇਆ ਤਾਂ ਜੋ ਬ੍ਰਮ ਹੱਤਿਆ ਤੋਂ ਦੋਸ਼-ਮੁਕਤ ਹੋ ਸਕੇ।

ਬ੍ਰਾਹਮਣਵਾਦੀ ਲੋਕਾਂ ਨੇ ਭਗਵਾਨ ਮਹਾਰਿਸ਼ੀ ਵਾਲਮੀਕ ਦੇ ਲਿਖੇ "ਗ੍ਰੰਥ ਰਮਾਇਣ" ਨੂੰ ਮਿਟਾਉਣ ਵਾਸਤੇ ਮਹਾਨ ਕਵੀ ਤੁਲਸੀ ਦਾਸ ਤੋਂ ਇੱਕ ਹੋਰ ਗ੍ਰੰਥ ਲਿਖਵਾਇਆ, ਤਾਂ ਜੋ ਰਮਾਇਣ ਦੇ ਅਸਲੀਅਤ ਤੱਥਾਂ ਨੂੰ ਭਾਰਤੀ ਬਹੁਜਨ ਸਮਾਜ ਨੂੰ ਗੁਮਰਾਹ ਕੀਤਾ ਜਾਵੇ।ਤੁਲਸੀ ਦਾਸ ਨੇ ਜਦੋਂ "ਰਾਮ ਚਾਰਿਤਰ ਮਾਨਸ" ਗ੍ਰੰਥ ਲਿਖਿਆ ਤਾਂ ਬਨਾਰਸ ਦੇ ਬ੍ਰਾਹਮਣਾ ਨੇ ਤੁਲਸੀ ਦਾਸ ਨੂੰ ਗੰਗਾ ਘਾਟ ਦੇ ਮੰਦਰਾਂ ਵਿੱਚ ਬੈਠਣ ਤੋਂ ਮਨਾਹੀ ਕਰ ਦਿੱਤੀ ਸੀ ਕਿਉਂਕਿ ਤੁਲਸੀ ਦਾਸ ਨੇ ਰਾਜਾ ਰਾਮ ਨੂੰ ਆਪਣੇ "ਰਾਮ ਚਾਰਿਤਰ ਮਾਨਸ ਗ੍ਰੰਥ" ਵਿੱਚ ਪਹਿਲੀ ਵਾਰ ਰਾਮ ਅਵਤਾਰ ਲਿਖਿਆ ਸੀ ਜੋ ਉਸ ਸਮੇਂ ਵਿੱਚ ਬ੍ਰਾਹਮਣਾ ਦੀ ਵਿਚਾਰਧਾਰਾ ਅਨੁਸਾਰ ਗਲਤ ਪ੍ਰਚਾਰ ਕੀਤਾ ਸੀ ਅਤੇ ਉਸ ਸਮੇਂ ਦੇ ਬ੍ਰਾਹਮਣਾਂ ਨੇ ਵੀ ਸਖਤ ਵਿਰੋਧ ਕੀਤਾ ਸੀ।

ਸੰਨ 1625 'ਚੋਂ ਤੁਲਸੀ ਦਾਸ ਦੇ ਚੇਲੇ ਮੇਘ ਭਗਤ ਨੇ ਰਾਮ ਲੀਲਾ ਨਾਟਕ ਲਿਖਿਆ ਅਤੇ ਇਸ ਨਾਟਕ ਨੂੰ ਕਈ ਸਾਲ ਸਰਕਾਰ ਵਲੋਂ ਖੇਡਣ ਨਹੀਂ ਦਿੱਤਾ ਗਿਆ ਪਰ ਜਦੋਂ ਇਸ ਨਾਟਕ ਨੂੰ ਖੇਡਣਾ ਸ਼ੁਰੂ ਕੀਤਾ ਤਾਂ ਉਸ ਸਮੇਂ ਇਹ ਪ੍ਰੰਪਰਾ ਵੀ ਹੁੰਦੀ ਸੀ ਕਿ ਜੋ ਵੀ ਆਦਮੀ ਜਿਸ ਦੇਵਤੇ ਦਾ ਰੋਲ ਅਦਾ ਕਰਦਾ ਉਸਨੂੰ ਨੂੰ ਰਾਮ ਲੀਲਾ ਸਮਾਪਤ ਹੋਣ ਉਪਰੰਤ ਉਸਦੀ ਉਸੇ ਦੇਵਤੇ ਦੇ ਨਾਂਅ ਤੇ ਉਸਦੀ ਬਲੀ ਦੇ ਦਿੱਤੀ ਜਾਂਦੀ, ਇਹ ਬਲੀ ਦੇਣ ਦੀ ਰਸਮ ਬ੍ਰਿਟਿਸ਼ ਸਰਕਾਰ ਵੇਲੇ ਬੰਦ ਕਰ ਦਿੱਤੀ ਗਈ।

ਬ੍ਰਿਟਿਸ਼ ਸਰਕਾਰ ਦੇ ਸਮੇਂ 1854 'ਚ ਇੱਕ ਕਿਤਾਬ ਚੋਂ ਵੇਰਵਾ ਮਿਲਦਾ ਹੈ ਕਿ ਉਸ ਸਮੇਂ ਵਿੱਚ ਰਾਮ ਲੀਲਾ ਖੇਡੀ ਜਾਂਦੀ ਸੀ ਪਰ ਪੁਤਲੇ ਨਹੀਂ ਜਲਾਏ ਜਾਂਦੇ ਸਨ। 1925 ਵਿੱਚ ਭਾਰਤ ਵਿੱਚ ਆਰ.ਐਸ.ਐਸ. ਗੈਰ ਸੰਵਿਧਾਨਕ ਸੰਸਥਾ ਉਨ੍ਹਾਂ ਬ੍ਰਾਹਮਣਵਾਦੀ ਲੋਕਾਂ ਨੇ ਬਣਾਈ, ਜਿਨਾਂ ਨੇ ਮਹਾਤਮਾ ਰਾਵਣ ਦਾ ਪੁਤਲਾ ਸੰਨ 1904 ਪਹਿਲੀ ਬਾਰ ਸਾੜਨਾ ਸ਼ੁਰੂ ਕੀਤਾ। ਹੋਲੀ ਹੋਲੀ ਮਹਾਤਮਾ ਰਾਵਣ ਤੇ ਉਸਦੇ ਪ੍ਰੀਵਰਕ ਮੈਂਬਰਾਂ ਦੇ ਪੁਤਲਿਆ ਵਿੱਚ ਪਟਾਖੇ ਲਗਾ ਕੇ ਸਾੜਨੇ ਸ਼ੁਰੂ ਕੀਤੇ ਗਏ ਅਤੇ ਝੂਠੀਆਂ ਖੁਸ਼ੀਆਂ ਮਨਾਈਆਂ ਜਾਣ ਲੱਗੀਆਂ। ਬ੍ਰਾਹਮਣਵਾਦੀ ਲੋਕ ਜਦੋਂ ਰਾਵਣ ਦੇ ਪੁਤਲੇ ਨੂੰ ਸਾੜਦੇ ਹਨ ਤਾਂ ਇਨਾਂ ਦੀਆਂ ਔਰਤਾਂ ਮਹਾਤਮਾ ਰਾਵਣ ਦੇ ਪੁਤਲੇ ਦੀ ਸੜੀ ਹੋਈ ਲੱਕੜੀ ਘਰ ਨੂੰ ਲੈ ਕੇ ਜਾਂਦੀਆਂ ਹਨ ਅਤੇ ਆਪਣੇ ਬਿਸਤਰੇ ਦੇ ਨਾਲ ਰਖਦੀਆਂ ਹਨ ਤਾਂ ਜੋ ਉਨਾਂ ਦੀ ਕੁੱਖ 'ਚੋਂ ਮਹਾਤਮਾ ਰਾਵਣ ਵਰਗੀ ਸੰਤਾਨ ਪੈਦਾ ਹੋਵੇ।

ਮਹਾਤਮਾ ਰਾਵਣ ਉਸ ਸਮੇਂ ਵਿੱਚ ਉਚਕੋਟੀ ਦਾ ਵਿਦਿਵਾਨ ਸੀ ਜਿਸਨੇ ਸਾਰੇ ਦੇਵਤਿਆਂ ਨੂੰ ਪ੍ਰਾਜਿਤ ਕੀਤਾ ਹੋਇਆ ਸੀ ਅਤੇ ਮਹਾਤਮਾ ਰਾਵਣ ਨੇ ਕੱਠਨ ਤਪੱਸਿਆ ਕਰਕੇ, ਭਗਵਾਨ ਸ਼ਿਵ ਸ਼ੰਕਰ ਨੂੰ ਖੁਸ਼ ਕਰਕੇ ਸਾਰੇ ਗਿਆਨ ਪ੍ਰਾਪਤ ਕੀਤੇ ਸਨ ਅਤੇ ਦੇਵਤਿਆਂ ਨੂੰ ਆਪਣੀ ਹਾਰ ਦਾ ਸਦਾ ਹੀ ਦੁੱਖ ਰਹਿੰਦਾ ਸੀ। ਮਹਾਤਮਾ ਰਾਵਣ ਦੇ ਭਾਰਤ ਵਿੱਚ ਕਈ ਇਤਿਹਾਸਕ ਮੰਦਰ ਮਾਯੂਦ ਹਨ ਜਿਥੇ ਅੱਜ ਵੀ ਉਨਾਂ ਦੇ ਸ਼ਰਧਾਲੂਆਂ ਵਲੋਂ ਮਹਾਤਮਾ ਰਾਵਣ ਦੀ ਪੂਜਾ ਬਹੁਤ ਹੀ ਸ਼ਰਧਾ ਪੂਰਵਕ ਕੀਤੀ ਜਾਂਦੀ ਹੈ। ਬਹੁਤ ਸਾਰੇ ਭਾਰਤੀ ਬ੍ਰਾਹਮਣ ਵੀ ਸਦੀਆ ਤੋਂ ਰਾਵਣ ਦੇ ਪੁਤਲਿਆਂ ਨੂੰ ਜਲਾਉਣ ਦਾ ਵਿਰੋਧ ਕਰਦੇ ਰਹੇ ਹਨ।

ਮਹਾਤਮਾ ਰਾਵਣ ਨੇ ਔਰਤਾਂ ਦਾ ਸਦਾ ਹੀ ਸਤਿਕਾਰ ਕੀਤਾ ਸੀ ਅਤੇ ਸੀਤਾ ਮਾਤਾ ਨੂੰ ਵੀ ਇੱਕ ਪ੍ਰਾਈ ਇਸਤਰੀ ਵਾਂਗ ਹੀ ਸਨਮਾਨ ਪੂਰਵਕ ਆਪਣੇ ਅਸ਼ੋਕ ਵਾਟਿਕਾ ਵਿੱਚ ਰੱਖਿਆ। ਮਹਾਤਮਾ ਰਾਵਣ ਸ਼੍ਰੀਲੰਕਾਂ ਦਾ ਰਾਜਾ ਹੁੰਦਿਆਂ ਹੋਏ ਵੀ ਸੀਤਾ ਮਾਤਾ ਦੇ ਸੰਭੋਗ ਨੂੰ ਭੰਗ ਨਹੀਂ ਕੀਤਾ। ਇਥੇ ਸੋਚਣ ਵਾਲੇ ਤੱਥ ਹਨ ਕਿ ਜੇ ਕਰ ਮਹਾਤਮਾ ਰਾਵਣ ਨੇ ਸੀਤਾ ਮਾਤਾ ਨਾਲ ਕੋਈ ਮਾੜਾ ਕਰਮ ਨਹੀ ਕੀਤਾ ਸੀ ਤਾਂ ਪਰ ਫਿਰ ਬ੍ਰਾਹਮਣਵਾਦੀ ਲੋਕ ਮਹਾਤਮਾ ਰਾਵਣ ਨੂੰ ਦੁਸ਼ਟ-ਪਾਪੀ ਕਿਉਂ ਕਹਿਦੇ ਹਨ? ਅਤੇ ਰਾਜਾ ਰਾਮ ਦੀ ਪ੍ਰਸ਼ੰਸ਼ਾ ਕਿਉਂ ਕਰਦੇ ਹਨ? ਜਦੋਂ ਕਿ ਬ੍ਰਹਮਣਵਾਦੀ ਲੋਕ ਰਾਜਾ ਰਾਮ ਜਾਂ ਲਖਸ਼ਮਣ ਦੀ ਕੀਤੀ ਹੋਈ ਗਲਤੀ ਨੂੰ ਕਦੇ ਵੀ ਸੰਵਿਕਾਰ ਨਹੀ ਕਰਦੇ ਕਿਉਂਕਿ ਰਾਜਾ ਰਾਮ ਬ੍ਰਾਹਮਣਵਾਦੀਆਂ ਦਾ ਰਾਜਾ ਸੀ ਜੋ ਬ੍ਰਾਹਮਣਵਾਦੀ ਵਿਵਸਥਾ ਨੂੰ ਬਣਾਈ ਰੱਖਣਾ ਚਾਹੁੰਦਾ ਸੀ ਜਿਵੇਂ ਅੱਜ ਮਾਨਯੋਗ ਮੋਦੀ ਸਾਹਿਬ ਰਾਜਾ ਰਾਮ ਵਾਲਾ ਆਚਰਣ ਰੱਖਦੇ ਹਨ ਅਤੇ ਸਮਾਜ ਵਿੱਚ ਜਾਤਪਾਤ, ਵੱਧ ਰਹੇ ਜ਼ੁਰਮਾਂ ਨੂੰ ਬ੍ਰਾਹਮਣਵਾਦੀ ਵਿਵਸਥਾ ਅਧੀਨ ਬਣਾਈ ਰੱਖਣਾ ਚਾਹੁੰਦਾ ਹੈ।

ਅੱਜ ਦਾ ਭਾਰਤੀ ਬਹੁਜਨ ਸਮਾਜ ਸੋਚਣ ਵਾਸਤੇ ਮਜਬੂਰ ਹੋ ਗਿਆ ਹੈ ਕੇ ਹਿੰਦੂ ਸਮਾਜ ਦੇਸ਼ ਵਿਦੇਸ਼ ਵਿੱਚ ਹਰ ਸਾਲ ਮਹਾਤਮਾ ਰਾਵਣ ਅਤੇ ਉਸਦੇ ਪ੍ਰੀਵਾਰ ਦੇ ਪੁਤਲੇ ਸਾੜਨ ਦੀ ਪ੍ਰੰਪਰਾ ਕਿਉਂ ਚਲਾ ਰਿਹਾ ਹੈ ਜਦੋਂ ਕਿ ਰਮਾਇਣ ਦੀ ਕਹਾਣੀ ਕਈ ਹਜ਼ਾਰ ਸਾਲ ਪਹਿਲਾ ਦੀ ਹੈ ਜਿਥੇ ਰਾਜਾ ਰਾਮ ਨੇ ਆਪਣੇ ਛੋਟੇ ਭਰਾ ਲਖਸ਼ਮਣ ਨੂੰ ਮਰ ਰਹੇ ਮਹਾਤਮਾ ਰਾਵਣ ਤੋਂ ਸਿੱਖਿਆ ਲੈਣ ਵਾਸਤੇ ਭੇਜਿਆ ਸੀ। ਸੋ ਜੋ ਮਹਾਤਮਾ ਰਾਵਣ ਨੇ ਸਿੱਖਿਆ ਦਿੱਤੀ, ਉਹ ਬਹੁਤ ਹੀ ਮਹੱਤਵ ਪੂਰਣ ਸੀ। ਮਹਾਤਮਾ ਰਾਵਣ ਇੱਕ ਦੂਰ-ਦ੍ਰਿਸ਼ਟੀ ਵਾਲਾ ਇਨਸਾਨ ਸੀ ਜਿਸਨੂੰ ਸਾਰੇ ਵੇਦਾਂ ਦਾ ਗਿਆਨ ਸੀ।

ਸੰਸਾਰ ਦੇ ਲੋਕ ਜੋ ਰਮਾਇਣ ਦੇ ਗ੍ਰੰਥ ਵਿੱਚ ਵਿਸ਼ਵਾਸ਼ ਕਰਦੇ ਹਨ ਉਨਾਂ ਨੂੰ ਭਗਵਾਨ ਮਹਾਰਿਸ਼ੀ ਵਾਲਮੀਕ ਦੀ ਰਮਾਇਣ ਤੇ ਵਿਚਾਰ ਗੋਸ਼ਟੀ ਕਰਨੀ ਚਾਹੀਦੀ ਹੈ ਕਿਉਂਕਿ ਤੁਲਸੀ ਦਾਸ ਦੀ ਲਿਖੀ ਹੋਈ ਰਮਾਇਣ ਗ੍ਰੰਥ "ਰਾਮ ਚ੍ਰਤਿਰ ਮਾਨਸ" ਜੋ ਕਿ ਬ੍ਰਹਮਣਵਾਧੀ ਵਿਚਾਰਧਾਰਾ ਦਰਸਾਉਂਦੀ ਜਿਸ ਵਿੱਚ ਔਰਤਾਂ ਅਤੇ ਸ਼ੂਦਰਾਂ ਨੂੰ ਨੀਚ ਲਿਖਿਆ ਗਿਆ ਅਤੇ ਇਨਾਂ ਨੂੰ ਕੁਟਣ-ਮਾਰਨ ਦੇ ਅਦੇਸ਼ ਦਿੱਤੇ ਗਏ ਹਨ। ਇਸ ਲਈ ਇਸਨੂੰ ਇੱਕ ਧਾਰਮਿਕ ਗ੍ਰੰਥ ਨਹੀ ਮੰਨਿਆ ਜਾ ਸਕਦਾ।

ਬਹੁਜਨ ਸਮਾਜ ਅਤੇ ਘੱਟ ਗਿਣਤੀਆਂ ਦੇ ਲੋਕਾਂ ਨੂੰ ਬ੍ਰਾਹਮਣਵਾਦ ਨੇ ਖਾਸ ਕਰਕੇ ਵਾਲਮੀਕ ਸਮਾਜ ਨੂੰ ਬਹੁਤ ਸਮੇਂ ਤੋਂ ਭਗਵਾਨ ਬਾਲਮੀਕ ਰਮਾਇਣ ਬਾਰੇ ਗੁਮਰਾਹ ਕੀਤਾ ਹੋਇਆ ਸੀ। ਹਿੰਦੂਆ ਦੇ ਸਾਰੇ ਮੰਦਰਾਂ ਵਿੱਚ ਭਗਵਾਨ ਮਹਾਰਿਸ਼ੀ ਬਾਲਮੀਕ ਦੀ ਰਮਾਇਣ ਕਿਧਰੇ ਵੀ ਦੇਖੀ ਨਹੀ ਜਾਂਦੀ ਅਤੇ ਨਾ ਹੀ ਪੜ੍ਹੀ ਜਾਂਦੀ ਹੈ ਕਿਉਂਕਿ ਬ੍ਰਹਮਣਵਾਦੀ ਲੋਕ ਵਾਲਮੀਕ ਭਰਾਵਾਂ ਨੂੰ ਅਤੇ ਭਗਵਾਨ ਮਹਾਰਿਸ਼ੀ ਵਾਲਮੀਕ ਨੂੰ ਅੱਜ ਵੀ ਅਛੂਤ ਸਮਝਦੇ ਹਨ। ਜਿਸ ਕਰਕੇ ਬ੍ਰਹਮਣਵਾਦੀ ਲੋਕ ਤੁਲਸੀ ਦਾਸ ਦੀ "ਰਾਮ ਚ੍ਰਤਿਰ ਮਾਨਸ" ਗ੍ਰੰਥ ਹੀ ਆਪਣੇ ਮੰਦਰਾਂ ਜਾ ਘਰਾਂ ਵਿੱਚ ਰੱਖਦੇ ਹਨ ਅਤੇ ਉਸਦਾ ਅਧਿਐਨ ਕਰਦੇ ਹਨ।

ਮਹਾਤਮਾ ਰਾਵਣ ਨੂੰ ਮਾਰਨ ਉਪਰੰਤ ਸੀਤਾ ਮਾਤਾ ਦੀ ਅਗਨੀ ਪ੍ਰੀਖਿਆ ਲੈਣੀ ਵੀ ਇਨਸਾਨੀਅਤ ਤੋਂ ਥੱਲੇ ਡਿਗਣੇ ਦੇ ਬਰਾਬਰ ਹੀ ਸੀ ਅਤੇ ਸਾਨੂੰ ਰਾਜਾ ਰਾਮ ਨੂੰ ਇੱਕ ਅਵਤਾਰੀ ਪੁਰਸ਼ ਕਹਿਣਾ ਵੀ ਪਾਪ ਹੈ ਅਤੇ ਰਾਜਾ ਰਾਮ ਦੇ ਰਾਜ ਵਿੱਚ ਵਿੱਚ ਇੱਕ ਬ੍ਰਹਮਣਾ ਦਾ ਪੁਤਰ ਬੁਖਾਰ ਨਾਲ ਮਰ ਗਿਆ ਸੀ। ਬ੍ਰਹਮਣ ਦੇ ਕਹਿਣ ਤੇ ਰਾਜਾ ਰਾਮ ਨੇ ਸ਼ੰਬੂਕ ਰਿਸ਼ੀ ਦਾ ਕੱਤਲ ਕਰ ਦਿੱਤਾ ਕਿਉਂਕਿ ਸ਼ੰਭੂਕ ਰਿਸ਼ੀ ਰਾਜਾ ਰਾਮ ਦੇ ਇਲਾਕੇ ਵਿੱਚ ਤਪੱਸਿਆ ਕਰ ਰਿਹਾ ਸੀ।ਰਾਜਾ ਰਾਵਣ ਨੇ ਸ਼ੰਭੂਕ ਰਿਸ਼ੀ ਦਾ ਕਤਲ ਇਸ ਕਰਕੇ ਕੀਤਾ ਸੀ ਕਿਉਂਕਿ ਸ਼ੰਭੂਕ ਰਿਸ਼ੀ ਇੱਕ ਸ਼ੂਦਰ ਸੀ ਅਤੇ ਰਾਜਾ ਰਾਮ ਦੇ ਰਾਜ ਵਿੱਚ ਅਛੂਤਾਂ ਅਤੇ ਸ਼ੂਦਰਾ ਨੂੰ ਪੜਨਾ-ਲਿਖਣਾ, ਪ੍ਰਮਾਤਮਾ ਦਾ ਨਾਮ ਜਪਣ ਅਤੇ ਕਈ ਹੋਰ ਪਾਬੰਦੀਨੁਮਾ ਉਪਰਾਲੇ ਕਰਦਾ ਸੀ। 21ਵੀਂ ਸਦੀ ਵਿੱਚ ਰਹਿ ਕੇ ਵੀ ਬ੍ਰਾਹਮਣਵਾਦੀ ਲੋਕ ਇਸ ਨੂੰ ਸਮਝ ਨਹੀਂ ਰਹੇ ਕੇ ਰਾਜਾ ਰਾਮ ਇੱਕ ਅਵਤਾਰ ਪੁਰਸ਼ ਕਿਵੇਂ ਹੋ ਸਕਦੇ ਹਨ?

ਬ੍ਰਹਮਣਵਾਦੀ ਲੋਕ ਮਹਾਤਮਾ ਰਾਵਣ ਅਤੇ ਉਸਦੇ ਪ੍ਰੀਵਾਰ ਦੇ ਮੈਂਬਰਾਂ ਦੇ ਪੁਤਲੇ ਇਸ ਕਰਕੇ ਸਾੜਦੇ ਹਨ ਤਾ ਜੋ ਬ੍ਰਾਹਮਣਵਾਦੀ ਲੋਕ ਇਸ ਗਲਤ ਪ੍ਰੰਪਰਾਂ ਨੂੰ ਆਪਣੀਆਂ ਆਉਣ ਵਾਲੀਆਂ ਪੀੜੀਆਂ ਤੱਕ ਇਹ ਗੁੰਮਰਾਹਕੁੰਨ ਝੂਠ ਪਹੁੰਚਾ ਸਕਣ ਤਾਂ ਜੋ ਬ੍ਰਾਹਮਣੀ ਸੁਪਰਮੈਸੀ ਪੈਦਾ ਰੱਖ ਸਕਣ।

ਮੰਨੂਵਾਦੀ ਬ੍ਰਾਹਮਣ ਅਤੇ ਆਰ. ਐਸ. ਐਸ. ਵਾਲੇ ਲੋਕ ਬਹੁਜਨ ਸਮਾਜ ਅਤੇ ਘੱਟ ਗਿਣਤੀਆਂ ਦੇ ਲੋਕਾਂ ਨੂੰ ਆਪਣੇ ਧਾਰਮਿੱਕ ਗ੍ਰੰਥਾਂ ਰਾਹੀਂ ਮਾਨਸਿਕ ਗੁਲਾਮ ਬਣਾਉਂਦੇ ਹਨ ਅਤੇ ਇਹ ਬ੍ਰਾਹਮਣਵਾਦੀ ਲੋਕ ਆਪਣੀ ਹੀ ਨੋਜਵਾਨ

ਪੀੜੀ ਨੂੰ ਇਹ ਅਹਿਸਾਸ ਕਰਵਾਉਂਦੇ ਹਨ ਕਿ ਜੋ ਪੁਰਾਤਨ ਸਮਿਆਂ ਵਿੱਚ ਹੋਇਆ ਉਹ ਬਿਲਕੁਲ ਠੀਕ ਸੀ ਅਤੇ ਪ੍ਰਮਾਤਮਾ ਦੇ ਕਾਰਣਾਂ ਕਰਕੇ ਹੀ ਬਹੁਜਨ ਸਮਾਜ ਅਤੇ ਘੱਟ ਗਿਣਤੀਆਂ ਦੇ ਲੋਕਾਂ ਦਾ ਜੀਵਨ ਉਨਾਂ ਤੇ ਨਿਰਭਰ ਹੁੰਦਾ ਹੈ। ਸੋ ਪ੍ਰਮਾਤਮਾ ਨੇ ਹੀ ਬਹੁਜਨ ਸਮਾਜ ਅਤੇ ਘੱਟ ਗਿਣਤੀਆਂ ਦੇ ਲੋਕਾਂ ਨੂੰ ਪਿਛਲੇ ਜਨਮਾਂ ਦੇ ਪਾਪਾਂ ਕਾਰਨ ਹੀ ਪੜਾਈ, ਲਿਖਾਈ, ਪ੍ਰਮਾਤਮਾ ਦੀ ਪੂਜਾ, ਚੰਗੇ ਘਰਾਂ ਵਿੱਚ ਨਾ ਰਹਿਣਾ, ਗੰਦਗੀ ਵਿੱਚ ਰਹਿਣਾ, ਗੰਦੇ ਕੰਮ ਕਰਨੇ ਅਤੇ ਬ੍ਰਹਾਮਣਾ ਦੀ ਸੇਵਾ ਕਰਨ ਵਾਸਤੇ ਬਣਾਇਆ ਹੈ।

ਇਨਾਂ ਸਾਰੀਆਂ ਸਮਾਜਿਕ ਕੁਰੀਤੀਆਂ ਨੂੰ ਬ੍ਰਾਹਮਣਵਾਦੀ ਵਿੱਵਸਥਾ ਸਕੂਲਾਂ ਕਾਲਜਾਂ 'ਚੋਂ ਪੜ੍ਹਾਉਣ ਵਾਲੇ ਮੰਨੂਵਾਦੀ ਅਧਿਆਪਕ ਇਨਾਂ ਬ੍ਰਾਹਮਣਵਾਦੀ, ਵੇਦਾਂ-ਪੁਰਾਣਾਂ ਦੀਆਂ ਪੁਰਾਣੀਆਂ ਝੂਠੀਆ ਗਥਾਵਾਂ ਨੂੰ ਬ੍ਰਾਹਮਣੀ ਇਤਿਹਾਸ ਬਣਾ ਕੇ ਭਾਰਤ ਦੇ ਬਹੁਜਨ ਸਮਾਜ ਅਤੇ ਘੱਟ ਗਿਣਤੀਆਂ ਦੇ ਲੋਕਾਂ ਦੀ ਨਵੀਂ ਪੀੜੀ ਨੂੰ ਦਿਖਾਉਂਦੇ ਹਨ ਅਤੇ ਪੜਾਉਂਦੇ ਹਨ ਜਿਸ ਨਾਲ ਇਹ ਲੋਕ ਬਹੁਜਨ ਸਮਾਜ ਦੀ ਮਾਨਸਿਕ ਗੁਲਾਮੀ ਨੂੰ ਹੋਰ ਮਜ਼ਬੂਤ ਕਰਦੇ ਹਨ। ਮਜੌਦਾ ਸਮੇਂ ਵਿੱਚ ਭਾਰਤ ਦੇ ਮੀਡੀਆ ਚੈਨਲ ਕਲਰ ਟੀ.ਵੀ. ਵਲੋਂ ਭਗਵਾਨ ਮਹਾਰਿਸ਼ੀ ਬਾਲਮੀਕ ਦੀ ਫਿਲਾਸਫੀ ਨੂੰ ਗੱਲਤ ਵਿਚਾਰਧਾਰਾ ਵਿੱਚ ਤਬਦੀਲ ਕਰਕੇ ਸ਼੍ਰੀ ਰਾਜਾ ਰਾਮ ਚੰਦਰ ਨੂੰ ਬ੍ਰਾਹਮਣਵਾਦੀ ਲੋਕ ਰਿਸ਼ੀ ਬਾਲਮੀਕ ਤੋਂ ਉਪਰ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਪਰ ਹੁਣ ਬਹੁਜਨ ਸਮਾਜ ਆਪਣੇ ਇਤਿਹਾਸ ਨੂੰ ਜਾਣ ਚੁਕਾ ਹੈ।ਬਹੁਜਨ ਸਮਾਜ ਦੀ ਵਿਚਾਰਧਾਰਾ ਬੱਦਲ ਰਹੀ ਹੈ।ਭਾਵੇਂ ਇਹ ਲੋਕ ਸਾਡੇ ਸਮਾਜ ਵਿੱਚ ਭਵਿਸ਼ਣ ਵਰਗੇ ਲੋਕ ਧੰਨ ਦੇ ਕੇ ਉਨਾ ਵਰਗਲਾ ਲੈਂਦੇ ਹਨ। ਪਰ ਹੁਣ ਬਹੁਜਨ ਸਮਾਜ ਦੇ ਲੋਕ ਮਹਾਤਮਾ ਰਾਵਣ ਦੀ ਕੀਤੀ ਹੋਈ ਗਲਤੀ ਨੂੰ ਦੁਹਰਾਉਣ ਨਹੀ ਦੇਣਗੇ ਕਿਉਂਕਿ ਮਹਾਤਮਾ ਰਾਵਣ ਨੂੰ ਉਸ ਸਮੇਂ ਭਵੀਸ਼ਣ ਨੂੰ ਖੱਤਮ ਕਰਵਾ ਦੇਣਾ ਚਾਹੀਦਾ ਸੀ ਜਦੋਂ ਉਸਨੇ ਆਪਣੇ ਰਾਜ ਦਾ ਵਿਰੋਧ ਕੀਤਾ ਸੀ ਅਤੇ ਜਿਸ ਦੀ ਵਜਾ ਨਾਲ ਸਾਰੀ ਲੰਕਾ ਦਾ ਵਿਨਾਸ਼ ਹੋਇਆ ਸੀ।

ਓਸੈਰੋ ਕੇਨੈਡਾ ਸਰ੍ਹੀ ਵੈਨਕੁਵਰ ਵਿੱਚ ਸਮਾਜਿਕ ਕੁਰੀਤੀਆ ਦਾ ਸਦਾ ਹੀ ਵਿਰੋਧ ਕਰਦੀ ਆਈ ਹੈ ਅਤੇ ਪਿਛਲੇ ਸੱਮਿਆਂ ਵਿੱਚ ਹਿੰਦੂ ਵੈਦਿਕ ਮੰਦਰ ਸਰ੍ਹੀ ਅਤੇ ਐਬਸਡੋਰਡ ਦੇ ਹਿੰਦੂ ਮੰਦਰ ਨੂੰ ਕਾਨੂੰਨੀ ਤੌਰ ਤੇ ਜਾਗਰੂਕ ਕੀਤਾ ਗਿਆ ਸੀ।ਪਰ ਫਿਰ ਵੀ ਕੱਟੜ ਹਿੰਦੂ ਲੋਕ ਇਸ ਪ੍ਰਥਾ ਨੂੰ ਜਾਰੀ ਰਖਣ ਦੇ ਯਤਨ ਕਰ ਰਹੇ ਹਨ।ਭਾਰਤ ਵਿੱਚ ਧਰਮ ਦੇ ਨਾਮ ਉਪਰ ਜਾਤ-ਪਾਤ ਫੈਲਾਉਣਾ ਅਤੇ ਹਿੰਦੂਤਵਾ ਦਾ ਪਸਾਰ ਕਰਨੇ ਨਾਲ ਬਹੁਜਨ ਸਮਾਜ ਦੇ ਲੋਕਾਂ ਦਾ ਸ਼ੋਸਣ ਕੀਤਾ ਜਾਂਦਾ ਹੈ ਅਤੇ ਕੇਨੈਡੀਅਨ ਹਿੰਦੂ ਲੋਕ ਇਸ ਹਿੰਦੂ ਧਾਰਮਿਕ ਰੀਤੀਆਂ ਨੂੰ ਕੇਨੈਡਾ ਵਿੱਚ ਵੀ ਲਗਾਤਾਰ ਜਾਰੀ ਰੱਖਣਾ ਚਾਹੁੰਦੀਆਂ ਹਨ ਪਰ ਕੇਨੈਡਾ ਦੇ ਕਾਨੂੰਨ ਤਹਿਤ ਕਿਸੇ ਵੀ ਧਾਰਮਿੱਕ ਸੰਸਥਾ ਨੂੰ "ਹੇਟ ਕਰਾਇਮ" ਅਧੀਨ ਦੂਜੀਆਂ ਕਿਊਮਿਨਟੀਆਂ ਦੇ ਧਰਮਾਂ ਨੂੰ ਕੇਨੈਡਾ ਦਾ ਸੰਵਿਧਾਨ ਇਜਾਜ਼ਤ ਨਹੀ ਦਿੰਦਾ।ਕੇਨੈਡਾ ਦੀਆਂ ਸਰਕਾਰਾਂ ਨੂੰ ਇਸ ਗੱਲ ਦਾ ਧਿਆਨ ਕਰਨਾ ਚਾਹੀਦਾ ਕਿ ਭਾਰਤੀ ਬਹੁਜਨ ਸਮਾਜ ਦੇ ਲੋਕਾਂ ਦੇ ਹੱਕਾਂ ਦੀ ਵੀ ਰਾਖੀ ਕਰਨੀ ਚਾਹੀਦੀ ਹੈ। ਬਹੁਜਨ ਸਮਾਜ ਦੇ ਲੋਕਾਂ ਦਾ ਵੀ ਸੰਵਿਦਾਨਕ ਹੱਕ ਬਣਦਾ ਹੈ ਕਿ ਰਾਜਾ ਰਾਮ, ਲ਼ਖਸ਼ਮਣ ਅਤੇ ਭਵੀਸ਼ਣ ਦੇ ਪੁਤਲੇ ਸਾੜ ਸੱਕਦੇ ਹਨ ਪਰ ਇਸ ਤਰ੍ਹਾਂ ਕਰਨ ਨਾਲ ਕੇਨੈਡਾ ਵਿੱਚ ਦੋ ਕਿਊਮਿੰਨਟੀਆਂ ਵਿੱਚ ਹਾਲਾਤ ਖਰਾਬ ਹੋ ਸਕਦੇ ਹਨ ਅਤੇ ਭਾਰਤੀ-ਕੇਨੈਡੀਅਨ ਨਵੀਂ ਪੀੜੀ ਉਪਰ, ਇਸਦਾ ਬਹੁਤ ਭੈੜਾ ਅਸਰ ਪੈ ਸੱਕਦਾ ਹੈ। ਕੇਨੈਡਾ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਸਰ੍ਹੀ, ਐਬਸਡੋਰਡ ਅਤੇ ਕੇਨੈਡਾ ਵਿੱਚ ਮਾਹਤਮਾ ਰਾਵਣ ਤੇ ਉਸਦੇ ਪ੍ਰੀਵਾਰਕ ਮੈਂਬਰਾਂ ਦੇ ਪੁਤਲੇ ਨਾ ਸਾੜਨ ਦਿੱਤੇ ਜਾਣ ਜੋ ਇੱਕ ਹੇਟ ਕਰਾਇਮ ਹੈ ਅਤੇ ਕੇਨੈਡਾ ਦੇ ਵਾਤਾ- ਵਰਣ ਨੂੰ ਨੁਕਸਾਨ ਦੇਹ ਹੈ। ਸਰ੍ਹੀ ਸ਼ਹਿਰ ਦੇ ਬਾਈ ਲਾਅ ਵੀ ਇਸਦੀ ਇਜਾਜ਼ਤ ਨਹੀ ਦਿੱਦਾ।

778-866-7755

*ਪੰਜਾਬ ਦੀ ਵਿਦਿਆਰਥੀ ਲਹਿਰ ਦੇ ਇਤਿਹਾਸ ਦਾ ਸ਼ਾਨਮੱਤਾ ਪੰਨਾ*

# ਮੋਗਾ ਗੋਲ਼ੀ ਕਾਂਡ ਵਿਰੁੱਧ ਉੱਠੀ ਵਿਦਿਆਰਥੀ ਲਹਿਰ

ਗੁਰਪ੍ਰੀਤ

ਅਕਤੂਬਰ 1972 ਵਿੱਚ ਪੰਜਾਬ ਦੇ ਸ਼ਹਿਰ ਮੋਗੇ ਵਿਖੇ ਇੱਕ ਅਜਿਹਾ ਗੋਲ਼ੀ ਕਾਂਡ ਵਾਪਰਿਆ ਜਿਸਨੇ ਉਸ ਵੇਲ਼ੇ ਪੰਜਾਬ ਦੀ ਲੋਕਾਈ ਦੇ ਗੁੱਸੇ ਤੇ ਨਫ਼ਰਤ ਨੂੰ ਲਾਵੇ ਦੇ ਰੂਪ ਵਿੱਚ ਫੁੱਟਣ ਦਾ ਮੌਕਾ ਦਿੱਤਾ ਤੇ ਸਮੁੱਚੇ ਸੂਬੇ ਵਿੱਚ ਇਨਕਲਾਬੀ ਊਰਜਾ ਦਾ ਸੰਚਾਰ ਕੀਤਾ। ਇਸ ਕਾਂਡ ਨੇ ਪੰਜਾਬ ਵਿੱਚ ਨਵੇਂ ਸਿਰਿਓਂ ਨਾ ਸਿਰਫ਼ ਵਿਦਿਆਰਥੀ ਲਹਿਰ ਦੇ ਜਥੇਬੰਦ ਹੋਣ ਦਾ ਮੁੱਢ ਬੰਨ੍ਹਿਆ ਸਗੋਂ ਇਸਤੋਂ ਵੀ ਅੱਗੇ ਵਧ ਕੇ ਇਸਨੇ ਪੰਜਾਬ ਦੇ ਨੌਜਵਾਨਾਂ, ਕਿਰਤੀਆਂ, ਕਿਸਾਨਾਂ ਤੇ ਮੁਲਾਜ਼ਮਾਂ ਨੂੰ ਵੀ ਜਥੇਬੰਦ ਲਹਿਰਾਂ ਦੇ ਰੂਪ ਵਿੱਚ ਉੱਭਰਨ ਵਿੱਚ ਮਦਦ ਕੀਤੀ। ਆਪਣੀ ਇਸੇ ਅਹਿਮ ਮਹੱਤਤਾ ਕਾਰਨ ਇਹ ਅੱਜ ਵੀ ਨਾ ਸਿਰਫ਼ ਪੰਜਾਬ ਦੇ ਵਿਦਿਆਰਥੀਆਂ ਸਗੋਂ ਸਮੁੱਚੀ ਜੁਝਾਰੂ ਲੋਕਾਈ ਲਈ ਪ੍ਰੇਰਣਾ ਦਾ ਸੋਮਾ ਬਣਿਆ ਹੋਇਆ ਹੈ। ਇਸ ਘਟਨਾ ਨੂੰ ਅੱਜ 43 ਸਾਲ ਦਾ ਸਮਾਂ ਬੀਤ ਚੁੱਕਾ ਹੈ, ਇਸ ਲਈ ਅੱਜ ਨਵੀਂ ਪੀੜੀ ਨੂੰ ਇਸ ਮਹਾਨ ਵਿਰਸੇ ਤੋਂ ਜਾਣੂ ਕਰਵਾਉਣ ਲਈ ਇਸਦੀ ਚਰਚਾ ਕਰਨ ਦੀ ਅਹਿਮ ਲੋੜ ਹੈ।

ਮੋਗਾ ਗੋਲ਼ੀ ਕਾਂਡ ਦੇ ਨਾਮ ਨਾਲ਼ ਜਾਣਿਆ ਜਾਂਦਾ ਇਹ ਸੁਰਖ਼ ਪੰਨਾ ਉਸ ਵੇਲ਼ੇ ਮੋਗੇ ਵਿਖੇ ਚਲਦੇ ਰੀਗਲ ਸਿਨੇਮੇ ਨਾਲ਼ ਜੁੜਿਆ ਹੋਇਆ ਹੈ। ਇਸ ਸਿਨੇਮਾ ਦਾ ਮਾਲਕ ਇੱਕ ਤਕੜੀ ਆਰਥਿਕ ਹੈਸੀਅਤ ਵਾਲ਼ਾ ਸੀ ਜਿਸਦੇ 82 ਸਿਨੇਮਾ ਚਲਦੇ ਸਨ। ਇਸ ਕਾਰਨ ਉਸਦੀ ਸਰਕਾਰੀ ਦਰਬਾਰੇ ਵੀ ਪਹੁੰਚ ਸੀ ਤੇ ਉਸਨੇ ਆਪਣੇ ਕਾਰੋਬਾਰ ਨੂੰ ਚਲਾਉਣ ਲਈ ਗੁੰਡੇ ਵੀ ਪਾਲ਼ੇ ਹੋਏ ਸਨ। ਉਸ ਵੇਲ਼ੇ ਵਿਦਿਆਰਥੀਆਂ ਲਈ ਸਿਨੇਮੇ ਦੀ ਅੱਧੀ ਟਿਕਟ ਦੀ ਸਹੂਲਤ ਸੀ। ਪਰ ਰੀਗਲ ਸਿਨੇਮੇ ਦੇ ਮਾਲਕ ਵੱਲੋਂ ਬਿਠਾਏ ਗੁੰਡੇ ਅਕਸਰ ਵਿਦਿਆਰਥੀਆਂ ਨਾਲ਼ ਧੱਕੇਸ਼ਾਹੀ ਕਰਦੇ ਸਨ ਤੇ ਵਿਦਿਆਰਥੀਆਂ ਨੂੰ ਰਿਆਇਤ ਹਾਸਲ ਕਰਨ ਤੋਂ ਰੋਕਦੇ ਸਨ। ਇਸ ਤੋਂ ਬਿਨਾਂ ਟਿਕਟਾਂ ਦੀ ਬਲੈਕ ਰੋਕਣ, ਵਿਦਿਆਰਥੀਆਂ ਲਈ ਵੱਖਰੀ ਟਿਕਟ ਖਿੜਕੀ ਸਮੇਤ ਸਿਨੇਮੇ ਵਿੱਚ ਪਾਰਕਿੰਗ ਜਿਹੀਆਂ ਸਹੂਲਤਾਂ ਦੀ ਮੰਗ ਨੂੰ ਲੈ ਕੇ ਉਸ ਵੇਲ਼ੇ ਬਣੀ ਹੋਈ 'ਸਟੂਡੈਂਟਸ ਵੈਲਫੇਅਰ ਕਮੇਟੀ' ਅਤੇ ਭਾਕਪਾ ਦੀ ਵਿਦਿਆਰਥੀ ਜਥੇਬੰਦੀ ਏ.ਆਈ.ਐੱਸ.ਐੱਫ. ਦੇ ਨੁਮਾਇੰਦੇ ਸਿਨੇਮਾ ਪ੍ਰਬੰਧਕਾਂ ਨੂੰ ਮਿਲ਼ਣ ਗਏ ਤਾਂ ਪਹਿਲਾਂ ਤੋਂ ਤਿਆਰ ਬੈਠੇ ਉਹਨਾਂ ਦੇ ਗੁੰਡਿਆਂ ਨੇ ਵਿਦਿਆਰਥੀਆਂ ਦੀ ਕੁੱਟਮਾਰ ਕੀਤੀ ਜਿਸ ਵਿੱਚ ਕਈ ਵਿਦਿਆਰਥੀ ਜਖ਼ਮੀ ਹੋਏ। ਪੁਲਿਸ ਨੇ ਕੋਈ ਕਾਰਵਾਈ ਕਰਨ ਦੀ ਥਾਂ ਵਿਦਿਆਰਥੀਆਂ ਨੂੰ ਹੀ ਤੰਗ ਕਰਨਾ ਸ਼ੁਰੂ ਕਰ ਦਿੱਤਾ। ਇਸ ਮਗਰੋਂ ਵਿਦਿਆਰਥੀ ਆਪਣੀਆਂ ਇਹਨਾਂ ਮੰਗਾਂ ਨੂੰ ਲੈ ਕੇ 5 ਅਕਤੂਬਰ ਨੂੰ ਵਿਸ਼ਾਲ ਇਕੱਠ ਕੀਤਾ। ਇਸ ਇਕੱਠ ਨੂੰ ਖਿੰਡਾਉਣ ਲਈ ਭਾਰੀ ਪੁਲਿਸ ਤਾਇਨਾਤ ਕੀਤੀ ਗਈ ਜਿਸਨੇ ਵਿਦਿਆਰਥੀਆਂ ਨੂੰ ਖਿੰਡਾਉਣ ਲਈ ਹਰ ਹਰਬਾ ਵਰਤਿਆ — ਵਿਦਿਆਰਥੀਆਂ ਉੱਤੇ ਅੱਥਰੂ ਗੈਸ ਦੇ ਗੋਲ਼ੇ ਸੁੱਟੇ ਗਏ, ਹੱਥੋਪਾਈ ਕੀਤੀ ਗਈ। ਇਸ ਖਿੱਚ-ਧੂਹ ਵਿੱਚ ਵਿਦਿਆਰਥੀਆਂ ਦਾ ਜਥਾ ਡੀ.ਐੱਸ.ਪੀ. ਚੀਮਾ ਤੱਕ ਪੁੱਜਿਆ ਜਿਸਨੇ ਕੋਈ ਗੱਲ ਸੁਣਨ ਦੀ ਥਾਂ ਵਿਦਿਆਰਥੀਆਂ ਨਾਲ਼ ਝੜਪ ਸ਼ੁਰੂ ਕਰ ਦਿੱਤੀ ਤੇ ਗੋਲ਼ੀ ਚਲਾਉਣ ਦਾ ਹੁਕਮ ਦੇ ਦਿੱਤਾ। ਇਸ ਗੋਲ਼ੀ ਕਾਂਡ ਵਿੱਚ ਮੋਗਾ ਨੇੜਲੇ ਪਿੰਡ ਚੜਿੱਕ ਦੇ ਦੋ ਵਿਦਿਆਰਥੀਆਂ, ਸਵਰਨ ਤੇ ਹਰਜੀਤ ਸ਼ਹੀਦ ਹੋਏ ਤੇ ਇਸਤੋਂ ਬਿਨ੍ਹਾਂ ਇੱਕ ਰਿਕਸ਼ਾ ਚਾਲਕ, ਇੱਕ ਅਧਿਆਪਕ ਤੇ ਇੱਕ ਬੱਚੀ ਇਸ ਵਿੱਚ ਮਾਰੀ ਗਈ। ਇਸ ਦੌਰਾਨ ਕਈ ਜਖ਼ਮੀ ਹੋਏ ਤੇ ਇਸ ਦੌਰਾਨ ਪੁਲਿਸ ਵਿਦਿਆਰਥੀਆਂ ਉੱਤੇ ਬਰਬਰ ਜਬਰ ਢਾਹੁਦੀ ਰਹੀ ਤੇ ਸ਼ਾਮ ਤੱਕ ਮਗਰੋਂ ਇਹ ਮੁਜ਼ਾਹਰਾ ਖਿੰਡਾ ਦਿੱਤਾ ਗਿਆ।

ਉਸ ਸਮੇਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਮੁੜ-ਗਠਨ ਦੀ ਪ੍ਰਕਿਰਿਆ ਸ਼ੁਰੂਆਤੀ ਪੜਾਅ ਉੱਤੇ ਸੀ ਜੋ ਕਿ 1965 ਵਿੱਚ ਬਣਨ ਮਗਰੋਂ ਦਹਿਸ਼ਤਗਰਦ ਮਾਅਰਕੇਬਾਜ਼ੀ ਤੇ ਸਰਕਾਰੀ ਜ਼ਬਰ ਦਾ ਸ਼ਿਕਾਰ ਹੋਣ ਕਾਰਨ 1969 ਤੱਕ ਖਿੰਡ ਗਈ ਸੀ। ਮੋਗਾ ਵਿਖੇ 7 ਅਕਤੂਬਰ ਨੂੰ ਫੇਰ ਇੱਕ ਵੱਡਾ ਮੁਜ਼ਾਹਰਾ ਰੱਖਿਆ ਗਿਆ। ਇਸ ਮੁਜ਼ਾਹਰੇ ਵਿੱਚ ਏ.ਆਈ.ਐੱਸ.ਐੱਫ. ਦੇ ਨਾਲ਼ ਪੰਜਾਬ ਸਟੂਡੈਂਟਸ ਯੂਨੀਅਨ ਵੀ ਸ਼ਾਮਲ ਹੋਈ। ਇਸ ਦਿਨ ਪੁਲਿਸ ਨੇ ਫੇਰ ਮੁਜ਼ਾਹਰੇ ਉੱਤੇ ਗੋਲ਼ੀਬਾਰੀ ਕੀਤੀ ਤੇ ਮੁਜ਼ਾਹਰੇ ਨੂੰ ਖਿੰਡਾ ਦਿੱਤਾ। ਇਸ ਦੌਰਾਨ ਪੁਲਿਸ ਵੱਲੋਂ ਗੋਲ਼ੀਆਂ ਚਲਾ ਕੇ ਵਿਦਿਆਰਥੀਆਂ ਨੂੰ ਸ਼ਹੀਦ ਕੀਤੇ ਜਾਣ ਦੀ ਖ਼ਬਰ ਅੱਗ ਵਾਂਗ ਸੂਬੇ ਵਿੱਚ ਫੈਲ ਗਈ ਤੇ ਇਸ ਵਿਰੁੱਧ ਲੋਕਾਂ ਦਾ ਗੁੱਸਾ ਲਾਵਾ ਬਣ ਸੜਕਾਂ ਉੱਤੇ ਵਹਿ ਤੁਰਿਆ। ਇਸ ਮਗਰੋਂ ਲੋਕਾਂ ਦੇ ਰੋਹਮਈ ਸੰਘਰਸ਼ਾਂ ਦਾ ਇੱਕ ਸਿਲਸਿਲਾ ਸ਼ੁਰੂ ਹੋਇਆ। ਥਾਂ-ਥਾਂ ਲੋਕਾਂ ਤੇ ਵਿਦਿਆਰਥੀਆਂ ਨੇ ਸਰਕਾਰ ਦੇ ਇਸ ਸ਼ਰਮਨਾਕ ਕਾਰੇ ਵਿਰੁੱਧ ਮੁਜ਼ਾਹਰੇ ਕਰਨੇ ਸ਼ੁਰੂ ਕਰ ਦਿੱਤੇ। ਕਈ ਥਾਵਾਂ 'ਤੇ ਬੱਸਾਂ ਭੰਨੀਆਂ ਗਈਆਂ, ਸਰਕਾਰੀ ਦਫ਼ਤਰ ਘੇਰੇ ਗਏ। ਲੁਧਿਆਣਾ, ਜਗਰਾਓਂ, ਮੋਗਾ, ਰੋਡੇ, ਫਰੀਦਕੋਟ, ਅੰਮ੍ਰਿਤਸਰ ਸਮੇਤ ਅਨੇਕਾਂ ਥਾਵਾਂ 'ਤੇ ਵਿਦਿਆਰਥੀਆਂ-ਨੌਜਵਾਨਾਂ ਦੀਆਂ ਪੁਲਿਸ ਨਾਲ਼ ਝੜਪਾਂ ਹੁੰਦੀਆਂ ਰਹੀਆਂ। ਪੰਜਾਬ ਵਿੱਚ ਫੌਜ ਤਾਇਨਾਤ ਕਰ ਦਿੱਤੀ ਗਈ ਤੇ ਦਫ਼ਾ 144 ਲਾ ਦਿੱਤੀ ਗਈ। ਇਸ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਪਰ ਲੋਕਾਂ ਦਾ ਰੋਹ ਥੰਮਣ ਦਾ ਨਾਮ ਨਹੀਂ ਲੈ ਰਿਹਾ ਸੀ। 11 ਅਕਤੂਬਰ ਨੂੰ ਪੀ.ਐੱਸ.ਯੂ. ਨੇ ਪੰਜਾਬ ਬੰਦ ਦਾ ਸੱਦਾ ਦਿੱਤਾ ਜਿਸਨੂੰ ਲੋਕਾਂ ਨੇ ਭਰਵਾਂ ਹੁੰਗਾਰਾ ਦਿੱਤਾ। ਇਸ ਦੌਰਾਨ 16 ਅਕਤੂਬਰ ਨੂੰ ਏ.ਆਈ.ਐੱਸ.ਐੱਫ. ਘੋਲ਼ ਵਾਪਸ ਲੈਣ ਦਾ ਐਲਾਨ ਕਰਕੇ ਇਸ ਸੰਘਰਸ਼ ਨੂੰ ਦਗਾ ਦੇ ਗਈ। ਪਰ ਲੋਕਾਂ ਦੇ ਬੇਅੰਤ ਗੁੱਸੇ ਕਾਰਨ ਇਹ ਸੰਘਰਸ਼ ਜਲਦੀ ਰੁਕਣ ਵਾਲ਼ਾ ਨਹੀਂ ਸੀ ਤੇ ਇਸਦੀ ਅਗਵਾਈ ਪੂਰੀ ਤਰ੍ਹਾਂ ਪੀ.ਐੱਸ.ਯੂ. ਦੀ ਕਮਾਂਡ ਹੇਠ ਆ ਗਈ। ਥਾਂ-ਥਾਂ ਵਿਦਿਆਰਥੀ ਪੀ.ਐੱਸ.ਯੂ. ਦੇ ਝੰਡੇ ਹੇਠ ਇਕੱਠੇ ਹੋਣ ਲੱਗੇ। ਆਮ ਨੌਜਵਾਨਾਂ, ਕਿਰਤੀਆਂ, ਮਜ਼ਦੂਰਾਂ, ਕਿਸਾਨਾਂ ਨੇ ਵੀ ਵਧ ਚੜ੍ਹ ਕੇ ਇਸ ਸੰਘਰਸ਼ ਦਾ ਸਾਥ ਦਿੱਤਾ। ਇਸ ਜੁਝਾਰੂ ਘੋਲ਼ ਮਗਰੋਂ ਰੀਗਲ ਸਿਨੇਮਾ ਉਸਦੇ ਮਾਲਕ, ਸਰਕਾਰ ਤੇ ਪ੍ਰਸ਼ਾਸਨ ਦੀਆਂ ਅਨੇਕਾਂ ਕੋਸ਼ਿਸ਼ਾਂ ਮਗਰੋਂ ਵੀ ਚੱਲ ਨਾ ਸਕਿਆ। ਕਈ ਮਹੀਨਿਆਂ ਦੇ ਲੰਮੇ ਸੰਘਰਸ਼ ਮਗਰੋਂ ਦੋਸ਼ੀ ਪੁਲਿਸ ਮੁਲਜ਼ਮਾਂ ਨੂੰ ਮੁਅੱਤਲ ਕਰਨ ਦੀ ਮੰਗ ਤਾਂ ਪੂਰੀ ਨਾ ਹੋ ਸਕੀ ਪਰ ਰੀਗਲ ਸਿਨੇਮੇ ਨੂੰ ਬੰਦ ਕਰਕੇ ਉਸਦੀ ਥਾਂ ਸ਼ਹੀਦ ਹੋਏ ਵਿਦਿਆਰਥੀਆਂ ਦੀ ਯਾਦਗਾਰ ਬਣਾਉਣ ਦੀ ਮੰਗ ਮੰਨਣ ਲਈ ਸਰਕਾਰ ਨੂੰ ਮਜ਼ਬੂਰ ਹੋਣਾ ਪਿਆ ਜਿੱਥੇ ਮਗਰੋਂ ਸ਼ਹੀਦ ਯਾਦਗਾਰੀ ਲਾਇਬ੍ਰੇਰੀ ਉਸਾਰੀ ਗਈ।

ਇਸ ਸੰਘਰਸ਼ ਦੀ ਮਹੱਤਤਾ ਸਿਰਫ਼ ਇਸ ਗੱਲ ਵਿੱਚ ਨਹੀਂ ਕਿ ਇਹ ਸੰਘਰਸ਼ ਕਿੰਨੀਆਂ ਜਾਂ ਕਿਹੜੀਆਂ ਮੰਗਾਂ ਮੰਨਵਾ ਸਕਿਆ, ਸਗੋਂ ਇਸਦੀ ਇਸ ਨਾਲ਼ੋਂ ਕਿਤੇ ਜ਼ਿਆਦਾ ਅਹਿਮ ਮਹੱਤਤਾ ਇਸ ਗੱਲ ਵਿੱਚ ਹੈ ਕਿ ਇਸਨੇ ਬਦਹਾਲੀ ਤੇ ਬੇਚੈਨੀ ਵਿੱਚ ਰਹਿ ਰਹੀ ਪੰਜਾਬ ਦੀ ਲੋਕਾਈ ਨੂੰ ਲੁੱਟ, ਜ਼ਬਰ ਤੇ ਬੇਇਨਸਾਫ਼ੀ ਦਾ ਜਥੇਬੰਦ ਹੋਕੇ ਟਾਕਰਾ ਕਰਨ ਲਈ ਪ੍ਰੇਰਿਆ। ਇਸਨੇ ਇੱਕ ਤਰ੍ਹਾਂ ਖੜੋਤ ਤੇ ਨਿਰਾਸ਼ਾ ਦੇ ਸ਼ਿਕਾਰ ਨੌਜਵਾਨਾਂ-ਵਿਦਿਆਰਥੀਆਂ ਵਿੱਚ ਨਵੀਂ ਇਨਕਲਾਬੀ ਰੂਹ ਫੂਕੀ। ਇਸਨੇ ਵਿਦਿਆਰਥੀਆਂ, ਨੌਜਵਾਨਾਂ, ਕਿਸਾਨਾਂ, ਮਜ਼ਦੂਰਾਂ ਤੇ ਮੁਲਜ਼ਮਾਂ ਨੂੰ ਜਨਤਕ ਲੀਹ ਹੇਠ ਜਥੇਬੰਦ ਹੋਕੇ ਸੰਘਰਸ਼ ਕਰਨ ਦੀ ਪਿਰਤ ਪਾਈ। ਇਸ ਘਟਨਾ ਮਗਰੋਂ ਵਿੱਚੋਂ ਪੈਦਾ ਹੋਈ ਇਨਕਲਾਬੀ ਊਰਜਾ, ਜੋਸ਼ ਤੇ ਉਤਸ਼ਾਹ ਸਕਦਾ ਇੱਕ ਅਜਿਹੀ ਮਜ਼ਬੂਤ ਤੇ ਵਿਸ਼ਾਲ ਵਿਦਿਆਰਥੀ ਲਹਿਰ ਉੱਸਰੀ ਜੋ ਲਗਭਗ ਇੱਕ ਦਹਾਕੇ ਲਈ ਸੂਬੇ ਵਿੱਚ ਆਪਣੀ ਅਥਾਹ ਪ੍ਰਾਪਤੀਆਂ, ਕੁਰਬਾਨੀਆਂ ਤੇ ਸੰਘਰਸ਼ਾਂ ਦੀ ਸ਼ਾਨਾਮੱਤ੍ਰੀ ਵਿਰਾਸਤ ਨੂੰ ਹੋਰ ਅਮੀਰ ਕਰਦੀ ਰਹੀ। ਇਹੋ ਸ਼ਾਨਾਮੱਤ੍ਰੀ ਵਿਰਾਸਤ ਅੱਜ ਵੀ ਆਪਣੇ ਤਜ਼ਰਬੇ, ਪ੍ਰਾਪਤੀਆਂ, ਕੁਰਬਾਨੀਆਂ ਤੇ ਪ੍ਰੇਰਨਾ ਸਕਦਾ ਵਿਦਿਆਰਥੀ ਲਹਿਰ ਦਾ ਰਾਹ ਰੁਸ਼ਨਾ ਰਹੀ ਹੈ। ਅੱਜ ਦੀ ਵਿਦਿਆਰਥੀ ਲਹਿਰ '70ਵਿਆਂ ਦੀ ਲਹਿਰ ਨਾਲ਼ੋਂ ਕਾਫ਼ੀ ਕਮਜ਼ੋਰ ਹਾਲਤ ਵਿੱਚ ਹੈ ਤੇ ਨਵੇਂ ਸਿਰਿਓਂ ਇੱਕ ਜ਼ੋਰਦਾਰ ਹੰਭਲ਼ਾ ਮਾਰਨ ਦੀ ਮੰਗ ਕਰਦੀ ਹੈ। ਅਜਿਹੀ ਨਵੀਂ ਸ਼ੁਰੂਆਤ ਲਈ ਵਿਦਿਆਰਥੀ ਲਹਿਰ ਦੇ ਇਸ ਸ਼ਾਨਾਮੱਤ੍ਰੇ ਇਤਿਹਾਸ ਵੱਲ ਵੇਖਦੇ ਹੋਏ ਇਹ ਅਹਿਸਾਸ ਹੁੰਦਾ ਹੈ ਕਿ ਅਸੀਂ ਕੋਈ ਖਲਾਅ ਵਿੱਚੋਂ ਸ਼ੁਰੂਆਤ ਨਹੀਂ ਕਰ ਰਹੇ ਸਗੋਂ ਸਾਨੂੰ ਸਹਾਰਾ ਦੇਣ ਲਈ ਸਾਡੇ ਕੋਲ਼ ਸਾਡੇ ਪੁਰਖਿਆਂ ਦੀ ਅਮੀਰ ਵਿਰਾਸਤ ਹੈ।

ਅੱਜ ਜਦੋਂ ਅਸੀਂ ਉਸ ਘਟਨਾ ਨਾਲ਼ੋਂ ਇੱਕ ਇਤਿਹਾਸਕ ਦੂਰੀ 'ਤੇ ਖੜ੍ਹੇ ਹਾਂ ਤਾਂ ਇਸ ਵੇਲ਼ੇ ਅਸੀਂ ਪਿੱਛੇ ਮੁੜਕੇ ਵੇਖਦੇ ਹੋਏ ਇਸ ਘਟਨਾ ਵਿੱਚ ਲੋਕਾਂ ਦੇ ਭਾਂਬੜ ਬਣ ਫੈਲਣ ਦੇ ਕਾਰਨਾਂ ਨੂੰ ਹੋਰ ਵਧੇਰੇ ਸਪੱਸ਼ਟਤਾ ਨਾਲ਼ ਸਮਝ ਸਕਦੇ ਹਾਂ। ਇਸਨੂੰ ਸਮਝਣ ਲਈ ਉਸ ਵੇਲ਼ੇ ਦੀਆਂ ਕੁੱਝ ਕੌਮੀ ਤੇ ਕੌਮਾਂਤਰੀ ਘਟਨਾਵਾਂ ਉੱਤੇ ਨਜ਼ਰ ਮਾਰਨ ਦੀ ਲੋੜ ਹੈ। ਕੌਮੀ ਹਾਲਤਾਂ ਉੱਤੇ ਗੱਲ ਕਰੀਏ ਤਾਂ 1964-65 ਤੱਕ ਨਹਿਰੂ ਦੇ ਮਿਸ਼ਰਤ ਅਰਥਚਾਰੇ ਵਾਲ਼ੇ ਨਕਲੀ ਸਮਾਜਵਾਦ ਦੀ ਕਲੀ ਉੱਤਰਨੀ ਸ਼ੁਰੂ ਹੋ ਗਈ ਸੀ। ਇਸ 1965 ਤੋਂ ਭਾਰਤੀ ਅਰਥਚਾਰਾ ਸੰਕਟ ਦਾ ਸ਼ਿਕਾਰ ਹੋਣਾ ਸ਼ੁਰੂ ਹੋਇਆ ਤੇ ਇਸਦੀ ਵਿਕਾਸ ਦੀ ਦਰ ਹੇਠਾਂ ਡਿੱਗਣੀ ਸ਼ੁਰੂ ਹੋਈ। ਇਸ ਨਾਲ਼ ਸਮੁੱਚੇ ਦੇਸ਼ ਵਿੱਚ ਬੇਰੁਜ਼ਗਾਰੀ, ਮਹਿੰਗਾਈ ਤੇ ਆਰਥਿਕ ਅਸੁਰੱਖਿਆ ਫੈਲਣ ਲੱਗੀ। ਵਿਦਿਆਰਥੀਆਂ-ਨੌਜਵਾਨਾਂ ਨੂੰ ਵੀ ਦੂਰ ਹੁੰਦੀ ਸਿੱਖਿਆ ਤੇ ਵਧ ਰਹੀ ਬੇਰੁਜ਼ਗਾਰੀ ਵਿੱਚ ਆਪਣਾ ਭਵਿੱਖ ਧੁੰਦਲ਼ਾ ਨਜ਼ਰ ਆਉਣ ਲੱਗਾ। ਅਜ਼ਾਦੀ ਮਗਰੋਂ ਬਿਹਤਰ ਜ਼ਿੰਦਗੀ ਦੇ ਲੋਕਾਂ ਦੇ ਸੁਪਨਿਆਂ ਨੂੰ ਵਧ ਰਹੀ ਗਰੀਬੀ, ਬਦਹਾਲੀ ਦੀ ਤਲਖ਼ ਹਕੀਕਤ ਨੇ ਤੋੜਿਆਂ ਤੇ ਲੋਕਾਂ ਵਿੱਚ ਗੁੱਸਾ ਤੇ ਬੇਚੈਨ ਫੈਲਣ ਲੱਗੀ ਜੋ 1971-72 ਤੱਕ ਆਪਣੇ ਸਿਖ਼ਰਾਂ 'ਤੇ ਸੀ।

ਦੂਜੀ ਅਹਿਮ ਘਟਨਾ ਨਕਸਲਬਾੜੀ ਲਹਿਰ ਸੀ। 1967 ਵਿੱਚ ਸ਼ੁਰੂ ਹੋਈ ਇਹ ਲਹਿਰ ਪੰਜਾਬ ਵਿੱਚ ਵੀ ਜੰਗਲ਼ ਦੀ ਅੱਗ ਵਾਂਗ ਫੈਲ ਗਈ। ਇਸ ਲਹਿਰ ਦੇ ਨਾਲ਼ ਹੀ ਸਰਕਾਰੀ ਜ਼ਬਰ ਵੀ ਸ਼ੁਰੂ ਹੋ ਗਿਆ। ਪੰਜਾਬ ਵਿੱਚ ਵੀ ਵੱਡੇ ਪੱਧਰ 'ਤੇ ਨੌਜਵਾਨਾਂ, ਸਿਆਸੀ ਕਾਰਕੁੰਨਾਂ ਦੀਆਂ ਗ੍ਰਿਫਤਾਰੀਆਂ, ਝੂਠੇ ਮੁਕੱਦਮਿਆਂ, ਫਰਜ਼ੀ ਮੁਕਾਬਲਿਆਂ ਤੇ ਕਤਲਾਂ ਦਾ ਸਿਲਸਿਲਾ ਸ਼ੁਰੂ ਹੋਇਆ। ਪੰਜਾਬ ਦੇ ਨੌਜਵਾਨਾਂ ਨੂੰ ਕੋਹ-ਕੋਹ ਕੇ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰਿਆ ਗਿਆ। ਪੰਜਾਬ ਦੀ ਲੋਕਾਈ ਨੇ ਆਪਣਾ ਜਵਾਨ ਲਹੂ ਸੱਤ੍ਹਾ ਦੇ ਜ਼ਬਰ ਹੇਠ ਗਲ਼ੀਆਂ-ਨਾਲ਼ੀਆਂ ਵਿੱਚ ਰੁੜਦਾ ਵੇਖਿਆ। ਕਈ ਸਾਲ ਪੰਜਾਬ ਦੇ ਅਨੇਕਾਂ ਘਰਾਂ ਵਿੱਚ ਬੇਵਕਤੀਆਂ ਸੱਥਰਾਂ ਵਿਛੀਆਂ, ਨੌਜਵਾਨਾਂ ਦੇ ਸਿਵੇ ਬਲ਼ੇ ਤੇ ਲੋਕਾਂ ਨੇ ਖ਼ੂਨ ਦੇ ਹੰਝੂ ਵਹਾਏ। ਇਸ ਕਾਰਨ ਵੀ ਵੇਲ਼ੇ ਦੇ ਹਾਕਮਾਂ ਵਿਰੁੱਧ ਲੋਕਾਂ ਦੇ ਦਿਲਾਂ ਵਿੱਚ ਨਫ਼ਰਤ ਦੀ ਅੱਗ ਬਲਣ ਲੱਗੀ।

ਇਸੇ ਤਰ੍ਹਾਂ ਕੌਮਾਂਤਰੀ ਹਾਲਤਾਂ ਦੀ ਗੱਲ ਕਰੀਏ ਤਾਂ ਪਹਿਲੀ ਅਹਿਮ ਘਟਨਾ ਇਹ ਸੀ ਕਿ ਉਸ ਵੇਲ਼ੇ ਸੰਸਾਰ ਦੇ ਵੱਡੇ ਹਿੱਸੇ ਵਿੱਚ ਵਿਦਿਆਰਥੀ ਲਹਿਰਾਂ ਦਾ ਜ਼ੋਰ ਸੀ। ਖਾਸ ਕਰਕੇ 1968 ਤੋਂ ਫਰਾਂਸ, ਜਰਮਨੀ, ਇੰਗਲੈਂਡ, ਇਟਲੀ, ਅਮਰੀਕਾ, ਮੈਕਸੀਕੋ ਸਮੇਤ ਸੰਸਾਰ ਦੇ ਕਾਫ਼ੀ ਹਿੱਸੇ ਵਿੱਚ ਵਿਦਿਆਰਥੀਆਂ ਲਹਿਰਾਂ ਦਾ ਹੜ੍ਹ ਵਗ ਰਿਹਾ ਸੀ। ਕੌਮਾਂਤਰੀ ਪੱਧਰ 'ਤੇ ਚੱਲ ਰਹੀ ਇਸ ਹਵਾ ਦਾ ਪ੍ਰਭਾਵ ਭਾਰਤ ਉੱਤੇ ਪੈਣਾ ਵੀ ਲਾਜ਼ਮੀ ਹੀ ਸੀ। ਇਸ ਮਹੌਲ ਨੇ ਵੀ ਪੰਜਾਬ ਵਿੱਚ ਵਿਦਿਆਰਥੀ ਲਹਿਰ ਦੇ ਉਭਾਰ ਨੂੰ ਹੱਲਾਸ਼ੇਰੀ ਦਿੱਤੀ।

ਕੌਮਾਂਤਰੀ ਪੱਧਰ ਉੱਤੇ ਦੂਜੀ ਘਟਨਾ ਅਮਰੀਕੀ ਸਾਮਰਾਜ ਵੱਲੋਂ ਵੀਅਤਨਾਮ ਉੱਤੇ ਥੋਪੀ ਘਿਨਾਉਣੀ ਜੰਗ ਸੀ ਜਿਸ ਵਿੱਚ ਵੀਅਤਨਾਮ ਦੀ ਲੋਕ ਮੁਕਤੀ ਫੌਜ 1971-72 ਤੱਕ ਅਮਰੀਕਾ ਨੂੰ ਮਿੱਟੀ 'ਚ ਰੋਲ਼ਦੇ ਹੋਏ ਜਿੱਤ ਕੰਢੇ ਪਹੁੰਚ ਚੁੱਕੀ ਸੀ। ਸੰਸਾਰ ਭਰ ਵਿੱਚ ਅਮਰੀਕੀ ਸਾਮਰਾਜ ਦੇ ਇਹਨਾਂ ਕੁਕਰਮਾਂ ਕਾਰਨ ਸਾਮਰਾਜੀ ਪ੍ਰਬੰਧ ਖਿਲਾਫ਼ ਲੋਕਾਂ ਵਿੱਚ ਰੋਹ ਤੇ ਨਫ਼ਰਤ ਅਤੇ ਵੀਅਤਨਾਮ ਲਈ ਹਮਦਰਦੀ ਸੀ। ਸੰਸਾਰ ਭਰ ਵਿੱਚ ਅਮਰੀਕੀ ਸਾਮਰਾਜ ਵਿਰੁੱਧ ਮੁਜ਼ਾਹਰੇ, ਲਹਿਰਾਂ ਜ਼ੋਰਾਂ 'ਤੇ ਸਨ। ਇਹ ਲਹਿਰਾਂ ਤੇ ਸਾਮਰਾਜੀ ਪ੍ਰਬੰਧ ਖਿਲਾਫ਼ ਨਫ਼ਰਤ ਪੰਜਾਬ ਸਮੇਤ ਭਾਰਤ ਵਿੱਚ ਵੀ ਵੱਡੇ ਪੱਧਰ 'ਤੇ ਸੀ। ਇਹ ਘਟਨਾ ਵੀ ਪੰਜਾਬ ਦੇ ਲੋਕਾਂ, ਖਾਸਕਰ ਨੌਜਵਾਨਾਂ-ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀ ਬੇਇਨਸਾਫ਼ੀ ਖਿਲਾਫ਼ ਡਟਣ ਲਈ ਪ੍ਰੇਰ ਰਹੀ ਸੀ।

ਇਸ ਤਰ੍ਹਾਂ ਮੋਗਾ ਗੋਲ਼ੀ ਕਾਂਡ ਮਗਰੋਂ ਉੱਭਰਿਆ ਵਿਸ਼ਾਲ ਲੋਕ ਰੋਹ ਕੋਈ ਅਣਕਿਆਸੀ ਘਟਨਾ ਜਾਂ ਕੋਈ ਖਲਾਅ ਵਿੱਚੋਂ ਪੈਦਾ ਹੋਇਆ ਵਰਤਾਰਾ ਨਹੀਂ ਸੀ। ਉਪਰੋਕਤ ਖਾਸ ਕੌਮੀ ਤੇ ਕੌਮਾਂਤਰੀ ਹਾਲਤਾਂ ਵਿੱਚ ਪੰਜਾਬ ਦੇ ਲੋਕਾਂ ਵਿੱਚ ਗੁੱਸੇ, ਨਫ਼ਰਤ ਤੇ ਬੇਚੈਨੀ ਦਾ ਇੱਕ ਵੱਡਾ ਸਮੁੰਦਰ ਪਲ਼ ਰਿਹਾ ਸੀ। 1972 ਦੇ ਮੋਗਾ ਗੋਲ਼ੀ ਕਾਂਡ ਨੇ ਇਸ ਸਮੁੰਦਰ ਨੂੰ ਇੱਕ ਲਹਿਰ ਬਣ ਉੱਭਰਨ ਦਾ ਰਾਹ ਦਿੱਤਾ। ਅਜਿਹੀ ਲਹਿਰ ਜਿਸਨੇ ਪੰਜਾਬ ਦੇ ਲੋਕਾਂ ਦੀ ਜ਼ਿੰਦਗੀ ਦੀ ਜਹਾਲਤ ਤੇ ਜ਼ਿੱਲਤ ਨੂੰ ਪੂੰਝ ਦਿੱਤਾ ਤੇ ਉਸਦੀ ਥਾਂ ਸੰਘਰਸ਼ਾਂ, ਕੁਰਬਾਨੀਆਂ ਦਾ ਇੱਕ ਨਵਾਂ ਦੌਰ ਸ਼ੁਰੂ ਹੋਇਆ। ਪੰਜਾਬ ਦੀ ਲੋਕਾਂ ਨੇ ਹਰ ਤਰ੍ਹਾਂ ਦੀ ਲੁੱਟ, ਗੁਲਾਮੀ, ਜ਼ਬਰ ਤੇ ਬੇਇਨਸਾਫੀ ਸਹਿੰਦੇ ਹੋਏ ਧਰਤੀ 'ਤੇ ਰੀਂਗਦੇ ਕੀੜਿਆਂ ਵਰਗੀ ਜ਼ਿੰਦਗੀ ਹੋਰ ਜਿਉਣ ਤੋਂ ਨਾਂਹ ਕਰਕੇ ਆਪਣੇ ਹਿੱਸੇ ਦੇ ਹਰ ਪਲ ਲਈ, ਹਰ ਸਾਹ ਲਈ ਸੰਘਰਸ਼ ਕਰਦੇ ਹੋਏ ਇੱਕ ਬਹਾਦਰੀ ਤੇ ਸਵੈਮਾਣ ਵਾਲ਼ੀ ਜ਼ਿੰਦਗੀ ਜਿਉਣ ਦਾ ਰਾਹ ਲੱਭ ਲਿਆ। ਭਾਵੇਂ ਕੁੱਝ ਕਾਰਨਾਂ ਕਰਕੇ (ਜਿਨ੍ਹਾਂ ਦੀ ਚਰਚਾ ਇੱਥੇ ਬੇਲੋੜੀ ਹੈ) ਇਹ ਲਹਿਰ ਮਨੁੱਖਤਾ ਦੀ ਮੁਕਤੀ ਦੇ ਅਸਲ ਨਿਸ਼ਾਨੇ ਤੱਕ ਤਾਂ ਨਾ ਪੁੱਜ ਸਕੀ ਪਰ ਫੇਰ ਵੀ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਗੁਲਾਮੀ ਨੂੰ ਸਹਿਦੇ ਰਹਿਣ ਦੀ ਥਾਂ ਉਸ ਨੂੰ ਖਤਮ ਕਰਨ ਲਈ ਸੰਘਰਸ਼ ਕਰਦੇ ਹੋਏ ਜਿਉਣਾ ਸਿਖਾ ਗਈ ਤੇ ਕੁਰਬਾਨੀਆਂ, ਇਨਕਲਾਬੀ ਜਜ਼ਬੇ ਤੇ ਸੰਘਰਸ਼ਾਂ ਨਾਲ਼ ਭਰੇ ਤਜ਼ਰਬੇ ਤੇ ਵੰਗਾਰ ਦੀ ਇੱਕ ਵਿਰਾਸਤ ਛੱਡ ਗਈ। ਇਹ ਆਉਣ ਵਾਲ਼ੀਆਂ ਪੀੜੀਆਂ ਵਿੱਚ ਜਥੇਬੰਦ ਸੰਘਰਸ਼ਾਂ ਦੀ ਪਿਰਤ ਪਾ ਗਈ ਤੇ ਉਹਨਾਂ ਲਈ ਇਸ ਪਿਰਤ ਨੂੰ ਹੋਰ ਅੱਗੇ ਉੱਚੇ ਮੁਕਾਮ 'ਤੇ ਲਿਜਾਣ ਦੀ ਵੰਗਾਰ ਛੱਡ ਗਈ। ਅੱਜ ਫੇਰ ਪੰਜਾਬ ਦੇ ਨੌਜਵਾਨਾਂ-ਵਿਦਿਆਰਥੀਆਂ ਸਮੇਤ ਲੋਕਾਂ ਦਾ ਵੱਡਾ ਹਿੱਸਾ ਗੁਲਾਮੀ ਦੀਆਂ ਬੇੜੀਆਂ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਵਿੱਚ ਜਿਉਣ ਦੀ ਥਾਂ ਉਹਨਾਂ ਨੂੰ ਪ੍ਰਵਾਨ ਕਰਦੇ ਹੋਏ ਜਿਉਂ ਰਿਹਾ ਹੈ। ਇਹਨਾਂ ਹਾਲਤਾਂ ਵਿੱਚ 1972 ਦੇ ਮੋਗਾ ਗੋਲ਼ੀ ਕਾਂਡ ਤੇ ਉਸ ਮਗਰੋਂ ਖੜੀ ਹੋਈ ਸਮੁੱਚੀ ਜਨਤਕ ਲਹਿਰ ਦੀ ਵਿਰਾਸਤ ਨੂੰ ਅੱਜ ਮੁੜ ਯਾਦ ਕਰਨ ਤੇ ਲੋਕਾਂ ਵਿੱਚ ਲਿਜਾਣ ਦੀ ਲੋੜ ਹੈ। ਅੱਜ ਆਪਣੀ ਇਸ ਇਨਕਲਾਬੀ ਵਿਰਾਸਤ ਨੂੰ ਯਾਦ ਕਰਨ ਦਾ ਮਤਲਬ ਇਸਦੀ ਵੰਗਾਰ ਨੂੰ ਕਬੂਲਣਾ ਹੈ, ਇਸਦੇ ਛੱਡੇ ਹੋਏ ਸਿਰੇ ਨੂੰ ਫੜ ਕੇ ਮਨੁੱਖਤਾ ਦੀ ਮੁਕਤੀ ਦੇ ਸਫਰ ਨੂੰ ਅੱਗੇ ਤੋਰਨਾ ਹੈ। ਇਸ ਸਫ਼ਰ ਵਿੱਚ ਵਕਤੀ ਠਹਿਰਾਅ ਤੇ ਪਿੱਛੇ ਹਟਣਾ ਤਾਂ ਹੋ ਸਕਦਾ ਹੈ ਪਰ ਇਸ ਸਫ਼ਰ ਨੇ ਜਿੱਤ ਤੋਂ ਬਿਨਾਂ ਮੁੱਕਣਾ ਨਹੀਂ ਹੈ।

**ਲਲਕਾਰ 'ਚੋਂ ਧੰਨਵਾਦ ਸਹਿਤ**

# ਕਾਨੂੰਨ ਦੀ ਨਜ਼ਰ 'ਚ ਸਭ ਦੇ ਬਰਾਬਰ ਹੋਣ ਦੀ ਮਿਥ



ਡਾ ਬਲਜਿੰਦਰ
9417079720



ਭਾਰਤ ਦੀ ਮੋਦੀ ਸਰਕਾਰ ਨੇ ਅਗਸਤ 'ਚ ਇੱਕ ਕਾਨੂੰਨ ਪਾਸ ਕਰਕੇ ਧਾਰਾ 370 ਅਤੇ ਧਾਰਾ 35 ਏ ਖਤਮ ਕਰਕੇ ਜੰਮੂ ਕਸ਼ਮੀਰ ਦਾ ਸਪੈਸ਼ਲ ਦਰਜ ਖਤਮ ਕਰ ਦਿੱਤਾ ਹੈ। ਗੱਲ ਸੰਵਿਧਾਨ ਦੀ ਮੋਟੀ ਪੋਥੀ 'ਚ ਨਵੀਆਂ ਕੋਈ ਇੱਕ ਜਾਂ ਦੋ ਲਾਈਨਾਂ ਹੋਰ ਜੋੜਨ ਦੀ ਨਹੀਂ ਹੈ। ਪਰ ਮਾਮਲਾ ਇਹ ਹੈ ਕਿ ਲਾਈਨਾਂ 'ਚ ਕੀਤੀ ਗਈ ਇਹ ਕਾਂਟ ਛਾਂਟ ਅਰਬਾਂ – ਖਰਬਾਂ ਲੋਕਾਂ ਦੀ ਜਿੰਦਗੀ ਨਾਲ ਨੇੜਿਓ ਜੁੜੀ ਹੁੰਦੀ ਹੈ। ਇਹ ਉਹਨਾਂ ਦੀ ਆਪਣੀ ਹੀ ਤੋਰ ਨਾਲ ਜੀਵੀ ਜਾ ਰਹੀ ਜ਼ਿਦਗੀ 'ਚ ਖਲਬਲੀ ਪੈਦਾ ਕਰਨ ਦਾ ਸਬੱਬ ਬਣਦੀ ਹੈ। ਉਹਨਾਂ ਦੀਆਂ ਜ਼ਿਦਗੀਆਂ ਰੋਲਦੀ ਹੈ ਅਤੇ ਬਹੁਤੇ ਵਾਰੀ, ਜਿਵੇਂ ਕਿ ਭਾਰਤੀ ਉਪ-ਮਹਾਂਦੀਪ ਦੇ ਬਸ਼ਿੰਦਿਆਂ ਨੇ 1947 ਦੀ ਵੰਡ ਦਾ ਸੰਤਾਪ ਆਪਣੇ ਹੱਡੀਂ ਹੰਢਾਇਆ ਹੈ, ਉਹਨਾਂ ਦੇ ਘਰ-ਘਾਟ ਤਬਾਹ ਕਰ ਉਹਨਾਂ ਨੂੰ ਆਪਣੇ ਹੀ ਘਰਾਂ 'ਚ, ਸ਼ਹਿਰਾਂ 'ਚ, ਪਿੰਡਾਂ 'ਚ ਅਣਚਾਹੇ ਕਰਾਰ ਦੇਣ ਤੱਕ ਦੀ ਹਾਲਤ 'ਚ ਪੁਚਾ ਦਿੱਤਾ ਸੀ। ਅਜਿਹੀ ਹੀ ਇੱਕ ਕਵਾਇਦ ਮੋਦੀ ਸਰਕਾਰ ਐਨ ਆਰ ਸੀ (ਕੌਮੀ ਨਾਗਰਿਕ ਰਜਿਸਟਰੇਸ਼ਨ) ਰਾਹੀਂ ਕਰ ਰਹੀ ਹੈ, ਖਾਸ ਕਰ ਉਤਰ-ਪੂਰਬੀ ਰਾਜਾਂ ਅੰਦਰ, ਜਿਹੜੀ ਉਹਨਾਂ ਨੂੰ ਨਾਗਰਿਕਤਾ ਦੇ ਹੱਕ ਤੋਂ ਵਾਂਝਾ ਕਰ ਦਿੰਦੀ ਹੈ - ਅਗਰ ਉਹ ਸਰਕਾਰੀ ਤਹਿਸੁਦਾ ਮਾਪਦੰਡ ਉਪਰ ਖਰ੍ਹੇ ਨਹੀਂ ਉਤਰਦੇ।

ਸੰਵਿਧਾਨ ਅਤੇ ਇਹਦੇ ਨਾਲ ਜੁੜੀਆਂ ਕਾਨੂੰਨੀ ਪੋਥੀਆਂ ਅੰਦਰ ਦਰਜ ਅਣਗਿਣਤ ਕਾਨੂੰਨਾਂ ਦੀਆਂ ਬੇਸ਼ੁਮਾਰ ਮੱਦਾਂ ਨੂੰ ਪਾਸੇ ਛੱਡਦਿਆਂ ਇਸ ਲਿਖਤ ਵਿੱਚ ਇਹ ਦੇਖਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ 'ਕਾਨੂੰਨ' ਹੈ ਹੀ ਕਿਸ ਬਲਾ ਦਾ ਨਾਮ?

**ਸਮਾਜਕ ਢਾਂਚੇ ਦਾ ਮੁਢਲਾ ਰੂਪ- ਗਣ ਵਿਵਸਥਾ** : ਸਮਾਜਕ ਪ੍ਰਾਣੀ ਮਨੁੱਖ ਆਪਦੀ ਜ਼ਿੰਦਗੀ ਦੀ ਗੱਡੀ ਚਲਦੀ ਰੱਖਣ ਲਈ ਕੁੱਝ ਕਾਇਦੇ ਤਹਿ ਕਰਦਾ ਆਇਆ ਹੈ। ਸਮਾਜਕ ਵਿਕਾਸ ਦੀ ਪੱਧਰ ਅਨੁਸਾਰ ਇਹ ਬਦਲਦੇ ਰਹੇ ਹਨ। ਇਸ ਸੰਦਰਭ 'ਚ ਹੀ ਸਮਾਜਕ ਬਣਤਰ 'ਤੇ ਨਿਗਾਹ ਮਾਰਨ ਦੀ ਜ਼ਰੂਰਤ ਹੈ ਤਾਂ ਕਿ ਅਸੀਂ ਸਮਝ ਸਕੀਏ ਕਿ ਕਾਨੂੰਨ ਆਪਣੇ ਹਮਰੁਤਬਾ ਕਬਾਇਲੀ ਕਾਇਦੇ ਨਾਲੋਂ ਕਿਵੇਂ ਭਿੰਨ ਹੈ। ਮਨੁੱਖੀ ਇਤਿਹਾਸ 'ਤੇ ਨਜ਼ਰ ਮਾਰਿਆਂ ਪਤਾ ਲਗਦਾ ਹੈ ਕਿ ਮਨੁੱਖੀ ਗਿਆਨ ਵਿਕਾਸ ਦੇ ਹਰ ਕਿਣਕੇ ਨਾਲ ਅੱਗੇ ਵੱਧਦਾ ਰਿਹਾ ਹੈ ਅਤੇ ਅੱਜ ਵੀ ਇਹ ਸਿਲਸਿਲਾ ਜਾਰੀ ਹੈ। ਤਰੱਕੀ ਦੀ ਰਫ਼ਤਾਰ ਅਨੁਸਾਰ ਮਨੁੱਖੀ ਜ਼ਿੰਦਗੀ ਵਿਕਾਸ ਦੇ ਵੱਖ ਵੱਖ ਦੌਰਾਂ ਦੇ ਨਾਲ ਵੰਡੀ ਜਾ ਸਕਦੀ ਹੈ। ਮਨੁੱਖੀ ਵਿਕਾਸ ਹਮੇਸ਼ਾਂ ਇੱਕੋ ਰਫ਼ਤਾਰ ਨਾਲ ਨਹੀਂ ਹੋਇਆ। ਮੁੱਢਲੇ ਜਾਂਗਲੀ ਦੌਰ ਦੌਰਾਨ ਬਹੁਤ ਘੱਟ ਵਿਕਾਸ ਹੋਇਆ ਪਰ ਇਹ ਦੌਰ ਲੰਮਾ ਸੀ। ਅਗਲੇ ਦੌਰ ਬਰਬਰਤਾ ਦੌਰਾਨ ਵਧੇਰੇ ਤਰੱਕੀ ਹੋਈ, ਪਰ ਸਮਾਂ ਘੱਟ ਲੱਗਿਆ। ਅਗਲੇ ਸਭਿਅਤਾ ਦੇ ਦੌਰ ਅੰਦਰ ਬਹੁਤ ਘੱਟ ਸਮੇਂ ਦੌਰਾਨ ਅਥਾਹ ਵਿਕਾਸ ਹੋਇਆ। ਇੱਕ ਅਨੁਮਾਨ ਅਨੁਸਾਰ ਧਰਤੀ ਉਪਰ ਮਨੁੱਖ ਦੀ ਹੋਂਦ ਨੂੰ ਸ਼ੁਰੂ ਹੋਇਆਂ ਜੇ ਇੱਕ ਲੱਖ ਸਾਲ ਮੰਨ ਲਿਆ ਜਾਵੇ ਤਾਂ ਜਾਂਗਲੀ ਦੌਰ 'ਚ ਮਨੁੱਖ ਨੇ 60,000 ਸਾਲ ਗੁਜ਼ਾਰੇ ਹੋਣਗੇ ਅਤੇ ਬਰਬਰਤਾ ਦੇ ਦੌਰ ਦੇ 15000 ਸਾਲ ਹੋ ਸਕਦੇ ਹੈ। ਇਸ ਹਿਸਾਬ ਨਾਲ ਸੱਭਿਅਤਾ ਦੇ ਦੌਰ ਦੀ ਉਮਰ ਮਹਿਜ 5000 ਸਾਲ ਹੀ ਬਣਦੀ ਹੈ।

ਇਹਨਾਂ ਦੌਰਾਂ ਬਾਰੇ ਜਿੰਨੀ ਕੁ ਪੁਖਤਾ ਜਾਣਕਾਰੀ ਪ੍ਰਾਪਤ ਹੋ ਸਕੀ ਹੈ, ਉਹਦੇ ਚੋਂ ਹੀ ਸਮਾਜਕ ਢਾਂਚੇ ਦਾ ਬਿਰਤਾਂਤ ਪਤਾ ਚਲਦਾ ਹੈ। ਇਸ ਅਨੁਸਾਰ ਗਣ ਵਿਵਸਥਾ ਸਮਾਜਕ ਢਾਂਚੇ ਦਾ ਪੁਰਾਤਨ ਰੂਪ ਹੈ। ਜੰਗਲੀ ਦੌਰ 'ਚ ਸ਼ੁਰੂ ਹੋਈ ਇਹ ਵਿਵਸਥਾ ਅੰਤਮ ਸੱਭਿਅਕ ਦੌਰ ਤੱਕ ਜਾਰੀ ਰਹੀ।

ਇਸ ਗਣ ਵਿਵਸਥਾ ਅੰਦਰ ਮੈਂਬਰਾਂ ਨੂੰ ਕੁੱਝ ਹੱਕ ਪ੍ਰਾਪਤ ਸਨ। ਪਰ ਨਾਲ ਹੀ ਕੁੱਝ ਫਰਜ਼ ਵੀ ਆਇਦ ਕੀਤੇ ਗਏ ਸਨ। ਇੰਝ ਦੇਖਿਆਂ ਇਹ ਗਣ (ਕਬੀਲੇ) ਦਾ ਇੱਕ ਕਿਸਮ ਦਾ ਅਲਿਖਤ ਸੰਵਿਧਾਨ ਸੀ। ਇਹਨਾ ਰਵਾਇਤਾਂ (ਕਾਇਦਿਆਂ) ਦੀ ਇੱਕ ਵੰਨਗੀ ਪੇਸ਼ ਹੈ।

ਆਪਣਾ ਗਣਪਤੀ ਅਤੇ ਸਰਦਾਰ ਚੁਣਨ ਦਾ ਹੱਕ ਨਾਅਹਿਲ ਗਣਪਤੀ ਅਤੇ ਸਰਦਾਰ ਨੂੰ ਅਹੁਦਿਓਂ ਹਟਾਉਣ ਦਾ ਹੱਕ ਗਣ ਅੰਦਰ ਜਿਨਸੀ ਸਬੰਧ ਸਥਾਪਤ ਕਰਨ ਦੀ ਮਨਾਹੀ ਆਪਸੀ ਮਦਦ, ਸੁਰੱਖਿਆ ਤੇ ਨੁਕਸਾਨ ਦੀ ਭਰਪਾਈ ਮ੍ਰਿਤਕ ਦੀ ਜਾਇਦਾਦ ਉਪਰ ਸਮੂਹਕ ਵਿਰਾਸਤੀ ਹੱਕ ਅਜਨਬੀਆਂ ਨੂੰ ਗਣ ਅੰਦਰ ਸ਼ਾਮਲ ਕਰਨ ਦਾ ਹੱਕ ਮੈਂਬਰਾਂ ਦੇ ਨਾਂ ਰੱਖਣ ਦਾ ਹੱਕ ਸਾਂਝੀਆਂ ਧਾਰਮਕ ਰਸਮਾਂ ਨਿਭਾਉਣ ਦਾ ਫਰਜ਼ ਮ੍ਰਿਤਕ ਨੂੰ ਸਾਂਝੇ ਕਬਰਸਤਾਨ ਅੰਦਰ ਦਫਨਾਉਣ ਦਾ ਹੱਕ 10. ਕਬੀਲੇ ਦੀ ਕੌਂਸਲ ਮੀਟਿੰਗ 'ਚ ਸ਼ਾਮਲ ਹੋਣ ਦਾ ਹੱਕ ਇਹ ਤਾਂ ਹੈ ਉਸ ਕਬਾਇਲੀ ਭਾਈਚਾਰੇ ਅੰਦਰਲੇ ਗਣ ਆਧਾਰਤ ਢਾਂਚੇ ਦਾ ਸੰਖੇਪ (ਵਿਸਥਾਰ 'ਚ ਸਮਝਣ ਲਈ ਲੈਵੀਸ ਹੈਨਰੀ ਮੌਰਗਨ ਦੀ ਪੁਸਤਕ ਪੁਰਾਤਨ ਸਮਾਜ ਪੜ੍ਹੀ ਜਾਣੀ ਚਾਹੀਦੀ ਹੈ)।

**ਕਾਨੂੰਨ (Law) ਦੀ ਉਤਪਤੀ ਦਾ ਇਤਿਹਾਸ** : ਲਾਅ ਯਾਨੀ ਕਾਨੂੰਨ ਬਾਰੇ ਆਮ ਧਾਰਨਾ ਇਹ ਬਣੀ ਹੋਈ ਹੈ ਕਿ ਇਹ ਤਾਂ ਸਦਾ ਤੋਂ ਬਣੀ ਆਈ ਰੀਤ ਹੈ ਅਤੇ ਸਾਨੂੰ ਇੰਜ ਦਾ ਹੀ ਪਾਠ ਪੜ੍ਹਾਇਆ ਜਾਂਦਾ ਹੈ। ਲਾਅ ਸਮਾਜਕ ਸੰਸਥਾਵਾਂ ਦੇ ਅਨੰਤ ਅੰਦਰੂਨੀ ਚਲਨ ਢੰਗ ਦਾ ਇੱਕ ਬਾਹਰੀ ਇਜ਼ਹਾਰ ਹੈ। ਇਹ ਇੱਕ ਅਜਿਹਾ ਸਾਧਨ ਹੈ ਜਿਸ ਰਾਹੀਂ ਰਾਜ ਯਾਨੀ ਕਿ ਸਟੇਟ ਇੱਕ ਖਾਸ ਜਮਾਤ ਦੇ ਹਿੱਤਾਂ ਨੂੰ ਧਿਆਨ 'ਚ ਰੱਖਦਿਆਂ ਇਹ ਐਲਾਨਦੀ ਹੈ ਕਿ ਕੀ ਕੀਤਾ ਜਾਣਾ ਚਾਹੀਦਾ ਹੈ ਅਤੇ ਕੀ ਨਹੀਂ ਕੀਤਾ ਜਾਣਾ ਚਾਹੀਦਾ ਹੈ। ਸਟੇਟ ਇਹ ਨਿਸਚਿਤ ਕਰਦੀ ਹੈ ਕਿ ਕਿਹੋ ਜਿਹਾ ਕਾਨੂੰਨ ਘੜਿਆ ਜਾਵੇ। ਅਜਿਹੇ ਨਿਰਧਾਰਤ ਕੀਤੇ ਕਿਸੇ ਕਾਨੂੰਨ ਦੀ ਹੁਕਮ ਅਦੂਲੀ ਨੂੰ ਹਥਿਆਰਾਂ ਦੇ ਜ਼ੋਰ ਦਬਾ ਦਿੱਤਾ ਜਾਂਦਾ ਹੈ ਕਿਉਂਕਿ ਸਟੇਟ ਦੀਆਂ ਨਜ਼ਰਾਂ ਵਿੱਚ ਇਹ ਵਿਰੋਧ ਦਾ ਇਜ਼ਹਾਰ ਹੈ। ਇਓਂ ਹੁਕਮ ਅਦੂਲੀ ਦੀ ਮਾਤਰਾ ਜਾਂ ਖਾਸੇ ਮੂਜਬ ਜੁਰਮਾਨੇ ਜਾਂ ਕੈਦ ਦੀ ਸਜ਼ਾ ਦਿੱਤੀ ਜਾਂਦੀ ਹੈ। ਭਾਰਤੀ ਸਮਾਜ ਦੇ ਵਿਕਾਸ ਦੇ ਇੱਕ ਖਾਸ ਪੜਾਅ 'ਤੇ ਸਾਹਮਣੇ ਆਏ ਉਪਨਿਸ਼ਦਾਂ ਨੇ ਵੀ ਕਾਨੂੰਨ ਨੂੰ ਇਓਂ ਪ੍ਰੀਭਾਸ਼ਤ ਕੀਤਾ ਹੈ:-

"ਇਹ ਕਾਨੂੰਨ ਨਾਂਅ ਦੀ ਚੀਜ਼ ਹੀ ਕਸ਼ੱਤਰੀ ਜਮਾਤ ਦੀ ਤਾਕਤ ਹੈ। ਇਸ ਕਰਕੇ ਕਾਨੂੰਨ ਤੋਂ ਉੱਪਰ ਕੁੱਝ ਵੀ ਨਹੀਂ ਹੈ। ਇਸੇ ਲਈ ਸਰੀਰਕ ਤੌਰ 'ਤੇ ਕਮਜ਼ੋਰ ਵਿਅਕਤੀ ਵੀ ਕਾਨੂੰਨ ਦੇ ਆਸਰੇ ਆਪਣੇ ਤੋਂ ਬਲਵਾਨ ਆਦਮੀ ਨੂੰ ਵੀ ਕਾਬੂ ਕਰਦਾ ਹੈ ਜਿਵੇਂ ਕਿ ਰਾਜਾ ਕਰਦਾ ਹੈ। ਜੋ ਕਾਨੂੰਨੀ ਹੈ ਉਹ ਹੀ ਸੱਚ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਜੋ ਸੱਚ ਬੋਲਦਾ ਹੈ ਉਹ ਕਾਨੂੰਨੀ ਗੱਲ ਕਰਦਾ ਹੈ ਜਾਂ ਜੋ ਆਦਮੀ ਕਾਨੂੰਨੀ ਗੱਲ ਬੋਲਦਾ ਹੈ, ਉਹ ਸੱਚ ਬੋਲਦਾ ਹੈ। ਦਰਅਸਲ ਦੋਵੇਂ ਗੱਲਾਂ ਹੀ ਠੀਕ ਹਨ।" ਉਪਨਿਸ਼ਦਾਂ ਵਿਚਲੇ ਪ੍ਰਮੁੱਖ ਵਿਚਾਰ ਉਸ ਦੌਰ ਦੀਆਂ ਰਾਜ ਕਰ ਰਹੀਆਂ ਸਿਆਸੀ ਤਾਕਤਾਂ ਨਾਲ ਬੇਮੇਲ ਨਹੀਂ ਸਨ ਭਾਵ ਉਹਨਾਂ ਵਿਚਕਾਰ ਸਾਂਝ ਸੀ।

ਜੋ ਕਾਨੂੰਨੀ ਹੈ ਉਹ ਇੱਕ ਜਮਾਤ ਦੀ ਨੁਮਾਇੰਦਗੀ ਕਰਦਾ ਹੈ ਅਤੇ ਇਸ ਕਾਇਮ ਮੁਕਾਮ ਕਾਇਦੇ ਨੂੰ ਚਣੌਤੀ ਬਣਦਾ ਹੈ ਉਹ "ਗੈਰ-ਕਾਨੂੰਨੀ" ਬਣ ਜਾਂਦਾ ਹੈ ਕਿਉਂਕਿ ਉਹ ਕਾਨੂੰਨੀ ਜਮਾਤ ਦੇ ਰਾਸ ਨਹੀਂ ਬਹਿੰਦਾ। ਇਤਿਹਾਸਕ ਰੂਪ 'ਚ ਦੇਖਿਆਂ ਪਤਾ ਲਗਦਾ ਹੈ ਕਿ ਲਾਕਾਨੂੰਨੀਅਤ (ਕਾਨੂੰਨ ਅਨੁਸਾਰੀ) ਦਾ ਅਰਥ ਸਮਾਜਕ ਦੇ ਹਿਤ 'ਚ ਨਹੀਂ ਸਗੋਂ ਸਟੇਟ ਦੇ ਹਿੱਤ ਹੁੰਦਾ ਹੈ ਯਾਨੀ ਕਿ ਸਟੇਟ 'ਤੇ ਭਾਰੂ ਜਮਾਤ ਦੇ ਹਿਤਾਂ ਦੀ ਪੂਰਤੀ। ਪਰ ਕਿਉਂਕਿ ਪਰਜਾ ਕਾਨੂੰਨ ਮੁਤਾਬਕ ਸਟੇਟ ਅਨੁਸਾਰੀ ਚੱਲਣ ਲਈ ਪਾਬੰਦ ਹੈ ਇਸ ਲਈ ਬਹੁਤ ਸਾਰੇ ਬੁਰਜੂਆ ਲੇਖਕ ਇਓਂ ਪੇਸ਼ਕਾਰੀ ਕਰਦੇ ਹਨ ਕਿ ਸਾਰੀ ਪਰਜਾ ਹੀ ਸਟੇਟ ਦੀ ਮੈਂਬਰ ਹੈ ਅਤੇ ਸਟੇਟ ਤੇ ਪਰਜਾ ਇੱਕ ਜਮਾਤ ਹੈ। ਇਓਂ ਸਟੇਟ ਮੈਂਬਰਾਂ ਅਤੇ ਸਟੇਟ ਤੇ ਪਰਜਾ ਦਰਮਿਆਨ ਮਾੜਾ ਮੋਟਾ ਜਿਹਾ ਫਰਕ ਹੀ ਰਹਿ ਜਾਂਦਾ ਹੈ।

ਬੁਰਜੂਆ ਇਤਿਹਾਸਕਾਰ ਅਤੇ ਲੇਖਕ ਕਾਨੂੰਨ ਸੰਬੰਧੀ ਲੋਕਾਂ ਦਰਮਿਆਨ ਗੰਧਲਚੌਂਦੇਂ ਪਾਉਣ ਨੂੰ ਇਥੋਂ ਤੱਕ ਹੀ ਸੀਮਤ ਨਹੀਂ ਰੱਖਦੇ ਸਗੋਂ ਕਾਨੂੰਨ ਨੂੰ ਸਟੇਟ ਦੇ ਆਮ ਚਲਣ ਦੀਆਂ ਜ਼ਰੂਰਤਾਂ ਮੂਜਬ ਢਾਲੀਆਂ ਕਬਾਇਲੀ ਰਵਾਇਤਾਂ ਵਜੋਂ ਹੀ ਪਰਚਾਰਦੇ ਹਨ। ਇੱਥੇ ਇਸ ਗੱਲ 'ਚ ਵਖਰੇਵਾਂ ਕਰਨਾ ਬਹੁਤ ਜਰੂਰੀ ਹੈ ਕਿ ਕਬਾਇਲੀ ਰਵਾਇਤਾਂ ਕਬਾਇਲੀ ਭਾਈਚਾਰਕ ਸਮੂਹ ਅੰਦਰ ਇਨਸਾਫ਼ ਕਰਨ ਦੇ ਤਰੀਕੇ ਸਨ। ਜਿਵੇਂ ਕਿ ਅਸੀਂ ਪਿੱਛੇ ਦੇਖ ਕੇ ਆਏ ਹਾਂ ਕਿ ਗਣ ਵਿਵਸਥਾ ਮੁਤਾਬਕ ਕਬੀਲੇ ਅੰਦਰ ਕਬੀਲੇ ਦੇ ਫੈਸਲੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਟੇਟ ਨਾਮਕ ਕੋਈ ਸ਼ੈਅ ਨਹੀਂ ਸੀ। ਕਬੀਲੇ ਅੰਦਰ ਕਬੀਲੇ ਦੇ ਮੈਂਬਰਾਂ ਦੀ ਸਾਂਝੀ ਕੌਂਸਲ ਹੀ ਸਮਾਜਕ ਕਾਰ ਵਿਹਾਰਾਂ ਨੂੰ ਚਲਾਉਂਦੀ ਸੀ। ਕਈ ਵਿਦਵਾਨ ਕਬਾਇਲੀ ਰਵਾਇਤਾਂ ਅਤੇ ਕਾਨੂੰਨ ਨੂੰ ਸਮਾਜ ਨੂੰ ਜਥੇਬੰਦ ਕਰਨ ਦੇ ਇੱਕੋ ਢੰਗ ਵਜੋਂ ਹੀ ਦੇਖਦੇ ਹਨ। ਉਹ ਕਬਾਇਲੀ ਸਮਾਜਕ ਢਾਂਚੇ ਅਤੇ ਸਟੇਟ ਦਰਮਿਆਨ ਪਏ ਫਰਕਾਂ ਨੂੰ ਅੱਖੋਂ ਉਹਲੇ ਕਰਦੇ ਹਨ। ਕਬਾਇਲੀ ਰਵਾਇਤਾਂ ਦੀਆਂ ਜੜ੍ਹਾਂ ਮੁੱਢਲੇ ਕਮਿਊਨਿਜ਼ਮ 'ਚ ਪਈਆਂ ਹਨ ਜਦ ਕਿ ਕਾਨੂੰਨ (ਲਾਅ) ਨਿੱਜੀ ਜਾਇਦਾਦ 'ਚੋਂ ਉਗਮਿਆ ਹੈ। ਕਬਾਇਲੀ ਭਾਈਚਾਰਾ ਬਰਾਬਰਤਾ 'ਤੇ ਖੜ੍ਹਾ ਸੀ ਅਤੇ ਉਸ ਸਮਾਜ ਅੰਦਰ ਇਸ ਦੇ ਕੀਤੇ ਫੈਸਲਿਆਂ ਨੂੰ ਲਾਗੂ ਕਰਨ ਲਈ ਕੋਈ ਮਸ਼ੀਨਰੀ ਨਹੀਂ ਸੀ। ਸਮਾਜ ਦਾ ਹਰ ਮੈਂਬਰ ਆਪਣਾ ਫਰਜ਼ ਸਮਝ ਇਸ ਕਾਇਦੇ ਨੂੰ ਬਣਾਈ ਰੱਖਣ 'ਚ ਆਪਣਾ ਪੂਰਨ ਯੋਗਦਾਨ ਪਾਉਂਦਾ ਸੀ। ਜਦ ਕਿ ਲਾਅ ਜਮਾਤੀ ਵਖਰੇਵਿਆਂ ਚੋਂ ਉਪਜਿਆ ਹੈ ਇਸ ਲਈ ਇਸ ਵੱਲੋਂ ਕੀਤੇ ਗਏ ਫੈਸਲਿਆਂ ਨੂੰ ਲਾਗੂ ਕਰਨ (ਮਨਾਉਣ) ਲਈ ਕਿਸੇ ਤਾਕਤ ਦੀ ਲੋੜ ਉੱਭਰੀ ਜਿਹੜੀ ਸਟੇਟ ਦੇ ਰੂਪ 'ਚ ਮੌਜੂਦ ਹੈ।

ਕਾਨੂੰਨ ਸ਼ਬਦ ਦੇ ਇਤਿਹਾਸ 'ਚ ਜਾਂਦਿਆਂ ਅਸੀਂ ਦੇਖਦੇ ਹਾਂ ਕਿ ਕਾਨੂੰਨ ਯੂਨਾਨੀ ਭਾਸ਼ਾ ਦੇ ਲਫਜ਼ 'ਨੋਮੋਸ (NOMOS) ਚੋਂ ਨਿਕਲਿਆ ਹੈ। ਇਸ ਨੋਮੋਸ ਦਾ ਸ਼ਬਦੀ ਅਰਥ "ਹੱਕ ਜਤਾਉਣ (ਮਾਲਕੀ) , ਵੰਡ ਪਾਉਣੀ, ਮਾਲਕੀ ਦੇਣੀ" ਸੀ ਜੋ ਬਾਅਦ ਵਿੱਚ ਕਾਨੂੰਨ (ਇੱਕ ਹੁਕਮ) (Ordinance) ਦੇ ਰੂਪ 'ਚ ਵਰਤਿਆ ਜਾਣ ਲੱਗਾ। ਕਾਨੂੰਨ ਲਫਜ਼ ਤੱਕ ਅਪੜਨ ਦੇ ਇਤਿਹਾਸ 'ਚ ਹੀ ਮੁਢਲੇ ਕਮਿਊਨਿਸਟ ਭਾਈਚਾਰੇ ਵਾਲੀ ਬਰਾਬਰਤਾ ਤੋਂ ਸਿਆਸੀ ਅਤੇ ਆਰਥਕ ਨਾਬਰਾਬਰੀ 'ਚ ਤਬਦੀਲ ਹੋ ਜਾਣ ਦਾ ਇਤਿਹਾਸ ਸਮੋਇਆ ਹੋਇਆ ਹੈ। ਜਦ ਕਿ ਨੋਲੋਸ ਦਾ ਮੁਢਲਾ ਅਰਥ ਸਾਂਝੀਆਂ ਜ਼ਮੀਨਾਂ ਦੀ ਬਰਾਬਰ ਅਤੇ ਸ਼ਾਂਤਮਈ ਢੰਗ ਨਾਲ ਵੰਡ ਵੰਡਾਈ ਕਰਨਾ ਸੀ ਜਦ ਕਿ ਇਸ ਦੇ ਬਾਅਦ ਵਾਲੇ ਅਰਥਾਂ 'ਚ ਇੱਕ ਅਜਿਹਾ ਸਮਾਜ ਉਭਰ ਕੇ ਸਾਹਮਣੇ ਆਉਂਦਾ ਹੈ ਜਿਹੜਾ ਜਮਾਤੀ ਤਨਾਵਾਂ ਨਾਲ ਭਰਭੂਰ ਹੈ ਅਤੇ ਜਿਸ ਅੰਦਰ ਕਾਨੂੰਨ ਅਤੇ ਅਥਾਰਟੀ ਦੀ ਲੋੜ ਉਭਰਦੀ ਹੈ। ਸੋ ਅਸੀਂ ਇਸ ਅਮਲ ਨੂੰ ਇਓਂ ਬਿਆਨ ਕਰ ਸਕਦੇ ਹਾਂ ਕਿ ਲਫਜਾਂ ਦੀ ਜਾਣਕਾਰੀ ਅਤੇ ਉਹਨਾਂ ਦੇ ਬਣਨ-ਸੰਵਰਨ ਦਾ ਅਮਲ ਸਾਨੂੰ ਬਦਲਵੀਆਂ ਇਤਿਹਾਸਕ ਪ੍ਰਸਥਿਤੀਆਂ ਨੂੰ ਸਮਝਣ 'ਚ ਸਹਾਈ ਹੁੰਦੀ ਹੈ ਅਤੇ ਨਾਲ ਹੀ ਇਹ ਵੀ ਹਕੀਕਤ ਹੈ ਕਿ ਇਤਿਹਾਸ ਦੀ ਜਾਣਕਾਰੀ ਸਾਨੂੰ ਉਹਨਾਂ ਲਫ਼ਜ਼ਾਂ ਦੇ ਬਦਲਦੇ ਅਰਥਾਂ ਨੂੰ ਸਮਝਣ 'ਚ ਮੱਦਦ ਕਰਦੀ ਹੈ। ਇਸੇ ਸੰਦਰਭ 'ਚ ਹੀ ਲਫਜ਼ 'ਜਸਟਿਸ' (ਇਨਸਾਫ਼) ਨੂੰ ਦੇਖ ਸਕਦੇ ਹਾਂ। ਯੂਨਾਨੀ ਲਫਜ਼ ਨੇਮੇਸਿਸ (Nemesis) ਤੋਂ ਬਣਿਆ ਇਹ ਲਫਜ਼ ਇਸੇ ਨਾਂ ਦੀ ਇੱਕ ਦੇਵੀ ਦਾ ਨਾਂ ਵੀ ਹੈ ਜਿਸ ਦਾ ਕੰਮ ਹੋਰਨਾਂ ਦੇ ਹੱਕ ਮਾਰਨ ਵਾਲਿਆਂ 'ਤੇ ਦੇਵਤਿਆਂ ਦੀ ਕਰੋਪੀ ਆਉਣ ਦਾ ਸਰਾਪ ਦੇਣਾ ਸੀ। ਨੇਮੇਸਿਸ ਲਫਜ਼ ਤੋਂ ਹੋਰ ਪਿਛਾਂਹ ਇਸ ਦੀ ਜੜ੍ਹ 'ਚੋਂ ਨੋਮੀਜੋ ਲਫਜ਼ ਸਾਹਮਣੇ ਆਉਂਦਾ ਹੈ ਜਿਸ ਦਾ ਅਰਥ 'ਰਵਾਇਤ ਦੀ ਪਾਲਣਾ ਕਰਨਾ' ਹੈ। ਬਾਅਦ ਦੇ ਸਮਿਆਂ 'ਚ ਇਸ ਦੇ ਅਰਥ ਨੂੰ ਮੂਧਾ ਮਾਰਕੇ "ਵਾਚਣਾ" (to judge) ਕਰ ਦਿੱਤਾ ਗਿਆ।

ਜਿਓਂ ਜਿਓਂ ਅਸੀਂ ਲਫਜ਼ਾਂ ਦੇ ਬਣਨ-ਟੁੱਟਣ ਅਤੇ ਉਹਨਾਂ ਦੇ ਅਰਥਾਂ ਦੇ ਅਨਰਥ ਹੋਣ ਦੇ ਅਮਲ ਦੀ ਗਹਿਰਾਈ 'ਚ ਖੁੱਭਦੇ ਜਾਂਦੇ ਹਾਂ ਤਾਂ ਸਾਨੂੰ ਬਹੁਤ ਹੀ ਸਪੱਸ਼ਟਤਾ ਨਾਲ ਸਮਾਜ ਦੇ ਵਿਕਾਸ ਦੀ ਅਮਲ ਦੀ ਤਸਵੀਰ ਵੀ ਸਾਹਮਣੇ ਆਉਂਦੀ ਜਾਂਦੀ ਹੈ। ਜਿਵੇ. ਪ੍ਰੋ. ਐਬਡੀ ਲਾਅ ਦੀ ਉਤਪਤੀ ਦੀ ਪੈੜ ਕੱਢਦਿਆਂ ਹੈਰਾਨੀ ਪ੍ਰਗਟ ਕਰਦਾ ਹੈ ਕਿ ਕਾਨੂੰਨੀ ਢਾਂਚੇ ਨੂੰ ਘੜਨ ਦੀਆਂ ਮੁੱਢਲੀਆਂ ਕੋਸ਼ਿਸ਼ਾਂ 'ਚ "ਜ਼ੁਰਮ ਨੂੰ ਪ੍ਰੀਭਾਸ਼ਤ ਕਰਨ ਲਈ ਵਧੇਰੇ ਥਾਂ ਦਿੱਤੀ ਗਈ ਹੈ ਜਦ ਕਿ ਜਾਇਦਾਦ ਸਬੰਧੀ ਕਾਇਦਿਆਂ ਨੂੰ ਬਹੁਤ ਹੀ ਘੱਟ ਅਤੇ ਉਤਰ ਅਧਿਕਾਰੀ ਜਾਂ ਆਪਸੀ ਅਹਿਦ ਨਾਮਿਆਂ ਨੂੰ ਬਿਲਕੁਲ ਹੀ ਕੋਈ ਜਗ੍ਹਾਂ ਨਹੀਂ ਦਿੱਤੀ ਗਈ।" ਇਓਂ ਹੀ ਹੈਨਰੀ ਮੌਰਗਨ ਕਹਿੰਦਾ ਹੈ,"ਜਾਇਦਾਦ ਅਤੇ ਉਤਰ ਅਧਿਕਾਰੀ ਕਾਰਜ ਸਬੰਧੀ ਨਿਯਮਾਂ ਦੀ ਗਿਣਤੀ ਓਨੀ ਦੇਰ ਤੱਕ ਨਹੀਂ ਵੱਧ ਸਕਦੀ ਜਿੰਨੀ ਦੇਰ ਤੱਕ ਜ਼ਮੀਨਾਂ ਅਤੇ ਹੋਰ ਮਾਲ ਅਸਬਾਬ ਪਰਿਵਾਰ ਜਾਂ ਕਬੀਲੇ ਦੇ ਅੰਦਰ ਰਹਿੰਦਾ ਹੈ ਅਤੇ ਜੇਕਰ ਇਸ ਦੀ ਵੰਡ ਦੀ ਨੌਬਤ ਵੀ ਆਉਂਦੀ ਹੈ ਤਾਂ ਇਹ ਉਸੇ ਘੇਰੇ ਦੇ ਅੰਦਰ ਹੀ ਰਹਿ ਜਾਂਦੀ ਹੈ।"

ਇਹਨਾਂ ਦੋਹਾਂ ਵਿਚਾਰਕਾਂ ਤੋਂ ਅਸੀਂ ਦੇਖਦੇ ਹਾਂ ਕਿ ਸਮਾਜਕ ਵਿਕਾਸ ਦੇ ਜਿੰਨੇ ਪਿੱਛੇ ਮੁੜਕੇ ਪਿਛਲਝਾਤ ਮਾਰਦੇ ਹਾਂ ਤਾਂ ਓਨੇ ਹੀ ਅਸੀਂ ਮੁੱਢਲੇ ਕਮਿਊਨਿਜ਼ਮ ਦੇ ਨੇੜ-ਤੇੜ ਪਹੁੰਚ ਜਾਂਦੇ ਹਾਂ। ਅਤੇ ਨਾਲ ਹੀ ਅਸੀਂ ਦੇਖਦੇ ਹਾਂ ਕਿ ਉਦੋਂ ਸਮਾਜਕ ਸਬੰਧ ਵਿਅਕਤੀਵਾਦੀ ਸਨ। ਇਸ ਦੇ ਉਲਟ ਜਿਵੇਂ ਹੀ ਉਹਨਾਂ ਮੁੱਢਲੇ ਸਮਿਆਂ ਤੋਂ ਆਧੁਨਿਕ ਸਮਿਆਂ ਵੱਲ ਝਾਤੀ ਮਾਰਦੇ ਹਾਂ ਤਾਂ ਸਮਾਜਕ ਸਬੰਧ ਨਿਜੀ ਮਾਲਕੀ ਨਾਲ ਵੱਧ ਜੁੜਦੇ ਜਾਂਦੇ ਹਨ।

ਜਾਇਦਾਦ ਦੇ ਵਾਧੇ ਨਾਲ ਕਾਨੂੰਨ ਹੋਰ ਉਭਰਿਆ ਅਤੇ ਹੋਰ ਸਟੀਕ ਹੋਇਆ। ਇਸ ਪਿਛੋਕੜ 'ਚ ਝਾਤ ਮਾਰਨ ਤੋਂ ਪਤਾ ਲਗਦਾ ਹੈ ਕਿ ਜਾਇਦਾਦ ਦਾ ਹੱਕ ਜਤਾਉਣ ਜਾਂ ਹੋਣ ਦੀ ਗੱਲ ਉਦੋਂ ਹੋਣ ਲੱਗੀ ਜਦੋਂ ਜੰਗੀ ਸਰਦਾਰਾਂ ਅਤੇ ਉਹਨਾਂ ਦੇ ਹਮਜੋਲੀਆਂ ਨੇ ਕਬਾਇਲੀ ਮੁਖੀ ਦੀ ਪੁਜੀਸ਼ਨ ਅਤੇ ਹੋਰ ਰਸਮੀ ਰੁਤਬਿਆਂ ਨੂੰ ਹਥਿਆ ਲਿਆ ਅਤੇ ਆਪ ਮੁਖੀ ਬਣ ਬੈਠੇ (ਗਣ ਵਿਵਸਥਾ ਨੂੰ ਉਲੰਘਕੇ) ਅਤੇ ਪ੍ਰਾਚੀਨ ਸਮਿਆਂ ਤੋਂ ਚਲੀਆਂ ਆ ਰਹੀਆਂ ਰਵਾਇਤਾਂ ਦੀ ਥਾਂ ਲਿਖਤੀ ਰੂਪ 'ਚ ਥੋੜਾ ਬਹੁਤ ਲਿਖਿਆ ਜਾਣ ਲੱਗਾ ਕਿ ਕੋਈ ਗੱਲ ਕਰਨੀ ਕਿਵੇਂ ਹੈ। ਰਵਾਇਤ ਤੋਂ ਕਾਨੂੰਨ, ਇੱਕ ਨੁਮਾਇੰਦਗੀ ਵਾਲੇ ਮੁਖੀ ਤੋਂ ਜੰਗੀ ਸਰਦਾਰ ਅਤੇ ਫਿਰ ਰਾਜਾ ਸ਼ਾਹੀ , ਕਬੀਲੇ ਤੋਂ ਸਟੇਟ 'ਚ ਤਬਦੀਲੀ ਸਾਂਝੀ ਜਾਇਦਾਦ ਦੇ ਨਿੱਜੀ ਮਾਲਕੀ ਵਾਲੀ ਜਾਇਦਾਦ 'ਚ ਤਬਦੀਲੀ ਦੇ ਅਮਲ ਦੇ ਅੰਗ ਹਨ। ਜਦੋਂ ਨਿਜੀ ਜਾਇਦਾਦ ਦੀ ਮਿਕਦਾਰ ਥੋੜੀ ਸੀ ਅਤੇ ਇਹ ਲਿਖਤੀ ਕਾਇਦੇ ਮੁਤਾਬਕ ਆਪਣੀ ਹੈਸੀਅਤ ਜਤਾਉਣ ਲਈ ਯਤਨਸ਼ੀਲ ਸੀ ਤਾਂ ਇਸ ਨੂੰ ਕਬਾਇਲੀ ਰਵਾਇਤ ਦੀਆਂ ਜੜ੍ਹਾਂ ਹਿਲਾਉਣ 'ਚ ਬਹੁਤ ਮੁਸ਼ਕਲ ਪੇਸ਼ ਆਈ। ਇਸ ਕਰਕੇ ਹੀ ਮੁੱਢਲੇ ਕਾਇਦਿਆਂ ਅੰਦਰ ਜਾਇਦਾਦ ਦੇ ਰਿਸ਼ਤਿਆਂ ਨਾਲੋਂ ਨਿਜੀ ਸਬੰਧਾਂ ਦਾ ਜ਼ਿਕਰ ਵਧੇਰੇ ਕੀਤਾ ਗਿਆ ਸੀ। ਪਰ ਜਿਓਂ ਹੀ ਨਿੱਜੀ ਜਾਇਦਾਦ ਮਿਕਦਾਰੀ ਰੂਪ 'ਚ ਵਧੀ ਅਤੇ ਇਹ ਇੱਕ ਸਮਾਜਕ ਤਾਕਤ ਬਣ ਗਈ ਤਾਂ ਬਰਾਬਰਤਾ ਵਾਲੇ ਕਾਇਦਿਆਂ ਅੰਦਰ ਨਿਜੀ ਰਿਸ਼ਤਿਆਂ ਦੀ ਥਾਂ ਨਿੱਜੀ ਜਾਇਦਾਦ ਵਧਵੇਂ ਰੂਪ 'ਚ ਮੱਲਣ ਲੱਗੀ। ਇਓਂ ਜਮਾਤੀ ਰਾਜ (ਸਟੇਟ) ਨੇ ਆਪਣੇ ਕਾਨੂੰਨੀ ਕਾਇਦਿਆਂ ਨੂੰ ਉਲੀਕਣ ਵੇਲੇ ਜਾਇਦਾਦੀ ਰਿਸ਼ਤਿਆਂ 'ਤੇ ਅਧਾਰਤ ਸਮਾਜੀ ਪ੍ਰਬੰਧ ਦੀ ਮੁਹਰ ਲਾਈ। ਇਹ ਇਸ ਕਰਕੇ ਹੀ ਹੈ ਕਿ ਕਾਨੂੰਨ ਦੇ ਜ਼ੁੰਮੇਵਾਰ ਵਿਆਖਿਆ ਕਰਤਾਵਾਂ ਦੇ ਰੂਪ 'ਚ ਜੱਜ ਸਟੇਟ ਦੇ ਸਿੱਧੇ ਕੰਟਰੋਲ ਹੇਠ ਹੁੰਦੇ ਹਨ।

**ਖ਼ੂਨ ਦਾ ਬਦਲਾ ਖ਼ੂਨ ਤੋਂ ਬਲੱਡ ਮਨੀ ਤੱਕ ਦਾ ਸਫ਼ਰ** : ਅਸੀਂ ਅਕਸਰ ਹੀ ਸਾਊਦੀ ਅਰਬ ਆਦਿ ਮੁਲਕਾਂ ਅੰਦਰ ਬਲੱਡ ਮਨੀ ਸਬੰਧੀ ਖਬਰਾਂ ਸੁਣਦੇ ਰਹਿੰਦੇ ਹਾਂ। ਬਲੱਡ ਮਨੀ ਉਹ ਰਕਮ ਹੈ ਜੋ ਖ਼ੂਨ ਵਹਾਉਣ ਵਾਲਾ ਯਾਨੀ ਕਾਤਲ ਆਪਣੇ ਵੱਲੋਂ ਕੀਤੇ ਜੁਰਮ ਦੇ ਇਵਜਾਨੇ ਵਜੋਂ ਪੀੜਤ ਪਰਿਵਾਰ ਨੂੰ ਅਦਾ ਕਰਦਾ ਹੈ ਅਤੇ ਸਬੰਧਤ ਪਰਿਵਾਰ ਵੱਲੋਂ ਮਾਫ਼ ਕੀਤੇ ਜਾਣ ਉਪਰੰਤ ਸਟੇਟ ਵੀ ਉਸ (ਦੋਸ਼ੀ) ਨੂੰ ਰਿਹਾ ਕਰ ਦਿੰਦੀ ਹੈ। ਕੁੱਝ ਇਸਲਾਮੀ ਮੁਲਕਾਂ ਅੰਦਰ ਪ੍ਰਚੱਲਤ ਇਹ ਕਾਨੂੰਨ ਉਹਨਾਂ ਸਮਿਆਂ ਦੀ ਯਾਦ ਤਾਜ਼ਾ ਕਰਵਾਉਂਦਾ ਹੈ ਜਦੋਂ ਨਿੱਜੀ ਹਾਇਦਾਦ ਨੇ ਆਪਣੇ ਪੈਰ ਪਸਾਰਣੇ ਸ਼ੁਰੂ ਹੀ ਕੀਤੇ ਸਨ। ਜਦੋਂ ਕਬੀਲੇ ਦੇ ਇੱਕ ਹਿੱਸੇ ਦੇ ਮੈਂਬਰ ਡੁੱਲ੍ਹੇ ਖ਼ੂਨ ਦਾ ਬਦਲਾ ਵਿਰੋਧੀ ਕਬੀਲੇ ਦੇ ਖ਼ੂਨ ਕਰਕੇ ਹੀ ਬਦਲਾ ਲਿਆ ਜਾਂਦਾ ਸੀ। ਭਾਵੇਂ ਕਿ ਸੱਭਿਅਤਾ ਦੇ ਵਿਕਾਸ ਨਾਲ ਭਾਵੇਂ ਖ਼ੂਨ ਦਾ ਬਦਲਾ ਖ਼ੂਨ ਵਾਲੀ ਰਵਾਇਤ ਨੂੰ ਕਾਨੂੰਨੀ ਤੌਰ 'ਤੇ ਖਤਮ ਕਰ ਦਿੱਤਾ ਹੈ ਪਰ ਘੱਟ ਵਿਕਸਤ ਮੁਲਕਾਂ ਅੰਦਰ ਅਜੇ ਵੀ ਖ਼ੂਨ ਦਾ ਬਦਲਾ ਖ਼ੂਨ ਵਾਲੀ ਰਵਾਇਤ ਪਈ ਹੈ ਜਿਹੜੀ ਖਾਨਦਾਨਾਂ ਦੇ ਖ਼ੂਨ ਦਰ ਖ਼ੂਨ ਦੀ ਇਬਾਰਤ ਲਿਖਦੀ ਹੈ। ਖ਼ੂਨ ਦਾ ਬਦਲਾ ਖ਼ੂਨ ਦੀ ਰੀਤ ਭਾਈਚਾਰੇ ਦੀ ਇਸ ਸਮਝ 'ਤੇ ਅਧਾਰਤ ਸੀ ਕਿ ਕਬੀਲੇ ਦਾ ਖ਼ੂਨ ਪਾਕ ਹੈ ਅਤੇ ਬਰਾਬਰਤਾ ਦਾ ਅਸੂਲ ਇਹ ਮੰਗ ਕਰਦਾ ਹੈ ਕਿ ਖ਼ੂਨ ਦੀ ਸਾਂਝ ਨੂੰ ਆਈ ਆਂਚ ਦਾ ਬਦਲਾ ਖ਼ੂਨ ਨਾਲ ਹੀ ਲਿਆ ਜਾਵੇ।

ਇਹ ਪਹੁੰਚ ਮਨੁੱਖ ਅੰਦਰ ਪਸ਼ੂ ਬਿਰਤੀ ਦੇ ਮੌਜੂਦ ਹੋਣ ਦਾ ਸਬੂਤ ਹੈ।


ਕਬਾਇਲੀ ਸਮਾਜ ਦੇ ਵਿਕਸਤ ਹੁੰਦੇ ਜਾਣ ਨਾਲ ਹੋਰਨਾਂ ਨੂੰ ਦਰਪੇਸ਼ ਸਮੱਸਿਆਵਾਂ ਚੋਂ ਇੱਕ ਇਹ ਪੇਸ਼ ਆਈ ਕਿ ਕਬੀਲੇ ਵਿਚਲੀ ਖੂਨ ਦੀ ਸਾਂਝ ਘੱਟਦੀ ਘੱਟਦੀ ਪਰਿਵਾਰ ਤੱਕ ਰਹਿ ਗਈ ਅਤੇ ਇਜ ਖੂਨ ਦਾ ਬਦਲਾ ਖੂਨ ਵੀ ਸਬੰਧਤ ਪਰਿਵਾਰ ਦੇ ਨਾਲ ਹੀ ਬੱਝ ਗਿਆ। ਪਰ ਨਿੱਜੀ ਜਾਇਦਾਦ ਦੇ ਵਧਣ ਨਾਲ ਅਤੇ ਗੁਲਾਮਦਾਰੀ ਦੇ ਫੈਲਾਅ ਨਾਲ ਮਨੁੱਖ ਦੀ ਖੁਦ ਦੀ ਉਤਪਾਦਕ ਸ਼ਕਤੀ ਨੂੰ ਤਸਲੀਮ ਕੀਤਾ ਜਾਣ ਲੱਗਾ ਤਾਂ ਜਾ ਕੇ ਖੂਨ ਦਾ ਬਦਲਾ ਖੂਨ ਦੀ ਰੀਤ ਆਪਣੇ ਖਾਤਮੇ ਵੱਲ ਵਧੀ ਅਤੇ ਮਨੁੱਖ ਨੂੰ ਹੁਣ ਇੱਕ ਜਾਇਦਾਦ ਯਾਨੀ ਜਾਇਦਾਦ ਪੈਦਾ ਕਰਨ ਵਾਲੇ ਸੰਦ ਦੇ ਰੂਪ ਵਿੱਚ ਦੇਖਿਆ ਜਾਣ ਲੱਗਿਆ। ਬਲੱਡ ਮਨੀ ਇਸ ਹਾਲਤ ਚੋਂ ਹੀ ਨਿਕਲੀ ਰੀਤ ਸੀ।

ਅਜਿਹੇ ਨੁਕਤਾਨਜ਼ਰ ਤੋਂ ਦੇਖਿਆਂ ਕਾਨੂੰਨ ਵੱਖ-ਵੱਖ ਧਾਰਾਵਾਂ ਵਿੱਚ ਵੰਡਿਆ ਇਬਾਰਤਾਂ ਦਾ ਇੱਕ ਅਜਿਹਾ ਸਮੂੱਚ ਹੈ ਜਿਹਨਾਂ ਰਾਹੀਂ ਜਾਇਦਾਦ ਮਾਲਕ ਜਮਾਤ ਦੇ ਨੁਮਾਇੰਦੇ/ਆਪਣੀ ਪਰਜਾ ਦੀ ਕੀਤੀ ਗਈ ਲੁੱਟ ਦੇ ਮਾਲ ਨੂੰ ਆਪਸ 'ਚ ਵੰਡੀਆਂ ਪਾਉਣ ਲਈ ਰਜਾਮੰਦੀ ਪ੍ਰਗਟਾਉਂਦੇ ਹਨ। ਆਪਣੇ ਲੁਟੇਰੇ ਹਿਤਾਂ ਦੇ ਨਾਲ ਜੁੜਦੀਆਂ ਸ਼ਿਕਾਇਤਾਂ ਅਤੇ ਗੌਲਿਆਂ ਨੂੰ ਨਿਭੇੜਦਿਆਂ ਉਹਨਾਂ (ਮਾਲਕਾਂ) ਦੀ ਆਪਣੀ ਜਮਾਤੀ ਏਕਤਾ ਨੂੰ ਬਰਕਰਾਰ ਰੱਖਣ ਦਾ ਸੰਦ ਹੈ - ਕਾਨੂੰਨ। ਇਸ ਲਈ ਇਹਨਾਂ ਜਮਾਤਾਂ ਦੇ ਹਿੱਤਾਂ ਦੀ ਪੈਰਵਾਈ ਕਰਨ ਹਿੱਤ ਗਠਿਤ ਕਾਰਜਕਾਰਨੀ ਯਾਨੀ ਸਟੇਟ ਦਾ ਅੰਤਮ ਕਾਰਜ ਅਜਿਹੇ ਕਾਨੂੰਨਾਂ ਨੂੰ ਘੜਨਾ ਅਤੇ ਲਾਗੂ ਕਰਨਾ।

ਆਲਮੀ ਪੱਧਰ 'ਤੇ ਕਬਾਇਲੀ ਰਵਾਇਤਾਂ ਦੇ ਕਾਨੂੰਨ 'ਚ ਤਬਦੀਲ ਹੋਣ ਦਾ ਅਮਲ ਘੱਟ-ਵੱਧ ਰੂਪ 'ਚ ਇਓਂ ਹੀ ਚੱਲਿਆ ਹੈ। ਭਾਰਤ ਅੰਦਰ ਵੀ ਅਸੀਂ ਦੇਖਦੇ ਹਾਂ ਕਿ ਰਾਜ ਦਾ ਮੁੱਢ ਈਸਾ ਤੋਂ 6 ਸਦੀਆਂ ਪਹਿਲਾਂ ਕੋਸਲਾ ਅਤੇ ਮਗਧ ਰਾਜਾਂ ਦੇ ਰੂਪ 'ਚ ਸਾਹਮਣੇ ਆਉਂਦਾ ਹੈ। ਇਹ ਅਮਲ ਵੀ ਕੋਈ ਸਹਿਜ ਨਹੀਂ ਸੀ। ਇਹ ਉਹ ਸਮਾਂ ਸੀ ਜਦੋਂ ਪ੍ਰਾਚੀਨ ਕਬਾਇਲੀ ਭਾਈਚਾਰਿਆਂ ਨੂੰ ਤੋੜਕੇ ਰਿਆਸਤਾਂ ਗਠਿਤ ਕੀਤੀਆਂ ਜਾ ਰਹੀਆਂ ਸਨ। ਅਜਿਹੀ ਕਤਲੋਗਾਰਦ ਦੇ ਮੱਦੇ ਨਜਰ ਕਬਾਇਲੀ ਜਮਹੂਰੀਅਤ ਨੂੰ ਆਪਣੇ ਅੰਦਰ ਤੀਬਰ ਉਦਰੇਵਾਂ ਪਾਲ ਰਿਹਾ ਬੁੱਧ ਨਿਰੋਲ ਲਾਲਚ ਵੱਸ ਕੀਤੇ ਜਾ ਰਹੇ ਇਹਨਾ ਅਤਿਆਚਾਰਾਂ ਤੋਂ ਪ੍ਰੇਸ਼ਾਨ ਹੋ ਜਾਂਦਾ ਹੈ। ਇੱਥੋਂ ਹੀ ਬੁੱਧ ਮੱਤ ਦਾ ਫਲਸਫ਼ਾ ਆਪਣਾ ਮੁਢਲਾ ਰੂਪ ਗ੍ਰਹਿਣ ਕਰਨ ਲਗਦਾ ਹੈ ਕਿ ਲਾਲਚ ਦੀ ਕੋਈ ਸੀਮਾ ਨਹੀਂ ਹੁੰਦੀ ਅਤੇ ਲਾਲਚ ਹੀ ਦੁੱਖਾਂ ਦਾ ਕਾਰਨ ਬਣਦਾ ਹੈ। ਇਹਨਾਂ ਨਵੇਂ ਸਥਾਪਤ ਹੋਏ ਰਾਜਾਂ ਦਾ ਵਿਸ਼ੇਸ਼ ਕਾਰਜ ਵਰਣ ਵਿਵਸਥਾ ਤੇ ਨਿਜੀ ਜਾਇਦਾਦ ਦਾ ਝੰਡਾ ਬੁਲੰਦ ਕਰਨ ਦਾ ਸੀ ਅਤੇ ਉਪਰਲੀਆਂ ਜਾਤਾਂ ਨੂੰ ਲਗਾਨ ਮੁਕਤ ਕਰਦਿਆਂ ਸਾਰਾ ਬੋਝ ਹੇਠਲੀਆਂ ਜਾਤਾਂ 'ਤੇ ਸੁੱਟ ਦਿੱਤਾ ਗਿਆ। ਇਸ ਤੋਂ ਬਾਅਦ ਚਾਣਕੀਆਂ ਅਤੇ ਮਨੂ ਕਿਹੇ ਕੌਡ ਘਾੜਿਆਂ ਨੇ ਵਰਣ ਵਿਵਸਥਾ ਨੂੰ ਹੋਰ ਪੱਕਿਆਂ ਕਰਦਿਆਂ ਪ੍ਰਾਚੀਨ ਰਾਜ ਦੇ ਕੁੱਝ ਕਾਇਦੇ ਘੜੇ ਜਿਹੜੇ ਚਾਣਕੀਯਾ ਨੀਤੀ ਅਤੇ ਮਨੂ ਸਮ੍ਰਿਤੀ ਅੰਦਰ ਦਰਜ ਹਨ ਜਿਹਨਾਂ ਬਾਰੇ ਬਾਦ 'ਚ ਕਿਸੇ ਅਲੱਗ ਲੇਖ 'ਚ ਚਰਚਾ ਕੀਤੀ ਜਾਵੇਗੀ। ਇਹਨਾਂ ਹੀ ਗ੍ਰੰਥਾਂ 'ਚ ਦਰਜ ਕਾਇਦਿਆਂ ਨੂੰ ਮੌਜੂਦਾ ਮੋਦੀ ਸਰਕਾਰ ਆਪਣੇ ਹਿੰਦੂ ਫਾਸ਼ੀਵਾਦੀ ਦੀ ਮਨਸੂਬਿਆਂ ਦੀ ਪੂਰਤੀ ਹਿਤ ਭਾਰਤੀ ਸੰਵਿਧਾਨ ਦੀ ਪੋਥੀ ਅੰਦਰ ਦਰਜ ਕਰਨ ਲਈ ਲਟਾ ਪੀਂਘ ਹੋ ਰਹੀ ਹੈ ਅਤੇ ਕਾਨੂੰਨ ਦੀ ਉਪਰ ਪ੍ਰੀਭਾਸ਼ਤ ਵਿਆਖਿਆ ਅਨੁਸਾਰ ਟੈਕਸਾਂ ਦਾ ਸਾਰਾ ਬੋਝ ਆਮ ਪਰਜਾ 'ਤੇ ਪਾਕੇ ਉਹਨਾਂ ਦੀ ਮਿਹਨਤ-ਮੁਸ਼ੱਕਤ ਦਾ ਸਾਰਾ ਫਲ ਹੜੱਪ ਰਹੀ ਹੈ ਅਤੇ ਦੂਜੇ ਪਾਸੇ ਸੰਕਟ ਗ੍ਰਸਤ ਹਾਕਮ ਟੋਲੇ ਮੌਜੂਦਾ ਕਾਨੂੰਨਾਂ 'ਚ ਹੀ ਆਪਣੇ ਸੂਤ ਬਹਿੰਦੀਆਂ ਅਦਲਾ-ਬਦਲੀਆਂ ਕਰਕੇ ਕਰਾਂ ਤੋਂ ਮੁਕਤੀ ਲਈ ਰਾਹ ਪੱਧਰਾ ਕਰਦੇ ਆ ਰਹੇ ਹਨ ਅਤੇ ਲੋਕਾਂ ਦੇ ਪੈਸਿਆਂ ਨਾਲ ਭਰੇ ਸਰਕਾਰੀ ਖਜ਼ਾਨਿਆਂ ਨੂੰ ਲੁੱਟਣ ਦੀ ਖੁੱਲ੍ਹ ਲੈਣ ਖਾਤਰ 'ਕਾਨੂੰਨੀ' ਚਾਰਾਜੋਈ ਕਰ ਰਹੇ ਹਨ।

*ਸਾਕਾ ਜਲ੍ਹਿਆਂਵਾਲਾ ਸ਼ਤਾਬਦੀ ਵਰ੍ਹੇ*

# ਪ੍ਰੈਸ ਦੀ ਫਿਕਰਮੰਦੀ



ਬਸਤੀਵਾਦੀ ਬਰਤਾਨਵੀ ਹਾਕਮਾਂ ਵੱਲੋਂ ਲੋਕਾਂ ਨੂੰ ਦਹਿਸ਼ਜਦਾ ਕਰਨ ਅਤੇ ਅਜਾਦੀ ਦੀ ਲੜਾਈ ਕੁਚਲਣ ਲਈ ਰਚਾਏ ਜਲਿਆਂਵਾਲੇ ਕਾਂਡ ਪ੍ਰਤੀ ਪ੍ਰੈਸ ਦੇ ਵੱਡੇ ਹਿੱਸੇ ਦੀ ਭੂਮਿਕਾ ਇਸ ਸਾਕੇ ਨੂੰ ਲੁਕੋਣ ਅਤੇ ਅਤੇ ਬਰਤਾਨਵੀ ਰਾਜ ਦੇ ਛਵੀ ਨੂੰ ਸਾਫ ਰੱਖਣ ਦੀ ਰਹੀ ਹੈ। ਲੋਕ ਪੱਖੀ ਪ੍ਰੈਸ ਨੂੰ ਜਿੱਥੇ ਪਾਬੰਦੀਆਂ ਦਾ ਸਾਹਮਣਾ ਕਰਨਾ ਪਿਆ, ਉੱਥੇ ਇਸ ਹਿੱਸੇ ਵੱਲੋਂ ਇਸ ਕਾਂਡ ਦੀ ਕੀਤੀ ਗਈ ਕਵਰੇਜ ਜਾਂ ਟਿਪਣੀਆਂ ਲਈ ਸਜਾਵਾਂ ਵੀ ਭੁਗਤਣੀਆਂ ਪਈਆਂ ਅਤੇ ਉਸ ਪ੍ਰਤੀ ਭਾਰਤ ਅੰਦਰਲੇ ਰਾਜ ਪੱਖੀ ਪ੍ਰੈਸ ਦੇ ਹਿੱਸੇ ਨੇ ਵੀ ਨੁਕਤਾਚੀਨੀ ਕੀਤੀ ਅਤੇ ਪਾਬੰਦੀਆਂ ਦੀ ਮੰਗ ਕੀਤੀ। ਬਰਤਾਨਵੀ ਪ੍ਰੈਸ ਵੱਲੋਂ ਵੀ ਇਸ ਸਾਕੇ ਦੀ ਜ਼ੁੰਮੇਵਾਰੀ ਸਾਮਰਾਜੀ ਨੀਤੀਆਂ ਤੋਂ "ਭਟਕਾਕੇ ਇੱਕੱਲੇ ਜਨਰਲ ਡਾਇਰ ਤੱਕ ਸੀਮਤ ਕਰਨ ਦੇ ਸਿਰਤੋੜ ਯਤਨ ਕੀਤੇ ਗਏ ਕੁੱਝ ਹਿੱਸਾ ਸਿੱਧਾ ਡਾਇਰ ਦੀ ਹਮਾਇਤ ਲਈ ਵੀ ਡੱਟ ਗਿਆ।" ਹਥਲਾ ਲੇਖ ਲੋਕਾਂ ਵੱਲੋਂ ਸਾਮਰਾਜ ਨੂੰ ਵੰਗਾਰਨ ਵਾਲੇ ਭਾਰਤੀ ਲੋਕਾਂ ਦੀ ਜਦੋਜਹਿਦ ਦੇ ਇਸ ਜੁਅਰਤਮੰਦ ਕਾਂਡ ਪ੍ਰਤੀ ਪ੍ਰੈਸ ਦੀ ਭੂਮਿਕਾ ਦੀ ਸੰਖੇਪ ਜਾਣਕਾਰੀ ਦੇਣ ਦਾ ਯਤਨ ਮਾਤਰ ਹੈ:

ਭਾਰਤੀ ਮੀਡੀਆ ਦੇ ਇੱਕ ਦੇ ਹਿੱਸੇ ਨੇ ਇਸ ਸਾਕੇ ਨੂੰ ਨਜਰਅੰਦਾਜ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਸਗੋਂ ਲੋਕ ਪੱਖੀ ਹਿੱਸੇ ਵੱਲੋਂ ਇਸ ਦੀ ਕਵਰੇਜ ਉਪਰ ਪਾਬੰਦੀਆਂ ਲਾਉਣ ਦੀ ਮੰਗ ਕੀਤੀ। ਅਪ੍ਰੈਲ 1919 ਦੇ ਟਾਈਮਜ਼ ਆਫ ਇੰਡੀਆਂ ਨੇ ਇਸ ਕਾਂਡ ਦੀ ਖਬਰ ਮੁੱਖ ਪੰਨੇ ਦੀ ਬਜਾਏ 10ਵੇਂ ਪੰਨੇ ਉਪਰ ਚਾਰ ਲਾਈਨਾ ਨੋਟ ਨਾਲ ਦਿੱਤੀ ਕਿ "ਅੰਮ੍ਰਿਤਸਰ ਵਿੱਚ ਅਧਿਕਾਰੀਆਂ ਵਿਰੁੱਧ ਭੀੜ ਨੇ ਹਿੰਸਕ ਹਮਲਾ ਕੀਤਾ। ਫੌਜ ਨੇ ਬਾਗੀਆਂ ਨੂੰ ਪਛਾੜ ਦਿੱਤਾ ਅਤੇ ਉਹਨਾਂ (ਬਾਗੀਆਂ) ਦਾ 200 ਜਾਨਾਂ ਦਾ ਨੁਕਸਾਨ ਹੋਇਆ।" ਅਖਬਾਰ ਨੇ ਸਤਿਆਗ੍ਰਹਿ ਵਿਰੁੱਧ ਲੇਖਾਂ ਨੂੰ ਤਰਜੀਹ ਦਿੱਤੀ।

ਲਗਪੱਗ ਦਸ ਦਿਨਾਂ ਬਾਅਦ 23 ਅਪ੍ਰੈਲ 1919 ਦੇ ਇਸ ਅਖਬਾਰ ਅੰਦਰ ਘਟਨਾ ਸਬੰਧੀ ਖਬਰ ਵਿੱਚ ਜਲਿਆਂਵਾਲੇ ਕਾਂਡ ਜਾਂ ਜਨਰਲ ਡਾਇਰ ਦਾ ਜਿਕਰ ਕੀਤੇ ਬਗੈਰ ਭਾਰਤੀ ਫੌਜੀਆਂ ਦੀ ਪ੍ਰਸ਼ੰਸਾ ਕਰਦੀ ਖਬਰ ਪੰਨਾ 7 ਉਪਰ ਇਓਂ ਛਾਪੀ ਗਈ, "ਭਾਰਤੀ ਸਿਪਾਹੀਆਂ ਨੂੰ ਸਲਾਮ , ਇਹ ਦੱਸਿਆ ਗਿਆ ਹੈ ਕਿ ਅੰਮ੍ਰਿਤਸਰ ਵਿੱਚ ਪਾਬੰਦੀਆਂ ਦੇ ਬਾਵਜੂਦ 13 ਅਪ੍ਰੈਲ ਨੂੰ ਭੀੜ ਇਸ ਕਰਕੇ ਜਮ੍ਹਾਂ ਹੋਈ ਸੀ ਕਿ ਉਹਨਾਂ ਨੂੰ ਯਕੀਨ ਦਵਾਇਆ ਗਿਆ ਸੀ ਕਿ ਭਾਰਤੀ ਫੌਜਾਂ ਉਹਨਾਂ ਉਪਰ ਫਾਇਰਿੰਗ ਨਹੀਂ ਕਰਨਗੀਆਂ। ਹਕੀਕਤ ਇਹ ਹੈ ਕਿ ਭਾਰਤੀ ਫੌਜ ਨੇ ਪੂਰੇ ਜੋਰ ਨਾਲ ਕਾਰਵਾਈ ਕੀਤੀ, ਭਾਵੇਂ ਕੁੱਝ ਕੁ ਸਿਪਾਹੀ ਉਹਨਾਂ ਨੂੰ ਗੁੰਮਰਾਹ ਕੀਤੇ ਜਾ ਰਹੇ ਲਗਾਤਾਰ ਪ੍ਰਚਾਰ ਕਾਰਨ ਡਾਵਾਂਡੋਲ ਹੋ ਗਏ ਹੋਣ ਪਰ ਇਨ੍ਹਾਂ ਔਖੀਆਂ ਹਾਲਤਾਂ ਵਿੱਚ ਉਹਨਾਂ ਦਾ ਵਰਤਾਓ ਹੈਰਾਨੀਜਨਕ ਸੀ। ਇਸ ਤੋਂ ਇਲਾਵਾ 22 ਅਪ੍ਰੈਲ 1919 ਸਫਾ 7 ਉਪਰ ਪੰਜਾਬ ਦੇ ਹਾਲਾਤ ਅਤੇ 28 ਅਪ੍ਰੈਲ 1919 ਨੂੰ ਸਫਾ 9 'ਤੇ ਵਫਾਦਾਰ ਭਾਰਤੀਆਂ ਨੂੰ ਇਨਾਮ ਨਾਮੀ ਸਿਰਲੇਖਾਂ ਹੇਠ ਛਪੀਆਂ ਰਿਪੋਰਟਾਂ ਵਿੱਚ ਹਰਮੰਦਰ ਸਾਹਿਬ ਉਪਰ ਬੰਬਾਰੀ ਦੀਆਂ ਅਫਵਾਹਾਂ ਦਾ ਖੰਡਨ ਕੀਤਾ ਗਿਆ।

ਕੌਮਵਾਦੀ ਅਖਬਾਰ 'ਬੰਬੇ ਕਰੌਨੀਕਲ' ਵੱਲੋਂ ਪੰਜਾਬ ਸਰਕਾਰ ਵੱਲੋਂ ਤਸ਼ੱਦਦ ਅਤੇ ਖੌਫਜ਼ਦਾ ਕਾਰਵਾਈ ਨਾਮੀ ਕਾਰਵਾਈ ਕੀਤੀ ਨੁਕਤਾਚੀਨੀ ਨੂੰ ਟਾਈਮਜ ਆਫ ਇੰਡੀਆਂ ਨੇ ਸਖਤ ਅਪਰਾਧ ਕਰਾਰ ਦਿੰਦੇ ਫਿਟਕਾਰ ਪਾਈ ਅਤੇ ਉਸ ਦਾ ਲਾਈਸੈਂਸ ਰੱਦ ਕਰਨ ਦੀ ਮੰਗ ਤੱਕ ਕਰ ਦਿੱਤੀ। ਲਿਖਿਆ ਕਿ "ਸਾਡੇ ਸਮਕਾਲੀ ਜਿਹਨਾਂ ਨੂੰ ਵਧੀਕੀਆਂ ਕਰਕੇ ਭੰਡਦੇ ਹਨ ਉਹ ਹਨ ਜਹਾਜ਼ਾਂ ਰਾਹੀਂ ਬੰਬਾਂ, ਮਸ਼ੀਨਗੰਨਾਂ, ਗ੍ਰਿਫਤਾਰੀਆਂ ਅਤੇ ਜਲਾਵਤਨੀਆਂ ਤੇ ਜਨਤਕ ਗਲੀਆਂ ਵਿੱਚ ਕੋਰੜੇ ਮਾਰਨੇ ਹਨ ... ਪਰ ਜਦੋਂ ਕੋਈ ਅਖਬਾਰ ਸਰਕਾਰੀ ਕਾਰਵਾਈ ਨੂੰ ਤਸ਼ੱਦਦ ਅਤੇ ਦਹਿਸ਼ਤਗਰਦੀ ਕਹਿਣਾ ਸ਼ੁਰੂ ਕਰ ਦੇਵੇ ਤਾਂ ਉਸ ਸਤਾ ਦੀ ਉਦਾਹਰਣ ਜਿਹੜੀ ਅਜਿਹੇ ਮੌਕੇ ਇਹੋ ਜਿਹੇ ਬਿਆਨਾ ਦੇ ਜਾਹਰ ਹੋਣ ਦੀ ਆਗਿਆ ਦਿੰਦੀ ਹੈ ਅਤੇ ਉਸ ਜਰਨਲ ਦੇ ਲਾਈਸੈਂਸ ਬਾਰੇ ਰੋਸ ਪ੍ਰਗਟ ਕਰਨ ਦਾ ਸਮਾਂ ਆਗਿਆ ਹੈ ਜਿਸਨੇ ਜ਼ੁੰਮੇਵਾਰੀ ਦੇ ਸਾਰੇ ਵਿਚਾਰਾਂ ਨੂੰ ਤੁੰਬਾ ਤੁੰਬਾ ਕਰਕੇ ਉਡਾ ਦਿੱਤਾ ਹੈ। ਅਸੀਂ ਸਚਾਈ ਨੂੰ ਜਿਨਾਂ ਨੇੜੇ ਹੋਵਾਂਗੇ ਓਨਾ ਵੱਧ ਸਾਨੂੰ ਇਹਨਾ ਕਾਰਵਾਈਆਂ ਜਿਹੜੀਆਂ ਮਾਰਸ਼ਲ ਲਾਅ ਹੇਠ ਕੀਤੀਆਂ ਗਈਆਂ ਹਨ, ਦੀ ਵਾਜਬੀਅਤ ਨਜ਼ਰ ਆਵੇਗੀ। ( ਦਾ ਟਾਈਮਜ ਆਫ ਇੰਡੀਆ 24 ਅਪ੍ਰੈਲ 1919 ਸਫਾ 6)।

ਕਈ ਮਹੀਨੇ ਅਜਿਹੀਆਂ ਖਬਰਾਂ ਦੇ ਦੌਰ ਵਿੱਚ ਜਲਿਆਂਵਾਲਾ ਬਾਗ ਕਤਲੇਆਮ ਲਈ ਜਰਨਲ ਡਾਇਰ ਦੇ ਮੁਖ ਕੁਕਰਮੀ ਹੋਣ ਕਿਤੇ ਵੀ ਜਿਕਰ ਤੱਕ ਨਾ ਆਉਣਾ ਹੈਰਾਨੀਜਨਕ ਹੈ।

ਇਸ ਦੇ ਉਲਟ ਬੰਬੇ ਕਰੌਨੀਕਲ ਦੇ ਸੰਪਾਦਕ ਅਤੇ ਕੌਮੀ ਆਜ਼ਾਦੀ ਦੇ ਬੇਖੌਫ਼ ਚੈਪੀਅਨ ਬੀ ਜੀ ਹੋਰਨੀਮੈਨ ਨੇ ਸੈਂਸਰਸ਼ਿਪ ਦੀ ਪ੍ਰਵਾਹ ਨਾ ਕਰਦਿਆਂ ਜਲਿਆਂਵਾਲਾ ਬਾਗ ਕਤਲੇਆਮ ਬਾਰੇ ਪੱਤਰਕਾਰ ਗੋਵਰਦਨ ਦਾਸ ਦੀ ਲਿਖਤ ਪ੍ਰਕਾਸ਼ਤ ਕੀਤੀ। ਨਾਬਰ ਹੋਰਨੀਮੈਨ ਨੇ ਜਲਿਆਂਵਾਲਾ ਕਤਲੇਆਮ ਬਾਰੇ ਦੁਬਾਰਾ ਲਿਖਿਆ ਜਿਸ ਕਰਕੇ 26 ਅਪ੍ਰੈਲ 1919 ਨੂੰ ਬੰਬੇ ਸਰਕਾਰ ਨੇ ਉਸ ਨੂੰ ਬਿਮਾਰੀ ਦੀ ਹਾਲਤ ਵਿੱਚ ਬਿਸਤਰੇ ਤੋਂ ਧੂਹ ਕੇ ਭਾਰਤ ਵਿੱਚੋਂ ਕੱਢ ਦਿੱਤਾ ਸੀ, ਉਸਦੇ ਪੱਤਰਕਾਰ ਗੋਵਰਦਨ ਦਾਸ ਇੱਕ ਨੂੰ ਤਿੰਨ ਸਾਲ ਸੀਖਾਂ ਪਿਛੇ ਰੱਖਿਆ ਗਿਆ। ਅਤੇ ਅਖਬਾਰ ਵਕਤੀ ਤੌਰ ਦੇ ਬੰਦ ਰੱਖਿਆ ਗਿਆ। ਹੋਰਨੀਮੈਨ ਬਰਤਾਨਵੀ ਹਾਕਮਾਂ ਦੇ ਅੱਗੇ ਝੁਕਿਆ ਨਹੀਂ, ਉਸ ਵੱਲੋ ਭੇਜੀਆਂ ਇਸ ਕਤਲੇ ਆਮ ਦੀ ਤਸਵੀਰਾਂ ਅਤੇ ਕਈ ਲਿਖਤਾਂ ਦ ਡੇਲੀ ਹੈਰਾਲਡ ਵਿੱਚ ਛਪੀਆਂ ਜਿਨ੍ਹਾਂ ਦਾ ਮਕਸਦ ਬਰਤਾਨਵੀ ਸਾਮਰਾਜ ਦੇ ਜ਼ੁਲਮਾਂ ਦਾ ਪਰਦਾਫਾਸ ਕਰਨਾ ਸੀ। ਉਸ ਨੇ ਹੰਟਰਕਮੇਟੀ ਵੱਲੋਂ ਜਨਰਲ ਡਾਇਰ ਨੂੰ ਦੋਸ਼ ਮੁਕਤ ਕਰਨ ਦੇ ਵਿਰੋਧ ਵਿੱਚ ਵੀ ਜੋਰ ਨਾਲ ਲਿਖਿਆ।

ਏਸੇ ਸਮੇਂ ਦ ਲਾਹੌਰ ਟ੍ਰਿਬਿਊਨ ਦੇ ਬਿਰਧ ਸੰਪਾਦਕ ਕਾਲੀ ਨਾਥ ਰਾਏ ਅਤੇ ਪਰਤਾਪ ਦੇ ਸੰਪਾਦਕ ਲਾਲਾ ਰਾਧੇ ਸ਼ਿਆਮ ਨੂੰ ਡੇਢ ਡੇਢ ਸਾਲ ਦੀਆਂ ਸਜ਼ਾਵਾਂ ਹੋਈਆਂ ਜਿਨ੍ਹਾਂ ਨੇ ਬਰਤਾਨਵੀ ਸਰਕਾਰ ਦੇ ਐਕਸ਼ਨਾ ਦੀ ਕਾਨੂੰਨੀ ਨੁਕਤਾਚੀਨੀ ਕੀਤੀ ਸੀ। ਕਾਲੀ ਨਾਥ ਜਾਏ ਵਿਰੁੱਧ ਬਰਤਾਨਵੀ ਜੱਜ ਨੇ ਇੰਗਲੈਂਡ ਦੇ ਮਹਾਰਾਜੇ ਵਿਰੁੱਧ ਜੰਗ ਛੇੜਨ ਦੇ ਦੋਸ਼ ਵਿੱਚ ਧਾਰਾ 124 ਏ (ਰਾਜ ਵਿਰੁੱਧ ਬਗਾਵਤ) ਦੀ ਵਰਤੋਂ ਨੂੰ ਇਓਂ ਵਾਜਬ ਠਹਿਰਾਇਆ ਕਿ

ਇਹ ਕਹਿਣਾ ਕਿ ਸਰਕਾਰੇ ਨੇ ਆਪਣੇ ਆਪ ਨੂੰ ਲੋਕਾਂ ਦੀ ਰਾਏ ਵਿੱਚ ਤਿੱਖੀ ਨੁਕਤਾਚੀਨੀ ਦੇ ਹਵਾਲੇ ਕਰ ਦਿੱਤਾ ਹੈ।

ਲਾਗੂ ਕਾਨੂੰਨ ਦੀ ਵਰਤੋਂ ਖਿਲਾਫ ਰੋਸ ਪ੍ਰਗਟ ਕਰਨਾ।

ਸਰਕਾਰ ਵੱਲੋਂ ਉਠਾਏ ਗਏ ਕਦਮਾਂ ਨੂੰ ਅਨਿਆਂਈ ਅਤੇ ਬੇਲੋੜੇ ਕਹਿਣਾ।

ਸਰਕਾਰ ਦੀਆਂ ਫੌਜਾਂ ਵੱਲੋਂ ਮਾਰੇ ਗਏ ਲੋਕਾਂ ਨੂੰ ਸ਼ਹੀਦ ਕਹਿਕੇ ਉਹਨਾਂ ਨਾਲ ਹਮਦਰਦੀ ਜਾਹਰ ਕਰਨਾ।

ਸੂਬੇ ਦੇ ਮੁਖੀ ਨੂੰ ਅੱਗ ਲਾਊ ਬੇਮਝੀ ਨਾਲ ਕਾਰਵਾਈ ਕਰਨ ਵਾਲਾ ਗਰਦਾਨਣਾ।

ਅਜਿਹੇ ਨਵੇਂ ਤੱਥਾਂ ਦੀ ਰਿਪੋਰਟ ਪ੍ਰਕਾਸ਼ਤ ਕਰਨਾ ਜਿਹੜੇ ਇਸ ਮਸਲੇ ਬਾਰੇ ਸਰਕਾਰੀ ਰਿਪੋਰਟਾਂ ਦੇ ਕਿਸੇ ਨਾ ਕਿਸੇ ਰੂਪ ਵਿੱਚ ਉਲਟ ਹਨ।

13 ਦਸੰਬਰ 1919 ਨੂੰ ਯਾਨੀ ਕਤਲੇਆਮ ਤੋਂ ਅੱਠ ਮਹੀਨੇ ਬਾਅਦ ਮਨਚੈਸਟਰ ਗਾਰਡੀਅਨ ਨੇ 11 ਸਫੇ 'ਤੇ ਭਾਰਤ ਤੋਂ ਇੱਕ ਹੈਰਾਨੀਜਨਕ ਘਟਨਾ ਨਾਮੀ ਸਿਰਲੇਖ ਹੇਠ ਲਿਖਤ ਛਾਪੀ ਜਿਹੜਾ ਇਓਂ ਸ਼ੁਰੂ ਹੁੰਦਾ ਸੀ, "ਅਖਬਾਰਾਂ ਨੂੰ ਕੱਲ ਪ੍ਰਾਪਤ ਹੋਇਆ ਅਤੇ ਹੋਠਾਂ ਦਿੱਤਾ ਲੇਖ ਪੰਜਾਬ ਅੰਦਰ ਖੜੀ ਹੋਈ ਗੰਭੀਰ ਸਮੱਸਿਆ ਦੌਰਾਨ ਪਿਛਲੇ ਅਪ੍ਰੈਲ 'ਚ ਅੰਮ੍ਰਿਤਸਰ ਵਿਖੇ ਵਾਪਰੀਆਂ ਅਣਕਿਆਸੀਆਂ ਘਟਨਾਵਾਂ ਦੀ ਵਿਸਥਾਰਤ ਜਾਣਕਾਰੀ ਮੁਹੱਈਆ ਕਰਦਾ ਹੈ। ਪੱਤਰਕਾਰ ਇਸਨੂੰ ਭਾਰਤ ਲਈ ਹੈਰਾਨੀਜਨਕ ਸਟੋਰੀ ਦਾ ਨਾਮ ਇਸ ਲਈ ਦਿੰਦਾ ਹੈ ਕਿ ਇਹਨਾਂ ਘਟਨਾਵਾਂ ਬਾਰੇ ਹੰਟਰ ਕਮਿਸ਼ਨ ਦੀ ਪੜਤਾਲੀਆਂ ਕਮੇਟੀ ਅੱਗੇ ਦਿੱਤੇ ਤੱਥਾਂ ਤੋਂ ਪਹਿਲਾਂ ਭਾਰਤ ਅੰਦਰ ਵੀ ਖਬਰ ਘੱਟ ਵੱਧ ਹੀ ਸੀ।" ਕੌਮਾਂਤਰੀ ਮੀਡੀਆ ਜਲਿਆਂਵਾਲੇ ਬਾਗ ਕਤਲੇਆਮ ਬਾਰੇ ਬਰਤਾਨਵੀ ਸਰਕਾਰ ਦੁਆਰਾ ਗਠਤ ਕੀਤੀ ਹੰਟਰ ਕਮੇਟੀ ਦੀ ਰਿਪੋਰਟ ਤੋਂ ਬਾਅਦ ਹੀ ਸਰਗਰਮ ਹੋਇਆ।

ਅਗਲੇ ਦਿਨ ਇਸੇ ਅਖਬਾਰ ਨੇ ਆਪਣੀ ਸੰਪਦਕੀ ਵਿੱਚ ਹੋਰ ਦਿਲ ਦਹਿਲਾਉਣ ਵਾਲੇ ਜਾਣਕਾਰੀ ਦਿੱਤੀ। ਕਿਹਾ "ਇਹ ਪਤਾ ਸੀ ਕਿ ਪੰਜਾਬ ਅੰਦਰ ਬਹੁਤ ਗੰਭੀਰ ਹਲਚਲ ਹੋਈ ਹੈ ਜਿਸ ਨੂੰ ਦਬਾਉਣ ਲਈ ਬਹੁਤ ਤਿੱਖੇ ਕਦਮ ਉਠਾਏ ਹਨ ਪਰ ਇਥੇ ਯਾਨੀ ਬਰਤਾਨੀਆਂ ਅਤੇ ਭਾਰਤ ਅੰਦਰ ਉਹ ਸਚਾਈਆਂ ਦੀ ਭਿਨਕ ਨਹੀਂ ਪੈਣ ਦਿੱਤੀ ਗਈ ਜਿਹੜੇ ਤੱਥ ਹੰਟਰ ਕਮੇਟੀ ਅੱਗੇ ਪੇਸ਼ ਹੋਏ। ਇਹ ਵੀ ਕਿਹਾ ਜਾ ਸਕਦਾ ਹੈ ਕਿ ਉਹਨਾਂ ਨੂੰ ਦਬਾਉਣ ਦੇ ਬਿਰਤਾਂਤ ਤੋਂ ਇਲਾਵਾ ਭਾਰਤ ਅੰਦਰ ਬਰਤਾਨਵੀ ਰਾਜ ਦੇ ਇਤਿਹਾਸ ਵਿੱਚ ਹੋਰ ਵੀ ਘਿਨਾਉਣੇ ਕਾਂਡ ਲੱਭੇ ਜਾ ਸਕਦੇ ਹਨ।" ਇਸ ਤਰਾਂ ਹੋਰ ਅਖਬਾਰਾਂ ਵਿੱਚ ਵੀ ਇਸ ਕਾਂਡ ਸੰਬਧੀ ਚਰਚਾ ਕਰਦੇ ਲੇਖ ਸਾਹਮਣੇ ਆਏ। ਇਹਨਾ ਵਿੱਚ ਕੁੱਝ ਕੁ ਨੂੰ ਛੱਡ ਕੇ ਬਹੁਤ ਬਰਤਾਨਵੀ ਰਾਜ ਦੀ ਛਵੀ ਨੂੰ ਲੱਗੇ ਕਲੰਕ ਬਾਰੇ ਚਿੰਤਤ ਸਨ। ਕੁੱਝ ਲੇਖਾਂ ਨੂੰ ਛੱਡਕੇ ਜਿਹੜੇ ਜਨਰਲ ਡਾਇਰ ਦੇ ਕਦਮਾਂ ਦੀ ਸਰਾਹਣਾ ਕਰਦੇ ਹੋਏ ਉਸ ਵਿਰੁੱਧ ਕੀਤੀ ਗਈ ਕਾਰਵਾਈ ਦਾ ਵਿਰੋਧ ਕਰਦੇ ਸਨ, ਬਹੁਤੀ ਚਰਚਾ ਅੰਦਰ ਇਸ ਕਤਲੇਆਮ ਲਈ ਜਨਰਲ ਡਾਇਰ ਨੂੰ ਹੀ ਜ਼ੁੰਮੇਵਾਰ ਟਿਕਦੀ ਸੀ ਅਤੇ ਵਾਇਸਰਾਏ ਚੈਮਜਫੋਰਡ ਨੂੰ ਅਧੂਰੀ ਜਾਣਕਾਰੀਆਂ ਦੇ ਅਧਾਰ 'ਤੇ ਪੰਜਾਬ ਅੰਦਰ ਮਾਰਸ਼ਲ ਦੀ ਮਨਜ਼ੂਰੀ ਦੇਣ ਅਤੇ ਅੱਗੋ ਸੈਕਟਰੀ ਆਫ ਸਟੇਟ ਮਿ: ਮਾਂਟੇਗੂ ਨੂੰ ਅਧੂਰੀਆਂ ਅਤੇ ਲੇਟ ਜਾਣਕਾਰੀਆਂ ਦੇਣ ਦਾ ਦੋਸ਼ੀ ਠਹਿਰਾਉਂਦੀ ਸੀ। ਉਹ ਭਾਰਤੀ ਲੋਕਾਂ ਨੂੰ ਆਪਣੇ ਕਬਜੇ ਹੇਠ ਰੱਖਣ ਲਈ ਢੰਗ ਤਰੀਕਆਂ ਨੂੰ ਵਿਚਾਰਨ ਉਪਰ ਆਪਣੇ ਆਪ ਨਾਲ ਕੇਂਦਰਤ ਕਰਦੇ ਸਨ। ਇਸ ਤਰ੍ਹਾਂ ਸਾਮਰਾਜ ਵਿਰੁੱਧ ਕੌਮੀ ਲਹਿਰ ਵਿੱਚ ਬਰਤਾਨਵੀ ਪਿੱਠੂ ਪ੍ਰੈਸ ਦਾ ਰੋਲ ਕੌਮੀ ਲਹਿਰ ਦੀ ਹਮਾਇਤ ਦੀ ਬਜਾਏ ਉਹਨੂੰ ਭੰਡਣ ਦਾ ਰਿਹਾ ਹੈ। ਜਿਵੇਂ ਅੱਜ ਕੱਲ ਮੀਡੀਆ ਵਿਸ਼ੇਸ਼ ਕਰਕੇ ਬਿਜਲਈ ਮੀਡੀਏ ਦਾ ਵੱਡਾ ਹਿੱਸਾ ਘੱਟ ਗਿਣਤੀਆਂ ਵਿਰੁੱਧ ਬਹੁਗਿਣਤੀਆਂ ਦੀਆਂ ਭਾਵਨਾਵਾਂ ਭੜਕਾਉਣ ਵਿੱਚ ਨੰਗੇ ਚਿੱਟੇ ਰੂਪ ਵਿੱਚ ਲੱਗਿਆ ਹੋਇਆ ਹੈ।

**ਪ੍ਰਿਤਪਾਲ ਸਿੰਘ**

## ਸੋਡੀ ਖੁਦ ਦੀ ਲਾਚਾਰੀ, ਸੋਡੀ ਆਤਮਾ ਝੰਜੋੜੇਗੀ

**ਓਟੋ ਰੈਨੇ ਕੇਸਟਿਲੋ**

**(25 ਅਪ੍ਰੈਲ 1935 - 23 ਮਾਰਚ 1967)**

**(ਗੁਆਟੇਮਾਲਾ ਦੇ ਇਸ ਕਵੀ, ਸਰਗਰਮ ਕਾਰਕੁੰਨ, ਗੁਰੀਲਾ ਯੋਧੇ ਅਤੇ ਇਨਕਲਾਬੀ ਨੂੰ ਜ਼ੱਕਾਪਾ ਦੀਆਂ ਕਾਲਕੋਠੜੀ 'ਚ ਉਸਦੇ ਸਾਥੀ ਨੌਰ ਪੈਜ਼ ਕਾਰਕੈਮੋ ਨਾਲ ਬੰਦ ਕੀਤਾ ਗਿਆ ਸੀ। ਅਣਮਨੁੱਖੀ ਤਸੀਹੇ ਦਿੱਤੇ ਗਏ ਅਤੇ ਜਿਓਂਦੇ ਜੀਅ ਜਲਾ ਦਿੱਤੇ ਗਏ ਸਨ।)**

ਦੇਸ਼ ਮਿਰੇ ਦੇ
ਸਿਆਸਤ ਤੋਂ ਬੇਮੁੱਖ
ਦਾਨਿਸ਼ਵਰਾਂ ਨੂੰ
ਉਹਨਾਂ ਦੇ ਹੀ ਮੁਲਕ ਦੇ
ਸਾਦ - ਮੁਰਾਦੇ ਲੋਕ
ਖੰਘਾਲਣਗੇ।
ਪੁੱਛਿਆ ਜਾਵੇਗਾ
ਉਹਨਾਂ ਤੋਂ ਕਿ ਕਿਹੜੇ
ਘੁਰਨਿਆਂ 'ਚ ਵੜ ਬੈਠੇ ਸਨ
ਉਹ ਉਦੋਂ
ਜਦ
ਉਹਨਾਂ ਦਾ ਰਾਸ਼ਟਰ
ਕੱਲਮ - ਕੱਲਾ
ਧੂ - ਧੂ ਕਰਕੇ ਮੱਠੀ ਮੱਠੀ ਅੱਗ ਵਾਂਗ
ਆਪਣੀ ਜਾਨ ਹੂਲ ਰਿਹਾ ਸੀ
ਰਫ਼ਤਾ- ਰਫ਼ਤਾ।
ਉਹਨਾਂ ਦੀ ਪੋਸ਼ਾਕ ਨੂੰ
ਦੋਪੈਹਰ ਦੀ ਰੋਟੀ ਬਾਦ
ਮਾਰੇ ਮਸਤ ਘੁਰਾੜਿਆਂ ਨੂੰ
ਕਿਸੇ ਨਹੀਂ ਪੁੱਛਣਾ,
ਨਾ ਕਿਸੇ ਨੇ ਪੁੱਛਣਾ
"ਸ਼ੂਨਯ ਦੇ ਵਿਚਾਰ" 'ਤੇ
ਮਾਰੀਆਂ ਉਹਨਾਂ ਦੀਆਂ ਖੱਬਤਾਂ
ਨਾ ਕੋਈ ਕਰੇਗਾ ਪ੍ਰਵਾਹ
ਮਾਇਆਵਾਦੀ ਢਾਂਚੇ ਬਾਰੇ
ਉਹਨਾਂ ਦੇ ਉੱਚੇ ਗਿਆਨ ਦੀ।
ਨਾ ਕੋਈ ਪੁੱਛੇਗਾ ਕੋਈ ਸੁਆਲ
ਯੂਨਾਨ ਦੇ ਮਿਥਿਹਾਸ ਦਾ
ਜਾਂ ਉਹਨਾਂ ਦੀ ਆਤਮ ਗਿਲਾਨੀ ਬਾਰੇ
ਜਦ ਉਹਨਾਂ ਦਾ ਆਪਾ ਅੰਦਰਲਾ
ਡਰਪੋਕ ਦੀ ਮੌਤ ਮਰਨ ਲੱਗਾ।
ਨਾ ਕਿਸੇ ਸੁਣਨੀਆਂ
ਝੂਠ ਦੇ ਗਿਲਾਫ਼ 'ਚ ਲਪੇਟੀਆਂ
ਉਹਨਾਂ ਦੀਆਂ ਬੇਥਵੀਆਂ ਦਲੀਲਾਂ।
ਉਸ ਦਿਨ ਸਾਦ - ਮੁਰਾਦੀ ਖ਼ਲਕਤ
ਦਸਤਕ ਦੇਵੇਗੀ
ਜਿਹੜੀ
ਸਿਆਸਤ ਤੋਂ ਬੇਮੁੱਖ
ਉਹਨਾਂ ਦਾਨਿਸ਼ਵਰਾਂ ਦੀਆਂ
ਪੋਥੀਆਂ ਤੇ ਗੀਤਾਂ ਚੋਂ ਗਾਯਬ ਹੈ
ਪਰ ਜਿਹੜੀ ਨਿੱਤ ਉਹਨਾਂ ਦਾ ਢਿੱਡ
ਥਾਪੜਦੀ
ਦੁੱਧ ਪਿਆਉਂਦੀ
ਪਰੌਂਠੇ ਛਕਾਉਂਦੀ
ਆਮਲੇਟ ਖੁਆਉਂਦੀ
ਉਹਨਾਂ ਦੀ ਡਰੈਵਲੀ ਕਰਦੀ
ਉਹਨਾਂ ਦੀਆਂ ਕੜ੍ਹੀਆਂ ਪਾਲਦੀ
ਬਾਗਾਂ ਬਗੀਚਿਆਂ ਨੂੰ ਸੰਵਾਰਦੀ
ਉਹਨਾਂ ਦੇ ਧੰਦੇ ਕਰਦੀ ਆਈ ਆ
ਉਹ ਸੁਆਲ ਕਰੇਗੀ
ਕਿੱਥੇ ਸੀ ਤੁਸੀਂ
ਤੇ ਕੀ ਕੀਤਾ ਸੀ ਤੁਸੀਂ
ਉਦੋਂ
ਜਦ
ਗੁਰਬਤ ਦੇ ਮਾਰਿਆਂ ਦਾ
ਸਾਹਸੱਤ ਤੇ ਰੱਤ ਨਿਚੋੜਿਆ ਜਾ ਰਿਹਾ
ਸੀ?
ਐ ਮੇਰੇ ਪਿਆਰੇ ਮੁਲਕ ਦੇ
ਸਿਆਸਤ ਤੋਂ ਬੇਮੁੱਖ ਦਾਨਿਸ਼ਵਰੋ
ਤੁਸੀਂ ਲਾਜਵਾਬ ਹੋਵੋਗੇ ਉਸ ਦਿਨ।
ਖ਼ੂੰਖ਼ਾਰ ਚੁੱਪੀ
ਥੋਡਾ ਅੰਦਰਲਾ ਮਾਰ ਸੁੱਟੇਗੀ।
ਥੋਡੀ ਖੁਦ ਦੀ ਲਾਚਾਰੀ
ਥੋਡੀ ਆਤਮਾ ਝਿੰਜੋੜੇਗੀ
ਅਤੇ ਤੁਸੀਂ
ਸ਼ਰਮ ਨਾਲ
ਗੂੰਗੇ ਬਣ ਜਾਓਗੇ।



ਸੁਰਿੰਦਰ ਗੀਤ ਇਕ ਜਾਣੀ-ਪਹਿਚਾਣੀ ਕਵਿਤਰੀ ਹੈ। ਉਸਦੇ ਹੁਣ ਤੱਕ ਸੱਤ ਕਾਵਿ-ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ। ਸੁਰਿੰਦਰ ਦੀਆਂ ਸਾਰੀਆਂ ਕਵਿਤਾਵਾਂ, ਗੀਤਾਂ ਅਤੇ ਗ਼ਜ਼ਲਾਂ ਵਿੱਚ ਸੁਹਜ ਅਤੇ ਸੁਖਮਤਾ ਹੈ। ਇਸਦੇ ਬਾਵਜੂਦ ਇਨ੍ਹਾਂ ਵਿੱਚ ਸਰਲਤਾ ਹੈ, ਇਨ੍ਹਾਂ ਦਾ ਸੁਭਾਅ ਅਤੇ ਤੱਤ ਕ੍ਰਾਂਤੀਕਾਰੀ ਹੈ। ਉਸਦੀ ਹਰ ਰਚਨਾ ਕੋਈ ਨਾ ਕੋਈ ਸਾਰਥਿਕ ਸੁਨੇਹਾ ਅਤੇ ਚੇਤਨਾ ਪ੍ਰਦਾਨ ਕਰਦੀ ਹੈ। ਦੂਜਾ ਮਹੱਤਵਸ਼ਾਲੀ ਪੱਖ ਇਹ ਹੈ ਕਿ ਸੁਰਿੰਦਰ ਗੀਤ ਨਾ ਤਾਂ ਔਰਤਵਾਦੀ ਹੈ, ਨਾ ਮਰਦਵਾਦੀ ਹੈ, ਉਹ ਕੇਵਲ ਤੇ ਕੇਵਲ ਮਾਨਵਵਾਦੀ ਹੈ। ਉਸਦੀਆਂ ਕਵਿਤਾਵਾਂ, ਗੀਤ ਅਤੇ ਗ਼ਜ਼ਲਾਂ ਉਸ ਦੀ ਇਸ ਸੋਚ ਅਤੇ ਦ੍ਰਿਸ਼ਟੀ ਦਾ ਜੀਵੰਤ ਪ੍ਰਮਾਣ ਹਨ। ਕਿਸੇ ਵੀ ਕਵੀ/ਕਵਿਤਰੀ ਜਾਂ ਲੇਖਕ ਤੋਂ ਇਸ ਕਿਸਮ ਦੀ ਪ੍ਰਤੀਬੱਧਤਾ ਦੀ ਮੰਗ ਹੀ ਕੀਤੀ ਜਾਂਦੀ ਹੈ। ਸੁਰਿੰਦਰ ਕੁਲਵਕਤੀ ਕਵਿਤਰੀ ਹੈ, ਉਸਨੂੰ ਆਪਣੀ ਸਰਗਰਮੀ ਅਤੇ ਭੂਮਿਕਾ ਦਾ ਬੋਧ ਹੈ, ਸੋ ਉਹ ਆਪਣੀ ਸਮਰੱਥਾ ਅਨੁਸਾਰ ਕ੍ਰਿਆਸ਼ੀਲ ਹੈ। ਸੁਰਿੰਦਰ ਗੀਤ ਤੋਂ ਅਜੇ ਹੋਰ ਉਤਕ੍ਰਿਸ਼ਟ ਕਵਿਤਾਵਾਂ, ਗੀਤਾਂ ਅਤੇ ਗ਼ਜ਼ਲਾਂ ਦੀ ਤਵੱਕੋ ਹੈ ।

- ਡਾ. ਸੁਰਜੀਤ ਬਰਾੜ, 98553-713133

## ਨਾ ਰੋ ਵੀਰ ਮੇਰਿਆ

ਵੱਟ ਉੱਤੇ ਖੜ੍ਹ ਕੇ ਨਾ ਰੋ ਵੀਰ ਮੇਰਿਆ ਵੇ
ਹੋ ਜੂ ਤੇਰੀ ਫ਼ਸਲ ਉਦਾਸ
ਖ਼ੁਸ਼ੀਆਂ ਦੇ ਨਾਲ ਤੇਰਾ ਮੇਲ ਹੋ ਜੂ ਸੋਹਣਿਆ ਵੇ
ਦੋਧੇ ਇਹਨਾਂ ਦਾਣਿਆਂ ਨੂੰ ਆਸ।

ਸੌਂ ਲਿਆ ਬਥੇਰਾ ਹੁਣ ਜਾਗਣੇ ਦਾ
ਵੇਲਾ ਆਇਆ
ਕਰ ਨਾ ਤੂੰ ਸਮਾਂ ਬਰਬਾਦ
ਜਿਹੜੇ ਤੇਰੇ ਲਹੂ ਤੇ ਪਸੀਨੇ
ਤਾਂਈ ਡੀਕਦੇ ਨੇ
ਕਰ ਉਹਨਾਂ ਨਾਲ ਤੂੰ ਹਿਸਾਬ
ਝੇਲੇ ਤੂੰ ਬਥੇਰੇ ਜ਼ੋਰ ਮਾਰੂ ਵੇ ਅਲਾਮਤਾਂ ਦੇ
ਹੁਣ ਜ਼ੋਰ ਆਪਣਾ ਦਿਖਾਲ।

ਨੀਂਦ ਵਿੱਚ ਸੁੱਪਨਾ ਤਾਂ ਹਰ ਕੋਈ ਪਾਲਦਾ
ਤੂੰ ਜਾਗਦੀਆਂ ਅੱਖਾਂ ਵਿੱਚ ਪਾਲ
ਸੂਰਜ ਦੀ ਅੱਖ ਵਿੱਚ ਅੱਖ ਪਾ ਕੇ ਦੇਖ
ਤੇਰੇ ਚੇਹਰੇ ਉੱਤੇ ਮੱਘਦਾ ਜਲਾਲ
ਨਸ਼ਿਆਂ ਦਾ ਛੱਡ ਖਹਿੜਾ
ਪਰਖ ਤੂੰ ਡੌਲਿਆਂ ਨੂੰ
ਪੈ ਜੂ ਤੇਰੀ ਜੱਗ 'ਚ ਧਮਾਲ।

ਦੈਂਤ ਸਰਮਾਏ ਦਾ ਸਮੇਟੀ ਜਾਵੇ ਹੋਂਦ ਤੇਰੀ
ਸੁੱਟ ਤੇਰੇ ਉੱਤੇ ਮਾਇਆ ਜਾਲ
ਫੋਕੀਆਂ ਇਹ ਸ਼ੋਹਰਤਾਂ ਤੇ
ਝੂਠੀਆਂ ਰੰਗੀਨੀਆਂ ਨੇ
ਮਾਰੀ ਤੈਨੂੰ ਕਰਜ਼ੇ ਦੀ ਮਾਰ
ਸਾਦਗੀ ਦੇ ਨਾਲ ਤੂੰ ਨਿਭਾਉਣਾ
ਸਿੱਖ ਭਾਈਚਾਰਾ
ਦਿਨਾਂ ਵਿੱਚ ਹੋ ਜੂ ਗੀ ਕਮਾਲ।

ਮੰਨਿਆਂ ਨਿਚੋੜਦੀ ਹੈ ਰਾਜਨੀਤੀ
ਖ਼ੂਨ ਤੇਰਾ
ਤੂੰ ਵੀ ਇਹਦੀ ਨਬਜ਼ ਪਛਾਣ
ਬਣਕੇ ਤੂੰ ਵੋਟ ਜਿਹਦੀ
ਝੋਲੀ ਵਿੱਚ ਡਿਗਦਾ ਏਂ
ਚਾਲਾਂ ਵਾਲੀ ਚਾਲ ਓਹਦੀ ਜਾਣ
ਭਗਤ ਸਰਾਭੇ ਦੀਆਂ ਪੈੜਾਂ ਵਿੱਚ ਪੈਰ ਰੱਖ
ਰੁਲਦੀ ਤੂੰ ਪੱਗੜੀ ਸੰਭਾਲ।

• • •

## ਅੱਜ ਕਲ੍ਹ

ਦੇਸ਼ ਪ੍ਰੇਮ ਦਾ ਤਾਜ ਉਹਦੇ ਸਿਰ
ਦੇਸ਼ ਦਾ ਨੇਤਾ ਧਰਦਾ
ਜਿਹੜਾ ਉਹਦੇ ਝੂਠ ਦੀ ਹਾਮੀ
ਪੈਰ ਪੈਰ ਤੇ ਭਰਦਾ
ਜਿਹੜਾ ਬਹਿ ਸੂਰਜ ਦੇ ਸਾਹਵੇਂ
ਸੱਚ ਦਾ ਪੱਲਾ ਫੜਦਾ
ਦੇਸ਼ ਧ੍ਰੋਹੀ ਹੋਣ ਦਾ ਉਹਦੇ
ਤਨ ਤੇ ਤੋੜਾ ਝੜਦਾ
ਕਾਲੀ ਕੋਝੀ ਰਾਜਨੀਤੀ ਦਾ
ਕੋਝਾ ਇਹ ਵਰਤਾਰਾ
ਭਾਰਤ ਦੇਸ਼ ਮਹਾਨ ਮੇਰੇ ਦਾ
ਸਿਰ ਨੀਵਾਂ ਹੈ ਕਰਦਾ
ਪਰ ਤੂੰ ਸ਼ਾਇਰਾ
ਏਸ ਭਰੋਸੇ ਸੱਚਾ ਸ਼ਬਦ ਉਲੀਕੀ
ਸੱਚ ਦਾ ਸੂਰਜ
ਝੂਠ ਦੀ ਕਾਲਖ ਤੋਂ ਕਦੇ
ਨਹੀਂ ਹਰਦਾ ।

• • •

## ਸੋਹਣੇ ਨੈਣ

ਮੇਰੀ ਧੀ ਨੇ
ਮੈਨੂੰ ਪੁੱਛਿਆ
ਮਾਂ !
ਸੋਹਣੇ ਨੈਣ ਕਿਹੜੇ ਹੁੰਦੇ ਨੇ
ਕਾਲੇ
ਨੀਲੇ
ਭੂਰੇ
ਤਿਰਛੇ
ਜਾਂ ਗੋਲ
ਜਾਂ ਫਿਰ ਉਹ
ਜੋ ਲੱਖਾਂ ਪੱਤਣਾਂ ਦੇ ਤਾਰੂਆਂ ਨੂੰ
ਪਹਿਲੀ ਹੀ ਨਜ਼ਰੇ
ਆਪਣੇ ਵਿੱਚ ਲੈਂਦੇ ਨੇ ਡੋਬ!
ਮੈਂ ਆਖਿਆ
ਧੀਏ!
ਨੈਣ ਤਾਂ ਓਹੀ ਸੋਹਣੇ ਹੁੰਦੇ ਨੇ
ਜੋ ਆਪਣੀਆਂ ਪਲਕਾਂ ਵਿੱਚ
ਮਨੁੱਖਤਾ ਲਈ ਮੋਹ ਪਾਲਦੇ ਨੇ
ਨੈਣ ਤਾਂ ਓਹੀ ਸੋਹਣੇ ਹੁੰਦੇ ਨੇ
ਜਿਹਨਾਂ ਵਿੱਚ ਬੇ-ਇਨਸਾਫੀ
ਅਤੇ ਧੱਕੇ-ਸ਼ਾਹੀ ਵਿਰੁਧ
ਰੋਹ ਜਾਗਦੇ ਨੇ।

• • •

## ਸੋਹਣੇ ਨੈਣ

ਮੇਰੀ ਧੀ ਨੇ
ਮੈਨੂੰ ਪੁੱਛਿਆ
ਮਾਂ!
ਸੋਹਣੇ ਨੈਣ ਕਿਹੜੇ ਹੁੰਦੇ ਨੇ
ਕਾਲੇ
ਨੀਲੇ
ਭੂਰੇ
ਤਿਰਛੇ
ਜਾਂ ਗੋਲ
ਜਾਂ ਫਿਰ ਉਹ
ਜੋ ਲੱਖਾਂ ਪੱਤਣਾਂ ਦੇ ਤਾਰੂਆਂ ਨੂੰ
ਪਹਿਲੀ ਹੀ ਨਜ਼ਰੇ
ਆਪਣੇ ਵਿੱਚ ਲੈਂਦੇ ਨੇ ਡੋਬ!
ਮੈਂ ਆਖਿਆ
ਧੀਏ!
ਨੈਣ ਤਾਂ ਓਹੀ ਸੋਹਣੇ ਹੁੰਦੇ ਨੇ
ਜੋ ਆਪਣੀਆਂ ਪਲਕਾਂ ਵਿੱਚ
ਮਨੁੱਖਤਾ ਲਈ ਮੋਹ ਪਾਲਦੇ ਨੇ
ਨੈਣ ਤਾਂ ਓਹੀ ਸੋਹਣੇ ਹੁੰਦੇ ਨੇ
ਜਿਹਨਾਂ ਵਿੱਚ ਬੇ-ਇਨਸਾਫੀ
ਅਤੇ ਧੱਕੇ-ਸ਼ਾਹੀ ਵਿਰੁੱਧ
ਰੋਹ ਜਾਗਦੇ ਨੇ ।

• • •

## ਤੂੰ ਆ....

ਕਵਿਤਾ ਤੂੰ ਆ
ਪਰ ਇਸ ਤਰ੍ਹਾਂ ਆ
ਕਿ ਤੇਰੇ ਆਉਣ ਤੇ
ਠੰਡੇ ਚੁਲ੍ਹਿਆਂ 'ਚ ਅੱਗ
ਬਲ ਪਵੇ
ਭੁੱਖ ਦੀ ਅੱਗ ਨੂੰ
ਠਲ੍ਹ ਪਵੇ
ਚੋਂਦੀਆਂ ਝੁੱਗੀਆਂ ਤੇ
ਛੱਤ ਪਵੇ
ਤੂੰ ਲੋਕ ਰਾਜ ਦੀ ਆਵਾਜ਼ ਬਣ ਕੇ ਆ
ਧਰਤੀ ਤੇ ਵਸਦੇ ਹਰ ਮਨੁੱਖ ਲਈ
ਮਨੁੱਖਾ ਜੂਨ ਬਣ ਕੇ ਆ।

• • •

## ਪੌਣ ਮੈਨੂੰ ਆਖਦੀ ਹੈ

ਪੈਰੀਂ ਪਾ ਕੇ ਝਾਂਜਰਾਂ ਇਹ ਪੌਣ
ਮੈਨੂੰ ਆਖਦੀ ਹੈ
ਨੱਚਣਾ ਮੈਂ ਗੀਤ ਕੋਈ ਗਾ
ਆਖਦੀ ਹਾਂ ਮੈਂ ਮੈਨੂੰ ਲੈ ਜਾ ਤੂੰ
ਉਡਾ ਕੇ ਓਥੇ
ਜਿੱਥੇ ਆਵੇ ਕੁਝ ਸੌਖਾ ਸਾਹ।

ਆਪ ਸਰਮਾਏਦਾਰ ਅੰਬਰਾਂ ਨੂੰ ਤੁਰੀ ਜਾਂਦਾ
ਧਰਤੀ ਤੇ ਕਰ ਭੀੜੇ ਰਾਹ
ਅੰਬਰਾਂ ਨੂੰ ਛੋਹਦੀਆਂ ਇਮਾਰਤਾਂ
ਤੇ ਉੱਚੇ ਘਰ
ਬਣੇ ਨੇ ਇਹ ਝੁੱਗੀਆਂ ਨੂੰ ਢਾਹ
ਅੱਗ ਲਾਉਣੀ ਏਸ ਨੀ ਤਰੱਕੀ
ਸਾਡੇ ਸਮਿਆਂ ਦੇ
ਪੈਰਾਂ ਵਿੱਚ ਦਿੱਤੇ ਛਾਲੇ ਪਾ।

ਇਕਨਾਂ ਦਾ ਬਾਪ ਧੀ ਦੇ ਭਾਰ
ਥੱਲੇ ਦੱਬ ਗਿਆ
ਲਈ ਸਲਫਾਸ ਉਹਨੇ ਖਾ
ਇਕਨਾਂ ਨੇ ਧੀ ਦੇ ਵਿਆਹ ਤੇ
ਨੋਟਾਂ ਦੇ ਬਣਾਏ ਫੁੱਲ
ਕੰਧਾਂ ਉੱਤੇ ਲਏ ਨੇ ਸਜਾ
ਪੌਣੇ ਭੈਣ ਮੇਰੀਏ ਤੂੰ ਏਹੋ ਜੇ ਸਮਾਜੀ ਪਾੜੇ
ਜੜ੍ਹਾਂ ਵਿੱਚੋਂ ਪੁੱਟ ਕੇ ਦਿਖਾ।

ਸੱਚ ਦੇ ਸੀਨਿਆਂ ਨੂੰ ਗੋਲੀਆਂ ਨਸੀਬ ਹੋਣ
ਝੂਠ ਦੀਆਂ ਹਿੱਕਾਂ ਉੱਤੇ ਤਗਮੇਂ
ਹੋਣ ਨਾ ਵਿਕਾਊ ਜੇ ਰੂਹਾਂ
ਇਸ ਧਰਤੀ ਤੇ
ਕਾਹਨੂੰ ਸਹਿਣੇ ਪੈਣ ਸਾਨੂੰ ਸਦਮੇਂ
ਗੀਤ ਕਰਾਂਤੀਵਾਲਾ ਆਪਾਂ ਵੀ
ਬਣਾਈਏ ਭੈਣੇ
ਕਾਨੇ ਦੀ ਆਹ ਕਲਮ ਫੜਾ।

ਛੇੜ ਲਿਆ ਗੀਤ ਪੌਣ ਨੱਚ
ਉੱਠੀ ਚਾਵਾਂ ਵਿਚ
ਦਿੱਤਾ ਸੁੱਤੇ ਲੋਕਾਂ ਨੂੰ ਜਗਾ
ਜਾਗਣੇ ਦੀ ਜਾਗ ਲਾ ਕੇ
ਜਾਗਦੀਆਂ ਅੱਖਾਂ ਤਾਂਈ
ਦਿੱਤਾ ਇਕ ਸੁਪਨਾ ਦਿੱਖਾ
ਆਪਣੇ ਪਸੀਨੇ ਦਾ ਮੈਂ ਆਪ ਮੁੱਲ ਪਾਵਾਂ
ਆਪੇ ਬਣ ਬੁਲ੍ਹਾ ਲਵਾਂ ਮੈਂ ਸੁਕਾ।

• • •

## ਮਿਲੀਏ ਆਪਾਂ

ਮਿਲਣਾ ਹੈ ਤਾਂ ਮਿਲੀਏ ਆਪਾਂ
ਨਦੀ ਕਿਨਾਰੇ
ਪਾਣੀ ਦੀ ਕੋਈ ਛੱਲ ਆ ਕੇ
ਸਾਡੇ ਮੈਲੇ ਮਨ ਨੂੰ ਧੋ ਕੇ
ਮੈਲ ਰੋੜ੍ਹ ਲੈ ਜਾਵੇ
ਜਾਂ ਮਿਲ ਮੈਨੂੰ
ਤੱਪਦੀ ਰੁੱਤੇ
ਸਿਖਰ ਦੁਪਹਿਰੇ
ਰੁੱਖ ਕਿਸੇ ਦੀ ਛਾਵੇਂ
ਪੱਤਿਆਂ ਦੀ ਸਰਗਮ ਨੂੰ ਸੁਣ ਕੇ
ਜਿੰਦ ਨਗ਼ਮਾ ਬਣ ਜਾਵੇ
ਮਿਲ ਤੂੰ ਮੈਨੂੰ
ਖੁਲ੍ਹੇ ਅੰਬਰੀਂ
ਦੋਨਾਂ ਸਿਰਿਆਂ ਤੱਕ ਫੈਲੀ ਹੋਈ
ਪੀਂਘ ਕਿਸੇ ਸਤਰੰਗੀ ਵਿੱਚੋਂ
ਕੁਝ ਰੰਗ ਕਿਰਕੇ
ਸਾਡੀ ਝੋਲੀ ਵਿੱਚ ਆ ਜਾਵੇ
ਰੰਗ ਹੀਣ ਨੂੰ ਰੰਗ ਮਿਲ ਜਾਵੇ।

• • •

## ਮੇਰੇ ਪਿੰਡ ਦੀ ਕੁੜੀ

ਮੇਰੇ ਪਿੰਡ ਦੀ ਹਰ ਕੁੜੀ
ਕਵਿਤਾ ਨਹੀਂ ਲਿਖਦੀ
ਪਰ
ਮੇਰੇ ਪਿੰਡ ਦੀ ਹਰ ਕੁੜੀ
ਯਕੀਨਨ ਇਕ ਕਵਿਤਾ ਹੈ
ਅਜੇਹੀ ਕਵਿਤਾ
ਜਿਸਦੇ ਨੈਣਾਂ ਚੋਂ ਝਾਕਦੀ
ਗਰੀਬੀ, ਮਜਬੂਰੀ
ਬੇਵਸੀ ਅਤੇ ਲਾਚਾਰੀ
ਕਿਸੇ ਕਵੀ ਦੇ
ਸ਼ਬਦ ਜੋੜਾਂ ਦੇ ਘੇਰੇ ਵਿੱਚ
ਆ ਜਾਂਦੀ ਹੈ
ਅਤੇ ਉਹ ਕਵਿਤਾ
ਉਸ ਕਵੀ ਦੀ ਹੋ ਜਾਂਦੀ ਹੈ
ਤੇ ਇਸ ਤਰ੍ਹਾਂ
ਮੇਰੇ ਪਿੰਡ ਦੀ ਹਰ ਕੁੜੀ
ਜੋ ਇਕ ਕਵਿਤਾ ਹੈ
ਅਣਗੌਲੀ ਰਹਿ ਜਾਂਦੀ ਹੈ
ਅਤੇ
ਆਪਣੀ ਹੀ ਚੁੱਪ ਦੇ ਭਾਰ ਥੱਲੇ
ਬਹਿ ਜਾਂਦੀ ਹੈ।

• • •

## ਗੁਸਤਾਖ਼ ਹਵਾ

ਰਾਜ ਸੱਤਾ ਦੀ ਕੁੱਖ 'ਚੋਂ ਜੰਮੀ
ਫਿਰਕਾਪ੍ਰਸਤੀ ਦੀ ਬਦਬੂ ਨਾਲ ਲੱਦੀ
ਗੁਸਤਾਖ਼ ਹਵਾ ਨੇ
ਸ਼ੁਰੂ ਕਰ ਦਿੱਤੀਆਂ ਹਨ
ਸਾਡੇ ਦੇਸ਼ ਦੇ ਧਰਮ ਨਿਰਪੱਖ ਵਰਕੇ ਦੀਆਂ
ਚੁਗਲੀਆਂ ਕਰਨੀਆਂ
ਅਤੇ ਸਾਡੇ ਘਰਾਂ 'ਚ
ਸ਼ੀਸ਼ਾਂ ਥਾਣੀ
ਝਾਤੀਆਂ ਮਾਰਨੀਆਂ।

ਇਸ ਤਰ੍ਹਾਂ ਦੀ ਗੁਸਤਾਖ਼ ਹਵਾ
ਜਦੋਂ ਵੀ ਵਗਦੀ ਹੈ
ਮਨੁੱਖਤਾ ਦਾ ਘਾਣ ਕਰਦੀ ਹੈ
ਮਨੁੱਖਤਾ ਦੇ ਲਹੂ ਦੀਆਂ
ਘੁੱਟਾਂ ਭਰਦੀ ਹੈ
ਸੋ ਦੋਸਤੋ
ਆਪੋ ਆਪਣੀ ਕਲਮ ਨੂੰ ਆਖੋ
ਕਿ ਜਾਗਦੀ ਰਹੇ
ਕਿਉਂਕਿ ਜਾਗਦੀਆਂ ਕਲਮਾਂ ਹੀ
ਲੋਕਾਂ ਨੂੰ ਜਾਗਦੇ ਰੱਖਦੀਆਂ ਹਨ
ਅਤੇ ਇਹ ਗੁਸਤਾਖ਼ ਹਵਾ
ਜਾਗਦੀਆਂ ਅੱਖਾਂ ਤੋਂ ਬਹੁਤ ਡਰਦੀ ਹੈ ?

• • •

## ਰਹਿਣ ਦੇਵੋ

ਕਵਿਤਾ ਨੂੰ
ਕਵਿਤਾ ਹੀ ਰਹਿਣ ਦੇਵੋ
ਤੱਪਦੇ ਮੌਸਮਾਂ 'ਚ
ਕਿਣਮਿਣ ਕਰਦੀ
ਠੰਡ ਵਰਸਾਉਂਦੀ
ਮਾਰੂਥੱਲ ਦੀ ਪਿਆਸ ਬੁਝਾਉਂਦੀ
ਬਰਫਾਂ 'ਚ ਲੱਗੀ ਮਨੁੱਖਤਾ ਨੂੰ
ਨਿੱਘ ਬਖ਼ਸ਼ਦੀ
ਜਿੰਦਾ ਰੱਖਦੀ
ਨੰਗਿਆਂ ਨੂੰ
ਸ਼ਬਦਾਂ ਦੇ ਵਸਤਰ ਪਹਿਨਾਉਂਦੀ
ਭੁੱਖਿਆਂ ਦੇ ਮੂੰਹ ਵਿੱਚ
ਬੁਰਕੀ ਪਾਉਂਦੀ
ਨੱਚਦੀ ਟੱਪਦੀ ਮੁਸਕਰਾਉਂਦੀ
ਲੋੜ ਪੈਣ ਤੇ
ਹੱਕ ਤੇ ਸੱਚ ਦੀ ਰਾਖੀ ਖਾਤਿਰ
ਤਲਵਾਰ ਉਠਾਉਂਦੀ।

• • •

## ਕਵਿਤਾ ਨੂੰ

ਕਵਿਤਾ ਹੀ ਰਹਿਣ ਦੇਵੋ
ਨਾ ਪਾਵੋ
ਇਹਦੇ ਚਮਕਦੇ ਲਿਸ਼ਕਦੇ
ਸੁਨੱਖੇ ਚੇਹਰੇ ਤੇ
ਆਪਣੀਆਂ ਬਦਸੂਰਤ ਗਰਜ਼ਾਂ ਦਾ ਤੇਜ਼ਾਬ
ਨਾ ਸੁੱਟੋ ਇਹਦੇ ਉੱਤੇ
ਆਪਣੇ ਆਪ ਨੂੰ ਕਵਿਤਾ ਤੋਂ
ਵੱਡੇ ਸਮਝਣ ਦਾ ਭਰਮ ਜਾਲ
ਨਾ ਵਰਸਾਓ
ਇਹਦੇ ਮਖ਼ਮਲੀ ਪਿੰਡੇ ਤੇ
ਸਾਹਿਤਕ ਗੁੱਟਬੰਦੀਆਂ ਦੀਆਂ ਡਾਂਗਾਂ
ਨਾ ਤੋੜੋ ਇਸਦੀਆਂ ਲੱਤਾਂ ਬਾਹਾਂ
ਨਾ ਬਣਾਓ ਇਸਨੂੰ ਅਪਾਹਜ
ਨਾ ਪਾੜੋ ਇਸਦੇ ਲੀੜੇ
ਨਾ ਕਰੋ ਇਸਦੀ ਆਜ਼ਾਦ ਬਿਰਤੀ ਦੇ
ਰਾਹਾਂ ਨੂੰ ਭੀੜੇ
ਕਿ ਆਪਣੀ ਹੋਂਦ ਦੀ ਖਾਤਿਰ
ਇਸਨੂੰ ਖੜ੍ਹਨਾ ਪਵੇ
ਸਰਕਾਰੂ ਅਦਾਰਿਆਂ ਮੂਹਰੇ
ਅੱਧ-ਨੰਗੀ
ਅੱਧ-ਭੁੱਖੀ
ਸ਼ਰਮਸ਼ਾਰ
ਕਵਿਤਾ ਨੂੰ
ਕਵਿਤਾ ਹੀ ਰਹਿਣ ਦੇਵੋ
ਚਮਕਦੀ ਲਿਸ਼ਕਦੀ ਤੇ ਦਮਦਾਰ।

## ਗ਼ਜ਼ਲ

ਉਮਰਾਂ ਹੋਈਆਂ ਜੂਨ ਸਰਾਪੀ
ਕੁੱਲੀਆਂ ਅੰਦਰ ਜਾ ਕੇ ਵੇਖ
ਇਹ ਵੀ ਤਾਂ ਨੇ ਤੇਰੇ ਬੰਦੇ
ਰੱਬਾ ਥੱਲੇ ਆ ਕੇ ਵੇਖ

ਕਿੰਝ ਲਗਦੈ ਕਿੰਝ ਦੱਸਾਂ ਤੈਨੂੰ
ਪੱਟ ਹੰਢਾਵਣ ਵਾਲੇ ਯਾਰ
ਮੋਇਆਂ ਉੱਤੋਂ ਲਾਹੇ ਲੀੜੇ
ਤੂੰ ਵੀ ਇਕ ਦਿਨ ਪਾ ਕੇ ਵੇਖ

ਭੁੱਖ ਮਰਨ ਨਾ ਦੇਵੇ ਸੌਖਾ
ਲਾਸ਼ ਕੰਧੇਰੇ ਢੋਵਾਂ ਰੋਜ਼
ਛੱਤੀ ਭੋਜ ਭੁਲਾ ਕੇ ਤੂੰ ਵੀ
ਪਾਣੀ ਨਾਲ਼ ਲੰਘਾ ਕੇ ਵੇਖ

ਤਨ ਦੀ ਬੋਲੀ ਲਾ ਕੇ ਬੇਬੱਸ
ਭੁੱਖੀ ਰਹਿ ਕੇ ਪਾਲੇ ਬਾਲ
ਏਸ ਅਭਾਗਣ ਮਾਂ ਦੇ ਵਾਂਗੂੰ
ਤੂੰ ਵੀ ਇੱਜਤ ਲੁਟਾ ਕੇ ਵੇਖ

ਸੀਨਾ ਛਲਣੀ ਹੋਵੇ ਕਿੱਦਾਂ
ਉਗਲੇ ਜ਼ਹਿਰੀ ਬੋਲਾਂ ਨਾਲ
ਸੱਥ ਵਿਚਾਲੇ ਖੜ ਕੇ ਤੂੰ ਵੀ
ਜਾਤ ਕੁਜਾਤ ਕਹਾ ਕੇ ਵੇਖ

ਲੱਖਾਂ ਸੁਪਨੇ ਦਫਨ ਕਰੇ ਜੋ
ਮਨ ਕਬਰਾਂ ਵਿਚ ਹੱਥੀਂ ਆਪ
ਬੂਹੇ ਬੈਠੀ ਕੰਮੀ ਧੀ ਦਾ
ਤੂੰ ਵੀ ਬਾਪ ਕਹਾ ਕੇ ਵੇਖ

ਦੇਸ਼ ਧਰੋਹੀ ਕਹਿ ਸੁੱਟਣਗੇ
ਆਖੀ ਨਾ ਜੇ ਦਿਨ ਨੂੰ ਰਾਤ
ਸੀਖਾਂ ਅੰਦਰ ਸੜ ਜਾਵੇਂਗਾ
ਤੂੰ ਵੀ ਸੱਚ ਸੁਣਾ ਕੇ ਵੇਖ

ਸੁਖਜੀਤ ਚੀਮਾਂ
98767278000

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

# ਯਥਾਰਥ ਦੀ ਪਗਡੰਡੀ



ਗੋਬਿੰਦਰ ਸਿੰਘ ਬਰੜ੍ਹਵਾਲ

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਕੁਦਰਤ ਨੇ ਮਨੁੱਖ ਨੂੰ ਵਿਸ਼ੇਸ਼ ਬਣਾਇਆ ਹੈ ਅਤੇ ਇਸ ਨੂੰ ਅਕਲ ਦੀ ਅਨਮੋਲ ਦਾਤ ਬਖ਼ਸ਼ੀ ਹੈ। ਬੁੱਧੀ ਦੀ ਵਰਤੋਂ ਸਦਕਾ ਹੀ ਮਨੁੱਖ ਸਮੇਂ ਦੇ ਨਾਲ ਨਾਲ ਆਪਣੇ ਸ਼ੁਰੂਆਤੀ ਸਫਰ ਤੋਂ ਬਹੁਤ ਅੱਗੇ ਤੱਕ ਆ ਚੁੱਕਾ ਹੈ, ਸਮੇਂ ਦੇ ਨਾਲ ਨਾਲ ਕ੍ਰਾਂਤੀਕਾਰੀ ਜੀਵਨ ਪੱਧਰ ਦੇ ਸੁਧਾਰਾਂ ਅਤੇ ਬਦਲਾਵਾਂ ਦੇ ਨਾਲ ਅਨੇਕਾਂ ਖੋਜਾਂ, ਧਰਤੀਂ ਤੋਂ ਪੁਲਾੜ, ਚੰਦਰਮਾ ਤੱਕ ਝੰਡੇ ਗੱਡ ਚੁੱਕਾ ਹੈ।

ਸਾਡੇ ਆਮ ਕਾਰ ਵਿਹਾਰ ਵਿੱਚ, ਸਾਡੀ ਜੀਵਨਸ਼ੈਲੀ ਵਿੱਚ ਅਸੀਂ ਰੋਜਾਨਾਂ ਹੀ ਸੈਂਕੜੇ ਲੋਕਾਂ ਨੂੰ ਮਿਲਦੇ ਹਾਂ, ਉਹਨਾਂ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਵਿਚਰਦੇ ਹਾਂ। ਇਹਨਾਂ ਲੋਕਾਂ ਵਿੱਚ ਕੁਝ ਸਾਡੀ ਜਾਣ ਪਛਾਣ ਦੇ ਹੁੰਦੇ ਹਨ ਅਤੇ ਕੁਝ ਅਣਪਛਾਤੇ ਜਿਨ੍ਹਾਂ ਨੂੰ ਅਸੀਂ ਪਹਿਲੀ ਵਾਰ ਮਿਲਦੇ ਹਾਂ। ਇਹ ਮਨੁੱਖੀ ਸੁਭਾਅ ਹੈ ਕਿ ਹਰ ਵਿਅਕਤੀ ਵਿਸ਼ੇਸ਼ ਜਰੂਰ ਹੈ ਪਰੰਤੂ ਕੋਈ ਵੀ ਪੂਰਨ ਨਹੀਂ ਹੈ ਜੋ ਗਲਤੀ ਰਹਿਤ ਹੋਵੇ ਜਾਂ ਜਿਸ ਦਾ ਕੋਈ ਵਿਰੋਧ ਨਾ ਹੋਵੇ। ਸੰਸਾਰ ਵਿੱਚ ਜਿਆਦਾਤਰ ਲੋਕ ਆਸਤਿਕ ਹਨ ਅਤੇ ਕਿਸੇ ਨਾ ਕਿਸੇ ਧਰਮ ਜਾਂ ਸੰਪਰਦਾ ਨਾਲ ਜੁੜੇ ਹੋਏ ਹਨ ਅਤੇ ਰੱਬ ਨੂੰ ਵੱਖੋ ਵੱਖਰੇ ਨਾਵਾਂ ਨਾਲ ਸਰਵਉੱਚ ਮੰਨਦੇ ਹਨ। ਪਰ ਜਿੱਥੋਂ ਤੱਕ ਗਲਤੀ ਜਾਂ ਵਿਰੋਧ ਦੀ ਗੱਲ ਹੈ ਤਾਂ ਲੋਕਾਂ ਨੂੰ ਰੱਬ ਤੋਂ ਵੀ ਸ਼ਿਕਾਇਤਾਂ ਹਨ, ਰੱਬ ਦਾ ਵੀ ਵਿਰੋਧ ਹੈ। ਸੋ ਜੇ ਕਹਿ ਲਿਆ ਜਾਵੇ ਕਿ ਰੱਬ ਵੀ ਪੂਰਨ ਨਹੀਂ ਤਾਂ ਕੋਈ ਅੱਤ ਕੱਥਨੀ ਨਹੀਂ ਹੋਵੇਗੀ।

ਹਰ ਵਿਅਕਤੀ ਦੀ ਉਸਦੀ ਪਰਿਵਾਰਿਕ ਸਥਿਤੀ, ਸੰਗਤ, ਪਿਛੋਕੜ, ਖੇਤਰ, ਗਿਆਨ, ਆਸਥਾ, ਰੁਚੀ ਆਦਿ ਦੇ ਆਧਾਰ ਤੇ ਸੀਮਿਤ ਜਾਣਕਾਰੀ ਹੁੰਦੀ ਹੈ। ਹਰ ਵਿਅਕਤੀ ਦੀ ਆਪਣੇ ਸਾਧਨਾਂ ਅਨੁਸਾਰ ਵੱਖੋ ਵੱਖਰੇ ਵਿਸ਼ਿਆਂ ਤੇ ਵੱਖੋ ਵੱਖਰੀ ਧਾਰਨਾ ਹੁੰਦੀ ਹੈ, ਇੱਕ ਬੰਦਾ ਆਪਣੀ ਧਾਰਨਾ ਅਨੁਸਾਰ ਇੱਕ ਤੱਥ ਨੂੰ ਸਹੀ ਮੰਨਦਾ ਹੈ ਤੇ ਉਸੇ ਤੱਥ ਨੂੰ ਦੂਜਾ ਵਿਅਕਤੀ ਰੱਦ ਕਰ ਸਕਦਾ ਹੈ ਤੇ ਤੀਜਾ ਉਸੇ ਤੱਥ ਦੀ ਆਪਣੇ ਅਨੁਸਾਰ ਵਿਆਖਿਆ ਕਰ ਸਕਦਾ ਹੈ। ਇਹ ਕਦੇ ਵੀ ਸੰਭਵ ਨਹੀਂ ਕਿ ਸਾਰੇ ਵਿਅਕਤੀਆਂ ਨੂੰ ਇਕੋ ਜਿਹੀ ਜਾਣਕਾਰੀ ਹੋਵੇ। ਜਾਣਕਾਰੀ ਹਾਸਿਲ ਕਰਨ ਦੀ ਬਿਰਤੀ ਹਰ ਅਗਾਂਹਵਧੂ ਵਿਅਕਤੀ ਦੀ ਨਿਸ਼ਾਨੀ ਹੁੰਦੀ ਹੈ ਅਤੇ ਯੋਗ ਕਿਤਾਬਾਂ ਇਸ ਵਿੱਚ ਬਹੁਤ ਸਹਾਈ ਹੋ ਸਕਦੀਆਂ ਹਨ, ਪੜ੍ਹਨ ਦੀ ਆਦਤ ਆਦਰਸ਼ ਸਮਾਜ ਦੇ ਨਾਗਰਿਕ ਦਾ ਪਹਿਲਾ ਗੁਣ ਹੈ।

ਐਨੇ ਵਖਰੇਵੇਂ ਹੋਣ ਤੇ ਸਹੀ ਦੀ ਚੋਣ ਕਰਨਾ ਕਠਿਨ ਜਰੂਰ ਹੈ ਪਰੰਤੂ ਅਸੰਭਵ ਨਹੀਂ। ਕਿਸੇ ਵਿਸ਼ੇ ਤੇ ਹੁੰਦੀ ਗੱਲ ਨੂੰ ਪਰਖਣ, ਸਹੀ ਦੀ ਚੋਣ ਲਈ, ਯਥਾਰਥ ਦੇ ਰੂਬਰੂ ਹੋਣ ਲਈ ਇਨਸਾਨੀਅਤ ਨੂੰ ਸਰਵਉੱਚ ਰੱਖਦੇ ਹੋਏ, ਮੱਦੇਨਜਰ ਰੱਖਦੇ ਹੋਏ ਨਿਰਪੱਖਤਾ ਨਾਲ ਤਰਕ ਦੀ ਸੂਈ ਦੇ ਨੱਕੇ ਰਾਹੀਂ ਹੀ ਚੁਣਿਆ ਜਾ ਸਕਦਾ ਹੈ ਅਤੇ ਜੋ ਵਿਅਕਤੀ ਇਸ ਤੱਥ ਨੂੰ ਅਮਲੀ ਰੂਪ ਦਿੰਦਾ ਹੈ ਅਸਲ 'ਚ ਓਹੀ ਇਨਸਾਨ ਅਖਵਾਉਣ ਦਾ ਅਸਲ ਹੱਕਦਾਰ ਹੈ। ਕਿਸੇ ਵਿਸ਼ੇ, ਮਸਲੇ ਤੇ ਇਨਸਾਨੀਅਤ, ਨਿਰਪੱਖਤਾ ਅਤੇ ਤਰਕ ਦੇ ਮੂਲ ਮੰਤਰ ਨੂੰ ਲਾਂਭੇ ਕਰ ਆਪਣੀ ਵਿਸ਼ੇਸ਼ ਧਾਰਨਾ ਦੇ ਲਕੀਰ ਦੇ ਫਕੀਰ ਬਣਨਾ ਕਿਸੇ ਵੀ ਰੂਪ ਵਿੱਚ ਸਹੀ ਨਹੀਂ ਠਹਿਰਾਇਆ ਜਾ ਸਕਦਾ ਅਤੇ ਇਹ ਸਮੁੱਚੀ ਮਨੁੱਖਤਾ ਲਈ ਨੁਕਸਾਨਦਾਇਕ ਹੈ।

ਮਨੁੱਖਤਾ, ਨਿਰਪੱਖਤਾ ਅਤੇ ਤਰਕ ਦਾ ਲੜ ਫੜ ਯਥਾਰਥ ਦੀ ਪਗਡੰਡੀ ਤੇ ਚੱਲਣਾ ਸੌਖਾ ਨਹੀਂ, ਇਸ ਲੀਹ ਤੇ ਰੁੱਸਣ ਵਾਲੇ, ਵਿਰੋਧ ਵਾਲੇ, ਚਿੱਕੜ ਸੁੱਟਣ ਵਾਲੇ, ਵੱਟੇ ਮਾਰਨ ਵਾਲੇ ਵਾਧੂ ਮਿਲਣਗੇ, ਹੋ ਸਕਦਾ ਸ.ਫ਼ਰ ਤੇ ਆਖ਼ੀਰ ਤੇ ਤੁਸੀਂ ਇਕੱਲੇ ਹੀ ਬਚੋਂ। ਯਥਾਰਥ ਜਾਂ ਸੱਚ ਕੱਚ ਵਰਗਾ ਹੁੰਦਾ ਹੈ ਜੋ ਬਹੁਤਿਆਂ ਦੇ ਚੁੱਭਦਾ ਹੈ, ਨਮਕ ਵਰਗਾ ਹੁੰਦਾ ਹੈ ਜੋ ਬਹੁਤਿਆਂ ਦੇ ਜਖਮ ਤੇ ਲੜਦਾ ਹੈ, ਕਟਾਰ ਵਰਗਾ ਹੁੰਦਾ ਹੈ ਜੋ ਸੀਨੇ ਤੇ ਸਿੱਧਾ ਵਾਰ ਕਰਦਾ ਹੈ।

ਅਕਸਰ ਵੇਖਿਆਂ ਜਾਂਦਾ ਹੈ ਕਿ ਕੋਈ ਸਾਡੀ ਗੱਲ ਦਾ ਬੁਰਾ ਨਾ ਮੰਨ ਜਾਵੇ, ਸਾਡੇ ਤੋਂ ਰੁੱਸ ਨਾ ਜਾਵੇ, ਸਾਨੂੰ ਗਲਤ ਨਾ ਸਮਝੇ ਦੀ ਘੁੰਮਣਘੇਰੀ ਵਿੱਚ ਫਸੇ ਅਸੀਂ ਯਥਾਰਥ



ਵਿਵਹਾਰ ਨਹੀਂ ਕਰ ਪਾਉਂਦੇ। ਦੂਜਿਆਂ ਦੀ ਨਜਰ ਵਿੱਚ ਬੀਬੇ ਬਣੇ ਰਹਿਣ ਲਈ, ਝੂਠ ਦਾ ਸਹਾਰਾ ਤੇ ਯਥਾਰਥ ਤੋਂ ਮੂੰਹ ਮੋੜ ਲਿਆ ਜਾਂਦਾ ਹੈ। ਯਥਾਰਥ ਤੋਂ ਛੁੱਟ ਝੂਠ ਜਾਂ ਦੂਜਿਆਂ ਨੂੰ ਖੁਸ਼ ਕਰਨ ਦੀ ਬਿਰਤੀ ਆਪਣੇ ਆਪ ਨਾਲ ਨਿਆਂ ਸੰਗਤ ਨਹੀਂ ਹੈ। ਦੂਜਿਆਂ ਨੂੰ ਖੁਸ਼ ਕਰਨ ਦੇ ਚੱਕਰ ਵਿੱਚ ਵਾਧੂ ਫਿਕਰਾਂ ਵਿੱਚ ਰੁੱਝੇ ਰਹਿੰਦੇ ਹਾਂ ਤੇ ਬੇਲੋੜਾ ਆਪਣੇ ਲਈ ਮਾਨਸਿਕ ਤਣਾਅ ਸਹੇੜ ਲੈਂਦੇ ਹਾਂ, ਨੱਕ ਰਗੜਦੇ ਹਾਂ, ਮੁਆਫੀਆਂ ਮੰਗਦੇ ਹਾਂ ਅਤੇ ਦੂਜਿਆਂ ਨੂੰ ਹਰ ਹੀਲੇ ਵਸੀਲੇ ਖੁਸ਼ ਤੇ ਸਹਿਜ ਰੱਖਣ ਦੀ ਕੋਸ਼ਿਸ਼ ਕਰਦੇ ਹਾਂ, ਆਪਣੇ ਆਪ ਨੂੰ ਪਿੱਛੇ ਰੱਖ ਕੇ।

ਸਾਰਿਆਂ ਨੂੰ ਖੁਸ਼ ਕਰਨ ਦੀ ਬਿਰਤੀ ਅਤੇ ਆਪਣੇ ਆਪ ਨੂੰ ਹਮੇਸ਼ਾ ਬਚਾਅ ਮੁਦਰਾ ਚ ਰੱਖਣ ਦਾ ਸੁਭਾਅ ਇੱਕ ਮਾਨਸਿਕ ਵਿਕਾਰ ਕਹਿਣਾ ਕੋਈ ਅੱਤਕੱਥਨੀ ਨਹੀਂ ਹੋਵੇਗੀ। ਸੰਸਾਰ ਵਿੱਚ ਇਨਸਾਨ ਦੂਜਿਆਂ ਨੂੰ ਖੁਸ਼ ਕਰਨ ਲਈ ਨਹੀਂ ਆਇਆ, ਹਰ ਵਿਅਕਤੀ ਆਪਣੀ ਜਿੰਦਗੀ ਨੂੰ ਸਾਰਥਕਤਾ ਤੇ ਯਥਾਰਥਵਾਦੀ ਨਜ਼ਰੀਏ ਨਾਲ ਜੀਵੇ, ਕਿੰਨਾ ਚੰਗਾ ਹੋਵੇ ਜੇ ਹਰ ਵਿਅਕਤੀ ਇਨਸਾਨੀਅਤ ਦਾ ਪਾਠ ਪੜ੍ਹੇ ਅਤੇ ਅਸਲ ਚ ਇਨਸਾਨ ਬਣੇ। ਯਥਾਰਥ ਕਿਸੇ ਨੂੰ ਖੁਸ਼ ਕਰਨ ਲਈ ਨਹੀਂ ਹੁੰਦਾ, ਇਹ ਉਹ ਸੱਚ ਹੁੰਦਾ ਹੈ ਜੋ ਅਟੱਲ ਹੈ।


ਯਥਾਰਥ ਤੋਂ ਭੱਜ ਦੂਜਿਆਂ ਨੂੰ ਖੁਸ਼ ਕਰਨ ਦੇ ਵਿਵਹਾਰ ਨੂੰ ਲਾਂਭੇ ਕਰਨ ਦੀ ਲੋੜ ਹੈ, ਆਪਣੇ ਸੁਭਾਅ ਵਿੱਚ ਸ਼ਾਮਿਲ ਕਰਨਾ ਚਾਹੀਦਾ ਕਿ ਇਨਸਾਨੀਅਤ, ਨਿਰਪੱਖਤਾ ਤੇ ਤਰਕ ਆਧਾਰਤ ਗੱਲਬਾਤ ਕੀਤੀ ਜਾਵੇ, ਚਾਹੇ ਕੋਈ ਸਹਿਮਤ ਹੋਵੇ ਜਾਂ ਨਾਂਹ, ਜੇਕਰ ਕੋਈ ਯਥਾਰਥ ਗੱਲਬਾਤ ਤੋਂ ਖਫਾ ਹੁੰਦਾ ਹੈ ਤਾਂ ਤੁਹਾਡੀ ਕੋਈ ਗਲਤੀ ਨਹੀਂ, ਤੁਹਾਨੂੰ ਕੋਈ ਪਛਤਾਵਾ ਕਰਨ ਦੀ ਲੋੜ ਨਹੀਂ, ਕੋਈ ਨੱਕ ਰਗੜਣ ਦੀ ਲੋੜ ਨਹੀਂ, ਕੋਈ ਮੁਆਫੀ ਦੀ ਲੋੜ ਨਹੀਂ। ਆਪਣੀ ਗੱਲ ਜਾਂ ਤੱਥ ਨੂੰ ਜ਼ਿੰਮੇਵਾਰੀ ਨਾਲ, ਹਮੇਸ਼ਾਂ ਸਾਫ਼ ਸਪੱਸ਼ਟ ਸਹਿਜ ਲਹਿਜੇ ਵਿੱਚ ਰੱਖਣ ਦੀ ਆਦਤ ਦੇ ਹਾਣੀ ਬਣਨਾ ਚਾਹੀਦਾ ਹੈ।

ਇਹ ਸੰਸਾਰ ਦਾ ਯਥਾਰਥ ਹੈ ਕਿ ਤੁਸੀਂ ਕਦੇ ਵੀ ਸਾਰਿਆਂ ਨੂੰ ਹਮੇਸ਼ਾਂ ਲਈ ਖੁਸ਼ ਨਹੀਂ ਰੱਖ ਸਕਦੇ ਚਾਹੇ ਇਸ ਲਈ ਤੁਸੀਂ ਕੋਈ ਵੀ ਕੀਮਤ ਕਿਉਂ ਨਾ ਦੇਵੋਂ ਅਤੇ ਇਸ ਗੱਲ ਨੂੰ ਜਿੰਨਾ ਜਲਦੀ ਬੰਦਾ ਸਮਝ ਜਾਵੇ ਇਹ ਉਸ ਲਈ ਇੱਕ ਸਾਰਥਕ ਕਦਮ ਹੈ ਜਿਵੇਂ ਕਿਹਾ ਜਾਂਦਾ ਹੈ ਕਿ ਲੋਕਾਂ ਨੂੰ ਖੋਹਣ ਤੋਂ ਨਾ ਡਰੋ, ਸਗੋਂ ਡਰੋ ਇਸ ਗੱਲ ਤੋਂ ਕਿ ਕਦੇ ਲੋਕਾਂ ਨੂੰ ਖੁਸ਼ ਕਰਦੇ ਕਰਦੇ ਤੁਸੀਂ ਖੁਦ ਨਾ ਖੋਹ ਜਾਵੋ।

**ਪਿੰਡ ਤੇ ਡਾਕ. ਬਰੜ੍ਹਵਾਲ,**
**ਤਹਿਸੀਲ - ਧੂਰੀ (ਸੰਗਰੂਰ)**
**bardwal.gobinder@gmail.com**

# 'ਬ੍ਰਾਹਮਣਵਾਦੀਆਂ ਦੇ ਦਹਿਸ਼ਤੀ ਕਾਰੇ'

**ਅਨੁਵਾਦਕ: ਬੂਟਾ ਸਿੰਘ ਅਤੇ ਹਰਚਰਨ ਸਿੰਘ ਚਾਹਲ**
**ਪ੍ਰਕਾਸ਼ਕ: ਬਾਬਾ ਬੂਝਾ ਸਿੰਘ ਪ੍ਰਕਾਸ਼ਨ**
**ਪੰਨੇ: 264, ਕੀਮਤ: ਤਿੰਨ ਸੌ ਰੁਪਏ**




['ਕਰਕਰੇ ਦੀ ਹੱਤਿਆ ਕਿਸੇ ਨੇ ਕੀਤੀ' ਨਾਂ ਦੀ ਮਸ਼ਹੂਰ ਕਿਤਾਬ ਦੇ ਲੇਖਕ ਅਤੇ ਮਹਾਂਰਾਸ਼ਟਰ ਪੁਲਿਸ ਵਿਚ ਆਈ.ਜੀ. ਦੇ ਅਹੁਦੇ ਤੋਂ ਸੇਵਾ-ਮੁਕਤ ਹੋਏ ਐੱਸ.ਐੱਮ ਮੁਸ਼ਰਿਫ਼ ਦੀ ਅਗਲੀ ਕਿਤਾਬ 'ਬ੍ਰਾਹਮਣਵਾਦੀਆਂ ਦੇ ਦਹਿਸ਼ਤੀ ਕਾਰੇ' ਅਜੋਕੇ ਭਾਰਤ ਵਿਚ ਹਿੰਦੂਤਵ ਬਰਗੇਡ ਦੀ ਗੁਪਤ ਸਾਜ਼ਿਸ਼ ਨੂੰ ਸਮਝਣ ਲਈ ਬਹੁਤ ਹੀ ਮਹੱਤਵਪੂਰਨ ਕਿਤਾਬ ਹੈ। ਇਸ ਵਿਚ ਲੇਖਕ ਨੇ ਮੁਲਕ ਵਿਚ ਪਿਛਲੇ ਦਹਾਕੇ ਵਿਚ ਹੋਏ ਦੋ ਦਰਜਨ ਬੰਬ ਕਾਂਡਾਂ ਦੇ ਮਾਮਲਿਆਂ ਦਾ ਬਾਰੀਕੀ ਵਿਚ ਵਿਸ਼ਲੇਸ਼ਣ ਕੀਤਾ ਹੈ। ਇਹਨਾਂ ਬੰਬ ਕਾਂਡਾਂ ਨੂੰ ਅੰਜਾਮ ਦੇਣ ਵਾਲੇ ਕੌਣ ਸਨ, ਉਹਨਾਂ ਨੂੰ ਬਚਾਉਣ ਲਈ ਖੁਫ਼ੀਆ ਏਜੰਸੀਆਂ ਅਤੇ ਪੁਲਿਸ ਅਧਿਕਾਰੀਆਂ ਵੱਲੋਂ ਕਿਵੇਂ ਜਾਂਚ ਦੇ ਅਮਲ ਨੂੰ ਤਰਕਸੰਗਤ ਨਤੀਜੇ ਉੱਪਰ ਨਹੀਂ ਪਹੁੰਚਾਇਆ ਗਿਆ, ਕਿਉਂਕਿ ਇਸ ਨਾਲ ਹਿੰਦੂਤਵ ਸਾਜ਼ਿਸ਼ਘਾੜਿਆਂ ਦੀ ਦਹਿਸ਼ਤਵਾਦੀ ਸਾਜ਼ਿਸ਼ ਸਾਹਮਣੇ ਆਉਂਦੀ ਸੀ। ਇਸ ਦੀ ਬਜਾਏ ਕਿਵੇਂ ਬੇਕਸੂਰ ਮੁਸਲਮਾਨ ਨੌਜਵਾਨਾਂ ਨੂੰ ਕਈ ਕਈ ਸਾਲ ਜੇਲ੍ਹਾਂ ਵਿਚ ਸਾੜਿਆ ਗਿਆ। ਪੁਲਿਸ ਅਧਿਕਾਰੀਆਂ ਵੱਲੋਂ ਕਿਸ ਤਰੀਕੇ ਨਾਲ ਅਦਾਲਤੀ ਅਮਲ ਨੂੰ ਤੋੜ-ਮਰੋੜ ਕੇ ਅਸੀਮਾਨੰਦ, ਕਰਨਲ ਸ੍ਰੀਕਾਂਤ ਪੁਰੋਹਿਤ, ਸਾਧਵੀ ਪ੍ਰੱਗਿਆ ਸਿੰਘ ਆਦਿ ਹਿੰਦੂਤਵ ਦਹਿਸ਼ਤਗਰਦਾਂ ਨੂੰ ਸਮਝੌਤਾ ਐਕਸਪ੍ਰੈੱਸ ਵਰਗੇ ਬੰਬ ਕਾਂਡਾਂ ਦੇ ਮਾਮਲਿਆਂ ਵਿਚ ਬਰੀ ਕਰਵਾਇਆ ਗਿਆ ਇਹਨਾਂ ਸਾਰੇ ਪੱਖਾਂ ਉੱਪਰ ਲੇਖਕ ਨੇ ਸੰਬੰਧਤ ਕੇਸਾਂ ਦੀਆਂ ਐੱਫ.ਆਈ.ਆਰ.,ਚਾਰਜਸ਼ੀਟਾਂ ਅਤੇ ਅਦਾਲਤੀ ਕਾਰਵਾਈਆਂ ਦੇ ਅਧਾਰ 'ਤੇ ਤੱਥਾਂ ਸਾਹਿਤ ਚਾਨਣਾ ਪਾਇਆ ਹੈ। ਆਰ.ਐੱਸ.ਐੱਸ. ਵੱਲੋਂ ਬਾਕਾਇਦਾ ਹਥਿਆਰ ਅਤੇ ਬੰਬ ਧਮਾਕੇ ਕਰਨ ਲਈ ਸਿਖਲਾਈ ਕੈਂਪ ਲਗਾ ਕੇ ਕਿਵੇਂ ਦੇਸ਼ ਪੱਧਰ 'ਤੇ ਗੁਪਤ ਸਾਜ਼ਿਸ਼ ਨੂੰ ਅੰਜਾਮ ਦਿੱਤਾ ਗਿਆ ਕਿਤਾਬ ਇਸ ਦੀ ਭਰਪੂਰ ਜਾਣਕਾਰੀ ਮੁਹੱਈਆ ਕਰਦੀ ਹੈ। ਪੇਸ਼ ਹਨ ਕਿਤਾਬ ਦੇ ਕੁਝ ਅੰਸ਼।]

ਸੰਘ ਪਰਿਵਾਰ ਦੇ ਦਹਿਸ਼ਤਗਰਦ ਟ੍ਰੇਨਿੰਗ ਕੈਂਪ

ਬੰਬ ਧਮਾਕੇ ਕਰਨ ਦੀਆਂ ਤਿਆਰੀਆਂ ਕਾਫ਼ੀ ਦੇਰ ਤੋਂ ਚੱਲ ਰਹੀਆਂ ਸਨ ਅਤੇ ਆਰਐੱਸਐੱਸ, ਅਭਿਨਵ ਭਾਰਤ, ਬਜਰੰਗ ਦਲ, ਜੈ ਵੰਦੇ ਮਾਤਰਮ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਮੁਲਕ ਭਰ ਵਿਚ ਦਹਿਸ਼ਤਗਰਦ ਟ੍ਰੇਨਿੰਗ ਕੈਂਪ ਲਗਾਏ ਜਾ ਰਹੇ ਸਨ।

1) ਜੈਲਾਟੀਨ ਵਿਸਫੋਟਕ ਟ੍ਰੇਨਿੰਗ ਕੈਂਪ, ਪੂਨੇ (ਮਾਰਚ 2000)

ਬਜਰੰਗ ਦਲ ਨੇ ਆਪਣੇ ਕਾਰਕੁਨਾਂ ਨੂੰ, ਹੋਰਨਾਂ ਚੀਜਾਂ ਤੋਂ ਇਲਾਵਾ, ਜੈਲਾਟੀਨ ਛੜਾਂ ਦੀ ਵਰਤੋਂ ਬਾਰੇ ਸਿੱਖਿਅਤ ਕਰਨ ਲਈ ਪੂਨੇ ਵਿਚ ਇਕ ਟਰੇਨਿੰਗ ਕੈਂਪ ਆਯੋਜਤ ਕੀਤਾ। ਸੂਬਾਈ ਪੱਧਰ ਦੇ ਤਕਰੀਬਨ 40 ਤੋਂ 50 ਕਾਰਕੁਨਾਂ ਨੇ ਇਸ ਕੈਂਪ ਵਿਚ ਭਾਗ ਲਿਆ। ਨੰਦੇੜ ਦਾ ਨਿਵਾਸੀ ਹਿਮਾਂਸ਼ੂ ਪਨਸੇ (ਜੋ ਬਾਅਦ ਵਿਚ ਅਪਰੈਲ 2006 ਵਿਚ ਬੰਬ ਬਣਾਉਂਦਾ ਹੋਇਆ ਮਾਰਿਆ ਗਿਆ) ਇਸ ਕੈਂਪ ਦਾ ਗਰੁੱਪ ਸਰਗਨਾ ਸੀ। ਇਹ ਕੈਂਪ ਬਜਰੰਗ ਦਲ ਦੇ ਕੁਲ ਹਿੰਦ ਸਰੀਰਿਕ ਸਿੱਖਿਆ ਵਿੰਗ ਦੇ ਮੁਖੀ ਮਿਲਿੰਦ ਪਾਰਾਂਡੇ ਨੇ ਆਯੋਜਤ ਕੀਤਾ ਸੀ। ਇਹ ਤੱਥ ਦਾ ਖ਼ੁਲਾਸਾ ਨੰਦੇੜ ਬੰਬ ਕਾਂਡ ਕੇਸ 2006 ਦੀ ਤਫ਼ਤੀਸ਼ ਦੌਰਾਨ ਹੋਇਆ ਸੀ।

2) ਹਥਿਆਰ ਚਲਾਉਣ ਤੇ ਬੰਬ ਬਣਾਉਣ ਦੀ ਟ੍ਰੇਨਿੰਗ, ਨਾਗਪੁਰ (2001)

ਆਰਐੱਸਐੱਸ ਤੇ ਬਜਰੰਗ ਦਲ ਕਾਰਕੁਨਾਂ ਦਾ ਇਕ ਚਾਲੀ ਰੋਜ਼ਾ ਕੈਂਪ ਭੋਂਸਲਾ ਮਿਲਟਰੀ ਸਕੂਲ ਨਾਗਪੁਰ ਦੇ ਅਹਾਤੇ ਵਿਚ ਆਯੋਜਤ ਕੀਤਾ ਗਿਆ। ਮੁਲਕ ਭਰ 'ਚੋਂ ਕੁਲ 115 ਕਾਰਕੁਨਾਂ ਨੇ ਇਸ ਕੈਂਪ ਵਿਚ ਸ਼ਮੂਲੀਅਤ ਕੀਤੀ ਜਿਨ੍ਹਾਂ ਵਿਚੋਂ 54 ਇਕੱਲੇ ਮਹਾਂਰਾਸ਼ਟਰ ਤੋਂ ਸਨ। ਸਿੱਖਿਆਰਥੀਆਂ ਨੂੰ ਹਥਿਆਰ ਚਲਾਉਣ, ਬੰਬ ਬਣਾਉਣ ਤੇ ਇਨ੍ਹਾਂ ਨੂੰ ਚਲਾਉਣ ਦੀ ਟ੍ਰੇਨਿੰਗ ਦਿੱਤੀ ਗਈ। ਟ੍ਰੇਨਿੰਗ ਦੇਣ ਵਾਲਿਆਂ ਵਿਚ ਫ਼ੌਜ ਦੇ ਸੇਵਾ-ਮੁਕਤ ਤੇ ਨੌਕਰੀ-ਯਾਫ਼ਤਾ ਅਧਿਕਾਰੀਆਂ ਤੋਂ ਇਲਾਵਾ ਆਈਬੀ ਦੇ ਸੇਵਾ-ਮੁਕਤ ਅਧਿਕਾਰੀ ਵੀ ਸ਼ਾਮਲ ਸਨ। ਇਸ ਤੱਥ ਦਾ ਖ਼ੁਲਾਸਾ ਨੰਦੇੜ ਬੰਬ ਕਾਂਡ ਕੇਸ 2006 ਤੇ ਮਾਲੇਗਾਓਂ ਬੰਬ-ਕਾਂਡ ਕੇਸ 2008 ਦੀ ਤਫ਼ਤੀਸ਼ ਦੌਰਾਨ ਹੋਇਆ ਸੀ।

3) ਆਰਡੀਐਕਸ ਬੰਬਾਂ ਦੀ ਤਿਆਰੀ, ਅਕਾਂਕਸ਼ਾ ਰਿਜ਼ੋਰਟ, ਪੂਨੇ (2003)

ਪੂਨੇ ਨਜ਼ਦੀਕ ਸਿੰਹਗੜ੍ਹ ਰੋਡ ਉੱਪਰ ਸਥਿਤ ਅਕਾਂਕਸ਼ਾ ਰਿਜ਼ੋਰਟ ਵਿਚ ਆਯੋਜਤ ਕੈਂਪ ਵਿਚ ਕਾਰਕੁਨਾਂ ਨੂੰ ਬੰਬ ਬਣਾਉਣ ਤੇ ਚਲਾਉਣ ਬਾਰੇ ਟ੍ਰੇਨਿੰਗ ਦਿੱਤੀ ਗਈ। ਤਕਰੀਬਨ 50 ਨੌਜਵਾਨਾਂ ਨੇ ਇਸ ਟ੍ਰੇਨਿੰਗ ਕੈਂਪ ਵਿਚ ਭਾਗ ਲਿਆ। "ਮਿਥੁਨ ਚਕਰਵਰਤੀ" ਦੇ ਨਾਂਅ ਨਾਲ ਪਛਾਣਿਆ ਜਾਂਦਾ ਇਕ ਜਣਾ ਉਹ ਮੁੱਖ ਸ਼ਖ਼ਸ ਸੀ ਜਿਸ ਨੇ ਨਾ ਸਿਰਫ਼ ਵਿਸਫੋਟਕ ਸਮੱਗਰੀ ਦੀ ਵਰਤੋਂ ਬਾਰੇ ਟ੍ਰੇਨਿੰਗ ਦਿੱਤੀ ਸਗੋਂ ਕੈਂਪ ਦੇ ਆਖ਼ਰੀ ਦਿਨ ਸਿਖਿਆਰਥੀਆਂ ਨੂੰ ਵੱਡੀ ਮਾਤਰਾ ਵਿਚ ਵਿਸਫੋਟਕ ਸਮੱਗਰੀ ਮੁਹੱਈਆ ਵੀ ਕਰਵਾਈ। ਟ੍ਰੇਨਿੰਗ ਦੇਣ ਵਾਲਿਆਂ ਵਿਚ, ਹੋਰਨਾਂ ਤੋਂ ਇਲਾਵਾ, ਫ਼ੌਜ ਦੇ ਸੇਵਾ-ਮੁਕਤ ਤੇ ਨੌਕਰੀ ਕਰ ਰਹੇ ਅਧਿਕਾਰੀ, ਪੂਨੇ ਤੋਂ ਹਥਿਆਰਾਂ ਦਾ ਮਾਹਰ ਰਾਕੇਸ਼ ਧਾਵੜੇ ਅਤੇ ਕਮਿਸਟਰੀ ਦੇ ਦੋ ਪ੍ਰੋਫੈਸਰ, ਡਾਕਟਰ ਸ਼ਰਦ ਕੁੰਤੇ ਤੇ ਪ੍ਰੋ: ਦਿਓ, ਸ਼ਾਮਲ ਸਨ।

4) ਹਿੰਦੂ ਰਾਸ਼ਟਰ ਲਈ ਮੁਲਕ ਭਰ ਵਿਚ ਹਥਿਆਰਾਂ ਤੇ ਲਾਠੀ ਆਦਿ ਦੀ ਟ੍ਰੇਨਿੰਗ (ਮਈ 2002)

15 ਤੋਂ 45 ਸਾਲ ਦੇ ਦਰਮਿਆਨ ਦੀ ਉਮਰ ਵਾਲੇ ਸੰਘ ਪਰਿਵਾਰ ਦੇ 154 ਮੈਂਬਰਾਂ ਨੇ ਪੂਨੇ ਵਿਚ ਇਕ 21 ਰੋਜ਼ਾ ਜਾਣਕਾਰੀ ਕੈਂਪ ਵਿਚ ਭਾਗ ਲਿਆ। ਖ਼ਾਕੀ ਕੱਛਿਆਂ ਵਾਲੇ ਇਨ੍ਹਾਂ ਮੈਂਬਰਾਂ ਨੇ "ਹਿੰਦੂ ਰਾਸ਼ਟਰ" ਬਾਰੇ ਸਭ ਕੁਝ ਸਿੱਖਿਆ। ਉਨ੍ਹਾਂ ਨੂੰ ਹਥਿਆਰਾਂ, ਲਾਠੀ ਦੀ ਵਰਤੋਂ ਕਰਨ ਅਤੇ ਲੇਜ਼ਿਮ (ਮਹਾਂਰਾਸ਼ਟਰ ਦਾ ਇਕ ਲੋਕ ਨਾਚ) ਰਾਹੀਂ ਮਾਰਸ਼ਲ ਸਿਖਲਾਈ ਦੇ ਨਾਲ-ਨਾਲ ਯੋਗਾ, ਖੋਅ-ਖੋਅ, ਕਬੱਡੀ ਤੇ ਆਮ ਬੋਲ ਚਾਲ ਵਾਲੀ ਸੰਸਕ੍ਰਿਤ ਭਾਸ਼ਾ ਦੇ ਗੁਰ ਸਿਖਾਏ ਗਏ। ਇਹ ਕੈਂਪ ਤਾਲਾ ਲੱਗੇ ਹੋਏ ਬੰਦ ਗੇਟਾਂ ਦੇ ਅੰਦਰ ਆਯੋਜਤ ਕੀਤਾ ਗਿਆ। ਸਿਖਿਆਰਥੀਆਂ ਨੂੰ ਕੈਂਪ ਦੇ ਅਹਾਤੇ ਤੋਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਸੀ ਅਤੇ ਕੋਈ ਬਾਹਰਲਾ ਬੰਦਾ ਵੀ ਅੰਦਰ ਨਹੀਂ ਜਾ ਸਕਦਾ ਸੀ। ਉਨ੍ਹਾਂ ਹੀ ਦਿਨਾਂ ਦੌਰਾਨ ਅਜਿਹੇ ਕੈਂਪ ਮੁਲਕ ਭਰ ਵਿਚ 71 ਜਗ੍ਹਾ 'ਤੇ ਲਗਾਏ ਜਾ ਰਹੇ ਸਨ। 45 ਤੋਂ 60 ਸਾਲ ਦੀ ਵੱਡੀ ਉਮਰ ਵਾਲੇ ਵਿਅਕਤੀਆਂ ਲਈ ਵੱਖਰੇ ਕੈਂਪਾਂ ਦਾ ਆਯੋਜਨ ਕੀਤਾ ਗਿਆ ਸੀ। ਇਕ ਅਜਿਹਾ ਕੈਂਪ ਲਾਤੂਰ (ਮਹਾਂਰਾਸ਼ਟਰ)107 ਵਿਚ ਵੀ ਲਾਇਆ ਗਿਆ।

5) ਬਜਰੰਗ ਦਲ ਦਾ ਹਥਿਆਰ ਸਿਖਲਾਈ ਕੈਂਪ, ਭੋਪਾਲ (ਮਈ 2002)

ਬਜਰੰਗ ਦਲ ਦੇ ਕਾਰਕੁਨਾਂ ਲਈ ਇਕ ਹ.ਫ਼ਤਾ ਭਰ ਚੱਲਣ ਵਾਲਾ ਕੈਂਪ ਭੋਪਾਲ (ਮੱਧ ਪ੍ਰਦੇਸ਼) ਵਿਚ ਆਯੋਜਤ ਕੀਤਾ ਗਿਆ ਜਿਸ ਵਿਚ ਤਕਰੀਬਨ 150 ਕਾਰਕੁਨਾਂ ਨੂੰ ਹਥਿਆਰ ਚਲਾਉਣ ਦੀ ਟ੍ਰੇਨਿੰਗ ਦਿੱਤੀ ਗਈ। ਇਹ ਕੈਂਪ ਨੌਜਵਾਨਾਂ ਨੂੰ ਇਹ ਟ੍ਰੇਨਿੰਗ ਦੇਣ ਲਈ ਲਗਾਇਆ ਗਿਆ ਕਿ ਪਾਕਿਸਤਾਨ ਨਾਲ ਲੜਾਈ ਸ਼ੁਰੂ ਹੋਣ ਦੀ ਸੂਰਤ ਵਿਚ ਲੜਨਾ ਕਿਵੇਂ ਹੈ।108

6) ਵਿਸ਼ਵ ਹਿੰਦੂ ਪ੍ਰੀਸ਼ਦ ਦੀ ਔਰਤਾਂ ਲਈ ਚਾਕੂ, ਤਲਵਾਰ ਤੇ ਕਰਾਟੇ ਦੀ ਟ੍ਰੇਨਿੰਗ (ਮਈ 2003)

ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਆਪਣੀਆਂ ਔਰਤ ਕਾਰਕੁਨਾਂ ਲਈ ਇਕ ਸਿਖਲਾਈ ਕੈਂਪ ਮੁੰਬਈ ਵਿਚ 17 ਮਈ 2003 ਤੋਂ ਸ਼ੁਰੂ ਕੀਤਾ ਗਿਆ ਜਿਸ ਵਿਚ ਲੜਕੀਆਂ ਨੂੰ ਕਰਾਟੇ ਤੇ ਜੂਡੋ ਦੇ ਗੁਰ ਸਿਖਾਏ ਗਏ ਅਤੇ ਚਾਕੂ ਤੇ ਤਲਵਾਰ ਨਾਲ ਲੜਨ ਦੀ ਟ੍ਰੇਨਿੰਗ ਦਿੱਤੀ ਗਈ।109

7) ਆਰਐੱਸਐੱਸ ਵੱਲੋਂ ਮੁਲਕ ਭਰ ਅੰਦਰ ਔਰਤਾਂ ਲਈ ਹਥਿਆਰਾਂ ਤੇ ਮਾਰਸ਼ਲ ਆਰਟ ਦੀ ਟ੍ਰੇਨਿੰਗ (ਮਈ 2003)

ਔਰਤਾਂ ਨੂੰ ਟ੍ਰੇਨਿੰਗ ਦੇਣ ਦੇ ਆਰਐੱਸਐੱਸ ਦੇ ਦੇਸ਼-ਵਿਆਪੀ ਪ੍ਰੋਗਰਾਮ ਦੇ ਹਿੱਸੇ ਵਜੋਂ ਕਾਨਪੁਰ ਵਿਚ 25 ਮਈ 2006 ਨੂੰ ਇਕ ਕੈਂਪ ਸ਼ੁਰੂ ਕੀਤਾ ਗਿਆ। ਸੇਵਾ-ਮੁਕਤ ਫ਼ੌਜੀ ਅਧਿਕਾਰੀਆਂ ਨੇ ਤਕਰੀਬਨ 70 ਲੜਕੀਆਂ ਨੂੰ ਹਥਿਆਰ ਲੋਡ ਕਰਨ, ਨਿਸ਼ਾਨਾ ਸੇਧਣ ਤੇ ਗੋਲੀ ਚਲਾਉਣ ਦੀ ਟ੍ਰੇਨਿੰਗ ਦਿੱਤੀ ਅਤੇ ਜੂਡੋ ਮਾਹਰਾਂ ਵੱਲੋਂ ਉਨ੍ਹਾਂ ਨੂੰ ਮਾਰਸ਼ਲ ਆਰਟ ਦੇ ਗੁਰ ਸਿਖਾਏ ਗਏ। ਯੂ.ਪੀ ਵਿਚ ਛੇ ਹੋਰ ਥਾਈਂ ਅਜਿਹੇ ਕੈਂਪ ਲਗਾਏ ਗਏ ਜਦੋਂ ਕਿ ਮੁਲਕ ਭਰ ਵਿਚ 73 ਸ਼ਹਿਰਾਂ ਵਿਚ ਅਜਿਹੇ ਕੈਂਪ ਲਾਏ ਗਏ।110

8) ਆਰਡੀਐਕਸ ਬੰਬ ਬਣਾਉਣ ਬਾਰੇ ਵਿਸ਼ੇਸ਼ ਟ੍ਰੇਨਿੰਗ ਕੈਂਪ, ਬਾਗਲੀ (ਮੱਧ ਪ੍ਰਦੇਸ਼) 2006

ਜਿਵੇਂ ਕਿ ਮਾਲੇਗਾਓਂ 2006, ਅਜਮੇਰ ਸ਼ਰੀਫ਼, ਮੱਕਾ ਮਸਜਿਦ ਤੇ ਸਮਝੌਤਾ ਐਕਸਪ੍ਰੈੱਸ ਬੰਬ ਕਾਂਡ ਕੇਸਾਂ ਦੀ ਤਫ਼ਤੀਸ਼ ਦੌਰਾਨ ਖ਼ੁਲਾਸਾ ਹੋਇਆ ਸੀ, ਇਨ੍ਹਾਂ ਬੰਬ ਕਾਂਡਾਂ ਦੀ ਤਿਆਰੀ ਦੇ ਹਿੱਸੇ ਵਜੋਂ ਆਰਐੱਸਐੱਸ, ਅਭਿਨਵ ਭਾਰਤ ਤੇ ਜੈ ਵੰਦੇ ਮਾਤਰਮ ਦੇ ਦਹਿਸ਼ਤਗਰਦਾਂ ਲਈ ਬਾਗਲੀ (ਮੱਧ ਪ੍ਰਦੇਸ਼) ਵਿਚ ਇਕ ਵਿਸ਼ੇਸ਼ ਟ੍ਰੇਨਿੰਗ ਕੈਂਪ ਦਾ ਆਯੋਜਨ ਕੀਤਾ ਗਿਆ ਸੀ। ਇਸ ਕੈਂਪ ਵਿਚ ਸੁਨੀਲ ਜੋਸ਼ੀ, ਰਾਮਚੰਦਰ ਕਾਲਸੰਗਰਾ, ਸੰਦੀਪ ਡਾਂਗੇ ਤੇ ਲੋਕੇਸ਼ ਸ਼ਰਮਾ ਨੇ ਆਰਡੀਐਕਸ ਬੰਬ ਬਣਾਉਣ ਅਤੇ ਹਥਿਆਰ ਚਲਾਉਣ ਦੀ ਟ੍ਰੇਨਿੰਗ ਦਿੱਤੀ।

9) ਆਰਐੱਸਐੱਸ ਤੇ ਅਭਿਨਵ ਭਾਰਤ ਦਾ ਆਰਡੀਐਕਸ ਬੰਬ ਬਣਾਉਣ ਤੇ ਹਥਿਆਰ ਚਲਾਉਣ ਦਾ ਟ੍ਰੇਨਿੰਗ ਕੈਂਪ, ਪੰਚਮੜੀ (ਮੱਧ ਪ੍ਰਦੇਸ਼) 2007-2008

ਮਾਲੇਗਾਓਂ 2008 ਕੇਸ ਦੀ ਤਫ਼ਤੀਸ਼ ਦੌਰਾਨ ਇਹ ਖ਼ੁਲਾਸਾ ਹੋਇਆ ਸੀ ਕਿ ਲੈਫਟੀਨੈਂਟ ਕਰਨਲ ਪੁਰੋਹਿਤ ਨੇ ਆਰਐੱਸਐੱਸ ਤੇ ਅਭਿਨਵ ਭਾਰਤ ਦੇ ਦਹਿਸ਼ਤਗਰਦਾਂ ਲਈ ਪੰਚਮੜੀ (ਮੱਧ ਪ੍ਰਦੇਸ਼) ਵਿਖੇ ਕਈ ਟ੍ਰੇਨਿੰਗ ਪ੍ਰੋਗਰਾਮ ਆਯੋਜਤ ਕੀਤੇ ਸਨ। ਸਿਖਿਆਰਥੀਆਂ ਨੂੰ ਬੰਬ ਬਣਾਉਣ ਤੇ ਹਥਿਆਰ ਚਲਾਉਣ ਦੀ ਟ੍ਰੇਨਿੰਗ ਦੇਣ ਤੋਂ ਇਲਾਵਾ ਪੁਰੋਹਿਤ ਉਨ੍ਹਾਂ ਲਈ ਬਹੁਤ ਭੜਕਾਊ ਤਕਰੀਰਾਂ ਵੀ ਕਰਦਾ ਸੀ। ਇਹ ਜਾਣਕਾਰੀ ਪੁਰੋਹਿਤ ਤੋਂ ਬਰਾਮਦ ਕੀਤੇ ਲੈਪਟਾਪ 'ਚੋਂ ਮਿਲੀ ਹੈ।

ਪਾਬੰਦੀ ਲਾਉਣ ਲਈ ਢੁੱਕਵਾਂ ਕੇਸ

ਇਸ ਪ੍ਰਕਾਰ ਆਰਐੱਸਐੱਸ, ਅਭਿਨਵ ਭਾਰਤ, ਵਿਸ਼ਵ ਹਿੰਦੂ ਪ੍ਰੀਸ਼ਦ, ਜੈ ਵੰਦੇ ਮਾਤਰਮ, ਬਜਰੰਗ ਦਲ, ਸਨਾਤਨ ਸੰਸਥਾ ਅਤੇ ਆਰਐੱਸਐੱਸ ਦੀਆਂ ਹੋਰ ਫਰੰਟ ਜਥੇਬੰਦੀਆਂ ਦੇ ਦਹਿਸ਼ਤਗਰਦ ਕਾਰਵਾਈਆਂ ਵਿਚ ਰੁੱਝੀਆਂ ਹੋਣ ਦੇ ਠੋਸ ਤੇ ਅਕੱਟ ਸਬੂਤ ਮਿਲੇ ਹਨ। ਇਹ ਸਾਰੀਆਂ ਜਥੇਬੰਦੀਆਂ ਗ਼ੈਰਕਾਨੂੰਨੀ ਕਾਰਵਾਈਆਂ (ਰੋਕੂ) ਐਕਟ ਅਧੀਨ ਪਾਬੰਦੀ ਲਾਏ ਜਾਣ ਵਾਲੀਆਂ ਜਥੇਬੰਦੀਆਂ ਦੀ ਪ੍ਰੀਭਾਸ਼ਾ ਵਿਚ ਪੂਰੀ ਤਰ੍ਹਾਂ ਫਿੱਟ ਬੈਠਦੀਆਂ ਹਨ। ਪਰ ਇਨ੍ਹਾਂ ਉੱਪਰ ਪਾਬੰਦੀ ਲਾਉਣ ਬਾਰੇ ਵਿਚਾਰ ਤੱਕ ਨਹੀਂ ਕੀਤਾ ਗਿਆ।

ਵਿਤਕਰੇਬਾਜ਼ੀ ਦੀ ਇੰਤਹਾ

ਦੂਸਰੀ ਤਰ.ਫ਼ ਸਿਮੀ (ਸਟੂਡੈਂਟਸ ਇਸਲਾਮਿਕ ਮੂਵਮੈਂਟ ਇਨ ਇੰਡੀਆ) ਉੱਪਰ ਸੰਨ 2001 ਵਿਚ ਲਾਈ ਗਈ ਨਜਾਇਜ਼ ਪਾਬੰਦੀ ਅਜੇ ਤੱਕ ਵੀ ਜਾਰੀ ਹੈ ਜਦੋਂ ਕਿ ਇਸ ਦੇ ਕਾਰਕੁਨਾਂ ਵਿਰੁੱਧ ਦਰਜ ਕੀਤੇ ਸੈਂਕੜੇ ਕੇਸ, ਭਰੋਸੇਯੋਗ ਸਬੂਤਾਂ ਦੀ ਘਾਟ ਕਾਰਨ, ਮੁਲਜ਼ਮਾਂ ਦੇ ਬਰੀ ਹੋਣ ਦੇ ਫ਼ੈਸਲਿਆਂ ਨਾਲ ਖ਼ਤਮ ਹੋ ਚੁੱਕੇ ਹਨ। ਅਤੇ ਇੱਥੋਂ ਤੱਕ ਕਿ ਇਸ ਜਥੇਬੰਦੀ ਦੇ ਅਤੇ ਇਸ ਦੇ ਮੈਂਬਰਾਂ ਵਿਰੁੱਧ ਦਰਜ ਕੀਤੇ ਕੇਸਾਂ ਦਾ ਝੂਠ, 'ਤਹਿਲਕਾ' ਮੈਗਜ਼ੀਨ ਦੇ ਜੁਲਾਈ-ਅਗਸਤ 2008 ਦੇ ਤਿੰਨ ਅੰਕਾਂ ਵਿਚ, ਇਕ ਉਘੇ ਪੱਤਰਕਾਰ ਅਜੀਤ ਸ਼ਾਹੀ ਦੇ ਖੋਜ-ਭਰਪੂਰ ਲੇਖਾਂ ਦੀ ਲੜੀ ਰਾਹੀਂ ਨੰਗਾ ਕੀਤਾ ਜਾ ਚੁੱਕਾ ਹੈ। ਅਤੇ ਇਸ ਦੇ ਬਾਵਜੂਦ ਵੀ ਇਹ ਪਾਬੰਦੀ ਜਾਰੀ ਹੈ ਕਿ ਗ਼ੈਰਕਾਨੂੰਨੀ ਕਾਰਵਾਈਆਂ (ਰੋਕੂ) ਐਕਟ 2006 ਅਧੀਨ ਸਥਾਪਤ ਕੀਤੇ ਟ੍ਰਿਬਿਊਨਲ ਨੇ ਵੀ ਸੰਨ 2008 ਵਿਚ ਸਿਮੀ ਉੱਪਰ ਲੱਗੀ ਪਾਬੰਦੀ ਖਾਰਜ ਕਰ ਦਿੱਤੀ ਸੀ। ਟ੍ਰਿਬਿਊਨਲ ਦੇ ਇਸ ਆਦੇਸ਼ ਤੋਂ ਬਾਅਦ ਭਾਰਤ ਸਰਕਾਰ ਨੇ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਅਤੇ ਇਕ-ਤਰਫ਼ਾ ਸਟੇਅ-ਆਰਡਰ ਹਾਸਲ ਕਰ ਲਿਆ ਜੋ ਬ.ਗ਼ੈਰ ਕਿਸੇ ਕਾਰਨ ਜਾਂ ਵਾਜਬੀਅਤ ਦੇ ਅਜੇ ਤੱਕ ਲਾਗੂ ਹੈ। ਇਹ ਵਿਤਕਰੇਬਾਜ਼ੀ ਦੀ ਇੰਤਹਾ ਹੈ ਅਤੇ ਕਾਨੂੰਨ ਅੱਗੇ ਨਾਬਰਾਬਰੀ ਦੀ ਟਕਸਾਲੀ ਮਿਸਾਲ, ਬੁਨਿਆਦੀ ਅਧਿਕਾਰਾਂ ਦੀ ਘੋਰ ਉਲੰਘਣਾ।

# ਕਸ਼ਮੀਰੀਆਂ ਦੇ ਸੰਤਾਪ 'ਚੋਂ ਉੱਭਰਦੇ 'ਨਵੇਂ ਕਸ਼ਮੀਰ' ਦੇ ਨਕਸ਼



ਬੂਟਾ ਸਿੰਘ ਨਵਾਂਸ਼ਹਿਰ
94634-74342



ਜਦੋਂ ਸੱਤਾ ਉੱਪਰ ਅਤਿ-ਸੱਜੇਪੱਖੀ ਕਬਜ਼ੇ ਦਾ ਦੌਰ ਹੋਵੇ ਅਤੇ ਬੇਪ੍ਰਤੀਤੀ ਦੇ ਸੰਕਟ ਵਿਚ ਘਿਰੀ ਪਾਰਲੀਮਾਨੀ ਵਿਰੋਧੀ-ਧਿਰ ਦੀ ਨਾਮਨਿਹਾਦ ਮੁਖ਼ਾਲਫ਼ਤ ਵੀ ਆਖ਼ਰੀ ਘੜੀਆਂ ਗਿਣ ਰਹੀ ਹੋਵੇ ਉਦੋਂ ਸਥਾਪਤੀ ਦੇ ਛਲ ਅਤੇ ਝੂਠ ਦਾ ਬੋਲਬਾਲਾ ਹੋਣਾ ਸੁਭਾਵਿਕ ਹੈ। ਕਸ਼ਮੀਰ ਦੀ ਜੇਲ੍ਹਬੰਦੀ 50ਵੇਂ ਦਿਨ ਵਿਚ ਦਾਖ਼ਲ ਹੋਣ 'ਤੇ ਵੀ ਪ੍ਰਧਾਨ ਮੰਤਰੀ ਮੋਦੀ ਅਮਰੀਕਾ ਦੌਰੇ ਦੌਰਾਨ ਹਿੱਕ ਠੋਕ ਕੇ ਦਾਅਵਾ ਕਰਦਾ ਹੈ ਕਿ 'ਕਸ਼ਮੀਰ ਮੇਂ ਨਈ ਹਵਾ ਵਹਿ ਰਹੀ ਹੈ'। ਅਮਰੀਕਨ ਰਾਸ਼ਟਰਪਤੀ ਦੀ ਚੋਣ ਲਈ ਟਰੰਪ ਨੂੰ ਭਾਰਤੀ-ਅਮਰੀਕੀਆਂ ਦੀ ਵੋਟ ਦੀ ਜ਼ਰੂਰਤ ਅਤੇ ਇੱਧਰ ਮੋਦੀ ਸਰਕਾਰ ਦੇ ਕਸ਼ਮੀਰ ਅਤੇ ਨੈਸ਼ਨਲ ਸਿਟੀਜ਼ਨ ਰਜਿਸਟਰ ਨੂੰ ਲੈ ਕੇ ਥੋਪੇ ਫ਼ੈਸਲਿਆਂ ਦੇ ਹੱਕ ਵਿਚ ਕੌਮਾਂਤਰੀ ਹਮਾਇਤ ਜੁਟਾਉਣ ਦੇ ਦੁਵੱਲੇ ਹਿੱਤ ਹਿਊਸਟਨ ਚੋਣ ਰੈਲੀ ਦੇ ਰੂਪ 'ਚ ਉੱਘੜ ਕੇ ਸਾਹਮਣੇ ਆਏ ਤਾਂ ਕਾਰਪੋਰੇਟ ਮੀਡੀਆ ਮੰਡੀ ਵਿਚ ਝੂਠ ਦੀ ਵੁੱਕਤ ਦੂਣ-ਸਵਾਈ ਹੋ ਗਈ। ਨਵਾਂ ਕਸ਼ਮੀਰ ਬਣਾਉਣ ਦਾ ਸ਼ੋਰ ਏਨਾ ਕੰਨ-ਪਾੜਵਾਂ ਹੈ ਕਿ ਮਜ਼ਲੂਮਾਂ ਦੀਆਂ ਖ਼ਬਰਾਂ ਨੂੰ ਮੁੱਖਧਾਰਾ ਮੀਡੀਆ ਅੰਦਰ ਹਾਸ਼ੀਆਨੁਮਾ ਸਪੇਸ ਲੱਭਣੀ ਵੀ ਮੁਸ਼ਕਲ ਹੋ ਗਈ ਹੈ। ਕਿੰਨਿਆਂ ਕੁ ਨੂੰ ਚੇਤੇ ਹੈ ਕਿ ਚਾਰ ਕਸ਼ਮੀਰੀਆਂ ਨੂੰ ਖ਼ੁਦ ਨੂੰ ਬੇਕਸੂਰ ਸਾਬਤ ਕਰਨ ਲਈ ਭਾਰਤੀ ਨਿਆਂ ਪ੍ਰਣਾਲੀ ਵਿਚ 23 ਸਾਲ ਲੱਗੇ। ਐਨੀ ਲੰਮੀ ਜੇਲ੍ਹਬੰਦੀ ਤੋਂ ਬਾਦ ਘਰ ਪਰਤਣ 'ਤੇ ਤਾਂ ਉਹਨਾਂ ਨੂੰ ਆਪਣੇ ਗਲੀ-ਮੁਹੱਲੇ ਦੀ ਪਛਾਣ ਹੀ ਭੁੱਲ ਗਈ ਹੋਵੇਗੀ। ਇਕ ਹੋਰ ਕਸ਼ਮੀਰੀ ਵੀ ਇਸੇ ਤਰ੍ਹਾਂ 16 ਸਾਲ ਜੇਲ੍ਹ ਦਾ ਨਰਕ ਭੋਗ ਕੇ ਮੁਕਤ ਹੋਇਆ ਹੈ। ਇਸ ਤੋਂ ਪਹਿਲਾਂ ਕਿ ਇਹ ਪੰਜ ਬਦਨਸੀਬ ਆਪਣੇ ਮੁੜ-ਵਸੇਬੇ ਨੂੰ ਲੈ ਕੇ ਕੋਈ ਸੋਚ-ਵਿਚਾਰ ਕਰ ਸਕਦੇ, ਅਗਲੇ ਦਿਲੀਂ ਪੂਰਾ ਜੰਮੂ-ਕਸ਼ਮੀਰ ਹੀ ਖੁੱਲ੍ਹੀ ਜੇਲ੍ਹ ਬਣਾ ਦਿੱਤਾ ਗਿਆ। ਹੁਣ ਉਹਨਾਂ ਦੀ ਜ਼ਿੰਦਗੀ ਜੇਲ੍ਹ ਦੀ ਕਾਲ ਕੋਠੜੀ ਵਿੱਚੋਂ ਨਿਕਲ ਕੇ ਇਕ ਹੋਰ ਬੇਮਿਆਦੀ ਖੁੱਲ੍ਹੀ ਕੈਦ ਵਿਚ ਬਦਲ ਗਈ ਹੈ।

21 ਮਈ 1996 ਨੂੰ ਦਿੱਲੀ ਦੇ ਭੀੜ-ਭੜੱਕੇ ਵਾਲੇ ਲਾਜਪਤ ਨਗਰ ਵਿਚ ਹੋਏ ਇਕ ਭਿਆਨਕ ਕਾਰ ਬੰਬ ਕਾਂਡ ਵਿਚ 13 ਵਿਅਕਤੀ ਮਾਰੇ ਗਏ ਅਤੇ 39 ਜ਼ਖ਼ਮੀ ਹੋਏ ਸਨ। ਅਗਲੇ ਦਿਨ ਸ਼ਾਮ 4 ਵਜੇ ਰਾਜਸਥਾਨ ਵਿਚ ਆਗਰਾ ਤੋਂ ਬੀਕਾਨੇਰ ਜਾ ਰਹੀ ਬੱਸ ਵਿਚ ਇਸੇ ਤਰ੍ਹਾਂ ਬੰਬ ਫਟਿਆ ਜਿਸ ਵਿਚ 14 ਵਿਅਕਤੀ ਮਾਰੇ ਗਏ ਅਤੇ 37 ਜ਼ਖ਼ਮੀ ਹੋਏ ਸਨ। ਇਸ ਦੀ ਕਥਿਤ ਜ਼ਿੰਮੇਵਾਰੀ ਫ਼ੋਨ ਕਰਕੇ ਇਕ ਗ਼ੈਰਸਰਗਰਮ ਦਹਿਸ਼ਤਵਾਦੀ ਜਥੇਬੰਦੀ ਵੱਲੋਂ ਲਈ ਗਈ। ਇਸ ਪਿੱਛੋਂ ਤਫ਼ਤੀਸ਼, ਗ੍ਰਿਫ਼ਤਾਰੀਆਂ, ਇੰਟੈਰੋਗੇਸ਼ਨ ਅਤੇ ਮੁਕੱਦਮਿਆਂ ਦਾ ਲੰਮਾ ਸਿਲਸਿਲਾ ਚੱਲਿਆ।

26 ਅਗਸਤ 1996 ਨੂੰ ਦਿੱਲੀ ਪੁਲਿਸ ਵੱਲੋਂ ਪੇਸ਼ ਕੀਤੀ ਚਾਰਜਸ਼ੀਟ ਵਿਚ ਦਸ ਵਿਅਕਤੀਆਂ ਨੂੰ ਮੁਲਜ਼ਮ ਨਾਮਜ਼ਦ ਕੀਤਾ ਗਿਆ। ਚਾਰਜਸ਼ੀਟ ਨੇ 1996 'ਚ ਜੈਪੁਰ ਦੇ ਸਵਾਏ ਮਾਨ ਸਿੰਘ ਸਟੇਡੀਅਮ ਵਿਚ ਹੋਏ ਬੰਬ ਧਮਾਕੇ ਵਿਚ ਵੀ ਇਹਨਾਂ ਮੁਲਜ਼ਮਾਂ ਦਾ ਹੱਥ ਦੱਸਿਆ। ਇਕ ਹੋਰ ਐੱਫ.ਆਈ.ਆਰ. ਬੱਸ ਬੰਬ ਕਾਂਡ ਬਾਬਤ ਰਾਜਸਥਾਨ ਵਿਚ ਦਰਜ ਕੀਤੀ ਗਈ ਸੀ। ਪੁਲਿਸ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਇਹਨਾਂ ਬੰਬ ਕਾਂਡਾਂ ਦੀ ਜ਼ਿੰਮੇਵਾਰੀ ਲੈਣ ਲਈ ਮੀਡੀਆ ਨੂੰ ਕੀਤੀਆਂ ਗਈਆਂ ਫ਼ੋਨ ਕਾਲਾਂ ਦੀ ਜਾਂਚ ਦੇ ਅਧਾਰ 'ਤੇ ਸਾਰੇ ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਦਸ ਮੁਲਜ਼ਮਾਂ ਵਿੱਚੋਂ ਨੌਂ ਜੰਮੂ-ਕਸ਼ਮੀਰ ਤੋਂ ਸਨ। ਫਿਰ ਉਹਨਾਂ ਨੂੰ ਦੋਸ਼ੀ ਸਾਬਤ ਕਰਨ ਦੀ ਲੰਮੀ-ਚੌੜੀ ਕਵਾਇਦ ਸ਼ੁਰੂ ਹੋ ਗਈ। ਇਹਨਾਂ ਵਿਚ ਸ੍ਰੀਨਗਰ ਤੋਂ ਲਤੀਫ਼ ਅਹਿਮਦ, ਅਲੀ ਭੱਟ ਅਤੇ ਮਿਰਜ਼ਾ ਨਿਸਾਰ, ਭੱਦਰਵਾਹ (ਜੰਮੂ ਡਿਵੀਜ਼ਨ) ਤੋਂ ਅਬਦੁਲ ਗ਼ਨੀ ਅਤੇ ਆਗਰਾ ਤੋਂ ਰਈਸ ਬੇਗ਼ ਵੀ ਸਨ। ਦਾਅਵਾ ਕੀਤਾ ਗਿਆ ਕਿ ਇਹਨਾਂ ਦਾ ਸੰਬੰਧ ਅੱਤਵਾਦੀ ਧੜੇ ਜੰਮੂ-ਕਸ਼ਮੀਰ ਇਸਲਾਮਿਕ ਫਰੰਟ ਨਾਲ ਸੀ। ਆਗਰਾ ਨਿਵਾਸੀ ਨੂੰ 8 ਜੂਨ 1997 ਨੂੰ ਜਦਕਿ ਬਾਕੀਆਂ ਨੂੰ 17 ਜੂਨ-27 ਜੁਲਾਈ 1996 ਦਰਮਿਆਨ ਹਿਰਾਸਤ ਵਿਚ ਲੈ ਕੇ ਜੇਲ੍ਹ ਭੇਜਿਆ ਗਿਆ। ਅਲੀ ਗਲੀਚੇ ਵੇਚਣ ਦਾ ਕਾਰੋਬਾਰ ਕਰਦਾ ਸੀ, ਲਤੀਫ਼ ਦਿੱਲੀ ਅਤੇ ਕਠਮੰਡੂ ਵਿਚ ਕਸ਼ਮੀਰੀ ਦਸਤਕਾਰੀ ਦਾ ਸਮਾਨ ਵੇਚਿਆ ਕਰਦਾ ਸੀ, ਨਿਸਾਰ ਨੌਵੀਂ ਜਮਾਤ ਵਿਚ ਪੜ੍ਹਦਾ ਸੀ ਅਤੇ ਗ਼ਨੀ ਇਕ ਸਕੂਲ ਚਲਾਉਂਦਾ ਸੀ।

ਅਦਾਲਤ ਵੱਲੋਂ ਨਵੰਬਰ 2000 ਵਿਚ ਉਹਨਾਂ ਵਿਰੁੱਧ ਕਤਲ, ਰਾਸ਼ਟਰ ਵਿਰੋਧੀ ਸਰਗਰਮੀਆਂ ਅਤੇ ਵਿਸਫੋਟਕ ਸਮੱਗਰੀ ਐਕਟ ਤਹਿਤ ਦੋਸ਼ ਤੈਅ ਕੀਤੇ ਗਏ। ਵਧੀਕ ਸੈਸ਼ਨਜ਼ ਅਦਾਲਤ ਵਿਚ ਸੁਣਵਾਈ ਤੋਂ ਬਾਦ ਨਵੰਬਰ 2012 ਵਿਚ ਚਾਰ ਕਸ਼ਮੀਰੀਆਂ ਵਿਰੁੱਧ ਸਿਰਫ਼ ਬੱਸ ਬੰਬ ਕਾਂਡ ਵਿਚ ਦੋਸ਼ਾਂ ਦੀ ਪੁਸ਼ਟੀ ਕੀਤੀ ਗਈ। ਦੂਜੇ ਪਾਸੇ, ਬਾਂਦੀਕੁਈ ਟਰਾਇਲ ਕੋਰਟ ਵੱਲੋਂ ਸਤੰਬਰ 2014 ਵਿਚ ਜਿਹਨਾਂ ਅੱਠ ਮੁਸਲਮਾਨਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ ਜੈਪੁਰ ਹਾਈ ਕੋਰਟ ਵੱਲੋਂ 23 ਜੁਲਾਈ 2019 ਵਿਚ ਉਹਨਾਂ ਵਿੱਚੋਂ ਸਿਰਫ਼ ਕਥਿਤ ਮੁੱਖ ਯੋਜਨਾਘਾੜੇ ਅਤੇ ਕਥਿਤ ਵਿਸਫੋਟਕ ਸਪਲਾਈ ਕਰਨ ਵਾਲੇ ਨੂੰ ਛੱਡ ਕੇ ਬਾਕੀ ਛੇਆਂ ਨੂੰ ਬੇਕਸੂਰ ਕਰਾਰ ਦੇ ਕੇ ਬਰੀ ਕਰ ਦਿੱਤਾ। ਇਸ ਦੌਰਾਨ ਇਹ ਸਾਰੇ ਦਿੱਲੀ ਅਤੇ ਅਹਿਮਦਾਬਾਦ ਦੀਆਂ ਉੱਚ ਸੁਰੱਖਿਆ ਜੇਲ੍ਹਾਂ ਵਿਚ ਸੜਦੇ ਰਹੇ। ਉਹਨਾਂ ਨੂੰ ਕਦੇ ਵੀ ਜ਼ਮਾਨਤ ਉੱਪਰ ਜਾਂ ਪੈਰੋਲ ਦੀ ਰਾਹਤ ਨਹੀਂ ਦਿੱਤੀ ਗਈ। ਇਸ ਦੌਰਾਨ ਰਈਸ ਬੇਗ਼ ਦੇ ਮਾਂ-ਬਾਪ ਸਮੇਤ ਪਰਿਵਾਰ ਦੇ ਚਾਰ ਮੈਂਬਰ ਚਲਾਣਾ ਕਰ ਗਏ। ਉਸ ਨੂੰ ਆਪਣੇ ਮਾਂ-ਬਾਪ ਨੂੰ ਆਖ਼ਰੀ ਵਾਰ ਦੇਖਣਾ ਵੀ ਨਸੀਬ ਨਹੀਂ ਹੋਇਆ। ਬਾਕੀ ਸਾਰਿਆਂ ਨੇ ਵੀ ਆਪਣੇ ਪਰਿਵਾਰਾਂ ਅਤੇ ਆਮ ਸਮਾਜੀ ਜ਼ਿੰਦਗੀ ਤੋਂ ਐਨੀ ਲੰਮੀ ਜੁਦਾਈ ਅਤੇ ਪਰਿਵਾਰਾਂ ਦੀ ਬਰਬਾਦੀ ਦਾ ਸੰਤਾਪ ਝੱਲਿਆ।

ਕੁਛ ਇਸੇ ਤਰ੍ਹਾਂ ਦੀ ਕਹਾਣੀ ਸ਼ੇਖ਼ ਇਮਰਾਨ ਦੀ ਹੈ ਜਿਸ ਨੂੰ 4 ਜੁਲਾਈ 2019 ਨੂੰ ਲਗਭਗ 16 ਸਾਲ ਬਾਦ ਕਲਕੱਤਾ ਹਾਈਕੋਰਟ ਵੱਲੋਂ ਦੋਸ਼-ਮੁਕਤ ਕਰਕੇ ਰਿਹਾਅ ਕੀਤਾ ਗਿਆ। ਉਸ ਨੂੰ ਦਸੰਬਰ 2003 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਪੱਛਮੀ ਬੰਗਾਲ ਪੁਲਿਸ ਨੂੰ ਕਲਕੱਤਾ ਦੇ ਧੋਬੀ ਤਲਾਓ ਇਲਾਕੇ ਵਿਚ ਵੱਡੀ ਮਾਤਰਾ ਵਿਚ ਵਿਸਫੋਟਕ ਸਮੱਗਰੀ ਮਿਲੀ ਸੀ। ਪੁਲਿਸ ਵੱਲੋਂ ਸ਼ੇਖ਼ ਫਰਹਤ ਅਤੇ ਚਾਰ ਹੋਰ ਵਿਅਕਤੀਆਂ ਨੂੰ ਸ਼ੱਕ ਦੇ ਅਧਾਰ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਕਲਕੱਤਾ ਪੁਲਿਸ ਦੇ ਕਹਿਣ 'ਤੇ ਜੰਮੂ-ਕਸ਼ਮੀਰ ਪੁਲਿਸ ਵੱਲੋਂ ਇਸ ਮਾਮਲੇ ਵਿਚ ਇਮਰਾਨ ਨੂੰ ਉਸ ਦੇ ਘਰੋਂ ਕਰਫਲੀ ਮੁਹੱਲਾ ਸ੍ਰੀਨਗਰ ਤੋਂ ਗ੍ਰਿਫ਼ਤਾਰ ਕੀਤਾ ਗਿਆ। ਫ਼ਰਹਤ ਉਸ ਦਾ ਰਿਸ਼ਤੇਦਾਰ ਸੀ ਅਤੇ ਇਮਰਾਨ ਛੁੱਟੀਆਂ ਦੌਰਾਨ ਕਲਕੱਤੇ ਉਸ ਕੋਲ ਰਿਹਾ ਸੀ। ਅਦਾਲਤ ਵਿਚ ਦਸ ਸਾਲ ਮੁਕੱਦਮਾ ਚੱਲਿਆ। ਹੇਠਲੀ ਅਦਾਲਤ ਵੱਲੋਂ 15 ਜੁਲਾਈ 2013 ਨੂੰ ਆਰਮਜ਼ ਐਕਟ ਤਹਿਤ ਫ਼ਰਹਤ ਅਤੇ ਇਮਰਾਨ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਇਸ ਤੋਂ ਬਾਦ ਫ਼ਰਹਤ ਨੇ ਆਈ.ਜੀ. ਜੇਲ੍ਹ ਨੂੰ ਚਿੱਠੀ ਲਿਖ ਕੇ ਆਪਣਾ ਤਬਾਦਲਾ ਸ੍ਰੀਨਗਰ ਸੈਂਟਰਲ ਜੇਲ੍ਹ ਵਿਚ ਕਰਨ ਦੀ ਬੇਨਤੀ ਕੀਤੀ। ਫ਼ਰਹਤ ਅਤੇ ਇਮਰਾਨ ਨੇ ਆਪਣੀ ਮੰਗ ਲਈ ਭੁੱਖ ਹੜਤਾਲ ਵੀ ਕੀਤੀ। ਜੰਮ-ਕਸ਼ਮੀਰ ਸਰਕਾਰ ਵੱਲੋਂ ਦੋਨਾਂ ਕਸ਼ਮੀਰੀ ਕੈਦੀਆਂ ਦੇ ਤਬਾਦਲੇ ਦੀ ਸਹਿਮਤੀ ਦੇਣ ਤੋਂ ਉਹਨਾਂ ਨੂੰ ਸ੍ਰੀਨਗਰ ਜੇਲ੍ਹ ਵਿਚ ਭੇਜ ਦਿੱਤਾ ਗਿਆ। ਪਰਿਵਾਰ ਨੇ ਹਾਈ ਕੋਰਟ ਵਿਚ ਉਹਨਾਂ ਦਾ ਕੇਸ ਲੜਿਆ ਅਤੇ ਆਖ਼ਿਰਕਾਰ 4 ਜੁਲਾਈ 2019 ਨੂੰ ਅਦਾਲਤ ਵੱਲੋਂ ਰਿਹਾਅ ਕੀਤੇ ਜਾਣ 'ਤੇ ਹੀ ਉਹ ਆਪਣੇ ਘਰ ਪਰਤ ਸਕੇ।

ਇਹਨਾਂ ਪੰਜ ਕਸ਼ਮੀਰੀਆਂ ਦੀ ਕਹਾਣੀ ਰਾਜ ਢਾਂਚੇ ਵਿਚ ਡੂੰਘੀਆਂ ਜੜ੍ਹਾਂ ਜਮਾਈ ਬੈਠੀ ਘੱਟ ਗਿਣਤੀਆਂ ਵਿਰੋਧੀ ਤੁਅੱਸਬੀ ਸੋਚ ਨੂੰ ਦਰਸਾਉਂਦੀ ਹੈ। ਜਦੋਂ ਵੀ ਕੋਈ ਕਥਿਤ ਦਹਿਸ਼ਤਵਾਦੀ ਘਟਨਾ ਵਾਪਰਦੀ ਹੈ, ਪੁਲਿਸ ਅਤੇ ਹੋਰ ਜਾਂਚ ਏਜੰਸੀਆਂ ਬਿਨਾ ਕੋਈ ਜਾਂਚ ਕੀਤੇ ਤੁਰੰਤ ਇਹਨਾਂ ਵਾਰਦਾਤਾਂ ਨੂੰ ਕਥਿਤ ਮੁਸਲਿਮ ਦਹਿਸ਼ਤਵਾਦੀ ਜਥੇਬੰਦੀਆਂ ਦੇ ਖ਼ਾਤੇ ਪਾ ਦਿੰਦੀਆਂ ਹਨ ਅਤੇ ਘੱਟਗਿਣਤੀਆਂ ਨੂੰ ਦੋਸ਼ੀ ਮੰਨ ਕੇ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੰਦੀਆਂ ਹਨ। ਮੁੱਖਧਾਰਾ ਮੀਡੀਆ ਵੀ ਬਿਨਾ ਕੋਈ ਸਵਾਲ ਉਠਾਏ ਇਹਨਾਂ ਕਹਾਣੀਆਂ ਨੂੰ ਪ੍ਰਚਾਰਨਾ ਸ਼ੁਰੂ ਕਰ ਦਿੰਦਾ ਹੈ। ਪੰਜਾਬ ਵਿਚ 1980ਵਿਆਂ ਤੋਂ ਲੈ ਕੇ ਬੇਸ਼ੁਮਾਰ ਸਿੱਖ ਨੌਜਵਾਨ ਇਸੇ ਤਰ੍ਹਾਂ ਨਿਸ਼ਾਨਾ ਬਣ ਚੁੱਕੇ ਹਨ। ਇਹਨਾਂ ਦੋ ਦਹਾਕਿਆਂ ਵਿਚ ਮੁਸਲਮਾਨ ਨੌਜਵਾਨਾਂ ਨੂੰ ਕਥਿਤ ਦਹਿਸ਼ਤਵਾਦੀ ਕਾਂਡਾਂ ਲਈ ਧੜਾਧੜ ਗ੍ਰਿਫ਼ਤਾਰ ਕਰਨ ਦੇ ਦਰਜਨਾਂ ਮਾਮਲੇ ਸਾਹਮਣੇ ਆ ਚੁੱਕੇ ਹਨ। ਹਿਰਾਸਤ ਵਿਚ ਉਹਨਾਂ ਨੂੰ ਬੇਰਹਿਮੀ ਨਾਲ ਤਸੀਹੇ ਦੇ ਕੇ ਇਕਬਾਲੀਆ ਬਿਆਨ ਲਏ ਗਏ ਅਤੇ ਇਸ ਅਧਾਰ 'ਤੇ ਚਾਰਜਸ਼ੀਟਾਂ ਪੇਸ਼ ਕੀਤੀਆਂ ਗਈਆਂ। ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਅਤੇ ਮਹਾਂਰਾਸ਼ਟਰ ਪੁਲਿਸ ਦੀ ਇਸ ਮਾਮਲੇ ਵਿਚ ਖ਼ਾਸ ਮੁਹਾਰਤ ਹੈ।

ਮਹਾਂਰਾਸ਼ਟਰ ਪੁਲਿਸ ਦੇ ਸਾਬਕਾ ਇੰਸਪੈਕਟਰ ਜਨਰਲ ਐੱਸ.ਐੱਮ.ਮੁਸ਼ਰਿਫ਼ ਨੇ ਇਸ ਤਰ੍ਹਾਂ ਦੇ ਮਾਮਲਿਆਂ ਦੀ ਬਾਰੀਕੀ ਨਾਲ ਛਾਣਬੀਣ ਕਰਕੇ ਵੱਡੇ ਖ਼ੁਲਾਸੇ ਕੀਤੇ ਹਨ। ਪਿੱਛੇ ਜਹੇ ਛਪੀ Brahminists Bombed, Muslims Hanged ਨਾਂ ਦੀ ਕਿਤਾਬ ਵਿਚ ਇਸ ਸਾਬਕਾ ਆਹਲਾ ਅਧਿਕਾਰੀ ਨੇ ਸਿੱਧੇ ਤੌਰ 'ਤੇ ਦੋਸ਼ ਲਗਾਇਆ ਹੈ ਕਿ ਇਹ ਜ਼ਿਆਦਾਤਰ ਬੰਬ ਕਾਂਡ ਆਰ.ਐੱਸ.ਐੱਸ. ਨਾਲ ਸੰਬੰਧਤ ਜਥੇਬੰਦੀਆਂ ਸਨਾਤਨ ਸੰਸਥਾ, ਅਭਿਨਵ ਭਾਰਤ, ਬਜਰੰਗ ਦਲ, ਸ੍ਰੀਰਾਮ ਸੈਨਾ ਵਗੈਰਾ ਦੀ ਗਿਣੀ-ਮਿਥੀ ਸਾਜ਼ਿਸ਼ ਦਾ ਹਿੱਸਾ ਸਨ। ਉਸ ਦੀ ਛਾਣਬੀਣ ਅਨੁਸਾਰ ਆਰ.ਐੱਸ.ਐੱਸ. ਦਾ ਨਾਂਅ 14 ਕੇਸਾਂ ਨਾਲ ਜੁੜਿਆ। ਜਦਕਿ ਸਨਾਤਨ ਸੰਸਥਾ ਸਮੇਤ ਹਿੰਦੂਤਵ ਜਥੇਬੰਦੀਆਂ ਦੀ ਕੁਲ 18 ਬੰਬ ਕਾਂਡਾਂ ਵਿਚ ਸ਼ਮੂਲੀਅਤ ਜ਼ਾਹਰ ਹੋ ਚੁੱਕੀ ਹੈ। (ਨਰਿੰਦਰ ਡਭੋਲਕਰ, ਗੌਰੀ ਲੰਕੇਸ਼ ਸਮੇਤ ਬੁੱਧੀਜੀਵੀਆਂ ਦੇ ਕਤਲਾਂ ਦੇ ਮਾਮਲੇ ਇਸ ਤੋਂ ਵੱਖਰੇ ਹਨ।) ਉਸ ਨੇ ਤਾਂ ਇਹ ਵੀ ਦਾਅਵਾ ਕੀਤਾ ਹੈ ਕਿ ਇੰਟੈਲੀਜੈਂਸ ਬਿਊਰੋ, ਕੌਮੀ ਜਾਂਚ ਏਜੰਸੀ ਆਦਿ ਪ੍ਰਮੁੱਖ ਏਜੰਸੀਆਂ ਵਿਚ ਵੀ ਹਿੰਦੂਤਵੀ ਬ੍ਰਾਹਮਣਵਾਦੀ ਅਨਸਰਾਂ ਦਾ ਸਿੱਕਾ ਚੱਲਦਾ ਹੈ ਜਿਹਨਾਂ ਦੀ ਕਹਿਣ 'ਤੇ ਅਸਲ ਦੋਸ਼ੀਆਂ, ਹਿੰਦੂਤਵ ਦਹਿਸ਼ਤਵਾਦੀ ਗੁੱਟਾਂ, ਤੋਂ ਧਿਆਨ ਹਟਾਉਣ ਲਈ ਮੁਸਲਿਮ ਜਥੇਬੰਦੀਆਂ ਦਾ ਹੱਥ ਹੋਣ ਦੀ ਕਹਾਣੀ ਪ੍ਰਚਾਰ ਕੇ ਬੇਕਸੂਰ ਮੁਸਲਮਾਨਾਂ ਨੂੰ ਫਸਾਇਆ ਜਾਂਦਾ ਹੈ। ਇਹਨਾਂ ਏਜੰਸੀਆਂ ਦੇ ਦਬਾਓ ਹੇਠ ਪੁਲਿਸ ਦੇ ਵਿਸ਼ੇਸ਼ ਵਿੰਗ ਅਤੇ ਸੂਬਿਆਂ ਦੇ ਦਹਿਸ਼ਤਵਾਦ ਵਿਰੋਧੀ ਦਸਤੇ ਜਾਂਚ ਦੌਰਾਨ ਠੋਸ ਸੁਰਾਗ਼ਾਂ ਅਤੇ ਸਬੂਤਾਂ ਨੂੰ ਦਬਾ ਦਿੰਦੇ ਹਨ। ਉਸ ਅਨੁਸਾਰ ਸ੍ਰੀ ਕਰਕਰੇ ਹੀ ਇਕੋ ਇਕ ਐਸੇ ਅਧਿਕਾਰੀ ਸਨ ਜਿਸ ਨੇ ਇਹਨਾਂ ਦਹਿਸ਼ਤਵਾਦੀ ਕਾਂਡਾਂ ਦੀ ਈਮਾਨਦਾਰੀ ਨਾਲ ਜਾਂਚ ਕਰਕੇ ਹਿੰਦੂਤਵ ਜਥੇਬੰਦੀਆਂ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਜਿਸ ਕਾਰਨ ਮੁੰਬਈ ਦੇ 26/11 ਦੇ ਦਹਿਸ਼ਤਗਰਦ ਹਮਲੇ ਦੀ ਆੜ ਵਿਚ ਸਾਜ਼ਿਸ਼ ਤਹਿਤ ਉਸ ਦੀ ਹੱਤਿਆ ਕਰਵਾ ਦਿੱਤੀ ਗਈ। ਇੰਞ 10-15 ਸਾਲ ਜੇਲ੍ਹਾਂ ਵਿਚ ਸੜਨ ਅਤੇ ਮੁਕੱਦਮੇ ਲੜਣ ਤੋਂ ਬਾਦ ਬੇਕਸੂਰ ਮੁਸਲਮਾਨ ਰਿਹਾਅ ਤਾਂ ਹੋ ਜਾਂਦੇ ਹਨ। ਲੇਕਿਨ ਮਾਮਲਾ ਇੱਥੇ ਹੀ ਖ਼ਤਮ ਹੋ ਜਾਂਦਾ ਹੈ। ਇਹਨਾਂ ਦਹਿਸ਼ਤਗਰਦ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਕੌਣ ਸਨ ਇਹ ਕਦੇ ਵੀ ਸਾਹਮਣੇ ਨਹੀਂ ਆਉਂਦਾ।

ਇਕ ਵਾਰ ਜਿਸ ਉੱਪਰ ਦਹਿਸ਼ਤਗਰਦ ਦਾ ਠੱਪਾ ਲੱਗ ਗਿਆ ਉਸ ਨੂੰ ਅਦਾਲਤ ਵੱਲੋਂ ਬੇਕਸੂਰ ਕਰਾਰ ਦੇਣ ਤੋਂ ਬਾਦ ਵੀ ਇਸ ਕਲੰਕ ਤੋਂ ਛੁਟਕਾਰਾ ਨਹੀਂ ਮਿਲਦਾ। ਸਮਾਜ ਉਸ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਾ ਹੈ ਅਤੇ ਉਸ ਦੀ ਜ਼ਿੰਦਗੀ ਕਦੇ ਵੀ ਸਹਿਜ ਨਹੀਂ ਹੁੰਦੀ। ਇਸ ਮੁਲਕ ਵਿਚ ਇਕ ਕਸ਼ਮੀਰੀ, ਮੁਸਲਮਾਨ, ਦਲਿਤ ਜਾਂ ਆਦਿਵਾਸੀ ਹੋਣ ਅਤੇ ਇਕ ਉੱਚ ਜਾਤੀ ਹਿੰਦੂ ਹੋਣ ਦਰਮਿਆਨ ਜ਼ਮੀਨ-ਆਸਮਾਨ ਦਾ ਫ਼ਰਕ ਹੈ। ਮਾਲੇਗਾਓਂ ਬੰਬ ਧਮਾਕਿਆਂ ਵਿਚ ਨਾਮਜ਼ਦ ਹਿੰਦੂਤਵੀ ਸਾਧਵੀ ਪ੍ਰੱਗਿਆ ਸਿੰਘ ਠਾਕੁਰ ਨੂੰ ਚੋਣ ਲੜ ਕੇ ਪਾਰਲੀਮੈਂਟ ਵਿਚ ਬੈਠਣ ਦੀ ਖੁੱਲ੍ਹ ਹੈ ਪਰ ਇਕ ਕਸ਼ਮੀਰੀ ਜਾਂ ਮੁਸਲਮਾਨ ਨੂੰ ਆਪਣੇ ਸਕੇ-ਸੰਬੰਧੀ ਦੇ ਅੰਤਮ ਸੰਸਕਾਰ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਵੀ ਨਹੀਂ।


ਉਪਰੋਕਤ ਦੇ ਮੱਦੇਨਜ਼ਰ ਇਹ ਕਲਪਨਾ ਸਹਿਜੇ ਹੀ ਕੀਤੀ ਜਾ ਸਕਦੀ ਹੈ ਕਿ ਜਿਹਨਾਂ ਹਜ਼ਾਰਾਂ ਕਸ਼ਮੀਰੀ ਨੌਜਵਾਨਾਂ ਅਤੇ ਨਾਬਾਲਗ ਬੱਚਿਆਂ ਨੂੰ ਪਿਛਲੇ ਪੰਜਾਹ ਦਿਨਾਂ ਵਿਚ ਗ੍ਰਿਫ਼ਤਾਰ ਕਰਕੇ ਗ਼ੈਰਕਾਨੂੰਨੀ ਹਿਰਾਸਤ, ਜੇਲ੍ਹਾਂ ਜਾਂ ਤਸੀਹਾ ਕੇਂਦਰਾਂ ਵਿਚ ਰੱਖਿਆ ਗਿਆ ਹੈ ਆਰ.ਐੱਸ.ਐੱਸ.-ਭਾਜਪਾ ਵੱਲੋਂ ਦਿਖਾਏ ਜਾ ਰਹੇ ਨਵੇਂ ਕਸ਼ਮੀਰ ਦੇ ਸੁਪਨੇ ਵਿਚ ਉਹਨਾਂ ਦਾ ਭਵਿੱਖ ਕੀ ਹੋਵੇਗਾ।

## ਕੈਲਗਰੀ 'ਚ ਨਸ਼ਿਆਂ ਦੀ ਵਧ ਰਹੀ ਸਮਗਲਿੰਗ ਅਤੇ ਗੈਂਗ ਸ਼ੂਟਿੰਗ ਤੇ ਚਿੰਤਾ ਦਾ ਪ੍ਰਗਟਾਵਾ !

ਕੈਲਗਰੀ, (ਮਾ. ਭਜਨ): ਪਿਛਲ਼ੇ ਕੁਝ ਦਿਨਾਂ ਵਿੱਚ ਲਗਾਤਾਰ ਵਾਪਰੀਆਂ 4 ਗੈਂਗ ਸ਼ੂਟਿੰਗ ਦੀਆਂ ਘਟਨਾਵਾਂ ਵਿੱਚ ਕਈ ਵਿਅਕਤੀ ਗੰਭੀਰ ਜ਼ਖ਼ਮੀ ਹੋਏ ਹਨ, ਜਿਸਨੇ ਸ਼ਹਿਰ ਵਿੱਚ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਯਾਦ ਰਹੇ ਅਕਤੂਬਰ ਮਹੀਨੇ ਵਿੱਚ ਹੁਣ ਤੱਕ 11 ਸ਼ੂਟਿੰਗ ਹੋ ਚੁੱਕੀਆਂ ਹਨ, ਜਿਨ੍ਹਾਂ ਬਾਰੇ ਪੁਲਿਸ ਦਾ ਮੰਨਣਾ ਹੈ ਕਿ ਇਹ ਮਿਥ ਕੇ ਕੀਤੇ ਗਏ ਹਮਲੇ ਸਨ। ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਸਾਲ ਦੇ 10 ਮਹੀਨਿਆਂ ਵਿੱਚ ਹੁਣ 76 ਗੈਂਗਵਾਰ ਨਾਲ ਸਬੰਧਤ ਗੋਲੀਬਾਰੀ ਦੀਆਂ ਘਟਨਾਵਾਂ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ ਸਾਲ ਦੇ ਸ਼ੁਰੂ ਵਿੱਚ ਕੁਝ ਨੌਜਵਾਨ ਮਾਰੇ ਵੀ ਗਏ ਸਨ। ਤਾਜ਼ੀਆਂ ਗੋਲੀਬਾਰੀ ਦੀਆਂ ਘਟਨਾਵਾਂ ਪ੍ਰਤੀ ਚਿੰਤਾ ਪ੍ਰਗਟ ਕਰਦੇ ਹੋਏ, ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਵਲੋਂ ਜਾਰੀ ਪ੍ਰੈਸ ਬਿਆਨ ਵਿੱਚ ਜਿਥੇ ਲੋਕਾਂ ਨੂੰ ਸਾਵਧਾਨ ਹੋਣ ਦੀ ਅਪੀਲ ਕੀਤੀ ਗਈ ਹੈ ਤਾਂ ਕਿ ਕੋਈ ਮਾਸੂਮ ਇਸ ਗੋਲੀਬਾਰੀ ਦਾ ਨਿਸ਼ਾਨਾ ਨਾ ਬਣ ਸਕੇ, ਉਥੇ ਉਨ੍ਹਾਂ ਪੁਲਿਸ ਪ੍ਰਸ਼ਾਸਨ, ਸਿਟੀ ਕੌਂਸਲ ਅਤੇ ਅਲਬਰਟਾ ਸਰਕਾਰ ਤੋਂ ਮੰਗ ਕੀਤੀ ਕਿ ਵਧ ਰਹੀ ਹਿੰਸਾ ਨੂੰ ਰੋਕਣ ਲਈ ਠੋਸ ਕਦਮ ਚੁੱਕੇ ਜਾਣ। ਦੋਨਾਂ ਸੰਸਥਾਵਾਂ ਦੇ ਬੁਲਾਰਿਆਂ ਮਾਸਟਰ ਭਜਨ ਸਿੰਘ ਤੇ ਹਰਚਰਨ ਸਿੰਘ ਪਰਹਾਰ ਵਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਜੂਨ ਵਿੱਚ ਦੋਨਾਂ ਸੰਸਥਾਵਾਂ ਵਲੋਂ ਕੀਤੇ ਗਏ ਮੁਜ਼ਾਹਰੇ ਤੋਂ ਪੁਲਿਸ ਤੇ ਕੁਝ ਰਾਜਨੀਤਕ ਲੀਡਰ ਹਰਕਤ ਵਿੱਚ ਆਏ ਸਨ ਤੇ ਕੁਝ ਮਹੀਨਿਆਂ ਲਈ ਘਟਨਾਵਾਂ ਵਿੱਚ ਕਮੀ ਵੀ ਆਈ ਸੀ।ਪਰ ਹੁਣ ਇੱਕਦਮ ਵਧੀ ਹਿੰਸਾ ਗੰਭੀਰ ਚਿੰਤਾ ਦਾ ਵਿਸ਼ਾ ਹੈ। ਪਿਛਲੇ ਕੁਝ ਮਹੀਨਿਆਂ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਲਈ ਕੁਝ ਵਰਕਸ਼ਾਪਾਂ ਤੇ ਸੈਮੀਨਾਰ ਵੀ ਹੋਏ ਸਨ, ਪਰ ਜਦੋਂ ਤੱਕ ਪੁਲਿਸ ਪ੍ਰਸ਼ਾਸਨ ਤੇ ਸਰਕਾਰ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲੈ ਕੇ ਸਖਤ ਕਦਮ ਨਹੀਂ ਚੁੱਕਦੀ ਤੇ ਕੋਈ ਲੰਬੀ ਪਲਾਨ ਨਹੀਂ ਬਣਾਉਂਦੀ, ਉਦੋਂ ਤੱਕ ਇਹ ਮਸਲਾ ਹੱਲ ਨਹੀਂ ਹੋ ਸਕਦਾ। ਉਨ੍ਹਾਂ ਸਕੂਲ ਬੋਰਡ ਨੂੰ ਵੀ ਅਪੀਲ ਕੀਤੀ ਕਿ ਸਕੂਲਾਂ ਵਿੱਚ ਅਜਿਹੇ ਪ੍ਰੋਗਰਾਮ ਉਲੀਕੇ ਜਾਣੇ ਚਾਹੀਦੇ ਹਨ, ਜਿਸ ਨਾਲ ਨੌਜਵਾਨ ਬੱਚਿਆਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵ ਅਤੇ ਗੈਂਗਵਾਰ ਬਾਰੇ ਦੇ ਭਿਆਨਕ ਨਤੀਜਿਆਂ ਤੋਂ ਜਾਣੂ ਕਰਾਇਆ ਜਾਵੇ। ਉਨ੍ਹਾਂ ਅੱਗੇ ਦੱਸਿਆ ਕਿ ਦੋਨਾਂ ਜਥੇਬੰਦੀਆਂ ਵਲੋਂ ਐਤਵਾਰ 3 ਨਵੰਬਰ ਨੂੰ ਕਰਵਾਏ ਜਾ ਰਹੇ ਸੈਮੀਨਾਰ ਵਿੱਚ ਵੀ ਇਸ ਮਸਲੇ ਤੇ ਵਿਚਾਰ ਕੀਤੀ ਜਾਵੇਗੀ।

## ਲੋਕ ਲਹਿਰ ਨਾਲ ਸਬੰਧਤ ਕਿਤਾਬ

ਮਨੁੱਖਜਾਤੀ ਦਾ ਸਾਰਾ ਲੰਮਾ ਇਤਿਹਾਸ ਜੰਗਲੀ ਜੀਵਨ ਤੋਂ ਤੁਰ ਕੇ ਅੱਜ ਤੱਕ ਤਕੜਿਆਂ ਹੱਥੋਂ ਮਾੜਿਆਂ ਦੀ ਖੋਹਾ-ਖਾਹੀ ਦੀ ਕਹਾਣੀ ਹੈ। ਪਰ ਇਹਦਾ ਇਹ ਭਾਵ ਨਹੀਂ ਕਿ ਜੰਗਲੀ ਜੀਵਨ ਵਿਚ ਵੀ ਤਕੜਾ ਸਹਿਜੇ ਹੀ ਮਾੜੇ ਦਾ ਸ਼ਿਕਾਰ ਜਾਂ ਕੰਦਮੂਲ ਖੋਹ ਲੈਂਦਾ ਰਿਹਾ। ਨਹੀਂ! ਆਪਣੀ ਹਿੰਮਤ ਦੀਆਂ ਪਰਾਪਤੀਆਂ ਬਚਾਉਣ ਵਾਸਤੇ ਮਾੜਾ ਆਪਣੀਆਂ ਦੰਦੀਆਂ ਤੇ ਨਹੁੰਦਰਾਂ ਨਾਲ ਟਾਕਰਾ ਕਰਨ ਵਿਚ ਕੋਈ ਕਸਰ ਨਹੀਂ ਸੀ ਰਹਿਣ ਦਿੰਦਾ। ਹਰ ਸਕੰਦਰ ਨੂੰ ਕੋਈ ਨਾ ਕੋਈ ਪੋਰਸ ਮਿਲਿਆ। ਬਾਬਾ ਨਾਨਕ ਵਲੋਂ ਬਾਬਰ ਦੀਆਂ ਫ਼ੌਜਾਂ ਨੂੰ "ਪਾਪ ਕੀ ਜੰਞ" ਕਹੇ ਜਾਣ ਦੇ ਸ਼ਬਦੀ ਵਾਰ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਦੇ ਤਲਵਾਰੀ ਵਾਰ ਤੱਕ ਤੇ ਉਸ ਤੋਂ ਮਗਰੋਂ ਵੀ ਮੁਗ਼ਲਾਂ ਦਾ ਜ਼ਬਰਦਸਤ ਟਾਕਰਾ ਅਜੇ ਕੱਲ੍ਹ ਦਾ ਇਤਿਹਾਸ ਹੈ। ਅੰਗਰੇਜ਼ਾਂ ਵਿਰੁੱਧ ਲੜਾਈ ਦੇ ਇਤਿਹਾਸ ਵਿਚ ਗ਼ਦਰ ਲਹਿਰ ਵੱਖਰੀ, ਸੂਹੀ



ਸਿਆਹੀ ਨਾਲ ਲਿਖਿਆ ਹੋਇਆ ਕਾਂਡ ਹੈ। ਹਾਰਡਿੰਗ ਬੰਬ ਵਾਲ਼ਿਆਂ ਦਾ ਹੌਸਲਾ, ਭਗਤ ਸਿੰਘ ਤੇ ਉਹਦੇ ਸਾਥੀਆਂ ਦੇ ਅਲੋਕਾਰ ਕਾਰਨਾਮੇ, ਆਪ ਆਜ਼ਾਦੀ ਦਾ ਸਾਹ ਲੈ ਰਹੇ ਕਰਨੈਲ ਸਿੰਘ ਈਸੜੂ ਦਾ ਡੇਢ ਹਜ਼ਾਰ ਮੀਲ ਦੂਰ ਜਾ ਕੇ ਗੋਆ ਦੇ ਗ਼ੁਲਾਮ ਭਰਾਵਾਂ ਨੂੰ ਆਜ਼ਾਦ ਕਰਾਉਣ ਲਈ ਜਾਨ ਵਾਰ ਦੇਣਾ ਅਤੇ ਤੀਜੀ ਸੰਸਾਰ ਜੰਗ ਦੀ ਤਿਆਰੀ ਵਿਚ ਜੁਟੇ ਹੋਏ ਜੰਗਬਾਜ਼ਾਂ ਦਾ ਗੁੱਟ ਮਰੋੜਨ ਵਾਲ਼ੀ ਅਮਨ ਲਹਿਰ ਵਿਚ ਪੰਜਾਬੀਆਂ ਦੀ ਭੂਮਿਕਾ ਵਾਰ ਵਾਰ ਸਿਮਰਨ ਵਾਲ਼ੇ ਤੱਥ ਹਨ। ਅੰਤ ਵਿਚ, ਸੰਤਾਲੀ ਤੋਂ ਬਾਅਦ ਜੀਵਤ ਰਹੇ ਆਜ਼ਾਦੀ-ਘੁਲਾਟੀਆਂ ਦੇ ਇਸ ਹੌਕੇ ਨੂੰ ਸ਼ਬਦ ਦਿੱਤੇ ਗਏ ਹਨ ਕਿ ਇਹ ਉਹ ਆਜ਼ਾਦੀ ਤਾਂ ਨਹੀਂ ਜਿਸ ਖ਼ਾਤਰ ਕੁਰਬਾਨੀਆਂ ਕੀਤੀਆਂ ਗਈਆਂ ਤੇ ਫਾਂਸੀਆਂ ਚੁੰਮੀਆਂ ਗਈਆਂ।

-- ਗੁਰਬਚਨ ਸਿੰਘ ਭੁੱਲਰ

# First time in Calgary, women organized a protest rally



First time in Calgary, women organized a protest rally in support of Kashmiri people who are captive in Kashmir from last 2 months. It was huge turnout in Prarie Winds Park NE Calgary where activists Saima Jamal, Sameena Ashraf Bajwa, Fizza Salim, Shahnaz Munir, Fozia Alvi, Yasmeen Majeed spoke on Kashmir issue and human rights violations in Kashmir. Protester were raising slogans of Independent Kashmir, Free Kashmir, Peace in Kashmir. Kashmiri, Pakistani, Punjabi (Sikh) women were also participated. Kamal Pandher from Progressive Cultural Association, Gurcharan Kaur Thind from Calgary Women Cultural Association, Gurmit Kaur Sarpal from Royal Women Cultural Association Calgary were among the protesters.

Harcharan Singh from Sikh Virsa International, Master Bhajan Singh from Sarokaran Di Awaaz, covered the event.


Tarksheel Cultural Society of Canada.
12581 - 66 Ave, Surrey BC V3W1V6
Email : tarksheel.ba@gmail.com | Phone : 604-728-7011

ਵਿਗਿਆਨਕ ਸੋਚ ਦਾ ਪਸਾਰਾ ਅੰਧਵਿਸ਼ਵਾਸਾਂ ਤੋਂ ਛੁਟਕਾਰਾ ਧੋਖੇਬਾਜ਼ਾਂ ਤੋਂ ਸਾਵਧਾਨ

ਜੋਤਿਸ਼, ਜਾਦੂ ਟੂਣਾ, ਨਗ ਧਾਰਨ, ਜੰਤਰ ਮੰਤਰ, ਚਮਤਕਾਰ, ਵਸਤੂ ਸ਼ਾਸਤਰ, ਰਿੱਧੀਆਂ ਸਿੱਧੀਆਂ, ਤਾਂਤਰਿਕ ਅਤੇ ਕਾਲੇ ਚਿੱਟੇ ਚੋਲਿਆਂ ਵਾਲੇ ਸਾਧ ਬੂਬਨੇ ਸਭ ਧੋਖੇਬਾਜ਼ ਹਨ।

- ਤੁਹਾਡੇ ਹਰ ਤਰ੍ਹਾਂ ਦੇ ਰੁਕੇ ਹੋਏ ਕੰਮ ਤੁਰੰਤ ਹੱਲ ਕਰਨ, ਤੁਹਾਡੇ ਦੁਸ਼ਮਣਾਂ ਦਾ ਨੁਕਸਾਨ ਕਰਨ ਅਤੇ ਲਾਟਰੀ ਦਾ ਨੰਬਰ ਦੱਸਣ ਇਤਿਆਦਿਕ ਦਾਅਵੇ ਗੈਰ ਕਾਨੂੰਨੀ, ਗੈਰ ਵਿਗਿਆਨਕ, ਗੈਰ ਇਖਲਾਖੀ ਅਤੇ ਝੂਠ ਦਾ ਪੁਲੰਦਾ ਹਨ।
- ਇਸ ਸਬੰਧ ਵਿਚ ਉਨ੍ਹਾਂ ਵਲੋਂ ਕੀਤੀ ਜਾਂਦੀ ਇਸ਼ਤਿਹਾਰਬਾਜ਼ੀ, ਤੁਹਾਨੂੰ ਆਪਣੇ ਜਾਲ ਵਿਚ ਫਸਾਉਣ ਲਈ ਮੱਕੜ ਜਾਲ ਹੈ।
- ਲੋਕਾਂ ਨੂੰ ਗੁੰਮਰਾਹ ਕਰਕੇ ਲੁੱਟਣ ਦਾ ਸਾਧਨ ਇਨ੍ਹਾਂ ਦਾਅਵਿਆਂ ਨੂੰ ਸੁਸਾਇਟੀ ਮੁੱਢੋਂ ਰੱਦ ਕਰਦੀ ਹੈ।
  ਇਕ ਲੱਖ ਕੈਨੇਡੀਅਨ ਡਾਲਰ ਦਾ ਇਨਾਮ ਜਿੱਤਣ ਲਈ ਮੈਦਾਨ ਵਿਚ ਨਿੱਤਰੋ
- ਸਾਡਾ ਇਨ੍ਹਾਂ ਝੂਠ ਦੇ ਵਪਾਰੀਆਂ ਨੂੰ ਚੈਲੇਂਜ ਹੈ ਕਿ ਉਹ ਉਨ੍ਹਾਂ ਵਲੋਂ ਕੀਤੇ ਜਾਂਦੇ ਦਾਅਵੇ ਸਿੱਧ ਕਰਕੇ ਇਕ ਲੱਖ ਕੈਨੇਡੀਅਨ ਡਾਲਰ ਦਾ ਇਨਾਮ ਜਿੱਤਣ ਦਾ ਹੌਸਲਾ ਦਿਖਾਉਣ ਜਾਂ ਫਿਰ ਆਪਣੀਆਂ ਠੱਗੀ ਦੀਆਂ ਦੁਕਾਨਾ ਬੰਦ ਕਰਨ।

ਅਪੀਲ

- ਸੁਸਾਇਟੀ ਵਲੋਂ ਆਪ ਸਭ ਨੂੰ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ ਕਿ ਆਪਣੀ ਸਖ਼ਤ ਮਿਹਨਤ ਦੀ ਕਮਾਈ ਇਨ੍ਹਾਂ ਠੱਗਾਂ ਕੋਲ ਨਾ ਲੁਟਾਓ।
- ਇਨ੍ਹਾਂ ਵੱਲ ਪੁੱਟਿਆ ਤੁਹਾਡਾ ਇਕ ਵੀ ਕਦਮ ਤੁਹਾਡੀ ਬਰਬਾਦੀ ਦੀ ਸ਼ੁਰੂਆਤ ਹੋਵੇਗਾ।
- ਪਿਛਲੇ 25 ਸਾਲਾਂ ਤੋਂ ਸਾਡੇ ਚੈਲੇਂਜ ਨੂੰ ਸਵੀਕਾਰ ਨਾ ਕਰਨਾ ਇਨ੍ਹਾਂ ਦੇ ਧੋਖੇਬਾਜ਼/ਠੱਗ ਹੋਣ ਦਾ ਸਬੂਤ ਹੈ।
- ਅਸੀਂ ਤੁਹਾਡੇ ਹਮਦਰਦ ਹਾਂ, ਸਾਡਾ ਹਮੇਸ਼ਾ ਇਹੀ ਯਤਨ ਹੈ ਕਿ ਤੁਹਾਡੀ ਮਿਹਨਤ ਦੀ ਕਮਾਈ ਲੁੱਟੀ ਨਾ ਜਾਵੇ, ਕਿਸੇ ਵੀ ਸਮੱਸਿਆ ਲਈ ਤੁਸੀਂ ਸਾਡੇ ਨਾਲ ਦਿੱਤੇ ਹੋਏ ਨੰਬਰਾਂ 'ਤੇ ਕਦੇ ਵੀ ਸੰਪਰਕ ਕਰ ਸਕਦੇ ਹੋ, ਅਸੀਂ ਤੁਹਾਨੂੰ ਸਹੀ ਸਲਾਹ ਦੇਵਾਂਗੇ।
- ਤੁਹਾਡੀ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰੱਖਣਾ ਸਾਡਾ ਮੁਢਲਾ ਅਸੂਲਾ ਹੈ ਜਿਸ ਦੀ ਪਾਲਣਾ ਦ੍ਰਿੜ੍ਹਤਾ ਨਾਲ ਕੀਤੀ ਜਾਂਦੀ ਹੈ।

ਸ਼ੁਭ ਚਿੰਤਕ ਸਮੁੱਚੀ ਟੀਮ

ਬਾਈ ਅਵਤਾਰ ਪ੍ਰਧਾਨ ਅਨੁਜ ਸੂਦ ਸਕੱਤਰ



JTS Logistics Ltd Calgary Alberta
Warehousing / Distribution
Farhad Zain Mohammed
General Manager
5601 46St SE
Calgary, AB T2C 4Y5
farhad_its@hotmail.com
Office : 403-723-2379
Fax : 1888-732-1303
Cell : 403-519-9373




SHAHEED BHAGAT SINGH BOOK CENTRE





ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote New Readership & Encourage New Writers!
Book Exhibition & Sale!
Contact: Master Bhajan Singh at 403-455-4220


PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9









HARPINDER SIDHU
(403) 404-3500
Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com




# 16ਵੇਂ ਤਰਕਸ਼ੀਲ ਮੇਲੇ ਨੇ ਛੱਡੀਆਂ ਅਮਿੱਟ ਪੈੜ੍ਹਾਂ









- ਪਰਮਿੰਦਰ ਸਵੈਚ -

(20 ਅਕਤੂਬਰ, 2019 ਐਬਸਫੋਰਡ) ਪਿਛਲੇ ਦਿਨੀਂ ਇੱਥੋਂ ਦੇ ਐਬੀ ਆਰਟਸ ਸੈਂਟਰ ਵਿਖੇ ਤਰਕਸ਼ੀਲ ਸਭਿਆਚਾਰਕ ਸੁਸਾਇਟੀ ਵਲੋਂ ਜਲ੍ਹਿਆਂਵਾਲੇ ਬਾਗ਼ ਅਤੇ ਫਾਰਮ ਵਿੱਚ ਕੰਮ ਕਰਦੀਆਂ ਤਿੰਨ ਔਰਤਾਂ ਨੂੰ ਸਮਰਪਿਤ 16ਵਾਂ ਸਲਾਨਾ ਤਰਕਸ਼ੀਲ ਮੇਲਾ ਕਰਵਾਇਆ ਗਿਆ। ਮੇਲੇ ਦੀ ਸ਼ੁਰੂਆਤ, ਮੰਚ ਸੰਚਾਲਕ ਦੀ ਜ਼ਿੰਮੇਵਾਰੀ ਸਾਂਭਦਿਆਂ ਨਿਰਮਲ ਕਿੰਗਰਾ ਵਲੋਂ ਉਦਘਾਟਨੀ ਸ਼ਬਦਾਂ ਰਾਹੀਂ ਕੀਤੀ ਗਈ। ਉਪਰੰਤ ਸੰਗੀਤ ਮੰਡਲੀ ਭਦੌੜ ਦੇ ਮੁਢਲੇ ਮੈਂਬਰ ਪਿਆਰਾ ਸਿੰਘ ਚਾਹਲ ਹੋਰਾਂ ਨੇ ਆਪਣੇ 'ਉੱਠ ਨੀ ਕੁੜੀਏ ਪੜ੍ਹ ਕਿਤਾਬਾਂ' ਅਤੇ 'ਐਵੇਂ ਛਾਵਾਂ ਕਦੇ ਸਾਡੀਆਂ ਬਰੂਹਾਂ ਟੱਪ ਆਈਆਂ' ਰਾਹੀਂ ਔਰਤਾਂ ਦੇ ਪੜ੍ਹਨ ਦੀ ਜਰੂਰਤ ਅਤੇ ਕਿਰਤੀ ਜਮਾਤ ਦੀ ਬੇਵਸੀ ਅਤੇ ਇੱਕਮੁੱਠ ਹੋਣ ਦਾ ਇਜ਼ਹਾਰ ਕਰਦੇ ਗੀਤਾਂ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਸਾਧੂ ਸਿੰਘ ਗਿੱਲ ਹੋਰਾਂ ਨੇ ਮੇਲੇ ਦੀ ਆਰਥਿਕ ਮੱਦਦ ਕਰਨ ਵਾਲੇ ਵਿਅਕਤੀਆਂ ਤੇ ਅਦਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਿਨ੍ਹਾਂ ਦੀ ਬਦੌਲਤ ਸੁਸਾਇਟੀ ਇਹੋ ਜਿਹੇ ਵੱਡੇ ਪ੍ਰੋਗਰਾਮ ਉਲੀਕ ਸਕਦੀ ਹੈ। ਪਰਮਿੰਦਰ ਸਵੈਚ ਨੇ ਲੋਕਾਂ ਨੂੰ ਪੁਰ ਜ਼ੋਰ ਅਪੀਲ ਕੀਤੀ ਕਿ ਜੋਤਸ਼ੀਆਂ, ਤਾਂਤਰਿਕਾਂ ਦੇ ਝਾਂਸੇ ਵਿੱਚ ਨਾ ਆਓ, ਉਸਨੇ ਕੁੱਝ ਮਹੀਨੇ ਪਹਿਲਾਂ ਫੜ੍ਹੇ ਇੱਕ ਜੋਤਸ਼ੀ ਜਿਸ ਤੋਂ ਸੁਸਾਇਟੀ ਨੇ 1600 ਡਾਲਰ ਵਾਪਸ ਕਰਵਾਏ ਸਨ, ਦੇ ਝੂਠ ਦਾ ਜ਼ਿਕਰ ਕੀਤਾ ਅਤੇ ਲੋਕਾਂ ਨੂੰ ਵਿਗਿਆਨਕ ਸੋਚ ਆਪਣਾ ਕੇ ਆਪਣੀ ਲੁੱਟ ਤੋਂ ਬਚਣ ਲਈ ਅਗਾਹ ਵੀ ਕੀਤਾ। ਇਸਤੋਂ ਬਾਅਦ ਇੰਡੀਆ ਟੀ ਵੀ ਤੇ ਮਾਰਚ 21, 2010 ਨੂੰ ਕਰਵਾਏ, ਇੱਕ ਟੀ ਵੀ ਸ਼ੋਅ ਦੇ ਕਲਿੱਪ ਵੀ ਦਿਖਾਏ ਗਏ, ਜਿਸ ਵਿੱਚ ਸੁਰਿੰਦਰ ਕੁਮਾਰ ਨਾਮੀਂ ਤਾਂਤਰਿਕ ਵਲੋਂ ਸਨਲ ਅਡਮਾਰਕੂ (ਆਗੂ ਤਰਕਸ਼ੀਲ ਸੁਸਾਇਟੀ ਭਾਰਤ) ਨੂੰ ਆਪਣੀ ਸ਼ਕਤੀ ਦੁਆਰਾ ਬੇਹੋਸ਼ ਕਰਨ ਦਾ ਦਾਅਵਾ ਕੀਤਾ ਗਿਆ ਸੀ ਪਰ ਉਹ 10 ਮਿੰਟ ਦੇ ਨਿਸਚਿਤ ਸਮੇਂ ਦੀ ਬਜਾਇ 40 ਮਿੰਟ ਵੀ ਅਜਿਹਾ ਨਾ ਕਰ ਸਕਿਆ। ਇਸਤੋਂ ਬਾਅਦ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਟਰੱਸਟੀ ਮੈਂਬਰ, ਉੱਘੇ ਇਤਿਹਾਸਕਾਰ ਚਰੰਜੀ ਲਾਲ ਕੰਗਣੀਵਾਲ ਨੇ ਮੁੱਖ ਬੁਲਾਰੇ ਦੇ ਤੌਰ ਤੇ ਆਪਣੇ ਵਿਚਾਰ ਸਰੋਤਿਆਂ ਨਾਲ ਸਾਂਝੇ ਕੀਤੇ। ਉਹਨਾਂ ਦੇਸ਼ ਦੀ ਅਜ਼ਾਦੀ ਦੀ ਲਹਿਰ ਦੇ ਸ਼ਹੀਦਾਂ ਦੀਆਂ ਲਾਸਾਨੀ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਅਜੋਕਾ ਸਮਾਜ, ਤਰਕਸ਼ੀਲ ਅਤੇ ਵਿਗਿਆਨਕ ਨਜ਼ਰੀਆ ਨਾ ਅਪਣਾਉਣ ਕਾਰਨ, ਇਹਨਾਂ ਸ਼ਹੀਦਾਂ ਦੀ ਸੋਚ ਦਾ ਰਾਜ ਪ੍ਰਬੰਧ ਸਥਾਪਿਤ ਨਹੀਂ ਕਰ ਸਕਿਆ ਕਿਉਂਕਿ ਸਰਮਾਏਦਾਰੀ ਨਿਜ਼ਾਮ ਨੇ ਲੋਕਾਂ ਨੂੰ ਭੰਬਲਭੂਸੇ ਵਿੱਚ ਪਾ ਕੇ ਲੋਕਾਂ ਦੀ ਟੇਕ ਇਹੋ ਜਿਹੇ ਲੋਕਾਂ ਤੇ ਛੱਡ ਦਿੱਤੀ ਤਾਂਕਿ ਉਹ ਰਲ਼ ਮਿਲ ਕੇ ਕਿਰਤੀ ਲੋਕਾਂ ਦੀ ਮਾਨਸਿਕ, ਸਰੀਰਕ, ਆਰਥਿਕ ਲੁੱਟ ਕਰ ਸਕਣ।

ਇਸ ਤੋਂ ਉਪਰੰਤ ਪ੍ਰੋਗਰਾਮ ਦੀ ਪ੍ਰਮੁੱਖ ਝਲਕ ਹਮੇਸ਼ਾਂ ਦੀ ਤਰ੍ਹਾਂ ਨਾਟਕ ਪੇਸ਼ ਕਰਨਾ ਸੀ ਜੋ ਇਸ ਵਾਰ ਪ੍ਰੋਗਰੈਸਿਵ ਆਰਟਸ ਕਲੱਬ ਸਰ੍ਹੀ ਵਲੋਂ, ਕੁਲਵਿੰਦਰ ਖੈਰ੍ਹਾ ਦਾ ਲਿਖਿਆ ਤੇ ਡਾ. ਜਸਕਰਨ ਦੁਆਰਾ ਨਿਰਦੇਸ਼ਤ ਨਾਟਕ 'ਗੋਲਡਨ ਟਰੀ' ਖੇਡਿਆ ਗਿਆ। ਇਹ ਨਾਟਕ ਵੀ ਮਾਰਚ 7, 2007 ਵਿੱਚ ਐਬਸਫੋਰਡ ਵਿੱਚ ਇੱਕ ਸੜਕ ਦੁਰਘਟਨਾ ਵਿੱਚ ਮਾਰੀਆਂ ਗਈਆਂ ਉਹੀ ਤਿੰਨ ਫਾਰਮ ਵਰਕਰ ਔਰਤਾਂ ਦੀ ਯਾਦ ਨੂੰ ਸਮਰਪਿਤ ਹੈ। ਨਾਟਕ ਦੀ ਪਟ-ਕਥਾ ਅਤੇ ਪੇਸ਼ਕਾਰੀ ਐਨੀ ਪ੍ਰਭਾਵਸ਼ਾਲੀ ਸੀ ਕਿ ਡੇਢ ਘੰਟੇ ਚੱਲੇ ਨਾਟਕ ਨੂੰ ਸਰੋਤੇ ਮੰਤਰ ਮੁਗਧ ਹੋ ਕੇ ਦੇਖਦੇ ਰਹੇ। ਇਸ ਨਾਟਕ ਦੀ ਸਹਿ-ਨਿਰਦੇਸ਼ਨਾ ਦਾ ਕੰਮ ਪ੍ਰਿੰਸ ਨੇ ਬਾਖੂਬੀ ਨਿਭਾਇਆ। ਕੇ ਪੀ ਸਿੰਘ ਤੇ ਹਰਪ੍ਰੀਤ ਆਹਲੂਵਾਲੀਆ ਨੇ ਮੁੱਖ ਭੂਮਿਕਾ ਨਿਭਾਈ। ਛੋਟੇ ਬੱਚੇ ਪ੍ਰਨੀਤ ਕੌਰ ਪਰੀ ਤੇ ਯੁਵਰਾਜ ਜਸ਼ਨ ਨੇ ਬਹੁਤ ਵਧੀਆ ਅਭਿਨੈ ਕੀਤਾ। ਇਹਨਾਂ ਤੋਂ ਇਲਾਵਾ ਸੰਤੋਖ ਢੇਸੀ, ਕੁਲਦੀਪ ਟੋਨੀ, ਸੁੱਖ ਸਿੱਧੂ, ਪ੍ਰਿੰਸ, ਮਲਕੀਤ ਸਵੈਚ ਤੇ ਪਰਮਿੰਦਰ ਸਵੈਚ, ਇਕਬਾਲ ਪੁਰੇਵਾਲ ਨੇ ਵੀ ਵਧੀਆ ਰੋਲ ਅਦਾ ਕੀਤਾ। ਸਾਰਿਆਂ ਦੀ ਅਣਥੱਕ ਮਿਹਨਤ ਦਾ ਸਿੱਟਾ ਸੀ ਨਾਟਕ ਸਿਖਰ ਤੇ ਪਹੁੰਚ ਗਿਆ।ਲਾਈਟ ਤੇ ਸਾਊਂਡ ਦਾ ਸਾਰਾ ਕੰਟਰੋਲ ਡਾ. ਜਸਕਰਨ ਹੋਰਾਂ ਆਪਣੇ ਹੱਥੀਂ ਸੂਤਰਬੱਧ ਕੀਤਾ ਅਤੇ ਸਟੇਜ ਸੈੱਟ ਸੰਤੋਖ ਢੇਸੀ ਦੁਆਰਾ ਕੀਤਾ ਗਿਆ ਸੀ।ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਅਵਤਾਰ ਗਿੱਲ ਹੋਰਾਂ ਦੇ ਇੰਡੀਆ 'ਚ ਹੋਣ ਕਾਰਨ ਉਹਨਾਂ ਦੀ ਘਾਟ ਖਟਕਦੀ ਰਹੀ। ਅੰਤ ਵਿੱਚ ਜਿੱਥੇ ਨਿਰਮਲ ਕਿੰਗਰਾ ਨੇ ਸਟੇਜ ਦੀ ਕਾਰਵਾਈ ਬਹੁਤ ਸੁਚੱਜੇ ਢੰਗ ਨਾਲ ਚਲਾਈ ਤੇ ਉੱਥੇ ਸਾਰੇ ਆਏ ਦਰਸ਼ਕਾਂ ਦਾ ਬਹੁਤ ਬਹੁਤ ਧੰਨਵਾਦ ਵੀ ਕੀਤਾ।


Calgary Best Buy
Furniture & Mattress



Sales Rep.

Home Store
308 - 4774 Westwinds Dr. N.E.
Calgary AB T3J 0L9
Ph. : (403) 250-6661 Ext 1
westwinds@calgarybestbuyfurnitures.com



Unit#D200 9737 Mcleod Tr SW
Calgary AB T2J OP6
Ph. : (403) 250-6661 Ext3
sales@calgarybestbuyfurnitures.com

www.calgarybestbuyfurnitures.com



Matrimonial Advertisement

• ਕੈਨੇਡੀਅਨ ਸਿਟੀਜ਼ਨ ਜੱਟ-ਸਿੱਖ 68 ਸਾਲ 5-9 ਰਿਸ਼ਟ-ਪੁਸ਼ਟ ਐਮ.ਏ ਬੀ ਐੱਡ ਪੰਜਾਬ ਸਿੱਖਿਆ ਵਿਭਾਗ ਤੋਂ ਸੇਵਾਮੁਕਤ ਅਧਿਆਪਕ, ਪੰਜਾਬ ਸਰਕਾਰ ਅਤੇ ਕੈਨੇਡਾ ਸਰਕਾਰ ਤੋਂ ਪੈਨਸ਼ਨਾਂ ਪ੍ਰਾਪਤ, ਪੰਜਾਬ ਵਿੱਚ ਖੇਤੀਬਾੜੀ ਵਾਲੀ ਜ਼ਮੀਨ ਤੇ ਸੁੰਦਰ ਘਰ, ਬੇਹੱਦ ਸਾਊ ਤੇ ਕਮਿਉਨਟੀ ਵਿੱਚ ਨਾਮਵਰ ਸ਼ਖਸ਼ੀਅਤ ਜਿਸਦੀ ਪਤਨੀ ਦਾ ਦੇਹਾਂਤ ਹੋ ਗਿਆ ਹੈ ਲਈ 50-55 ਸਾਲਾ ਸ਼ਰੀਫ਼ ਤੇ ਸਿਆਣੀ ਲੋੜਬੰਦ ਜੀਵਨ ਸਾਥਣ ਦੀ ਲੋੜ ਹੈ। ਈ-ਮੇਲ Psbring31@gmail.com ਜਾਂ ਕਾਲ +91-62395-63570-63570



HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com

- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary Ph.: 403-719-4947



IQBAL SIDHU INSURANCE ADVISOR

FINANCIAL SERVICES
- Life Insurance; - Term Life - Universal Life
- Critical Illness Insurance • Segregated Funds
- RRSP

ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।

Tel: (403) 615-0957
Email: isidhu@sidhuaccounting.ca

SIDHU ACCOUNTING & TAX SERVICES

ACCOUNTING SERVICES
- Personal Tax Returns • Corporate Tax Returns
- Computerized Book Keeping
- Payroll • T4's • Record of Employment

ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।

Iqbal Sidhu
Tel: (403) 568-2667 Fax: (403) 568-2676
Email:info@sidhuaccounting.ca

Unit 202, 4656 Westwinds Dr. NE Calgary, AB. T3J 3Z5 (Near Sikh Virsa Office)

# ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਇਕੱਤਰਤਾ ਸਿਹਤ ਜਾਗਰੂਕਤਾ ਨੂੰ ਸਮਰਪਿਤ ਰਹੀ

## *ਬੀਮਾਰੀਆਂ ਲਈ ਅਸੀਂ ਖ਼ੁਦ ਜ਼ਿੰਮੇਵਾਰ ਹਾਂ : ਡਾ. ਆਹਲੂਵਾਲੀਆ*




ਕੈਲਗਰੀ, ਕੈਲਗਰੀ, (ਮਾਸਟਰ ਭਜਨ): ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਮਾਸਿਕ ਇਕੱਤਰਤਾ, ਅਕਤੂਬਰ ਦੇ ਤੀਜੇ ਸ਼ਨਿਚਰਵਾਰ, ਜੈਂਸਿਸ ਸੈਂਟਰ ਵਿਖੇ, ਔਰਤਾਂ ਦੇ ਭਰਵੇਂ ਇਕੱਠ ਵਿੱਚ ਹੋਈ। ਇਸ ਵਿੱਚ ਆਮ ਬੀਮਾਰੀਆਂ ਤੇ ਜਾਣਕਾਰੀ ਦੇਣ ਲਈ ਡਾ. ਜਗਜੀਤ ਸਿੰਘ ਆਹਲੂਵਾਲੀਆ ਨੂੰ ਵਿਸ਼ੇਸ਼ ਸੱਦਾ ਦਿੱਤਾ ਗਿਆ ਸੀ। ਸੋਸ਼ਲ ਵਰਕਰ ਪੁਨੀਤਾ ਨੇ ਵੀ ਇਸ ਮੀਟਿੰਗ ਵਿੱਚ ਸ਼ਿਰਕਤ ਕੀਤੀ। ਸਭਾ ਦੀ ਕਾਰਵਾਈ ਸ਼ੁਰੂ ਕਰਦਿਆਂ, ਜਨਰਲ ਸਕੱਤਰ ਗੁਰਦੀਸ਼ ਕੌਰ ਗਰੇਵਾਲ ਨੇ, ਨਵੇਂ ਮੈਂਬਰਾਂ–ਅਮਰਜੀਤ ਹਾਂਸ, ਗਿਆਨ ਕੌਰ, ਗੁਲਵਿੰਦਰ ਕੌਰ ਤੇ ਮਨਜੀਤ ਕੌਰ ਸੇਖੋਂ ਦਾ ਸਭਾ ਵਲੋਂ ਸੁਆਗਤ ਕਰਦਿਆਂ, ਸਭ ਨੂੰ 'ਜੀ ਆਇਆਂ' ਕਿਹਾ। ਇਸ ਮਹੀਨੇ ਦੇ ਤਿਉਹਾਰ–ਦੁਸਹਿਰਾ, ਦੀਵਾਲੀ ਤੇ ਬੰਦੀ ਛੋੜ ਦਿਵਸ ਦੀ ਵਧਾਈ ਦੇਣ ਬਾਅਦ, ਉਹਨਾਂ ਆਪਣੀ ਲਿਖੀ ਇੱਕ ਛੋਟੀ ਜਿਹੀ ਕਵਿਤਾ–'ਅੱਜ ਤਾਂ ਇਸ ਤੋਂ ਕਿਤੇ ਵੱਧ ਖਤਰਨਾਕ ਨੇ ਰਾਵਣ' ਸੁਣਾ ਕੇ ਅਜੋਕੇ ਕੌੜੇ ਸੱਚ ਦੀ ਬਾਤ ਪਾਈ। ਦਿਲਵਾਕ ਫਾਊਂਡੇਸ਼ਨ ਤੋਂ ਆਈ ਪੁਨੀਤਾ ਨੇ ਲਿੰਗ ਬਰਾਬਰਤਾ ਦੀ ਗੱਲ ਕਰਦਿਆਂ 'ਵੂਮੈਨ ਇੰਪਾਵਰਮੈਂਟ' ਤੇ ਜ਼ੋਰ ਦਿੱਤਾ ਅਤੇ ਔਰਤਾਂ ਨੂੰ ਆਪਣੇ ਅੰਦਰ ਛੁਪੀ ਹੋਈ ਅਥਾਹ ਸ਼ਕਤੀ ਨੂੰ ਜਗਾਉਣ ਦਾ ਸੱਦਾ ਦਿੱਤਾ।


ਡਾ. ਆਹਲੂਵਾਲੀਆ ਨੇ ਡਾਇਬਟੀਜ਼, ਬਲੱਡ ਪ੍ਰੈਸ਼ਰ, ਕਲੈਸਟਰੌਲ ਤੇ ਦਿੱਲ ਦੇ ਰੋਗਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਕਿਹਾ ਕਿ–ਇਹਨਾਂ ਬੀਮਾਰੀਆਂ ਲਈ ਅਸੀਂ ਖੁਦ ਜ਼ਿੰਮੇਵਾਰ ਹਾਂ। ਸਾਡਾ ਸਰੀਰ ਸਾਨੂੰ ਬੀਮਾਰੀ ਦੇ ਸ਼ੁਰੂ ਹੋਣ ਤੇ ਹੀ ਸੰਕੇਤ ਦਿੰਦਾ ਹੈ ਪਰ ਅਸੀਂ ਉਸ ਵੱਲ ਧਿਆਨ ਨਹੀਂ ਦਿੰਦੇ। ਡਾਲਰ ਕਮਾਉਣ ਦੇ ਚੱਕਰਾਂ ਵਿੱਚ ਅਸੀਂ ਲੋਕ 'ਬੌਡੀ' ਦੀ ਕੋਈ ਗੱਲ ਸੁਣਦੇ ਹੀ ਨਹੀਂ– ਸਗੋਂ ਕੰਮ ਦਾ ਸਟਰੈਸ ਹੋਰ ਵਧਾ ਦਿੰਦੇ ਹਾਂ। ਮੈਡੀਕਲ ਸਾਇੰਸ ਰਾਹੀਂ ਉਹਨਾਂ ਬੀਮਾਰੀਆਂ ਦੇ ਕਾਰਨ ਤੇ ਉਹਨਾਂ ਦੀ ਰੋਕ ਥਾਮ ਤੇ ਚਾਨਣਾ ਪਾਇਆ। ਪੌਸ਼ਟਿਕ ਖੁਰਾਕ ਦੇ ਨਾਲ, ਪੂਰੀ ਨੀਂਦ ਤੇ ਖੁੱਲ੍ਹੀ ਹਵਾ ਵਿੱਚ ਸੈਰ ਜਾਂ ਕਸਰਤ ਕਰਨ ਤੇ ਜ਼ੋਰ ਦਿੱਤਾ। ਉਹਨਾਂ ਕੋਲਡ ਡਰਿੰਕਸ, ਸ਼ੂਗਰ, ਰਿਫਾਈਂਡ ਤੇਲ, ਮਿਠਾਈਆਂ, ਤਲੀਆਂ ਚੀਜ਼ਾਂ ਤੇ ਫਾਸਟ ਫੂਡ ਬੰਦ ਕਰਕੇ–ਤਾਜ਼ੇ ਫਲ, ਸਬਜ਼ੀਆਂ, ਦਾਲਾਂ, ਗੁੜ ਸ਼ੱਕਰ, ਫਾਈਬਰ ਤੇ ਔਲਿਵ ਆਇਲ ਵਰਤਣ ਦੀ ਸਲਾਹ ਦਿੱਤੀ।

ਗੁਰਚਰਨ ਥਿੰਦ ਨੇ ਸਭਾ ਨੂੰ ਇਹ ਦੱਸਦਿਆਂ ਖ਼ੁਸ਼ੀ ਮਹਿਸੂਸ ਕੀਤੀ ਕਿ– ਐਕਸ਼ਨ ਡਿਗਨਿਟੀ ਪ੍ਰੋਜੈਕਟ ਤਹਿਤ ਬਾਕੀ ਸਭਾਵਾਂ ਨਾਲ, ਸਾਡੀ ਸਭਾ ਦੇ ਦੋ ਮੈਂਬਰ– ਸਰਬਜੀਤ ਉੱਪਲ ਤੇ ਹਰਮਿੰਦਰ ਕੌਰ ਚੁੱਘ ਵੀ ਟਰੇਨਿੰਗ ਕਰਕੇ ਆਈਆਂ ਹਨ। ਇਹਨਾਂ ਦੋਹਾਂ ਨੇ ਵੀ, 3 ਮਹੀਨੇ ਚੱਲੀ ਇਸ ਵਰਕਸ਼ਾਪ ਰਾਹੀਂ 'ਡੋਮੈਸਟਿਕ ਵਾਇੰਲੈਂਸ' ਸਬੰਧੀ ਜੋ ਜਾਣਕਾਰੀ ਮਾਹਿਰਾਂ ਤੋਂ ਹਾਸਲ ਕੀਤੀ– ਉਸ ਤੋਂ ਵੇਰਵੇ ਸਹਿਤ ਸਭ ਨੂੰ ਜਾਣੂ ਕਰਵਾਇਆ। ਰਚਨਾਵਾਂ ਦੇ ਦੌਰ ਵਿੱਚ–ਮਨਜੀਤ ਕੌਰ ਸੇਖੋਂ ਨੇ ਸ਼ੇਅਰ, ਇੱਕਬਾਲ ਭੁੱਲਰ ਨੇ ਭਾਵਪੂਰਤ ਗਜ਼ਲ, ਸੁਰਿੰਦਰ ਕੌਰ ਸੰਧੂ ਨੇ ਕਵਿਤਾ 'ਧੀ ਧਿਆਣੀ' ਤੇ ਲੰਬੀ ਹੇਕ ਦਾ ਗੀਤ, ਸਤਵਿੰਦਰ ਕੌਰ ਫਰਵਾਹਾ ਨੇ ਟੱਪੇ, ਹਰਚਰਨ ਬਾਸੀ ਨੇ ਮਾਂ ਬੋਲੀ ਦੇ ਸਤਿਕਾਰ ਦੀ ਕਵਿਤਾ, ਸੁਰਿੰਦਰ ਬੈਨੀਪਾਲ ਨੇ ਸ਼ੇਅਰ ਅਤੇ ਸੁਰਿੰਦਰਜੀਤ ਵਿਰਦੀ ਨੇ ਚੁੱਟਕਲਾ ਸੁਣਾ ਕੇ ਮਹੌਲ ਖੁਸ਼ਗਵਾਰ ਬਣਾ ਦਿੱਤਾ। ਅੰਤਲੇ ਸਮੇਂ ਵਿੱਚ ਗੁਰਦੀਸ਼ ਕੌਰ ਨੇ, ਖਚਾ ਖਚ ਭਰੇ ਹਾਲ ਨੂੰ ਦੇਖਦਿਆਂ ਸੰਸਥਾ ਦੇ ਪਰਿਵਾਰ ਦੇ ਦਿਨੋਂ ਦਿਨ ਵੱਡਾ ਹੋਣ ਤੇ ਖੁਸ਼ੀ ਜ਼ਾਹਿਰ ਕੀਤੀ। ਉਹਨਾਂ 3 ਨਵੰਬਰ ਨੂੰ, ਬਾਅਦ ਦੁਪਹਿਰ ਇੱਕ ਵਜੇ ਤੋਂ ਸਾਢੇ ਚਾਰ ਵਜੇ ਤੱਕ, ਵਾਈਟਹੌਰਨ ਕਮਿਊਨਿਟੀ ਸੈਂਟਰ ਵਿਖੇ ਹੋ ਰਹੇ ਸਭਾ ਦੇ ਚੌਥੇ ਸਾਲਾਨਾ ਸਮਾਗਮ ਦੀ ਸੂਚਨਾ ਦਿੱਤੀ– ਜਿਸ ਵਿੱਚ ਸਭ ਨੂੰ ਭਰਵੀਂ ਹਾਜ਼ਰੀ ਨਾਲ ਪਰਿਵਾਰਾਂ ਸਮੇਤ ਪੁੱਜਣ ਦਾ ਖੁਲ੍ਹਾ ਸੱਦਾ ਅਤੇ ਸਹਿਯੋਗ ਦੇਣ ਦੀ ਬੇਨਤੀ ਕੀਤੀ। ਵਧੇਰੇ ਜਾਣਕਾਰੀ ਲਈ– ਬਲਵਿੰਦਰ ਕੌਰ ਬਰਾੜ 403 590 9629, ਗੁਰਚਰਨ ਥਿੰਦ 403 402 9635 ਜਾਂ ਗੁਰਦੀਸ਼ ਕੋਰ ਗਰੇਵਾਲ ਨਾਲ 403 404 1450 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਨਕੁਲ ਸਿੰਘ ਸਾਹਨੀ ਦੀ ਮੂਵੀ 'ਮੁਜ਼ੱਫਰਨਗਰ ਬਾਕੀ ਹੈ...'

## ਕੈਲਗਰੀ ਵਿੱਚ 15 ਨਵੰਬਰ ਨੂੰ ਦਿਖਾਈ ਜਾਵੇਗੀ !

ਕੈਲਗਰੀ, (ਮਾਸਟਰ ਭਜਨ): ਉੱਘੇ ਡਾਕੂਮੈਂਟਰੀ ਮੂਵੀ ਨਿਰਦੇਸ਼ਕ ਨਕੁਲ ਸਿੰਘ ਸਾਹਨੀ ਦੀ ਪ੍ਰਸਿੱਧ ਡਾਕੂਮੈਂਟਰੀ 'ਮੁਜ਼ੱਫਰਨਗਰ ਬਾਕੀ ਹੈ...' ਕੈਲਗਰੀ ਵਿੱਚ 15 ਨਵੰਬਰ ਦਿਨ ਸ਼ੁੱਕਰਵਾਰ ਨੂੰ ਦਿਖਾਈ ਜਾਵੇਗੀ। ਇਹ ਮੂਵੀ ਪ੍ਰੌਗਰੈਵਿ ਕਲਚਰਲ ਐਸੋਸੀਏਸ਼ਨ ਕੈਲਗਰੀ ਤੇ ਅਦਾਰਾ ਸਿੱਖ ਵਿਰਸਾ ਇੰਟਰਨੈਸ਼ਨਲ ਦੇ ਸਹਿਯੋਗ ਨਾਲ ਦਿਖਾਈ ਜਾਵੇਗੀ। ਇਸ ਸਬੰਧੀ ਜਾਣਾਕਾਰੀ ਦਿੰਦੇ ਹੋਏ ਮਾਸਟਰ ਭਜਨ ਸਿੰਘ ਨੇ ਦੱਸਿਆ ਕਿ ਇਸ ਮੂਵੀ ਦਾ ਸ਼ੋਅ ਬਿਲਕੁਲ ਮੁਫਤ ਹੋਵੇਗਾ ਅਤੇ ਇਹ ਮੂਵੀ ਫਾਲਕਨਰਿਜ਼ ਕਮਿਉਨਿਟੀ ਹਾਲ ਵਿੱਚ 15 ਨਵੰਬਰ ਨੂੰ ਸ਼ਾਮ 5 ਤੋਂ 7 ਵਜੇ ਤੱਕ ਦਿਖਾਈ ਜਾਵੇਗੀ। ਯਾਦ ਰਹੇ ਨਕੁਲ ਸਾਹਨੀ ਵਲੋਂ ਇਹ ਮੂਵੀ ਭਾਰਤੀ ਸੂਬੇ ਯੂਪੀ ਦੇ ਸ਼ਹਿਰ ਮੁਜ਼ੱਫਰਨਗਰ ਵਿੱਚ 2013 ਵਿੱਚ ਹੋਏ ਹਿੰਦੂ–ਮੁਸਲਿਮ ਦੰਗਿਆਂ (ਕਤਲੇਆਮ) ਅਧਾਰਿਤ ਹੈ। ਜਿਸ ਵਿੱਚ 100 ਦੇ ਕਰੀਬ ਵਿਅਕਤੀ ਮਾਰੇ ਗਏ ਸਨ ਤੇ 50 ਹਜ਼ਾਰ ਤੋਂ ਵੱਧ ਲੋਕ ਪ੍ਰਭਾਵਿਤ ਹੋਏ ਸਨ ਅਤੇ ਕਰੋੜਾਂ ਦੀ ਜਾਇਦਾਦ ਤਬਾਹ ਹੋਈ ਸੀ। ਇਸ ਤੋਂ ਪਹਿਲਾਂ ਨਕੁਲ ਵਲੋਂ ਜਾਤ–ਪਾਤ, ਔਰਤਾਂ ਦੇ ਹੱਕਾਂ, ਅਣਖ ਦੇ ਨਾਮ ਤੇ ਕਤਲ, ਕਿਰਤੀਆਂ ਦੇ ਹੱਕਾਂ ਆਦਿ ਵਿਸ਼ਿਆਂ ਤੇ 'ਇੱਜ਼ਤ ਨਗਰੀ ਦੀਆਂ ਅਸੱਭਿਆ ਬੇਟੀਆਂ', 'ਕੈਰਾਨ ਆਫਟਰ ਦੀ ਹੈਡਲਾਈਨਜ਼', 'ਸਵਿਤਰੀਜ਼ ਸਿਸਟਰਜ਼' ਵਰਗੀਆਂ ਵੱਖ–ਵੱਖ ਸਮਾਜਿਕ ਵਿਸ਼ਿਆਂ ਨਾਲ ਸਬੰਧਤ ਡਾਕੂਮੈਂਟਰੀਆਂ ਬਣਾਈਆਂ ਜਾ ਚੁੱਕੀਆਂ ਹਨ। ਦੋਨੋਂ ਸੰਸਥਾਵਾਂ ਵਲੋਂ ਸਾਰੇ ਦਰਸ਼ਕਾਂ ਨੂੰ ਇਹ ਮੂਵੀ ਦੇਖਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਇਸ ਸਬੰਧੀ ਹੋਰ ਜਾਣਕਾਰੀ ਜਲਦੀ ਸਾਂਝੀ ਕੀਤੀ ਜਾਵੇਗੀ।




ਪ੍ਰੋਗਰੈਸਿਵ ਕਲਚਰਲ ਸੈਂਟਰ ਸਰੀ (ਬੀ.ਸੀ.)

ਅਗਾਂਹਵਧੂ ਕਮਿਊਨਿਟੀ ਦਾ ਸਿਰਫ਼ ਇਕੋ ਇਕ ਹਾਲ

ਇਸ ਹਾਲ ਵਿਚ ਤੁਸੀਂ ਹਰ ਕਿਸਮ ਦੀਆਂ ਮੀਟਿੰਗਾਂ, ਬੁੱਕ ਰਿਲੀਜ, ਕ੍ਰਿਸਮਿਸ ਪਾਰਟੀ, ਸਾਵਰ ਪਾਰਟੀ, ਬਰਥਡੇ ਪਾਰਟੀ, ਲੇਡੀਜ਼ ਪਾਰਟੀ ਜਾਂ ਮਾਈਆਂ ਵਗੈਰਾ ਤਕਰੀਬਨ 100 ਬੰਦਿਆਂ ਤੱਕ ਦੀ ਪਾਰਟੀ ਕਰ ਸਕਦੇ ਹੋ।
ਪਾਰਕ ਦੀ ਕੋਈ ਸਮੱਸਿਆ ਨਹੀਂ। ਇਸ ਦੇ ਕਿਰਾਏ ਦੇ ਰੇਟ ਬਿਲਕੁਲ ਵਾਜਬ ਹਨ।
ਇਹ ਹਾਲ ਲੋਕਾਂ ਦਾ ਹੈ ਤੇ ਲੋਕਾਂ ਲਈ ਹੈ।

ਹੋਰ ਜਾਣਕਾਰੀ ਲਈ, ਤੁਸੀਂ ਬੇਝਿਜਕ ਕਿਸੇ ਸਮੇਂ ਵੀ ਫੋਨ ਕਰ ਸਕਦੇ ਹੋ।

# 126, 7536-130 ਸਟਰੀਟ ਸਰ੍ਹੀ ਬੀ.ਸੀ.

ਪਰਮਿੰਦਰ ਕੌਰ ਸਵੈਚ 604-760-4794 | Email : pswaich@hotmail.com
ਮੱਖਣ ਦੁਸਾਂਝ : 778-251-6010 | Email : makhan.dosanjh55gmail.com



ESTATEVIEW®
(Real Estater & Property Management)

Baljinder Bath
Real Estate Associate


Baljinder Bath

Our Brokerage provides Following Services :
All Kind of Real Estate Services

REAL ESTATE
- Help Buyer / Seller
- Free Home Evaluations
- Commercial Buy / Sell / Lease
- Builders / Developers / Investors

PROPERTY MANAGEMENT
- Find Tenants, Collect Rents
- Take Care of Service Calls
- Manage Condo Corporation / Boards
- Non Resident Canadians' NR4 Tax Handling

403-402-6700
E: baljinderbath@yahoo.com

Brokerage Office : 403-400-0000
# 601 - 4656 Westwinds Dr NE
Calgary, AB T3J 3Z5

All our Realtors / Property Managers are Professionally Trained & Licensed
Not All Associates Provide all services. Please contact Associate to find out more.




BLACK ICE
Auto Detailing

Lucky Dadrah
Cell : 403-404-0751
Tel : 587-896-1838
Email : blackiceautodetailing@gmail.com
Unit G 3515 32 ST NE, Calgary - AB T1Y 5Y9
www.blackiceautodetailing.com

GET YOUR CAR DETAILING DONE IN PROFESSIONAL WAY
- Exterior Hand Wash & Dry
- Complete Interior Vaccum
- Clean All Windows Including Trunk
- Engine Wash, Tires & Wheels
- Wax & Polish
- Remove Scratches & Shampoo






SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com



Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in

IMMIGRATION
Applications for Family Class and APPEALS, Skilled Workers, Investors, Refugee Claims

REAL ESTATE
Buying and Selling Commercial and Residential Land Development Condominium Projects
WILLS & ESTATE
CRIMINAL LAW

SMALL BUSINESS
Buying and Selling Franchises, Shareholder Agreements and Incorporations
FORMATION OF PUBLIC COMPANIES

PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.

* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

# ਮਰੀ ਹੋਈ ਕੌਮ ਦੀਆਂ ਨਿਸ਼ਾਨੀਆਂ

28-29 ਸਤੰਬਰ 2019 ਜਾਣੀ ਕੇ ਸਤੰਬਰ ਦੇ ਅਖੀਰਲੇ ਹਫਤੇ ਓਨਟੈਰੀਓ ਖਾਲਸਾ ਦਰਬਾਰ, ਡਿਕਸੀ ਰੋਡ ਗੁਰਦਵਾਰਾ ਮਿਸੀਸਾਉਗਾ ਵਿਖੇ, ਵਰਲਡ ਸਿੱਖ ਓਰਗਾਨਾਈਜ਼ੇਸ਼ਨ ਵਲੋਂ, ਗੁਰੂ ਨਾਨਕ ਸਾਹਿਬ ਦੇ 550ਵੇਂ ਪੁਰਬ ਨੂੰ ਸਮ੍ਰਪਤ ਦੋ ਰੋਜ਼ਾ ਕਾਨਫ੍ਰੰਸ ਅਜੋਯਤ ਕੀਤੀ ਗਈ। ਦੂਰੋਂ ਦੂਰੋਂ ਬੁਲਾਰੇ ਬੁਲਾਏ ਗਏ ਪਰ ਸੁਣਨ ਲਈ ਨੇੜਿਓਂ ਉਠ ਕੇ ਵੀ ਸਰੋਤੇ ਨਹੀਂ ਆਏ। ਸੁਭਾ 10 ਵਜੇ ਸਮਾਗਮ ਦੀ ਸ਼ੁਰੂਆਤ ਸੀ ਪਰ ਗਿਆਰਾਂ ਵਜੇ ਤਕ, ਜ਼ਿਮਹਾਲ ਜੋ ਬਹੁਤ ਹੀ ਸੁੰਦਰ ਤਰੀਕੇ ਨਾਲ ਸ਼ਿਗਾਰਿਆ ਹੋਇਆ ਸੀ, ਨਕੋ ਨੱਕ ਭਰਿਆ ਨਹੀਂ ਸਗੋਂ ਬਿਲਕੁੱਲ ਖਾਲੀ ਸੀ। ਧੰਨਵਾਦੀ ਹਾਂ ਪ੍ਰਬੰਧਕੀ ਕਮੇਟੀ ਦਾ ਜਿਸਨੇ ਨੇ ਇਸ ਸਾਰੇ ਸਮਾਗਮ ਨੂੰ ਟੈਲੀਕਾਸਟ ਕਰਨ ਲਈ ਵਿਸ਼ੇਸੇ ਪ੍ਰਬੰਧ ਕੀਤਾ। ਵੱਖਰੀ ਵੱਖਰੀ ਨੁਕਰੇ ਚਾਰ-ਪੰਜ ਕੈਮਰੇ ਫਿਟ ਕੀਤੇ ਗਏ ਅਤੇ ਚਾਰ ਪੰਜ ਕੈਮਰਾ ਮੈਨ ਦੀ ਟੀਮ ਬਾਰ ਬਾਰ ਸਾਉਂਡ ਸਿਸਟਮ ਦੀ ਚੈਕਿੰਗ ਕਰ ਰਹੀ ਸੀ ਪਰ ਵੱਡੇ ਹਾਲ ਵਿਚ ਲੱਗੀਆਂ ਕੁਰਸੀਆਂ ਵਿਚੋਂ ਸਿਰਫ 60-70 ਕੁਰਸੀਆਂ ਤੇ ਲੋਕ ਬੈਠੇ ਸਨ ਬਾਕੀ ਖਾਲੀ ਪਈਆਂ ਕੁਰਸੀਆਂ ਸਿੱਖ ਕੌਮ ਨੂੰ ਮਿਹਣੇ ਮਾਰ ਰਹੀਆਂ ਸਨ। ਲੰਗਰ ਹਾਲ ਵਿਚ 12 ਵਜੇ ਤੋਂ ਲੈ ਕੇ 2 ਵਜੇ ਤਕ 200ਦੇ ਕਰੀਬ ਲੋਕ ਪ੍ਰਸ਼ਾਦਾ ਛੱਕਣ ਲਈ ਚੌਂਕੜੇ ਮਾਰੀ ਬੈਠੇ ਸਨ ਤੇ ਜਲਦੀ ਨਾਲ ਲੰਗਰ ਛੱਕ ਕੇ ਵਾਹ ਗੁਰੂ ਵਾਹ ਗੁਰੂ ਕਰਦੇ ਲੋਕ ਘਰਾਂ ਨੂੰ ਜਾ ਰਹੇ ਸਨ ਪਰ ਕਿਸੇ ਦੇ ਕੰਨ ਤੇ ਜੂੰ ਵੀ ਨਹੀਂ ਸਰਕੀ ਕੇ ਜ਼ਿਮਹਾਲ ਵਿਚ ਜਾ ਕੇ ਗੁਰੂ ਬਾਬੇ ਦੇ ਬਾਰੇ ਵੀ ਕੁੱਝ ਸੁਣ ਲਈਏ। ਪ੍ਰਬੰਧਕੀ ਕਮੇਟੀ ਦੇ ਸ਼ਲਾਘਾ ਯੋਗ ਉਦਮ ਦੇ ਬਾਵਜੂਦ, ਅਖਬਾਰਾਂ ਅਤੇ ਰੈਡੀਓ ਰਾਹੀਂ ਬਾਰ ਬਾਰ ਗੁਰੂ ਨਾਨਕ ਪਿਤਾ ਜੀ ਦੇ 550ਵੇਂ ਪੁਰਬ ਨੂੰ ਸਮ੍ਰਪਤ ਪ੍ਰੋਗਰਾਮ ਦੀ ਸੂਚਨਾ ਦੇਣ ਦੇ ਬਾਵਜੂਦ ਵੀ ਸਿੱਖ ਕੌਮ ਗਿਆਨ ਪ੍ਰਾਪਤ ਕਰਨ ਲਈ ਆਪਣੇ ਘਰਾਂ ਵਿਚੋਂ ਬਾਹਰ ਨਹੀਂ ਆਈ।

ਇਸੇ ਤਰ੍ਹਾਂ ਜਦੋਂ ਮੈਂ ਆਪਣੀ ਗੱਡੀ ਪਾਰਕ ਕਰਕੇ ਆਪਣੇ ਸੱਦੇ ਤੇ ਆਏ ਦੋਸਤਾਂ ਨੂੰ ਮਨ ਭਾਉਂਦੀਆਂ ਅਤੇ ਇੱਛਾ ਮੁਤਾਬਕ ਕਿਤਾਬਾਂ ਦੇ ਰਿਹਾ ਸਾਂ ਤਾਂ ਇਕ 50-55 ਕੁ ਸਾਲ ਦੀ ਔਰਤ ਆਪਣੀ ਨੂੰਹ ਨਾਲ ਗੱਡੀ ਵਿਚੋਂ ਉਤਰੀ ਤੇ ਮੈਨੂੰ ਕਹਿਣ ਲਗੀ ਕਿ ਵੀਰ ਜੀ ਕੀ ਵੰਡ ਰਹੇ ਹੋ। ਮੈਂ ਉਸ ਔਰਤ ਦੀ ਕਹੀ ਗੱਲ ਵਿਚੋਂ 'ਵੰਡ' ਲਫਜ਼ ਦੀ ਪਕੜ ਕਰਕੇ ਸਮਝ ਗਿਆ ਕਿ ਇਹ ਕਿਤਾਬਾਂ ਮੁਫਤ ਵਿਚ ਭਾਲਦੀ ਹੈ। ਮੈਂ ਫਟਾ ਫੱਟ ਜ਼ਵਾਬ ਦਿੱਤਾ ਕਿ ਭੈਣ ਜੀ ਇਹ ਕਿਤਾਬਾਂ ਸਿੱਖ ਧਰਮ ਬਾਰੇ ਹਨ ਤੇ ਇਕ ਇਕ ਕਿਤਾਬ ਪੰਜ ਪੰਜ ਡਾਲਰ ਦੀ ਹੈ। ਬੱਸ ਫਿਰ ਬਹੁਤੀ ਸਿੱਖ ਕੌਮ ਦੀ ਮਾਨਸਿਕਤਾ ਵਾਲੀ ਗੱਲ ਵਾਪਰੀ ਤੇ ਉਹ ਨੂੰਹ-ਸੱਸ ਦਬਾ ਦੱਬ ਚੱਲਦੀਆਂ ਬਣੀਆਂ। ਮੈਂ ਜ਼ਿਮਹਾਲ ਵਿਚੋਂ 12.15 ਤੇ ਬਾਹਰ ਆਇਆ ਕਿਉਂਕਿ 12.30 ਤੇ ਮੈਂ 'ਦਿਲਾਂ ਦੀ ਸਾਂਝ' ਪ੍ਰੋਗਰਾਮ ਵਿਚ ਭਾਈ ਬਾਲੇ ਵਾਲੀ ਸਾਖੀ ਤੇ ਚਰਚਾ ਕਰਨ ਵਿਚ ਭਾਗ ਲੈਣਾ ਸੀ। ਮੈਂ ਹਾਲੇ ਆਪਣੀ ਗੱਡੀ ਵਿਚ ਬੈਠ ਕੇ ਸਿਰਦਾਰ ਕੁਲਦੀਪ ਸਿੰਘ ਵੈਨਕੂਵਰ ਨੂੰ ਫੂੰਨ ਮਿਲਾ ਹੀ ਰਿਹਾ ਸੀ ਕਿ ਉਹ ਨੂੰਹ-ਸੱਸ ਲੰਗਰ ਵਿਚੋਂ ਪ੍ਰਸ਼ਾਦਿਆਂ ਨੂੰ ਰਗੜਾ ਲਾ ਕੇ ਆਪਣੀ ਗੱਡੀ ਵਿਚ ਬੈਠ ਕੇ ਚੱਲਦੀਆਂ ਬਣੀਆਂ।



ਇਕ ਨੌਜਵਾਨ ਬੁਲਾਰੇ, ਮਨਪ੍ਰੀਤ ਸਿੰਘ ਨੇ ਸਲਾਈਡਜ਼ ਸ਼ੋ ਰਾਹੀਂ ਬਹੁਤ ਹੀ ਵਧੀਆ ਤਰੀਕੇ ਨਾਲ ਗਿਆਨ ਤੋਂ ਸੇਧ ਲੈ ਕੇ ਰਾਜ-ਭਾਗ ਪ੍ਰਾਪਤ ਕਰਨ ਦੀਆਂ ਬਹੁਤ ਸਾਰੀਆਂ ਪੰਗਤੀਆਂ ਗੁਰੂ ਜੀ ਦੀ ਬਾਣੀ ਵਿਚੋਂ ਲੈ ਕੇ ਆਪਣਾ ਪਰਚਾ ਪੜਿਆ। ਜਿਵੇਂ: ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਞਾਣਦਾ॥ ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥੧੩॥ ਪੰਨਾ 74॥ ਇਸ ਰਾਜ ਨੂੰ ਪਾਉਣ ਵਾਸਤੇ ਸਲੋਕ ਵਾਰਾਂ ਤੇ ਵਧੀਕ ਵਿਚੋਂ ਅਗਲਾ ਸਲੋਕ: ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥੨੦॥ ਪੰਨਾ 1412 ਲਿਆ ਗਿਆ। ਇਸ ਵਕਤਾ ਦਾ ਹੋਰ ਸਾਰਾ ਪਰਚਾ ਦਰੁਸਤ ਸੀ ਸਿਰਫ ਇਕ ਦੋ ਗਲਤੀਆਂ ਨੂੰ ਛੱਡ ਕੇ। ਜਿਵੇਂ: ਭਾਈ ਗੁਰਦਾਸ ਜੀ ਦੀਆ ਵਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਸਮਝਣ ਵਾਸਤੇ ਕੁੰਜੀ ਦੱਸਣਾ ਜਦੋਂ ਕਿ ਪਹਿਲੀ ਵਾਰ ਦੀ 48ਵੀਂ ਪਉੜੀ ਹੀ ਗੁਰੂ ਅਰਜਨ ਪਿਤਾ ਦੀ ਸ਼ਹਾਦਤ ਤੋਂ ਬਾਅਦ ਅਤੇ ਛੇਵੇਂ ਪਾਤਸ਼ਾਹ ਦੇ ਗੁਰ ਗੱਦੀ ਤੇ ਬੈਠਣ ਦਾ ਜ਼ਿਕਰ ਕਰਦੀ ਹੈ। ਜਿਵੇ: ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ। ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ। ਇਸ ਤਰ੍ਹਾਂ ਭਾਈ ਗੁਰਦਾਸ ਜੀ ਦੀਆਂ 40 ਵਾਰਾਂ ਵਿਚੋਂ ਘੱਟ ਤੋਂ ਘੱਟ 16 ਇਤਲਾਹਾਂ ਹੋਰ ਮਿਲ ਜਾਂਦੀਆਂ ਹਨ ਜਿੱਥੇ ਹਰਿਗੋਬਿੰਦ ਜੀ ਦਾ ਜ਼ਿਕਰ ਹੋ ਰਿਹਾ ਹੁੰਦਾ ਹੈ। ਇਸਦਾ ਮਤਲਬ ਇਹ ਕੇ ਵਾਰਾਂ ਗੁਰੂ ਅਰਜਨ ਪਾਤਸ਼ਾਹ ਦੇ ਅਕਾਲ ਚਲਾਣਾ ਕਰਨ ਤੋਂ ਬਾਅਦ ਹੀ ਲਿਖੀਆਂ ਗਈਆਂ। ਸੈਦਪੁਰ ਜਾਂ ਐਮਨਾਬਾਅਦ ਵਿਚ ਗੁਰੂ ਨਾਨਕ ਪਿਤਾ ਦਾ ਬਾਬਰ ਨਾਲ ਮੇਲ, ਬਾਬਰ ਨੂੰ ਜਾਬਰ ਕਹਿਣਾ, ਅਤੇ ਬਾਬਰ ਦੀ ਜੇਲ੍ਹ ਵਿਚ ਜਾਣਾ, ਚੱਕੀਆਂ ਦਾ ਆਪੇ ਚੱਲੀ ਜਾਣਾ, ਗੁਰੂ ਨਾਨਕ ਪਾਤਸ਼ਾਹ ਦਾ ਸੱਤ ਮੁੱਠਾਂ ਭੰਗ ਦੀਆਂ ਬਦਲੇ ਬਾਬਰ ਨੂੰ ਸੱਤ ਪੀਹੜੀਆਂ ਦਾ ਰਾਜ-ਭਾਗ ਬਖਸ਼ਣਾ ਇਹ ਸੱਭ ਕੂੜ-ਕਬਾੜ ਹੈ, ਗਲਤ ਹੈ। ਜਦੋਂ ਕੇ ਗੁਰਬਾਣੀ ਵਰ ਤੇ ਸਰਾਪ ਨੂੰ ਮੰਨਦੀ ਹੀ ਨਹੀਂ ਅਤੇ ਗੁਰੂ ਬਾਬਾ ਜੀ ਆਪਣੇ ਸਲੋਕ ਰਾਹੀਂ ਭੰਗ ਬਾਰੇ ਕੀ ਫੁਰਮਾਉਂਦੇ ਹਨ: ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥ ਮੈ ਦੇਵਾਨਾ ਭਇਆ ਅਤੀਤੁ॥ ਕਰ ਕਾਸਾ ਦਰਸਨ ਕੀ ਭੂਖ ॥ ਮੈ ਦਰਿ ਮਾਗਉ ਨੀਤਾ ਨੀਤ ॥੧॥ ਪੰਨਾ 721॥ ਤੇਰਾ ਡਰ ਅਦਬ ਮੇਰੇ ਵਾਸਤੇ ਭੰਗ ਹੈ, ਮੇਰਾ ਮਨ (ਇਸ ਭੰਗ ਨੂੰ ਸਾਂਭ ਕੇ ਰੱਖਣ ਲਈ) ਗੁੱਥੀ ਹੈ। (ਤੇਰੇ ਡਰ-ਅਦਬ ਦੀ ਭੰਗ ਨਾਲ) ਮੈਂ ਨਸ਼ਈ ਤੇ ਵਿਰਕਤ ਹੋ ਗਿਆ ਹਾਂ। ਮੇਰੇ ਦੋਵੇਂ ਹੱਥ (ਤੇਰੇ ਦਰ ਤੋਂ ਖ਼ੈਰ ਲੈਣ ਵਾਸਤੇ) ਪਿਆਲਾ ਹਨ, (ਮੇਰੇ ਆਤਮਾ ਨੂੰ ਤੇਰੇ) ਦੀਦਾਰ ਦੀ ਭੁੱਖ (ਲੱਗੀ ਹੋਈ) ਹੈ, (ਇਸ ਵਾਸਤੇ) ਮੈਂ (ਤੇਰੇ) ਦਰ ਤੇ ਸਦਾ (ਦੀਦਾਰ ਦੀ ਮੰਗ ਹੀ) ਮੰਗਦਾ ਹਾਂ।੧।

ਰਾਜਵਿੰਦਰ ਸਿੰਘ ਰਾਹੀ ਹੋਰਾਂ ਬੜੇ ਸੁਚੱਜੇ ਢੰਗ ਨਾਲ ਸੰਤਾਂ ਮਹਾਂਪੁਰਖਾਂ ਤੇ ਟਿਪਣੀਆਂ ਕੀਤੀਆਂ। ਇਹ ਵੀ ਦੱਸਿਆ ਕਿ ਸਿੱਖਾਂ ਦੀਆਂ ਕੁਬਾਨੀਆਂ ਨੂੰ ਕਿਵੇਂ ਲਕੋ ਕੇ ਪੇਸ਼ ਕੀਤਾ ਜਾਂਦਾ ਹੈ। ਸਿੱਖ ਇਨਕਲਾਬ ਕੁਰਾਹੇ ਕਿਵੇਂ ਪਿਆ ਦੀ ਗੱਲ ਵੀ ਕੀਤੀ ਅਤੇ 'ਸਿੱਖ ਇਨਕਕਲਾਬ ਦੇ ਮੋਢੀ ਗੁਰੂ ਨਾਨਕ' ਪ੍ਰੋ. ਕਿਸ਼ਨ ਸਿੰਘ ਦੀ ਕਿਤਾਬ ਦਾ ਜ਼ਿਕਰ ਵੀ ਕੀਤਾ 'ਸਿੱਖਾਂ' ਲਫਜ਼ ਨੂੰ ਛੱਡ ਕੇ ਭਾਰਤੀ ਇਨਕਲਾਬੀ ਕਹਿ ਕੇ ਗੱਲ ਕਰਨੀ ਜਾਂ ਭਾਰਤੀ ਅਜ਼ਾਦੀ ਦੇ ਯੋਧੇ ਕਹਿਣਾ ਠੀਕ ਨਹੀਂ ਕਿਉਂਕਿ 114-115 ਫਾਸੀ ਦੇ ਰੱਸੇ ਚੁੰਮਣ ਵਾਲਿਆਂ ਵਿਚੋਂ 82 ਸਿੱਖ ਸਨ ਤੇ ਬਾਕੀ ਦੂਜੀਆਂ ਕੌਮਾਂ ਦੇ। ਰਾਹੀ ਜੀ ਨੇ ਇਹ ਵੀ ਦੱਸਿਆ ਕਿ ਇਲਿਮੀਨੇਸ਼ਨ ਅਤੇ ਅਸਿਮੀਲੇਸਨ ਕਿਵੇਂ ਕੀਤਾ ਜਾਂਦਾ ਹੈ। ਅਗਲੇ ਦਿਨ ਭਾਰਤ ਦੀ ਅਜ਼ਾਦੀ ਦਾ ਜ਼ਿਕਰ ਇਨ੍ਹਾਂ ਨੇ ਬੜੇ ਵਿਸਥਾਰ ਵਿਚ ਕੀਤਾ ਜਿਸਦੀ ਸ਼ਲਾਘਾ ਓਟੈਰੀਓ ਖਾਲਸਾ ਦਰਬਾਰ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਬਲ ਨੇ ਕੀਤੀ।

ਡਾ. ਗੁਰਵਿੰਦਰ ਸਿੰਘ ਧਾਲੀਵਾਲ ਵੈਨਕੂਵਰ ਤੋਂ ਵਰਲਡ ਸਿੱਖ ਓਰਗਾਨਾਈਜੇਸ਼ਨ ਦੇ ਸੱਦੇ ਤੇ ਦਰਸ਼ਨ ਦੇਣ ਆਏ ਅਤੇ ਬੜੀਆਂ ਜੋਸ਼ੀਲੀਆਂ ਤਕਰੀਰਾਂ ਰਾਹੀਂ ਗੁਰੂ ਨਾਨਕ ਪਾਤਸ਼ਾਹ ਦੇ ਮਿਸ਼ਨ ਦਾ ਵਿਸਥਾਰ ਪੂਰਵਕ ਵਰਨਣ ਕੀਤਾ। ਇਹ ਵੀ ਜ਼ਿਕਰ ਕਰਨਾ ਬਣਾਦਾ ਹੈ ਕਿ ਇਨ੍ਹਾਂ ਨੇ ਇੰਦੂ ਭੂਸ਼ਨ ਬੈਨਰਜੀ ਦੀ ਕਿਤਾਬ ਖਾਲਸੇ ਦੀ ਉਤਪਤੀ, ਹਰੀ ਰਾਮ ਗੁਪਤਾ ਅਤੇ ਗੋਕਲ ਚੰਦ ਨਾਰੰਗ ਦੀਆਂ ਲਿਖਤਾਂ ਦਾ ਜ਼ਿਕਰ ਵੀ ਕੀਤਾ। ਹਰੀਰਾਮ ਗੁਪਤਾ ਤਾਂ ਆਪਣੀਆਂ ਲਿਖਤਾਂ ਵਿਚ ਗੁਰੂ ਗੋਬਿੰਦ ਸਿੰਘ ਨੂੰ ਗੁਰੂ ਗੋਬਿੰਦ ਦਾਸ ਹੀ ਲਿਖਦਾ ਹੈ। ਲਾਲਾ ਦੌਲਤ ਰਾਇ, ਜੋ ਆਰੀਆਸਮਾਜੀ ਹੈ, ਦੀ ਕਿਤਾਬ ਸਾਹਿਬੇ ਕਮਾਲ ਦਾ ਵੀ ਵਿਸਥਾਰ ਵਿਚ ਜਾ ਕੇ ਜ਼ਿਕਰ ਕੀਤਾ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਬਾਰੇ ਅਪਮਾਨ ਜਨਕ ਟਿਪਣੀਆਂ ਦਾ ਵੀ ਪੋਲ ਖੋਲਿਆ ਗਿਆ। ਅੰਤ ਵਿਚ ਬਲਦੇਵ ਸਿੰਘ ਸੜਕਨਾਮੇ ਦੀ ਨਵੀ ਕਿਤਾਬ, ਸੂਰਜ ਦੀ ਅੱਖ ਜਿਸ ਨੂੰ ਵੈਨਕੂਵਰ ਦੇ ਇਕ ਗਰੁਪ ਨੇ 25 ਹਜ਼ਾਰ ਡਾਲਰ ਦੇ ਇਨਾਮ ਨਾਲ ਨਿਵਾਜਿਆ, ਦੇ ਬਹੁਤ ਸਾਰੇ ਪੰਨਿਆਂ ਦਾ ਹਵਾਲਾ ਦੇ ਕੇ ਦੱਸਿਆ ਕਿ ਇਹ ਕਿਤਾਬ ਵਿਚ ਖਾਲਸਾ ਰਾਜ ਬਾਰੇ ਕੀ ਕੂੜ-ਕਬਾੜ ਲਿਖਿਆ ਗਿਆ ਹੈ। ਅੰਤ ਵਿਚ ਸਰੋਤਾ ਜਨਾਂ ਦੇ ਸਵਾਲਾਂ ਦੇ ਜਵਾਬ ਦੇ ਕੇ ਫਤਿਹ ਬੁਲਾ ਕੇ ਸਮਾਗਮ ਦੀ ਸਮਾਪਤੀ ਕੀਤੀ ਗਈ। ਕਿਸੇ ਗੁਰਦਵਾਰਾ ਦੀ ਕਮੇਟੀ ਨੇ ਦੋ ਦਿਨ ਪੂਰਾ ਪ੍ਰੋਗਰਾਮ ਸੁਣਿਆ ਹੋਵੇ ਇਹ ਮੈਂ ਆਪਣੀਆਂ ਅੱਖਾਂ ਨਾਲ ਪਹਿਲੀ ਵਾਰ ਦੇਖਿਆ ਹੈ ਅਤੇ ਸ਼ਲਾਘਾ ਕਰਨੀ ਬਣਦੀ ਹੈ।

ਮੈਂ ਫਿਰ ਇਕਵਾਰ ਸਿੱਖ ਸੰਗਤਾਂ ਨੂੰ ਹੱਥ ਬੰਨ ਕੇ ਅਪੀਲ ਕਰਦਾ ਹਾਂ ਕਿ ਜਦੋਂ ਕਦੇ ਵੀ ਐਸੇ ਮੌਕੇ ਆਉਂਦੇ ਹਨ ਜਿੱਥੇ ਕੁੱਝ ਸਿੱਖਣ ਨੂੰ ਮਿਲੇ ਜਰੂਰ ਜਾਓ। ਜੇਕਰ ਆਪਾਂ ਕੁੱਝ ਸਿੱਖਾਂਗੇ ਨਹੀਂ ਤਾਂ ਅੱਜ ਵੀ ਮਰੇ ਤੇ ਕੱਲ੍ਹ ਵੀ ਮਰੇ।

**ਗੁਰੂ ਦੇ ਪੰਥ ਦਾ ਦਾਸ,**
**ਗੁਰਚਰਨ ਸਿੰਘ ਜਿਉਣ ਵਾਲਾ#**
647 966 3132, 810 449 1079

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
DR. J.S. BAINS & ASSOCIATES-(OPTOMETRY)
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
- Complete Eye Exam ਨਜ਼ਰ ਦੀ ਪੂਰੀ ਜਾਂਚ
- Ocular Health Assessment ਅੱਖਾਂ ਦੀ ਅੰਦਰਲੀ ਜਾਂਚ
- Contact Lenses ਕਾਂਨਟੈਕਟ ਲੈਨਜ਼ ਲਗਾਉਣੇ
Jaswinder S Bains, Ph.D., OD.
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Every Monday, 9:30 to 5:00 pm at Dr. Pardeep Dhillon Optometric Corporation
7110 120 St, #102,
Surrey, BC V3W 3M8
604-635-0155

Amandeep Gill
Financial Security Advisor
offering Life, Health,
Group Insurance and Investments
Desjardins
Financial Security®
Independent Network
FINANCIAL SERVICES
- Life Insurance (WL, UL, Term)
- Critical Illness Insurance
- Disability Insurance
- Registered Education Savings Plan (RESP)
- Registered Retirement Savings Plan (RRSP)
- Tax Free Savings Account (TFSA)
- Drug & Dental Plan
- Super Visa Insurance
- Mortgage & Loans
209-5401 Temple Drive N.E.
Calgary, AB T1Y 3R7
Office : 403-455-1720
Cell : 403-919-6962
amandeep.gill@dfsin.ca

Mega Sanjha Punjab
GROCERY STORE
ਭਾਰਤੀ ਅਤੇ ਪਾਕਿਸਤਾਨੀ ਗਰੋਸਰੀ ਦਾ ਭੰਡਾਰ
ਦਾਲਾਂ, ਮਸਾਲੇ, ਆਟਾ, ਖੰਡ, ਤੇਲ, ਦੇਸੀ ਘਿਊ, ਤਾਜ਼ੇ ਫਲ, ਸਬਜ਼ੀਆਂ, ਭਾਂਡੇ ਅਤੇ ਹੋਰ ਵੀ ਬਹੁਤ ਕੁਝ
117 7171 80 Ave NE,
Calgary (Alberta) T3J 0P6
Ph. : 403 475 5777, mega@spgrocery.com
www.spgrocery.com
331-3690 West Winds Drive,
Calgary (Alberta) T3J 5H3
Ph. : 403 266 5200, info@spgrocery.com
www.spgrocery.com

ਅਦਾਰਾ ਸਰੋਕਾਰਾਂ ਦੀ ਆਵਾਜ਼ ਵਲੋਂ ਸਮੂਹ ਕੈਨੇਡਾ ਵਾਸੀਆਂ ਨੂੰ ਮਨਜੀਤ ਧਨੇਰ ਦੀ ਝੂਠੀ ਸਜ਼ਾ ਵਿਰੁੱਧ ਚੱਲ ਰਹੇ ਸੰਘਰਸ਼ ਕਮੇਟੀ ਦੇ ਸੰਘਰਸ਼ ਦੀ ਵੱਧ ਤੋਂ ਵੱਧ ਆਰਥਿਕ ਸਹਾਇਤਾ ਕੀਤੀ ਜਾਵੇ। ਅਸੀਂ ਕੈਲਗਰੀ ਵਿਚ ਮਾ. ਭਜਨ ਅਤੇ ਹਰੀਪਾਲ ਰਾਹੀਂ ਕਾਫ਼ੀ ਸਾਥੀਆਂ ਦੀ ਸਹਾਇਤਾ ਭੇਜਣ 'ਤੇ ਧੰਨਵਾਦ ਕਰਦੇ ਹਾਂ। ਜੋ ਸਾਥੀ ਚੱਲ ਰਹੇ ਸੰਘਰਸ਼ ਦੀ ਸਹਾਇਤਾ ਕਰਨਾ ਚਾਹੁੰਦੇ ਹਨ ਉਹ ਸਰੋਕਾਰਾਂ ਦੀ ਆਵਾਜ਼ ਦੇ ਨੁਮਾਇੰਦਿਆਂ ਰਾਹੀਂ ਜਾਂ ਸਿੱਧੀ ਇਸ ਅਕਾਊਂਟ ਨੰਬਰ 'ਤੇ ਕਰ ਸਕਦੇ ਹਨ।

**Narain Dutt State Bank of india SME Branch Barnala**
**Account No 38410249165**
**Branch code 50027**
**IFSC SBIN 0050027**

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਅਕਤੂਬਰ ਮਹੀਨੇ ਦੀ ਮੀਟਿੰਗ ਵਿੱਚ ਸਾਹਿਤਕ ਤੇ ਸਮਾਜਿਕ ਵਿਸ਼ਿਆਂ ਉੱਤੇ ਉਸਾਰੂ ਗੱਲਬਾਤ ਹੋਈ

## ਕਾਰਜਕਾਰੀ ਕਮੇਟੀ ਵਲੋਂ ਨਵੇਂ ਚੁਣੇ ਅਹੁਦੇਦਾਰਾਂ ਨੂੰ ਆਉਣ ਵਾਲੇ ਦੋ ਸਾਲਾਂ ਲਈ ਜ਼ਿੰਮੇਵਾਰੀ ਸੌਂਪੀ ਗਈ




ਕੈਲਗਰੀ/ਮਾ. ਭਜਨ

ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਅਕਤੂਬਰ ਮਹੀਨੇ ਦੀ ਮੀਟਿੰਗ ਦੀ ਸ਼ੁਰੂਆਤ ਸਭਾ ਦੇ ਸਰਪ੍ਰਸਤ ਜਸਵੰਤ ਸਿੰਘ ਗਿੱਲ ਨੇ ਜਿੱਥੇ ਸਭਾ ਦਾ ਵੀਹ ਸਾਲਾ ਮਾਣਮੱਤੇ ਇਤਿਹਾਸ ਦਾ ਸੰਖੇਪ ਸ਼ਬਦਾਂ ਵਿੱਚ ਵਰਨਣ ਕੀਤਾ ਉਥੇ ਹੀ ਆਉਣ ਵਾਲੇ ਦੋ ਸਾਲਾਂ ਲਈ ਚੁਣੀ ਗਈ ਨਵੀਂ ਕਾਰਜਕਾਰੀ ਕਮੇਟੀ ਦੇ ਅਹੁਦੇਦਾਰਾਂ ਦਾ ਐਲਾਨ ਵੀ ਕੀਤਾ। ਜਿਸ ਵਿੱਚ ਪ੍ਰਧਾਨ ਦਵਿੰਦਰ ਮਲਹਾਂਸ, ਮੀਤ ਪ੍ਰਧਾਨ ਬਲਵੀਰ ਗੋਰਾ, ਜਨਰਲ ਸਕੱਤਰ ਜੋਰਾਵਰ ਬਾਂਸਲ, ਸਕੱਤਰ ਮੰਗਲ ਚੱਠਾ, ਖਜਾਨਚੀ ਗੁਰਲਾਲ ਰੂਪਾਲੋ, ਸਹਿ ਖਜ਼ਾਨਚੀ ਮਹਿੰਦਰਪਾਲ ਐਸ ਪਾਲ, ਮੈਂਬਰ ਹਰੀਪਾਲ, ਤਰਲੋਚਨ ਸੈਂਭੀ, ਬਲਜਿੰਦਰ ਸੰਘਾ, ਰਣਜੀਤ ਸਿੰਘ, ਪਰਮਿੰਦਰ ਰਮਨ ਦੇ ਨਾਵਾਂ ਦਾ ਜ਼ਿਕਰ ਕੀਤਾ। ਸਰਵਸੰਮਤੀ ਨਾਲ ਹੋਈ ਇਸ ਚੋਣ ਦੀ ਸਭ ਨੇ ਸ਼ਲਾਘਾ ਕੀਤੀ ਤੇ ਤਾੜੀਆਂ ਦੀ ਗੂੰਜ ਨਾਲ ਇਸ ਨੂੰ ਸਮਰਥਨ ਦਿੱਤਾ। ਪ੍ਰਧਾਨ ਬਲਜਿੰਦਰ ਸੰਘਾ ਤੇ ਜਨਰਲ ਸਕੱਤਰ ਰਣਜੀਤ ਸਿੰਘ ਵਲੋਂ ਨਵੇਂ ਬਣੇ ਅਹਦੇਦਾਰਾਂ ਨੂੰ ਸਟੇਜ ਤੋਂ ਰਸਮੀ ਢੰਗ ਨਾਲ ਜ਼ਿੰਮੇਵਾਰੀ ਸੌਂਪੀ ਗਈ। ਸਭਾ ਦੀ ਅਗਲੀ ਕਾਰਵਾਈ ਸ਼ੁਰੂ ਕਰਦਿਆਂ ਜਨਰਲ ਸਕੱਤਰ ਜੋਰਾਵਰ ਬਾਂਸਲ ਨੇ ਧੰਨਵਾਦੀ ਸ਼ਬਦਾਂ ਨਾਲ ਸਾਰਿਆਂ ਵਲੋਂ ਸਹਿਯੋਗ ਦੇਣ ਲਈ ਅਪੀਲ ਕੀਤੀ। ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਸਰਪ੍ਰਸਤ ਜਸਵੰਤ ਸਿੰਘ ਗਿੱਲ, ਨਵੇਂ ਪ੍ਰਧਾਨ ਦਵਿੰਦਰ ਮਲਹਾਂਸ, ਸਮਾਜ ਚਿੰਤਕ ਰਜਿੰਦਰ ਕੌਰ ਚੋਹਕਾ ਨੂੰ ਸੱਦਾ ਦਿੱਤਾ। ਅਗਲੀ ਕਾਰਵਾਈ ਵਿੱਚ ਬਲਜਿੰਦਰ ਸੰਘਾ, ਮਹਿੰਦਰਪਾਲ ਐਸ ਪਾਲ, ਗੁਰਦੀਸ਼ ਕੌਰ ਗਰੇਵਾਲ, ਬਲਵੀਰ ਗੋਰਾ, ਤਰਲੋਚਨ ਸੈਂਭੀ ਆਦਿ ਨੇ ਹਾਜ਼ਰੀ ਲਵਾਈ। ਅਖੀਰ ਵਿੱਚ ਸਭਾ ਦੇ ਪ੍ਰਧਾਨ ਦਵਿੰਦਰ ਮਲਹਾਂਸ ਨੇ ਆਏ ਹੋਏ ਹਾਜ਼ਰੀਨ ਦਾ ਧੰਨਵਾਦ ਕੀਤਾ ਤੇ ਅਗਲੇ ਮਹੀਨੇ ਦੀ ਮੀਟਿੰਗ ਜੋ ਕਿ 17 ਨਵੰਬਰ ਨੂੰ ਹੋਣ ਜਾ ਰਹੀ ਹੈ 'ਚ ਆਉਣ ਲਈ ਬੇਨਤੀ ਕੀਤੀ ਹੋਰ ਜਾਣਕਾਰੀ ਲਈ ਪ੍ਰਧਾਨ ਦਵਿੰਦਰ ਮਲਹਾਂਸ ਨੂੰ 403 993 2201 ਅਤੇ ਜਨਰਲ ਸਕੱਤਰ ਜੋਰਾਵਰ ਬਾਂਸਲ ਨੂੰ 587 437 7805 ਤੇ ਸੰਪਰਕ ਕੀਤਾ ਜਾ ਸਕਦਾ ਹੈ।


Shaheed Bhagat Singh Book Centre Calgary

Call Master Bhajan Singh at 403-455-4220 to buy or order books.


ਤੁਸੀਂ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਤੋਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਸਾਹਿਤਕ, ਸਮਾਜਿਕ, ਧਾਰਮਿਕ, ਰਾਜਨੀਤਕ, ਤਰਕਸ਼ੀਲ, ਸਿਹਤ ਸੰਬੰਧੀ, ਕਹਾਣੀਆਂ, ਨਾਵਲ ਆਦਿ ਲੈ ਸਕਦੇ ਹੋ। ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨਾਲ 403-455-4220 'ਤੇ ਸੰਪਰਕ ਕੀਤਾ ਜਾ ਸਕਦਾ ਹੈ।


Trust Your Memories to the Professionals

Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.


We can Also Arrange
Decoration
Party Rentals

Customer satisfaction is our pride!

VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.

403-835-2762 or 29 DREAM (37326)

Special Packages Available For All Occasions

Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

MYBROKERS.CA

* AUTO * HOME * BUSINESS
* COMMERCIAL AUTO
* TRUCKING INSURANCE
* RENTAL PROPERTY





ਕਾਰ, ਘਰ, ਬਿਜਨੈਸ, ਕਮਰਸ਼ੀਅਲ ਆਟੋ, ਟਰੱਕ, ਰੈਂਟਲ ਘਰਾਂ ਦੀ ਇੰਸ਼ੋਰੈਂਸ ਲਈ ਸਾਡੇ ਨਾਲ ਸੰਪਰਕ ਕਰ ਸਕਦੇ ਹੋ

For quotation please call
403-250-8898
#208, 4656 Westwinds Dr. NE Calgary AB (UPSTAIRS)

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ

With all the BENEFITS & REQUIREMENTS

SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage

LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.

Full Refund if Visa Denied, Partial Refund if Return early (with no claim) Ask for more details.

ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।

For More Information Call
HARCHARAN SINGH PARHAR
403-681-8689

Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.

208, 4656-WESTWINDS DR. N.E. CALGARY AB T3J 3Z5

# ਦੋਸ਼ੀ ਪੁਲਿਸ ਮੁਲਾਜ਼ਮਾਂ ਦੀ ਸਜ਼ਾ ਮਾਫ਼ੀ ਦਾ ਫ਼ੈਸਲਾ ਵਾਪਸ ਲਿਆ ਜਾਵੇ - ਜਮਹੂਰੀ ਅਧਿਕਾਰ ਸਭਾ

ਅੱਜ ਪ੍ਰੈੱਸ ਬਿਆਨ ਜਾਰੀ ਕਰਦਿਆਂ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ ਅਤੇ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਨੇ ਕੇਂਦਰ ਸਰਕਾਰ ਵਲੋਂ ਪੰਜਾਬ ਵਿਚ ਅੱਤਵਾਦ ਦੌਰਾਨ ਮਨੁੱਖੀ ਹੱਕਾਂ ਦੇ ਘਾਣ ਦੇ ਦੋਸ਼ੀ ਪੰਜਾਬ ਪੁਲਿਸ ਦੇ 5 ਮੁਲਾਜ਼ਮਾਂ ਦੀ ਸਜ਼ਾ ਰੱਦ ਕਰਨ ਦੇ ਫ਼ੈਸਲੇ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ ਅਤੇ ਇਸ ਨੂੰ ਨਾਗਰਿਕਾਂ ਦੇ ਮਨੁੱਖੀ ਹੱਕਾਂ ਵਿਰੋਧੀ ਖ਼ਤਰਨਾਕ ਰੁਝਾਨ ਕਰਾਰ ਦਿੱਤਾ ਹੈ। ਕੇਂਦਰ ਸਰਕਾਰ ਵੱਲੋਂ ਇਹ ਫ਼ੈਸਲਾ 45 ਪੁਲਿਸ ਮੁਲਾਜ਼ਮਾਂ ਤੇ ਅਫ਼ਸਰਾਂ ਦੀ ਉਸ ਸੂਚੀ ਦੇ ਅਧਾਰ 'ਤੇ ਲਿਆ ਗਿਆ ਜੋ ਪੰਜਾਬ ਸਰਕਾਰ ਵੱਲੋਂ ਇਹਨਾਂ ਨੂੰ ਮਿਲੀਆਂ ਸਜ਼ਾਵਾਂ ਰੱਦ ਕਰਨ ਲਈ ਭੇਜੀ ਗਈ ਸੀ। ਜਿਸ ਦੇ ਮੱਦੇਨਜ਼ਰ ਆਉਣ ਵਾਲੇ ਦਿਨਾਂ ਵਿਚ ਹੋਰ ਦੋਸ਼ੀ ਪੁਲਸ ਅਫਸਰਾਂ ਦੀਆਂ ਸਜ਼ਾਵਾਂ ਵੀ ਰੱਦ ਕੀਤੇ ਜਾਣ ਦੀ ਸੰਭਾਵਨਾ ਹੈ, ਜਿਹਨਾਂ ਵਿਚ ਮਨੁੱਖੀ ਹੱਕਾਂ ਦੇ ਕਾਰਕੁੰਨ ਜਸਵੰਤ ਸਿੰਘ ਖਾਲੜਾ ਦੀ ਹੱਤਿਆ ਦੇ ਦੋਸ਼ੀ ਵੀ ਸ਼ਾਮਲ ਹਨ। ਇਹ ਸਾਰੇ ਮੁਲਾਜ਼ਮ 1980ਵਿਆਂ ਅਤੇ 1990ਵਿਆਂ ਦੇ ਉਸ ਕਾਲੇ ਦੌਰ ਵਿਚ ਖ਼ਾਲਿਸਤਾਨ ਪੱਖੀ ਨੌਜਵਾਨਾਂ ਅਤੇ ਉਹਨਾਂ ਦੇ ਹਮਾਇਤੀਆਂ ਅਤੇ ਇੱਥੋਂ ਤੱਕ ਕਿ ਬਿਲਕੁੱਲ ਬੇਕਸੂਰ ਲੋਕਾਂ ਜਾਂ ਉਹਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਵਾਲੇ ਲੋਕਾਂ ਨੂੰ ਅਗਵਾ ਕਰ ਕੇ ਝੂਠੇ ਪੁਲਸ ਮੁਕਾਬਲਿਆਂ ਰਾਹੀਂ ਜਾਂ ਹੋਰ ਢੰਗਾਂ ਰਾਹੀ ਕਤਲ ਕਰਨ ਜਾਂ ਲਾਪਤਾ ਕਰਨ ਵਰਗੇ ਸੰਗੀਨ ਅਤੇ ਹੈਵਾਨੀਅਤ ਭਰੇ ਜੁਰਮਾਂ ਲਈ ਜ਼ਿੰਮੇਵਾਰ ਹਨ। ਪੰਜਾਬ ਪੁਲਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਵੱਲੋਂ ਨਾ ਸਿਰਫ਼ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਹੱਤਿਆਵਾਂ ਕੀਤੀਆਂ ਗਈਆਂ ਸਗੋਂ ਖ਼ਾਲਸਤਾਨੀ ਅੱਤਵਾਦ ਨਾਲ ਲੜਨ ਦੇ ਨਾਂ ਹੇਠ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਵੱਡੀ ਗਿਣਤੀ ਵਿਚ ਨੌਜਵਾਨਾਂ ਨੂੰ ਦਿਨ-ਦਿਹਾੜੇ ਅਗਵਾ ਕਰਨ ਤੋਂ ਬਾਦ ਮਾਰ ਕੇ ਖ਼ਪਾ ਦਿੱਤਾ ਗਿਆ ਸੀ। ਬਸ਼ੀਰ ਮੁਹੰਮਦ ਨਾਂ ਦੇ ਇੱਕ ਕਥਿਤ ਖਾਲਿਸਤਾਨੀ ਅਤੇ ਉਸ ਦੀ ਪਤਨੀ ਨੂੰ, ਜੋ ਪੰਜਾਬ ਤੋਂ ਭੱਜ ਕੇ ਪੱਛਮੀ ਬੰਗਾਲ ਵਿਚ ਚਲੇ ਗਏ ਸਨ, ਪੁਲਸ ਨੇ ਓਥੇ ਜਾ ਦਬੋਚਿਆ ਅਤੇ ਸੁੱਤਿਆਂ ਪਿਆਂ ਨੂੰ ਹੀ ਗੋਲੀਆਂ ਨਾਲ ਭੁੰਨ ਸੁੱਟਿਆ ਸੀ। ਪੱਛਮੀ ਬੰਗਾਲ ਦੀ ਸਰਕਾਰ ਨੇ ਇਹਨਾਂ ਪੁਲਸੀਆਂ ਉੱਪਰ ਕੇਸ ਚਲਾ ਕੇ ਇਹਨਾਂ ਨੂੰ ਉਮਰ ਕੈਦ ਦੀ ਸਜ਼ਾ ਦਿਵਾਈ ਸੀ ਪਰ ਕੇਂਦਰ ਸਰਕਾਰ ਨੇ ਨਾ ਸਿਰਫ ਉਹਨਾਂ ਦੀ ਸਜ਼ਾ ਰੱਦ ਕਰ ਦਿੱਤੀ ਸਗੋਂ ਉਹਨਾਂ ਨੂੰ ਸਰਕਾਰੀ ਸੇਵਾ ਕਾਲ ਦੇ ਪੂਰੇ ਲਾਭ ਅਤੇ ਤਰੱਕੀਆਂ ਵੀ ਦਿੱਤੀਆਂ। ਇਸ ਕਾਤਿਲ ਪੁਲਸੀ ਗਰੋਹ ਦਾ ਮੁਖੀ ਜੋ ਉਸ ਸਮੇਂ ਇੰਸਪੈਕਟਰ ਸੀ ਬਤੌਰ ਸੀਨੀਅਰ ਪੁਲਸ ਕਪਤਾਨ ਰਿਟਾਇਰ ਹੋਇਆ ਹੈ।

ਉਹਨਾਂ ਕਿਹਾ ਕਿ ਮ੍ਰਿਤਕਾਂ ਦੇ ਵਾਰਿਸਾਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਲਗਾਤਾਰ ਯਤਨਾਂ ਨਾਲ ਕੁਝ ਮਾਮਲਿਆਂ ਵਿਚ ਕਤਲਾਂ ਅਤੇ ਹੋਰ ਜੁਰਮਾਂ ਦੇ ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਸੀਬੀਆਈ ਦੀਆਂ ਵਿਸ਼ੇਸ਼ ਅਦਾਲਤਾਂ ਵੱਲੋਂ ਉਮਰ ਕੈਦ ਜਾਂ ਹੋਰ ਸਜ਼ਾਵਾਂ ਸੁਣਾਈਆਂ ਗਈਆਂ ਸਨ। ਇਨ੍ਹਾਂ ਵਿਚੋਂ 22 ਪੁਲਿਸ ਅਧਿਕਾਰੀ/ ਮੁਲਾਜ਼ਮ ਤਾਂ ਜੇਲ੍ਹਾਂ ਵਿਚ ਬੰਦ ਹਨ ਜਦ ਕਿ 23 ਦੋਸ਼ੀ ਪੁਲਸੀਆਂ ਨੂੰ ਉੱਚ ਅਦਾਲਤਾਂ ਨੇ ਜ਼ਮਾਨਤ ਉੱਪਰ ਰਿਹਾਅ ਕੀਤਾ ਹੋਇਆ ਹੈ ਜਾਂ ਉਹਨਾਂ ਦੀ ਸਜ਼ਾ ਮੁਲਤਵੀ ਕੀਤੀ ਹੋਈ ਹੈ। ਪੰਜਾਬ ਸਰਕਾਰ ਵਲੋਂ ਕਤਲ ਜਾਂ ਹੋਰ ਸੰਗੀਨ ਜੁਰਮਾਂ ਤਹਿਤ ਸਜ਼ਾਯਾਫ਼ਤਾ ਪੁਲਿਸ ਅਫ਼ਸਰਾਂ ਤੇ ਮੁਲਾਜ਼ਮਾਂ ਦੀ ਸਜ਼ਾ ਰੱਦ ਕਰਨ ਦੀ ਸਿਫ਼ਾਰਸ਼ ਕਰਨਾ ਨਾ ਸਿਰਫ਼ ਪੀੜਤ ਪਰਿਵਾਰਾਂ ਨਾਲ ਘੋਰ ਬੇਇਨਸਾਫ਼ੀ ਹੈ ਸਗੋਂ ਇਹ ਪੁਲਸ, ਫੌਜ ਅਤੇ ਨੀਮ ਫੌਜੀ ਬਲਾਂ ਲਈ ਸਪਸ਼ਟ ਸੁਨੇਹਾ ਹੈ ਕਿ ਨਿਆਂ ਪਾਲਿਕਾ ਤੋਂ ਡਰਨ ਦੀ ਲੋੜ ਨਹੀਂ, ਤੁਸੀਂ ਜਿੰਨੇ ਮਰਜ਼ੀ ਕਤਲ, ਅਗਵਾ ਅਤੇ ਬਲਾਤਕਾਰ ਕਰੋ; ਲੋਕਾਂ ਉੱਪਰ ਤਫਤੀਸ਼ ਦੇ ਨਾਂ 'ਤੇ ਜਿੰਨਾ ਮਰਜ਼ੀ ਤਸ਼ੱਦਦ ਢਾਓ, ਚਾਹੇ ਲੋਕਾਂ 'ਤੇ ਜ਼ੁਲਮਾਂ ਦੀ ਇੰਤਹਾ ਕਰ ਦਿਓ ਹਾਕਮ ਤੁਹਾਡਾ ਵਾਲ ਵੀ ਵਿੰਗਾ ਨਹੀਂ ਹੋਣ ਦਿੱਤਾ ਜਾਵੇਗਾ। ਇਹ ਕਾਰਵਾਈ ਉਹਨਾਂ ਨੂੰ ਲੋਕਾਂ ਦੇ ਜਮਹੂਰੀ ਹੱਕਾਂ ਦਾ ਘਾਣ ਕਰਨ ਅਤੇ ਮਨੁੱਖੀ ਅਧਿਕਾਰਾਂ ਨੂੰ ਪੈਰਾਂ ਹੇਠ ਕੁਚਲਣ ਦਾ ਲਸੰਸ ਹੈ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਹਰ ਵੰਨਗੀ ਦੇ ਹਾਕਮਾਂ ਵੱਲੋਂ ਅਪਣਾਈ ਸਰਕਾਰੀ ਦਹਿਸ਼ਤਗਰਦੀ ਦੀ ਨੀਤੀ ਤਹਿਤ ਉਸ ਦੌਰ ਵਿਚ ਨਿਹੱਕੇ ਕਤਲਾਂ ਦੀ ਰਾਜਨੀਤਕ ਸਰਪ੍ਰਸਤੀ ਕੀਤੀ ਗਈ ਅਤੇ ਅੱਜ ਵੀ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਮਿਲ ਕੇ ਲੋਕਾਂ ਵੱਲੋਂ ਆਪਣੇ ਮਨੁੱਖੀ ਹੱਕਾਂ ਦੀ ਰਾਖੀ ਅਤੇ ਅਦਾਲਤਾਂ ਚੋਂ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰਨ 'ਤੇ ਤੁਲੀਆਂ ਹੋਈਆਂ ਹਨ।

ਕਾਤਲ ਪੁਲਸੀਆਂ ਦੀਆਂ ਸਜ਼ਾਵਾਂ ਰੱਦ ਕਰਨ ਲਈ ਹਾਕਮ ਇਹ ਵੀ ਬਹਾਨਾ ਪੇਸ਼ ਕਰ ਰਹੇ ਹਨ ਕਿ ਉਹਨਾਂ ਨੇਂ ਸੰਗੀਨ ਜੁਰਮਾਂ ਵਿਚ ਸਜ਼ਾਵਾਂ ਭੁਗਤ ਰਹੇ ਕਥਿਤ ਖਾਲਿਸਤਾਨੀ ਕੈਦੀਆਂ ਨੂੰ ਵੀ ਰਿਹਾ ਕਰਨ ਦਾ ਫ਼ੈਸਲਾ ਕੀਤਾ ਹੈ। ਪਰ ਇਹ ਗੱਲ ਤੱਥਾਂ ਪੱਖੋਂ ਸਹੀ ਨਹੀਂ ਹੈ। ਜਿਨ੍ਹਾਂ ਕਥਿਤ ਖ਼ਾਲਿਸਤਾਨੀ ਕੈਦੀਆਂ ਨੂੰ ਰਿਹਾਅ ਕਰਨ ਦਾ ਐਲਾਨ ਕੀਤਾ ਗਿਆ ਹੈ, ਉਹਨਾਂ ਨੇ ਕਾਨੂੰਨ ਅਤੇ ਨਿਯਮਾਂ ਤਹਿਤ ਮਿਥਿਆ ਕੈਦ ਦਾ ਸਮਾਂ ਬਹੁਤ ਚਿਰ ਪਹਿਲਾਂ ਪੂਰਾ ਕਰ ਲਿਆ ਸੀ। ਉਹਨਾਂ ਦੀ ਰਿਹਾਈ ਤਾਂ ਬਹੁਤ ਸਾਲ ਪਹਿਲਾਂ ਹੀ ਹੋ ਜਾਣੀ ਚਾਹੀਦੀ ਸੀ। ਇਸ ਲਈ ਸਰਕਾਰ ਦੀ ਇਹ ਦਲੀਲ ਬਿਲਕੁਲ ਝੂਠ ਦਾ ਪੁਲੰਦਾ ਹੈ।

ਸਮੂਹ ਇਨਸਾਫ਼ਪਸੰਦ ਜਮਹੂਰੀ ਤਾਕਤਾਂ ਨੂੰ ਨਾ ਸਿਰਫ਼ ਸੰਗੀਨ ਜੁਰਮਾਂ ਦੇ ਦੋਸ਼ੀ ਪੁਲਸ ਅਧਿਕਾਰੀਆਂ ਦੀਆਂ ਸਜ਼ਾਵਾਂ ਰੱਦ ਕਰਨ ਦੇ ਫ਼ੈਸਲੇ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ ਸਗੋਂ ਇਹ ਮੰਗ ਵੀ ਕਰਨੀ ਚਾਹੀਦੀ ਹੈ ਕਿ ਦਹਿਸ਼ਤਗਰਦੀ ਦੇ ਕਾਲੇ ਦੌਰ ਵਿਚ ਮਨੁੱਖੀ ਹੱਕਾਂ ਦੇ ਘਾਣ ਲਈ ਜ਼ਿੰਮੇਵਾਰ ਪਰਦੇ ਓਹਲੇ ਛਿਪੇ ਸਿਆਸੀ ਆਗੂਆਂ ਸਮੇਤ ਸਾਰੇ ਹੀ ਦੋਸ਼ੀਆਂ ਉੱਪਰ ਢੁੱਕਵੇਂ ਮੁਕੱਦਮੇ ਚਲਾ ਕੇ ਪੀੜਤ ਪਰਿਵਾਰਾਂ ਨੂੰ ਨਿਆਂ ਦਿੱਤਾ ਜਾਵੇ।

**ਬੂਟਾ ਸਿੰਘ, ਪ੍ਰੈੱਸ ਸਕੱਤਰ, ਮਿਤੀ: 20 ਅਕਤੂਬਰ 2019**




# ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਿਹਾ ਅੱਜ ਦਾ ਮਨੁੱਖ



ਸੁਖਵਿੰਦਰ ਲੀਲ੍ਹ
9888814227

ਅੱਜ ਦਾ ਮਨੁੱਖ ਇਸ ਤੇਜ ਰਫਤਾਰ ਜ਼ਿੰਦਗੀ ਨਾਲ ਕਦਮ ਮਿਲਾਉਣ ਦੇ ਚੱਕਰ ਵਿੱਚ ਚੰਗੀ ਜ਼ਿੰਦਗੀ ਜਿਉਣ ਦੇ ਸੁਪਨੇ ਵੇਖਦਾ ਅਤੇ ਵਧੇਰੇ ਪੈਸਾ ਕਮਾਉਣ ਦੇ ਚੱਕਰ ਵਿੱਚ ਕਈ ਤਰਾਂ ਦੀਆਂ ਮਾਨਸਿਕ ਤੇ ਸਰੀਰਕ ਬਿਮਾਰੀਆਂ ਦੀ ਲਪੇਟ ਵਿੱਚ ਫੱਸਦਾ ਜਾ ਰਿਹਾ ਹੈ। ਭਾਵੇਂ ਕਿ ਅੱਜ ਦੇ ਮੁਕਾਬਲੇ ਪੁਰਾਣੇ ਸ਼ਮਿਆ ਵਿੱਚ ਮਨੁੱਖ ਦੀਆਂ ਜਿਉਣ ਹਾਲਤਾਂ ਕਾਫੀ ਮਾੜੀਆਂ ਸਨ,ਪਰ ਮਾਨਸਿਕ ਸ਼ੰਤੁਸਟੀ ਤੇ ਆਪਸੀ ਪ੍ਰੇਮ ਪਿਆਰ ਭਾਵਨਾ ਬਹੁਤ ਸੀ ਉਹ ਆਪਣੇ ਆਲੇ ਦੁਆਲੇ ਨਾਲ ਘੁਲ-ਮਿਲ ਕੇ ਕੁਦਰਤ ਦੇ ਨੇੜੇ ਰਹਿੰਦਾ ਆਪਣੀ ਘਰੇਲੂ ਜ਼ਿੰਦਗੀ ਤੋਂ ਸੰਤੁਸਟ ਅਰਾਮਦਾਇਕ ਤਰੀਕੇ ਨਾਲ ਜ਼ਿੰਦਗੀ ਬਤੀਤ ਕਰਦਾ ਸੀ। ਉਹ ਆਪਣੇ ਸੱਭਿਆਚਾਰ ਤੇ ਸਮਾਜਿਕ ਗਤੀਵਿਧੀਆਂ ਦੇ ਦਾਇਰੇ ਅੰਦਰ ਰਹਿੰਦਾ ਹੋਇਆ ਉਸ ਸਮੇਂ ਮੌਜੂਦ ਜ਼ਿੰਦਗੀ ਦੀਆਂ ਸੁੱਖ-ਸਹੂਲਤਾਂ ਵਿੱਚ ਹੀ ਖੁਸ਼ੀ ਪ੍ਰਾਪਤ ਕਰ ਲਿਆ ਕਰਦਾ ਸੀ। ਮਨੁੱਖ ਦੀਆਂ ਜਿਆਦਾਤਰ ਜ਼ਰੂਰਤਾਂ ਸਾਂਝੀਆਂ ਹੋਣ ਕਾਰਨ ਆਪਸ ਵਿੱਚ ਇੱਕ ਦੂਸਰੇ ਨਾਲ ਮਿਲ ਕੇ ਪੂਰੀਆਂ ਹੋ ਜਾਂਦੀਆਂ ਸਨ ਉਹਨਾ ਨੂੰ ਪ੍ਰਾਪਤ ਕਰਨ ਲਈ ਬਹੁਤੀ ਭੱਜ ਦੌੜ ਕਰਨ ਦੀ ਜ਼ਰੂਰਤ ਨਹੀਂ ਪੈਂਦੀ ਸੀ ਇੱਕੋ ਪਿੰਡ ਦੇ ਲੋਕ ਇੱਕ ਘਰ ਪਰਿਵਾਰ ਵਾਂਗ ਰਹਿੰਦੇ ਸਨ।



ਸਾਂਝੇ ਪਰਿਵਾਰਾਂ ਦੇ ਚੱਲਦੇ ਬੱਚੇ ਦਾਦਾ-ਦਾਦੀ ਦੀ ਦੇਖ-ਰੇਖ ਹੇਠ ਕਦ ਜਵਾਨ ਹੋ ਜਾਂਦੇ ਕਿਸੇ ਨੂੰ ਕੋਈ ਪਤਾ ਹੀ ਨਹੀਂ ਚੱਲਦਾ ਸੀ। ਕਿਸਾਨੀ ਵੱਲੋਂ ਮਜ਼ਦੂਰ ਵਰਗ ਦੇ ਲੋਕਾਂ ਨੂੰ ਸਾਂਝੀਦਾਰ ਮੰਨਦੇ ਅਤੇ ਉਨਾਂ ਦੀ ਦੁੱਖ-ਸੁੱਖ ਵਿਚ ਅੱਗੇ ਹੋ ਕੇ ਖੜਦੇ ਉਨਾਂ ਮਜਦੂਰਾਂ ਵੱਲੋਂ ਵੀ ਆਪਣੇ ਲਈ ਕੀਤੀ ਮਦਦ ਦੇ ਬਦਲੇ ਵਿੱਚ ਮਜ਼ਦੂਰੀ ਦੇ ਰੂਪ 'ਚ ਖੇਤੀ ਦੇ ਕੰਮਾਂ ਧੰਦਿਆਂ ਜਾਂ ਘਰੇਲੂ ਕੰਮਾਂ ਰਾਹੀਂ ਭਰਪਾਈ ਕੀਤੀ ਜਾਂਦੀ ਸੀ।ਉਨਾਂ ਲੋਕਾਂ ਵਿੱਚ ਆਪਸੀ ਪਿਆਰ ਇੰਨਾਂ ਗੂੜਾ ਹੁੰਦਾ ਸੀ ਕਿ ਕਿਸੇ ਤਰਾਂ ਦੀ ਗਰੀਬੀ ਜਾਂ ਮੰਦਹਾਲੀ ਮੌਕੇ ਉਹ ਨਿਰਾਸ਼ ਨਹੀਂ ਹੁੰਦੇ ਸਨ ਉਹ ਆਪਣੇ ਔਖੇ ਤੋਂ ਔਖੇ ਸਮੇਂ ਨੂੰ ਵੀ ਹੌਸਲੇ ਨਾਲ ਕੱਢਣ ਦੀ ਹਿੰਮਤ ਰੱਖਦੇ ਸਨ ਥੋੜੀ ਬਹੁਤੀ ਪੜ੍ਹਾਈ ਕਰਨ ਲਈ ਪਿੰਡਾਂ ਅੰਦਰ ਇੱਕ ਹੀ ਸਕੂਲ ਹੋਣ ਕਰਕੇ ਸਾਰੇ ਮੁੰਡੇ-ਕੁੜੀਆਂ ਇੱਕਠੇ ਪੜ੍ਹਦੇ ਆਪਣੀ ਸੱਭਿਆਚਾਰਕ ਤੇ ਭਾਈਚਾਰਕ ਸਾਂਝ ਦੀਆਂ ਮੁੱਢਲੀਆਂ ਬਾਰੀਕੀਆਂ ਨੂੰ ਬਚਪਨ ਵਿੱਚ ਹੀ ਪ੍ਰਾਪਤ ਕਰ ਜਾਂਦੇ ਸਨ।

ਅੱਜ ਜਿਵੇਂ ਮਨੁੱਖ ਨੇ ਆਪਣੇ ਆਪ ਨੂੰ ਅਗਾਂਹਵਧੂ ਲੀਹਾਂ ਉੱਪਰ ਤੋਰਿਆ ਤੇ ਪੜ੍ਹ-ਲਿਖ ਕੇ ਜ਼ਿੰਦਗੀ ਦੀਆਂ ਨਵੀਆਂ ਸੁੱਖ ਸਹੂਲਤਾਂ ਨੂੰ ਮਾਣ ਰਿਹਾ ਹੈ,ਉਵੇਂ ਹੀ ਹੌਲੀ-ਹੌਲੀ ਉਹ ਆਪਣੇ ਕੁਦਰਤੀ ਵਾਤਾਵਰਣ, ਸੱਭਿਆਚਾਰ, ਆਪਸੀ ਭਾਈਚਾਰਕ ਸਾਂਝ ਅਤੇ ਪਰਵਾਰਿਕ ਰਿਸ਼ਤਿਆਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਰਿਸ਼ਤਿਆਂ ਵਿੱਚ ਆ ਰਹੀ ਗਿਰਾਵਟ ਕਾਰਨ,ਜਿੱਥੇ ਸਾਡੇ ਆਪਸੀ ਰਿਸ਼ਤੇ ਤਾਰ ਤਾਰ ਹੋ ਰਹੇ ਹਨ, ਉੱਥੇ ਮਨੁੱਖ ਉਨ੍ਹਾਂ ਰਿਸ਼ਤਿਆਂ ਦੀ ਅਣਹੋਂਦ ਕਾਰਨ ਕਈ ਤਰਾਂ ਦੀਆਂ ਮਾਨਸਿਕ ਬਿਮਾਰੀਆਂ ਦੀ ਲਪੇਟ 'ਚ ਫਸਦਾ ਜਾ ਰਿਹਾ ਹੈ। ਅਜਿਹੀ ਮਾਨਸਿਕਤਾ ਅਤੇ ਸਹਿਣਸ਼ੀਲਤਾ ਦੀ ਘਾਟ ਕਾਰਨ ਆਏ ਦਿਨ ਦੇਸ਼ ਅੰਦਰ ਆਪਣੇ ਆਪ ਨੂੰ ਜਾਨੋਂ ਮਾਰਨ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਦਰਜ ਕੀਤਾ ਹੋ ਰਿਹਾ ਹੈ। ਇਹ ਵਰਤਾਰਾ ਰੁਕਣ ਦੀ ਥਾਂ ਦਿਨੋਂ-ਦਿਨ ਵਧਦਾ ਹੀ ਨਜ਼ਰੀ ਪੈਂਦਾ ਹੈ,ਜਿਨਾ ਵਿੱਚ ਅਧੇੜ ਉਮਰ ਦੇ ਨੌਜਵਾਨ ਵਰਗ ਦੀ ਗਿਣਤੀ ਬਹੁਤ ਜਿਆਦਾ ਹੈ। ਭਾਵੇਂ ਕਿ ਆਤਮ-ਹੱਤਿਆ ਕਿਸੇ ਵੀ ਮਸਲੇ ਦਾ ਹੱਲ ਨਹੀਂ,ਪਰ ਫਿਰ ਵੀ ਮਨੁੱਖ ਵੱਲੋਂ ਇਸ ਤਰਾਂ ਦੇ ਨਿਰਾਸ਼ਾਜਨਕ ਫੈਸਲੇ ਲੈਣੇ ਜਿੱਥੇ ਸਾਡੇ ਲਈ ਚਿੰਤਾ ਦਾ ਵਿਸ਼ਾ ਹਨ, ਉੱਥੇ ਸਾਨੂੰ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਕਰਦੇ ਹਨ।

ਇਸ ਵਰਤਾਰੇ ਨੂੰ ਲੈ ਕੇ ਭਾਵੇਂ ਮਾਹਿਰਾਂ ਅਨੁਸਾਰ ਹੋਰ ਵੀ ਸਮਾਜਿਕ ਤੇ ਆਰਥਿਕ ਕਾਰਨ ਹਨ। ਜਿਨਾਂ ਵਿੱਚ ਦੇਸ਼ ਦੇ ਗਰੀਬ ਹੋਰ ਗਰੀਬ ਹੋਈ ਜਾਣਾ ਅਤੇ ਅਮੀਰ ਦਾ ਹੋਰ ਅਮੀਰ। ਅੱਗੇ ਭਾਰਤ ਦੇਸ਼ ਦੀ ਬਹੁ-ਪ੍ਰਤੀਸਤ ਪੂੰਜੀ ਕੁਝ ਕੁ ਖਾਸ ਵਿਅਕਤੀਆਂ ਦੇ ਹੱਥਾਂ ਵਿੱਚ ਹੋਣ ਕਾਰਨ ਉਸ ਵਰਗ ਕੋਲ ਉਹ ਸਾਰੀਆਂ ਸੁੱਖ ਸਹੂਲਤਾਂ ਮੌਜੂਦ ਹਨ, ਜੋ ਹਰ ਮਨੁੱਖ ਦੀ ਬਿਹਤਰ ਜ਼ਿੰਦਗੀ ਜਿਉਣ ਲਈ ਜਰੂਰੀ ਹਨ। ਇਸ ਪੂੰਜੀਵਾਦੀ ਸਮਾਜ ਅੰਦਰ ਮੱਧ ਵਰਗੀ ਲੋਕਾਂ ਨੇ ਵੀ ਸਰਮਾਏਦਾਰ ਲੋਕਾਂ ਪਿੱਛੇ ਲੱਗ ਵੇਖੋ ਵੇਖੀ ਉਹੀ ਸਹੂਲਤਾਂ ਮਾਨਣ ਲਈ ਹਰ ਤਰਾਂ ਦੇ ਹੱਥ-ਕੰਡੇ ਅਪਨਾਉਣੇ ਸ਼ੁਰੂ ਕਰ ਦਿੱਤੇ ਹਨ।ਬਹੁਤੀ ਵਾਰੀ ਤਾਂ ਲੋਕ ਆਪਣੇ ਪੈਰ ਚਾਦਰ ਤੋਂ ਬਾਹਰ ਕੱਢਣ ਲੱਗੇ ਭੋਰਾ ਵੀ ਨਹੀਂ ਸੋਚਦੇ ਹਰ ਕੋਈ ਆਪਣੇ ਪਰਿਵਾਰ ਦੇ ਦਬਾਅ ਹੇਠ ਟੌਹਰ ਬਣਾਉਣ ਖਾਤਰ ਬਿਨਾ ਕੁਝ ਸੋਚੇ ਸਮਝੇ ਹੀ ਖਰਚ ਕਰ ਰਿਹਾ ਹੈ। ਜਿਸ ਕਾਰਨ ਆਮ ਲੋਕਾਂ ਵੱਲੋਂ ਲਏ ਗਏ ਫੈਸਲੇ ਉਨਾਂ ਲਈ ਬੇ-ਅਰਾਮੀ ਦੀ ਜ਼ਿੰਦਗੀ ਅਤੇ ਕਈ ਤਰਾਂ ਦੀਆਂ ਸਰੀਰਕ ਤੇ ਮਾਨਸਿਕ ਬਿਮਾਰੀਆਂ ਦੇ ਕਾਰਨ ਬਣ ਰਹੇ ਹਨ।

ਮੌਜੂਦਾ ਦੌਰ ਦਾ ਮਨੁੱਖ ਪਦਾਰਥ ਦੇ ਚੱਕਰਵਿਊ ਵਿੱਚ ਫਸਿਆ ਸਮੇਂ ਦੇ ਨਾਲ ਚੱਲਣ ਲਈ ਜ਼ਿੰਦਗੀ ਦੀਆਂ ਸੁੱਖ ਸਹੂਲਤਾਂ ਮਾਣਦਾ ਅੱਗੇ ਵਧਦਾ ਵਿਖਾਈ ਤਾਂ ਦੇ ਰਿਹਾ ਹੈ, ਪਰ ਅੰਦਰੋਂ ਉਹ ਖਾਲੀ ਖੋਲ ਦੀ ਤਰਾਂ ਖੋਖਲਾ ਹੁੰਦਾ ਜਾ ਰਿਹਾ ਹੈ। ਜਿਸ ਦੇ ਚਲਦੇ ਉਹ ਪਰਿਵਾਰਕ ਰਿਸਤੇ ਨਾਤਿਆਂ ਨੂੰ ਅਣ-ਗੌਲ਼ੇ ਕਰਦਾ ਆਲੇ ਦੁਆਲੇ ਤੋਂ ਬੇਖਬਰ ਬਿਨਾ ਚੰਗਾ-ਮਾੜਾ ਸੋਚੇ ਘਰੋਂ ਕੰਮ ਉੱਤੇ ਅਤੇ ਕੰਮ ਤੋਂ ਘਰ ਮਸ਼ੀਨ ਦੀ ਤਰਾਂ ਭੱਜਿਆ ਫਿਰਦਾ ਹੈ। ਲੱਗਦਾ ਮਨੁੱਖ ਦੇ ਦਿਮਾਗ ਦੀ ਚਾਬੀ ਕਿਸੇ ਹੋਰ ਕੋਲ ਹੈ ਤੇ ਉਹ ਤਾਂ ਬਸ ਖਿਡੌਣਾ ਰੂਪੀ ਹੱਡ-ਮਾਸ ਦਾ ਪਿੰਜਰ ਬਣਿਆ ਖਿਡੌਣੇ ਵਿੱਚ ਭਰੀ ਚਾਬੀ ਵਾਂਗ ਦੌੜ ਰਿਹਾ ਹੈ। ਉਸ ਕੋਲ ਆਪਣੇ ਜਾਂ ਆਲੇ ਦੁਆਲੇ ਵਾਰੇ ਚੰਗਾ-ਮਾੜਾ ਸੋਚਣ ਦਾ ਟਾਈਮ ਹੀ ਨਹੀਂ ਰਿਹਾ ਜਾਂ ਇੰਝ ਕਹਿ ਲਈਏ ਕਿ ਉਸ ਨੂੰ ਸੋਚਣ ਦਾ ਟਾਈਮ ਹੀ ਨਹੀਂ ਦਿੱਤਾ ਜਾ ਰਿਹਾ।

ਭਾਵੇਂ ਹਰੇਕ ਵਿਅਕਤੀ ਨੂੰ ਸਮਾਜ 'ਚ ਅੱਗੇ ਵਧਣ ਦੇ ਯਤਨ ਕਰਨੇ ਚਾਹੀਦਾ ਹਨ, ਪਰ ਇਹ ਸਮਝ ਲੈਣਾ ਵੀ ਜਰੂਰੀ ਹੈ ਕਿ ਜਲਦੀ ਅਮੀਰ ਬਣਨ ਲਈ ਗਲਤ ਢੰਗ ਨਾਲ ਕਮਾਇਆ ਗਿਆ ਧਨ ਆਦਮੀ ਨੂੰ ਮਾਨਸਿਕ ਤੌਰ ਤੇ ਤੰਗ ਪ੍ਰੇਸ਼ਾਨ ਹੀ ਕਰਦਾ ਹੈ।ਕਈ ਵਾਰੀ ਤਾਂ ਲੋੜ ਤੋਂ ਜਿਆਦਾ ਪੈਸਾ ਪਰਿਵਾਰਾਂ ਵਿੱਚ ਬੱਚਿਆਂ ਨੂੰ ਦਿਮਾਗੀ ਅੰਗਹੀਣ ਬਣਾ ਦਿੰਦਾ ਹੈ ਅਤੇ ਬੱਚਿਆਂ ਨੂੰ ਗਲਤ ਰਸਤੇ ਵੱਲ ਲਿਜਾਣ ਦਾ ਕਾਰਨ ਬਣ ਜਾਂਦਾ ਹੈ।ਕੁਲ ਮਿਲਾ ਕੇ ਅਸੀਂ ਆਪਣੀ ਭਾਈਚਾਰਕ ਸਾਂਝ ਦੀਆਂ ਮਜ਼ਬੂਤ ਗੰਢਾਂ ਨੂੰ ਹੋਰ ਮਜਬੂਤ ਕਰਨ ਦੀ ਥਾਂ ਤੇ ਪੈਸੇ ਤੇ ਦਿਖਾਵੇਬਾਜੀ ਦੇ ਪਿੱਛੇ ਲੱਗ ਕੇ ਆਪ ਹੀ ਢਿਲਿਆਂ ਕਰ ਲਿਆ ਹੈ ਅਤੇ ਆਪਣੇ ਆਪ ਨੂੰ ਇਕੱਲੇਪਣ ਦੇ ਸ਼ਿਕਾਰ ਬਣਨ ਲਈ ਰਾਹ ਪੱਧਰਾ ਕਰ ਲਿਆ ਹੈ।

ਇਸੇ ਤਰ੍ਹਾਂ ਸਕੂਲਾਂ ਅੰਦਰ ਵੀ ਮਨੁੱਖੀ ਮਸ਼ੀਨਾਂ ਹੀ ਤਿਆਰ ਕੀਤੀਆਂ ਜਾ ਰਹੀਆਂ ਹਨ। ਵੱਧ ਤੋਂ ਵੱਧ ਨੰਬਰ ਪ੍ਰਾਪਤ ਕਰਨ ਦੀ ਦੌੜ ਅਤੇ ਸਿਲੇਬਸਾਂ ਦੇ ਬੋਝ ਹੇਠਾਂ ਵਿਦਿਆਰਥੀਆਂ ਨੂੰ ਬੁਰੀ ਤਰਾਂ ਲਤਾੜਿਆ ਜਾ ਰਿਹਾ ਹੈ। ਸਕੂਲ ਦੀਆਂ ਲਾਇਬਰੇਰੀਆਂ ਵਿੱਚ ਪਈਆਂ ਚੰਗੀਆ ਕਿਤਾਬਾਂ ਤਾਂ ਸਿਰਫ ਅਲਮਾਰੀਆਂ ਦਾ ਸ਼ਿੰਗਾਰ ਬਣ ਕੇ ਰਹਿ ਗਈਆਂ ਹਨ। ਸਮਾਜਿਕ ਗਿਆਨ ਆਪਸੀ ਰਹਿਣ-ਸਹਿਣ,ਭਾਈਚਾਰਕ ਸਾਂਝ ਦਾ ਪਾਠ ਤਾਂ ਜਿਵੇਂ ਕਿਸੇ ਸਿਲੇਬਸ ਦਾ ਹਿੱਸਾ ਹੀ ਨਹੀਂ ਰਹੇ। ਮਾਪਿਆਂ ਵੱਲੋਂ ਬੱਚਿਆਂ ਨੂੰ ਇੱਕ ਦੂਸਰੇ ਤੋਂ ਅੱਗੇ ਲੰਘਣ ਦੀ ਦੌੜ ਵਿੱਚ ਸ਼ਾਮਲ ਹੋਣ ਲਈ ਮਜ਼ਬੂਰ ਕਰਕੇ ਉਨਾਂ ਨੂੰ ਆਪਸੀ ਦੋਸਤਾਂ-ਮਿੱਤਰਾਂ ਵਾਲੇ ਰਿਸਤਿਆਂ ਤੋਂ ਦੂਰ ਹੋਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਮਾਪੇ ਨਾ ਚਾਹੁੰਦੇ ਹੋਏ ਵੀ ਵੇਖੋ-ਵੇਖੀ ਆਪਣੇ ਬੱਚੇ ਦੇ ਚੰਗੇ ਭਵਿੱਖ ਲਈ ਅਧਿਆਪਕਾਂ ਦੇ ਦਬਾਅ ਹੇਠ ਆ ਕੇ ਪ੍ਰਾਈਵੇਟ ਟਿਊਸ਼ਨ ਲੈਣ ਲਈ ਮਜ਼ਬੂਰ ਹੋਏ ਮਾਨਸਿਕ ਦਬਾਅ ਝਲਦੇ ਲਗਾਤਾਰ ਚਿੜ-ਚਿੜੇਪਨ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ। ਅੱਜ ਸਾਡੇ ਬੱਚਿਆਂ ਕੋਲ ਖੇਡਣ-ਕੁੱਦਣ ਲਈ ਸਮਾਂ ਹੀ ਨਹੀਂ। ਜੇਕਰ ਕਿਸੇ ਕੋਲ ਥੋੜਾ ਬਹੁਤ ਸਮਾਂ ਹੈ ਵੀ ਤਾਂ ਉਹ ਮੋਬਾਇਲਾਂ, ਟੀ.ਵੀ ਜਾਂ ਕੰਪਿਊਟਰ ਦੀ ਭੇਂਟ ਚੜ੍ਹ ਜਾਂਦਾ ਹੈ।

ਅੱਜ ਮਾਪੇ ਬੱਚਿਆ ਨੂੰ ਆਪਣੇ ਮੁਤਾਬਿਕ ਚਲਾਉਣ ਦੀ ਨਾ-ਕਾਮਯਾਬ ਕੋਸ਼ਿਸ਼ਾਂ ਕਾਰਨ ਨਿਰਾਸ਼ਾ ਦੇ ਆਲਮ ਵਿੱਚੋਂ ਲੰਘ ਰਹੇ ਹਨ। ਘਰਾਂ ਅੰਦਰ ਪਰਿਵਾਰਕ ਰਿਸਤਿਆਂ ਦੀ ਅਣਹੋਂਦ ਕਾਰਨ ਬੱਚੇ ਆਪਣੇ ਕਲਚਰ ਤੋਂ ਬੇ-ਮੁੱਖ ਹੋਏ ਬਿਜਲੀ ਮੀਡੀਆ ਵੱਲੋਂ ਪਰੋਸੇ ਜਾ ਰਹੇ ਘਟੀਆ ਫਿਲਮਾਂ, ਲੱਚਰ ਗੀਤਾਂ ਦੀ ਗ੍ਰਿਫਤ ਵਿੱਚ ਬੁਰੀ ਤਰਾਂ ਫਸ ਚੁੱਕੇ ਹਨ। ਅੱਜ ਦਾ ਬੱਚਾ ਆਪਣੇ ਮਾਂ-ਬਾਪ ਦੀ ਕਹੀ ਕਿਸੇ ਵੀ ਗੱਲ ਨੂੰ ਮੰਨਣ ਤੋਂ ਇਨਕਾਰੀ ਹੈ। ਜਿਸ ਕਾਰਨ ਮਾਪੇ ਆਪਣੇ ਬੱਚਿਆਂ ਦੀ ਬਦਲ ਰਹੀ ਮਾਨਸਿਕਤਾ ਨੂੰ ਲੈ ਕੇ ਚਿੰਤਾ ਦੇ ਆਲਮ ਵਿੱਚ ਫੱਸਦੇ ਜਾ ਰਹੇ ਹਨ ਬੱਚੇ ਵੱਡੇ ਛੋਟੇ ਦੇ ਸਤਿਕਾਰ ਨੂੰ ਬਿਲਕੁਲ ਭੁਲਾ ਚੁੱਕੇ ਹਨ ਜਾਂ ਕਹਿ ਦੇਈਏ ਉਨਾ ਨੂੰ ਇਨਾਂ ਗੱਲਾਂ ਦਾ ਗਿਆਨ,ਜੋ ਕਦੇ ਸਾਂਝਿਆ ਪਰਿਵਾਰਾਂ ਵਿੱਚੋਂ ਆਪਣੇ ਆਪ ਮਿਲਦਾ ਰਹਿੰਦਾ ਸੀ,ਹੁਣ ਉਹ ਮਿਲਣਾ ਬੰਦ ਹੋ ਗਿਆ ਹੈ। ਪਰਿਵਾਰਾਂ ਵਿੱਚ ਇੱਕ ਜਾਂ ਦੋ ਬੱਚੇ ਹੋਣ ਕਾਰਨ ਉਹ ਆਪਣੇ ਮਾਪਿਆਂ ਨੂੰ ਆਪਣੀ ਮਰਜ਼ੀ ਅਨੁਸਾਰ ਚਲਾ ਰਹੇ ਹਨ ਤੇ ਲੋਕ ਆਪਣੇ ਲਾਡਲੇ ਪੁੱਤਰ-ਧੀਆਂ ਦੇ ਕਿਸੇ ਗਲਤ ਫੈਸਲੇ ਦੇ ਡਰੋਂ ਉਨਾ ਦੀ ਹਰ ਗੱਲ ਮੰਨਣ ਲਈ ਮਜ਼ਬੂਰ ਹੋ ਚੁੱਕੇ ਹਨ।

ਅਸੀਂ ਆਪਣੇ ਕੁਝ ਕੁ ਸੁਆਰਥਾਂ ਬਦਲੇ ਆਪਣੀ ਔਲਾਦ ਨੂੰ ਆਪਣਿਆਂ ਤੋਂ ਦੂਰ ਕਰਕੇ ਆਪਸੀ ਮਿਲਵਰਤਨ ਵਾਲੇ ਅਮੀਰ ਸੱਭਿਆਚਰਕ ਤੇ ਭਾਈਚਾਰਕ ਸਾਂਝ ਤੋਂ ਦੂਰ ਕਰਕੇ ਆਪਣੇ ਲਈ ਹੀ ਕੰਡੇ ਬੀਜ ਲਏ ਹਨ। ਇਸ ਤਰਾਂ ਦੇ ਪੈਦਾ ਹੋ ਚੁੱਕੇ ਹਫੜਾ-ਦਫੜੀ ਵਾਲੇ ਮਾਹੌਲ ਵਿੱਚ ਫਿਰ ਆਮ ਆਦਮੀ ਸੰਤੁਸ਼ਟ ਕਿਵੇਂ ਰਹਿ ਸਕਦਾ ਹੈ। ਉਸਨੂੰ ਤਾਂ ਹਰ ਸਮੇਂ ਆਪਣੇ ਧੀ-ਪੁੱਤਰ ਦੀ ਚੰਗੀ ਜ਼ਿੰਦਗੀ ਬਣਾਉਣ ਲਈ ਇਹੀ ਚਿੰਤਾ ਲੱਗੀ ਰਹਿੰਦੀ ਹੈ ਕਿ ਕਿੱਧਰੇ ਮੇਰਾ ਬੱਚਾ ਕਿਸੇ ਗਲਤ ਸੰਗਤ ਵਿੱਚ ਰਹਿ ਕੇ ਵਿਗੜ ਨਾ ਜਾਵੇ।

ਬੇਸ਼ੱਕ ਸਮਾਜਿਕ ਵਿਕਾਸ ਦੇ ਨਾਲ ਸਭਿਆਚਾਰਕ ਤਬਦੀਲੀਆਂ ਦਾ ਆਉਣਾ ਵੀ ਲਾਜ਼ਮੀ ਹੈ,ਪਰ ਫਿਰ ਵੀ ਸਾਨੂੰ ਆਪਸੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਦੇ ਹੋਏ ਆਪਣੀ ਜ਼ਿੰਦਗੀ ਨੂੰ ਤਰਕ ਨਾਲ ਸੋਚ ਕੇ ਅੱਗੇ ਤੋਰਨਾ ਚਾਹੀਦਾ ਹੈ। ਸ਼ਾਇਦ ਇਹ ਗੱਲਾਂ ਵੇਖਣ-ਸੁਣਨ ਵਿੱਚ ਨਿੱਕੀਆਂ ਤੇ ਆਮ ਲਗਦੀਆਂ ਹੋਣਗੀਆਂ, ਪਰ ਸੱਚਾਈ ਇਹੀ ਹੈ ਕਿ ਮੌਜੂਦਾ ਦੌਰ ਦਾ ਮਨੁੱਖ ਦੂਸਰੇ ਮਨੁੱਖ ਤੋਂ ਦੂਰ ਹੁੰਦਾ ਜਾ ਰਿਹਾ ਹੈ। ਜਿਸ ਕਾਰਨ ਉਸ ਨੂੰ ਚਾਰ-ਚਫੇਰੇ ਕੋਈ ਵੀ ਆਪਣਾ ਵਿਖਾਈ ਨਹੀਂ ਦਿੰਦਾ ਤੇ ਉਹ ਬਿਗਾਨੇਪਣ ਦਾ ਅਹਿਸਾਸ ਕਰਦਾ ਹੋਇਆ, ਅਖੀਰ ਨਿਰਾਸ਼ਤਾ ਦੇ ਆਲਮ ਵੱਲ ਵਧਦਾ ਬਹੁਤ ਸਾਰੀਆਂ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ।

# ਥੋੜਾ ਰੀਫਾਈਂਡ ਤੇਲਾਂ ਬਾਰੇ

**ਥੋੜਾ ਰੀਫਾਈਂਡ ਤੇਲਾਂ ਬਾਰੇ**


ਖਾਣਾ ਬਣਾਉਣ ਲਈ ਸਦੀਆਂ ਤੋਂ ਵਰਤੇ ਜਾਂਦੇ ਸਾਡੇ ਕੁਦਰਤੀ ਤੇਲਾਂ ਅਤੇ ਦੇਸੀ ਘੀ ਨੂੰ ਲਗਾਤਾਰ ਭੰਡ ਕੇ ਇਸ ਦਾ ਪ੍ਰੇਤੀਕਰਣ ਕਰ ਦਿੱਤਾ ਗਿਆ ਹੈ। ਖੁਰਾਕੀ ਤੇਲ ਬਣਾਉਣ ਵਾਲੀਆਂ ਕੰਪਨੀਆਂ ਦੇ ਬਹੁਤੇ ਉਤਪਾਦਾਂ ਨੇ ਸਾਡੀ ਰਸੋਈ ਵਿੱਚ ਚੋਖੀ ਜਗਾ ਬਣਾ ਲਈ ਹੈ। ਇਹ ਕੰਪਨੀਆਂ ਅਪਣੇ ਤੇਲਾਂ ਦੇ ਹੱਕ ਵਿੱਚ ਸਿਰਫ ਇੱਕ ਹੀ ਦਲੀਲ ਦਿੰਦੀਆਂ ਹਨ ਕਿ ਸਾਡੇ ਤੇਲਾਂ ਵਿੱਚ ਸੰਤ੍ਰਿਪਤ ਫੈਟ ਘੱਟ ਹੈ। ਉਹਨਾਂ ਅਨੁਸਾਰ ਇਨ੍ਹਾਂ ਤੇਲਾਂ ਦੀ ਵਰਤੋਂ ਲੋਕਾਂ ਨੂੰ ਹਿਰਦੇ ਰੋਗਾਂ ਤੋਂ ਬਚਾਉਂਦੀ ਹੈ। ਕਿਤਾਬ ਦੇ ਪਹਿਲੇ ਹਿੱਸੇ 'ਚ ਅਸੀਂ ਦੇਖ ਹੀ ਆਏ ਹਾਂ ਕਿ ਸੰਤ੍ਰਿਪਤ ਫੈਟ ਖਾਣ ਦਾ ਹਿਰਦੇ ਰੋਗਾਂ ਜਾਂ ਮੋਟਾਪੇ ਨਾਲ ਕਿੰਨਾ ਕੁ ਸਬੰਧ ਹੈ। ਪਰ ਫਿਰ ਵੀ ਇਨ੍ਹਾਂ ਕੰਪਨੀਆਂ ਨੇ ਆਪਣੇ ਤੇਲਾਂ ਦੇ ਝੂਠੇ ਫਾਇਦੇ ਗਿਨਾਉਣ ਦੀ ਤੋਤਾ ਰੱਟ ਲਾਈ ਹੋਈ ਹੈ।

ਆਓ ਦੇਖੀਏ ਕਿ ਇਨ੍ਹਾਂ ਤੇਲਾਂ ਵਿੱਚ ਤਲ਼ਿਆ ਭੋਜਨ ਕਿੰਨਾ ਕੁ ਫਾਇਦੇਮੰਦ ਹੈ। ਪਹਿਲੀ ਗੱਲ ਤਾਂ, ਇਹ ਤੇਲ (ਬਿਨ੍ਹਾਂ ਰੀਫਾਈਨ ਕੀਤੇ ਵੀ) ਸਾਡੇ ਦੇਸੀ ਘੀ, ਖੋਪੇ, ਸਰੋਂ ਅਤੇ ਅਲਸੀ ਦੇ ਤੇਲ ਤੋਂ ਕਿਵੇਂ ਵੀ ਚੰਗੇ ਨਹੀਂ। ਉਪਰੋਂ ਇਨ੍ਹਾਂ ਦੀ ਸੋਧਣ ਦੀ ਪ੍ਰਕਿਰਿਆ (refining) ਇਨ੍ਹਾਂ ਨੂੰ ਸਿਹਤ ਲਈ ਹੋਰ ਵੀ ਮਾੜਾ ਬਣਾ ਦਿੰਦੀ ਹੈ। ਸੋਧਣ ਤੋਂ ਭਾਵ ਇਨ੍ਹਾਂ ਤੇਲਾਂ ਵਿਚਲੀ ਕੁਦਰਤੀ ਮਹਿਕ ਅਤੇ ਰੰਗ ਰੂਪ ਨੂੰ ਰਸਾਇਣਿਕ ਕ੍ਰਿਆਵਾਂ ਦੁਆਰਾ ਲੱਗਭੱਗ ਖ਼ਤਮ ਹੀ ਕਰ ਦਿੱਤਾ ਜਾਂਦਾ ਹੈ ਤਾਂ ਕਿ ਇਨ੍ਹਾਂ ਨੂੰ ਵੇਚਣ ਲਈ ਆਕਰਸ਼ਕ ਬਣਾਇਆ ਜਾ ਸਕੇ। ਅਤੇ ਇਨ੍ਹਾਂ ਦੀ ਵੇਚਣ ਜਾਂ ਵਰਤੋਂ ਕਰਨ ਦੀ ਸਮਾਂ ਸੀਮਾ (shelf life) ਵਧਾਈ ਜਾ ਸਕੇ। ਭਾਵ ਇਹ ਕੰਪਨੀ ਦੇ ਗੁਦਾਮਾਂ 'ਚ ਪਏ ਪਏ ਛੇਤੀ ਖਰਾਬ ਨਾ ਹੋਣ। ਸੰਨ 2015 'ਚ ਯੂਰਪੀਅਨ ਜਰਨਲ ਆਪ ਲਿਪਿਡ ਸਾਇੰਸ ਐਂਡ ਟੈਕਨਾਲੌਜੀ 'ਚ ਛਪੇ ਇੱਕ ਅਧਿਐਨ ਮੁਤਾਬਿਕ ਮਨੁੱਖੀ ਸਿਹਤ ਲਈ ਗੁਣਕਾਰੀ ਮੰਨੇ ਜਾਂਦੇ ਟੋਕੋਫੀਰੋਲਜ (ਵਿਟਾਮਿਨ ਈ), ਫੀਨੋਲ ਦੇ ਯੋਗਿਕ, ਫਾਈਟੋਸਟੀਰੋਲਜ ਅਤੇ ਸਹਿਪਾਚਕ ਰਸ (co enzymes) $Q_9$ ਤੇ $Q_{10}$ ਆਦਿ ਸੋਧਣ ਦੀ ਇਸ ਪ੍ਰਕਿਰਿਆ ਦੌਰਾਨ ਜਿੰਨਾ ਹੋ ਸਕੇ ਖ਼ਤਮ ਕਰ ਦਿੱਤੇ ਜਾਂਦੇ ਹਨ। ਟੋਕੋਫੀਰੋਲਜ ਦੀ ਮਾਤਰਾ ਲੱਗਭੱਗ 40-45 ਪ੍ਰਤੀਸ਼ਤ ਘਟ ਜਾਂਦੀ ਹੈ। ਅਤੇ ਤੇਲ ਵਿਚਲੇ ਕਲੋਰੋਫਿਲ ਅਤੇ ਅਜਾਦ ਫੈਟੀ ਐਸਿਡਾਂ (free fatty acids) ਨੂੰ ਤਾਂ ਉੱਕਾ ਹੀ ਖਤਮ ਕਰ ਦਿੱਤਾ ਜਾਂਦਾ ਹੈ। ਇੱਥੇ ਹੀ ਬਸ ਨਹੀਂ ਸਟੀਰੋਲਜ ਨੂੰ 52 ਪ੍ਰਤੀਸ਼ਤ ਤੱਕ ਅਤੇ ਪੌਲੀਫੀਨੋਲਜ ਨੂੰ 92 ਪ੍ਰਤੀਸ਼ਤ ਤੱਕ ਖਤਮ ਕਰ ਦਿੱਤਾ ਜਾਂਦਾ ਹੈ। ਸੋਧਣ ਦੀ ਪ੍ਰਕਿਰਿਆ ਦੌਰਾਨ ਖਤਮ ਕੀਤੇ ਜਾਂ ਘਟਾਏ ਗਏ ਇਹ ਸਾਰੇ ਗੁਣਕਾਰੀ ਅੰਸ਼ (anti oxidants) ਮਨੁੱਖੀ ਸਿਹਤ ਲਈ ਬੇਹੱਦ ਲਾਭਦਾਇਕ ਮੰਨੇ ਜਾਂਦੇ ਹਨ। ਇੱਥੋਂ ਤੱਕ ਕਿ ਕੈਂਸਰ ਨੂੰ ਕਾਬੂ ਕਰਨ 'ਚ ਵੀ ਇਨ੍ਹਾਂ ਦੀ ਭੂਮਿਕਾ ਦੇਖੀ ਗਈ ਹੈ। ਇਸ ਲਈ ਸੋਧਣ ਦੀ ਇਸ ਪ੍ਰਕਿਰਿਆ ਦੌਰਾਨ ਤੇਲ ਵਿਚਲੀਆਂ ਅਸ਼ੁੱਧੀਆਂ ਤਾਂ ਭਾਵੇਂ ਨਾ ਸਾਫ ਹੋਣ ਪਰ ਇਸ ਵਿਚਲੇ ਚੰਗੇ ਗੁਣਾਂ ਦੀ ਸਫਾਈ ਜਰੂਰ ਕਰ ਦਿੱਤੀ ਜਾਂਦੀ ਹੈ।

ਆਮ ਤੌਰ ਤੇ ਮੀਟ ਅਤੇ ਦੁੱਧ ਨੂੰ ਸੰਤ੍ਰਿਪਤ ਫੈਟ ਦਾ ਸਮਾਨਅਰਥੀ ਬਣਾ ਕੇ ਹੀ ਦੱਸਿਆ ਜਾਂਦਾ ਹੈ। ਜਦੋਂ ਕਿ ਚਿਕਨ ਅਤੇ ਮੱਝ, ਗਾਂ ਦੇ ਮੀਟ ਵਿੱਚ ਲੱਗਭੱਗ ਅੱਧਾ ਸੰਤ੍ਰਿਪਤ ਫੈਟ ਹੁੰਦਾ ਹੈ ਅਤੇ ਅੱਧਾ ਅਸੰਤ੍ਰਿਪਤ। ਇਵੇਂ ਸੂਰ ਦੀ ਚਰਬੀ ਵਿੱਚ ਤਾਂ 60 ਪ੍ਰਤੀਸ਼ਤ ਤੱਕ ਅਸੰਤ੍ਰਿਪਤ ਫੈਟ ਹੁੰਦਾ ਹੈ। ਦੇਸੀ ਘੀ ਜਾਂ ਮੱਖਣ ਵਿੱਚ ਵੀ ਲੱਗਭੱਗ 40 ਪ੍ਰਤੀਸ਼ਤ ਤੱਕ ਅਸੰਤ੍ਰਿਪਤ ਫੈਟ ਹੁੰਦਾ ਹੈ। ਇਸ ਦੇ ਬਾਵਜੂਦ ਵੀ ਇਨ੍ਹਾਂ ਨੂੰ ਸੰਤ੍ਰਿਪਤ ਫੈਟ ਵਾਲੀ ਸ਼੍ਰੇਣੀ 'ਚ ਰੱਖਣਾ ਸ਼ਾਇਦ ਤੇਲ ਕੰਪਨੀਆਂ ਦੀ ਵਪਾਰਕ ਯੁੱਧਨੀਤੀ ਦਾ ਹੀ ਹਿੱਸਾ ਹੈ।

**ਓਮੈਗਾ$_6$ ਅਤੇ ਓਮੈਗਾ$_3$ ਫੈਟ ਬਾਰੇ**

ਪ੍ਰੋਟੀਨ ਦੇ 9 ਜਰੂਰੀ ਅਮੀਨੋ




ਐਸਿਡਾਂ ਦੀ ਤਰਾਂ ਹੀ, ਫੈਟ ਦੇ ਓਮੈਗਾ$_6$ ਅਤੇ ਓਮੈਗਾ$_3$ ਫੈਟੀ ਐਸਿਡ ਵੀ ਖੁਰਾਕ ਰਾਹੀਂ ਬਾਹਰੋਂ ਲੈਣੇ ਜਰੂਰੀ ਹਨ ਕਿਉਂਕਿ




ਸਾਡਾ ਸਰੀਰ ਇਨ੍ਹਾਂ ਨੂੰ ਬਾਕੀ ਦੇ ਫੈਟੀ ਐਸਿਡਾਂ ਤੋਂ ਆਪਣੇ ਆਪ ਨਹੀਂ ਬਣਾ ਸਕਦਾ।

**ਓਮੈਗਾ$_6$ ਭਾਵ ਅਰੈਕੀਡੋਨਿਕ ਐਸਿਡ**

ਸਰੀਰ ਦੇ ਅੰਦਰ ਬਾਹਰ ਕਿਤੇ ਵੀ ਜਖਮ ਹੋਣ ਜਾਂ ਸੱਟ ਲੱਗਣ ਤੋਂ ਬਾਅਦ ਨੁਕਸਾਨੇ ਗਏ ਸੈਲਾਂ ਦੀ ਮੁਰੰਮਤ ਲਈ ਉਸ ਜਗਾ ਸੋਜਿਸ਼ ਦਾ ਆਉਣਾ ਬਹੁਤ ਹੀ ਕੁਦਰਤੀ ਅਤੇ ਬੇਹੱਦ ਜਰੂਰੀ ਹੈ। ਅਰੈਕੀਡੋਨਿਕ ਐਸਿਡ, ਸੋਜਿਸ਼ ਦੀ ਸ਼ੁਰੂਆਤ ਲਈ ਬਹੁਤ ਜਰੂਰੀ ਹੈ। ਇਸ ਤੋਂ ਇਲਾਵਾ ਇਹ ਮਾਸਪੇਸ਼ੀਆਂ ਅਤੇ ਦਿਮਾਗ ਦੇ ਵਿਕਾਸ ਅਤੇ ਇਨ੍ਹਾਂ ਦੀ ਕਾਰਜ ਪ੍ਰਣਾਲੀ ਨੂੰ ਸਹੀ ਸਲਾਮਤ ਚੱਲਦੇ ਰੱਖਣ ਲਈ ਵੀ ਬੇਹੱਦ ਜਰੂਰੀ ਹੈ। ਅਰੈਕੀਡੋਨਿਕ ਐਸਿਡ ਸਾਨੂੰ ਮੁੱਖ ਰੂਪ ਵਿੱਚ ਅੰਡਿਆਂ ਦੀ ਜਰਦੀ, ਅੰਦਰੂਨੀ ਅੰਗਾਂ ਦਾ ਮੀਟ (ਕਲੇਜੀ, ਦਿਲ,ਦਿਮਾਗ,ਗੁਰਦੇ ਅਤੇ ਪੋਟਾ ਆਦਿ) ਅਤੇ ਬੱਚਿਆਂ ਨੂੰ ਮਾਂ ਦੇ ਦੁੱਧ ਤੋਂ ਮਿਲਦਾ ਹੈ। ਸਰੀਰ ਅੰਦਰ ਭਰਪੂਰ ਮਾਤਰਾ ਵਿੱਚ ਇਸਦੇ ਉਪਲਭਧ ਨਾ ਹੋਣ ਦੀ ਸੂਰਤ ਵਿੱਚ ਸਾਡਾ ਸਰੀਰ ਇਸਨੂੰ ਲਿਨੋਲੀਕ ਐਸਿਡ ਨਾਮ ਦੇ ਫੈਟੀ ਐਸਿਡ ਤੋਂ ਵੀ ਬਣਾ ਸਕਦਾ ਹੈ, ਜੋ ਕਿ ਆਪ ਵੀ ਇੱਕ ਜਰੂਰੀ ਫੈਟੀ ਐਸਿਡ ਹੈ। ਲਿਨੋਲੀਕ ਐਸਿਡ ਵੜੇਵਿਆਂ, ਮੂੰਗਫਲੀ, ਤਿਲਾਂ, ਸੋਇਆਬੀਨ. ਸੂਰਜਮੁਖੀ, ਸਰੋਂ ਅਤੇ ਕਨੋਲਾ ਦੇ ਤੇਲਾਂ ਵਿੱਚ ਭਰਪੂਰ ਮਾਤਰਾ ਵਿੱਚ ਪਾਇਆ ਜਾਂਦਾ ਹੈ।

**ਓਮੈਗਾ$_3$ ਫੈਟੀ ਐਸਿਡ**

ਈਕੋਸਾ ਪੈਂਟੀਨੌਆਇਕ ਐਸਿਡ (EPA) ਅਤੇ ਡੋਕੋਸਾ ਹੈਕਸੀਨੌਆਇਕ ਐਸਿਡ (DHA) ਦੇ ਨਾਮ ਨਾਲ ਜਾਣੇ ਜਾਂਦੇ ਇਹ ਫੈਟੀ ਐਸਿਡ ਸਰੀਰ ਵਿੱਚ ਕਿਤੇ ਵੀ ਚੱਲ ਰਹੀ ਚਿਰ ਕਾਲੀਨ, ਪੁਰਾਣੀ ਤੇ ਲਗਾਤਾਰ ਵਧ ਰਹੀ ਸੋਜਿਸ਼ ਨੂੰ ਰੋਕਦੇ ਹਨ। ਜਿਵੇਂ ਕਿ ਲਗਾਤਾਰ ਵਧ ਰਹੀ ਦਿਲ ਦੀਆਂ ਧਮਣੀਆਂ ਆਦਿ ਦੀ ਸੋਜ। ਇਸ ਲਈ ਇਹ ਸਰੀਰ ਲਈ ਗੁਣਕਾਰੀ ਮੰਨੇ ਜਾਂਦੇ ਹਨ। ਇਹ ਸਾਨੂੰ ਮੁੱਖ ਰੂਪ ਵਿੱਚ ਠੰਡੇ ਪਾਣੀ 'ਚ ਰਹਿਣ ਵਾਲੀ ਮੱਛੀ (ਕੌਡ, ਮਹੀ, ਮੈਕਰਲ, ਮੈਨਹੇਡਨ, ਟਰਾਉਟ, ਟੂਨਾ, ਸਾਲਮਨ, ਸਾਰਡੀਨ ਆਦਿ) ਤੋਂ ਹੀ ਪ੍ਰਾਪਤ ਹੁੰਦੇ ਹਨ।

ਇਹ ਅਲਸੀ, ਮੂੰਗਫਲੀ, ਕਨੋਲਾ, ਸਰੋਂ ਦੇ ਤੇਲ ਬੀਜਾਂ ਵਿੱਚ ਮਿਲਣ ਵਾਲੇ ਅਲਫਾ ਲਿਨੋਲੀਕ ਐਸਿਡ (ALA) ਤੋਂ ਵੀ ਬਣਾਏ ਜਾ ਸਕਦੇ ਹਨ। ਪ੍ਰੰਤੂ ਸਰੀਰ ਵੱਲੋਂ ALA ਤੋਂ EPA ਅਤੇ DHA ਬਣਾਉਣ ਦੀ ਸਮਰੱਥਾ ਮਹਿਜ 1 ਤੋਂ 10 ਪ੍ਰਤੀਸ਼ਤ ਤੱਕ ਹੀ ਹੈ। ਉਪਰੋਕਤ ਖੁਰਾਕੀ ਤੇਲਾਂ ਰਾਹੀਂ ਖਾਧੇ ਗਏ ਅਲਫਾ ਲਿਨੋਲੀਕ ਐਸਿਡ ਦੀ ਵੱਧ ਤੋਂ ਵੱਧ 10 ਪ੍ਰਤੀਸ਼ਤ ਮਾਤਰਾ ਹੀ ਓਮੈਗਾ$_3$ ਫੈਟੀ ਐਸਿਡ ਸਿਰਜਣ ਦੇ ਕੰਮ ਆ ਸਕਦੀ ਹੈ। ਤੇ ਉਹ ਵੀ ਸੰਤ੍ਰਿਪਤ ਫੈਟ, ਬਾਇਓਟਿਨ ਅਤੇ ਵਿਟਾਮਿਨ $B_6$ ਦੀ ਹਾਜਰੀ 'ਚ। ਜੋ ਸਾਨੂੰ ਫਿਰ ਪ੍ਰਾਣੀ ਜਗਤ ਤੋਂ ਪ੍ਰਾਪਤ ਕੀਤੀ ਖੁਰਾਕ ਵਿੱਚੋਂ ਹੀ ਮਿਲਦੇ ਹਨ। ਰੀਫਾਈਂਡ ਤੇਲ ਬਣਾਉਣ ਵਾਲੀਆਂ ਕੰਪਨੀਆਂ ਅਪਣੇ ਲੇਬਲਾਂ ਉੱਪਰ ਜਦੋਂ ਸਬੰਧਤ ਤੇਲ ਵਿੱਚ ਓਮੈਗਾ$_3$ ਫੈਟੀ ਐਸਿਡਾਂ ਦੀ ਮਾਤਰਾ ਲਿਖਦੀਆਂ ਹਨ ਤਾਂ ਉਹ ਇਹੀ ALA ਹੁੰਦਾ ਹੈ ਨਾ ਕਿ EPA ਅਤੇ DHA ਕਿਉਂਕਿ ਇਹ ਤਾਂ ਸਾਨੂੰ ਮਿਲਦੇ ਹੀ ਠੰਡੇ ਪਾਣੀ 'ਚ ਰਹਿਣ ਵਾਲੀਆਂ ਮੱਛੀਆਂ ਅਤੇ ਚਾਰ ਮਿਹਦਿਆਂ ਵਾਲੇ ਜਾਨਵਰਾਂ (ruminants) ਜਿਵੇਂ ਭੇਡ, ਬੱਕਰੀ, ਮੱਝ, ਗਾਂ ਆਦਿ ਦੇ ਮੀਟ ਤੋਂ ਹਨ।

ਜਿਵੇਂ ਕਿ ਅਸੀਂ ਉੱਪਰ ਪੜ੍ਹ ਚੁੱਕੇ ਹਾਂ ਕਿ ਓਮੈਗਾ$_6$ (ਸੋਜਿਸ਼ ਦੀ ਪ੍ਰਕਿਰਿਆ ਸ਼ੁਰੂ ਕਰਨ ਵਾਲੇ) ਅਤੇ ਓਮੈਗਾ$_3$ (ਲਗਾਤਾਰ ਵਧ ਰਹੀ ਸੋਜਿਸ਼ ਦੀ ਪ੍ਰਕਿਰਿਆ ਨੂੰ ਰੋਕਣ ਵਾਲੇ) ਫੈਟੀ ਐਸਿਡ ਇਕ ਹੱਦ ਤੋਂ ਬਾਅਦ ਇੱਕ ਦੂਜੇ ਦੇ ਵਿਰੋਧ 'ਚ ਆ ਜਾਂਦੇ ਹਨ। ਇਸ ਲਈ ਰਿਫਾਈਂਡ ਤੇਲਾਂ ਵਿੱਚ ਭਰਪੂਰ ਮਾਤਰਾ ਵਿੱਚ ਪਾਏ ਜਾਣ ਵਾਲੇ ਓਮੈਗਾ$_6$ ਫੈਟੀ ਐਸਿਡ (ਲਿਨੋਲੀਕ ਐਸਿਡ) ਦੀ "ਸੁਨਾਮੀ" ਪਹਿਲੋਂ ਹੀ ਬਹੁਤ ਘੱਟ ਮਾਤਰਾ 'ਚ ਉਪਲਭਧ ਓਮੈਗਾ$_3$ ਫੈਟੀ ਐਸਿਡਾਂ ਨੂੰ ਆਪਣਾ ਸ਼ੁਭ ਕਾਰਜ ਕਰਨ ਤੋਂ ਉੱਕਾ ਹੀ ਰੋਕ ਦਿੰਦੀ ਹੈ। ਇੱਥੇ, ਦਿਲ ਦੇ ਦੌਰੇ ਨੂੰ ਰੋਕਣ ਲਈ ਬਣਾਏ ਦੱਸੇ ਜਾਂਦੇ ਇਹ ਤੇਲ, ਦਿਲ ਦੇ ਦੌਰੇ ਨੂੰ ਉਤਸ਼ਾਹਿਤ ਕਰਦੇ ਨਜਰੀਂ ਆਉਂਦੇ ਹਨ।

ਓਮੈਗਾ$_6$ ਅਤੇ ਓਮੈਗਾ$_3$ ਦਾ ਆਪਸੀ ਅਨੁਪਾਤ 2:3 ਤੋਂ ਘੱਟ ਹੋਣਾ ਚਾਹੀਦਾ ਹੈ।

# ਛੱਜ ਤਾਂ ਬੋਲੇ, ਛਾਨਣੀ ਕਿਉਂ ਬੋਲੇ !

**ਬੁੱਧ ਸਿੰਘ ਨੀਲੋਂ**

ਹੁਣ ਨਾ ਤਾਂ ਛੱਜ ਰਹੇ ਨੇ ਤੇ ਨਾ ਹੀ ਛੱਜਘਾੜੇ। ਨਾ ਸਰਕੜਾ ਰਿਹਾ ਤੇ ਨਾ ਹੀ ਕਾਨੇ। ਨਾ ਹੀ ਫੱਟੀਆਂ ਰਹੀਆਂ ਤੇ ਨਾ ਹੀ ਦਵਾਤ ਵਿੱਚ ਡੋਬਾ ਲਾ ਕੇ ਲਿਖਣ ਵਾਲੀ ਕਾਨੀ। ਹੁਣ ਤਾਂ ਸਾਰਾ ਕੰਮ ਮਸ਼ੀਨਾਂ ਨੇ ਸੰਭਾਲ ਲਿਆ ਹੈ। ਕਾਨੀਆਂ ਦੀ ਥਾਂ ਪੈਨ, ਪੈਨਸਿਲ, ਕੰਪਿਊਟਰ ਆ ਗਿਆ। ਉੜਾ ਐੜਾ ਹੁਣ ਫੱਟੀ ਉੱਤੇ ਨੀਂ, ਕੰਪਿਊਟਰ ਉੱਤੇ ਕੀ ਬੋਰਡ ਨਾਲ ਲਿਖਿਆ ਜਾਂਦਾ ਹ, ਮੋਬਾਇਲ ਦੇ ਵਿਚ ਬੋਲ ਕਿ ਫੋਟੋ ਖਿਚ ਕੇ ਟਾਈਪ ਹੋਣ ਲੱਗ ਪਿਆ ਹੈ।

ਉਧਰ ਹੁਣ ਪਿੰਡਾਂ ਵਿੱਚ ਛੱਜ ਵੇਚਣ ਵਾਲੇ ਨਹੀਂ ਆਉਂਦੇ ਤੇ ਨਾ ਹੀ ਉਨਾਂ ਦੀ ਇਹ 'ਛੱਜ ਲੈ ਲੋ ਛੱਜ.....' ਵਰਗੀ ਆਵਾਜ਼ ਸੁਨਣ ਨੂੰ ਮਿਲਦੀ ਹੈ। ਹੁਣ ਤਾਂ ਪਿੰਡਾਂ ਵਿੱਚ ਕਬਾੜੀਏ ਤੇ ਸਮੈਕੀਏ ਜਾਂਦੇ ਨੇ ਜਿਹੜੇ ਬੋਰੀ, ਥੈਲਾ, ਖਾਲੀ ਬੋਤਲਾਂ, ਇੰਜਣ, ਮੋਟਰਾਂ, ਮਸ਼ੀਨਾਂ, ਥਰੈਸ਼ਰ, ਟਰੈਕਟਰ, ਟਰਾਲੀਆਂ, ਤੇ ਹੋਰ ਖੇਤੀਬਾੜੀ ਨਾਲ ਸਬੰਧਤ ਸਮਾਨ ਖਰੀਦਣ ਜਾਂਦੇ ਨੇ। ਮਾਲਵੇ ਦੇ ਕਈ ਪਿੰਡਾਂ ਨੇ ਪਿੰਡ ਵਿਕਾਊ ਹੈ ਦੇ ਬੈਨਰ ਵੀ ਲਾ ਦਿੱਤੇ ਸਨ।

ਪਿੰਡਾਂ ਦੇ ਆਈਲੈਟਸ ਤੇ ਟਰੈਵਲਜ਼ ਏਜੰਟਾਂ ਦੇ ਆਲੀਸ਼ਾਨ ਦਫ਼ਤਰ ਖੁੱਲ੍ਹ ਗਏ ਹਨ. ਬਦੇਸ਼ ਜਾਣ ਵਾਲਿਆਂ ਦਾ ਮੇਲਾ ਲ਼ੱਗਦੈ ਹੈ. ਕੌਣ ਕਿਸ ਨੂੰ ਠੱਗ ਦੇ ਪਤਾ ਨੀ. ਹੁਣ ਵੱਧ ਬੈਂਡ ਵਾਲੀਆਂ ਕੁੜੀਆਂ ਦਾ ਮੁੰਡਿਆਂ ਦੇ ਨਾਲ਼ ਤਬਾਦਲਾ ਹੁੰਦਾ ਹੈ. ਸ਼ਰਤ ਹੁੰਦੀ ਹੈ ਕਿ ਉਹ ਪੁੱਤਰ ਨੂੰ ਜਾ ਕੇ ਉਥੇ ਸੱਦੇ. ਮੋਟੀ ਰਕਮ ਲਈ ਜਾਂਦੀ ਹੈ.

ਜਿਹਨਾਂ ਦੇ ਕੋਲ ਜ਼ਮੀਨ ਹੈ ਉਹ ਪਿੰਡਾਂ ਦੇ ਲੋਕ ਆਪਣੀਆਂ ਜ਼ਮੀਨਾਂ ਵੇਚ-ਵੇਚ ਕੇ ਸ਼ਹਿਰਾਂ ਵੱਲ ਜਾਂ ਫਿਰ ਵਿਦੇਸ਼ਾਂ ਨੂੰ ਭੱਜ ਰਹੇ ਹਨ। ਸ਼ਹਿਰਾਂ ਦੇ ਅਮੀਰ ਸਨਅਤਕਾਰ, ਡਾਕਟਰ, ਵਕੀਲ, ਅਫਸਰ ਪਿੰਡਾਂ ਦੀਆਂ ਜਮੀਨਾਂ ਤੇ ਜਮੀਰਾਂ ਖਰੀਦ ਰਹੇ ਹਨ।

ਆ ਜਦੋਂ ਦਾ ਸਾਰਾ ਸੰਸਾਰ ਪਿੰਡ ਬਣਿਆ, ਪਿੰਡ ਖਤਮ ਹੀ ਹੋ ਗਏ। ਪਿੰਡ ਕਸਬਿਆਂ ਤੇ ਸ਼ਹਿਰਾਂ ਵਿੱਚ ਬਦਲ ਗਏ ਹਨ। ਪਿੰਡਾਂ ਲੋਕ ਅਮੀਰਾਂ ਦੀ ਐਸ਼ੋ ਅਰਾਮ ਜ਼ਿੰਦਗੀ ਵੇਖ ਕੇ ਉਹ ਵੀ ਆਪਣੇ ਆਪ ਨੂੰ ਇਨਾਂ ਵਰਗੇ ਬਨਾਉਣ ਦੇ ਸੁਪਨੇ ਲੈ ਰਹੇ ਹਨ। ਪਰ ਉਨ੍ਹਾਂ ਦੇ ਸੁਪਨੇ ਤਾਂ ਅਮਰੀਕਨ ਸੁੰਡੀ ਤੇ ਚਿੱਟਾ ਚਰ ਗਿਆ ਹੈ। ਜਿਹੜੇ ਇਸ ਸੁੰਡੀ ਤੇ ਚਿੱਟੇ ਤੋਂ ਬਚ ਗਏ, ਉਨਾਂ ਨੂੰ ਕੈਂਸਰ, ਬਲੱਡ ਪ੍ਰੈਸ਼ਰ, ਸ਼ੂਗਰ, ਚਮੜੀ ਵਰਗੀਆਂ ਨਾ ਮੁਰਾਦ ਬੀਮਾਰੀਆਂ ਲੱਗ ਗਈਆਂ ਜਾਂ ਫਿਰ ਸਲਫਾਸ ਖਾ ਗਈ। ਆ ਰਹਿੰਦੀ ਕਸਰ ਹੁਣ ਨਸ਼ਿਆਂ ਦਾ ਦਰਿਆ ਕੱਢੀ ਜਾ ਰਿਹਾ ਹੈ।

ਹੁਣ ਪਿੰਡਾਂ ਵਿੱਚ ਮੋਰ ਨਹੀਂ ਕੂਕਦੇ, ਹੁਣ ਤਾਂ ਪਿੰਡਾਂ ਵਿੱਚ ਨਸ਼ਿਆਂ ਦੇ ਵਪਾਰੀ ਹੋਕਾ ਦਿੰਦੇ ਫਿਰਦੇ ਹਨ। ਜਿਹੜਾ ਘਰ ਬਚਿਆਂ ਇਹ ਤਾਂ ਉਹੀ ਜਾਣਦੇ ਹਨ, ਨਹੀਂ ਤਾਂ ਆ ਸਮੈਕ, ਚਰਸ, ਹੈਰੋਇਨ, ਚਿੱਟਾ ਤੇ ਗੋਲੀਆਂ ਖਾਣ ਵਾਲੇ ਸਾਰਾ ਸਾਰਾ ਦਿਨ ਹਰਲ-ਹਰਲ ਕਰਦੇ ਫਿਰਦੇ ਰਹਿੰਦੇ ਹਨ।

ਆਪਾਂ ਤਾਂ ਗੱਲ ਛੱਜ ਤੇ ਛਾਨਣੀ ਦੀ ਕਰਦੇ ਸੀ, ਹੁਣ ਛੱਜ ਅਨਾਜ ਛੱਟਣ ਦੇ ਕੰਮ ਨਹੀਂ ਆਉਂਦੇ, ਇਨਾਂ ਦਾ ਕੰਮ ਹੁਣ ਸਾਡੇ ਸਿਆਸੀ ਲੀਡਰਾਂ ਨੇ ਸਾਂਭ ਲਿਆ ਹੈ। ਇਹ ਲੀਡਰ ਭਾਵੇਂ ਕਿਸੇ ਵੀ ਰਾਜਸੀ ਪਾਰਟੀਆਂ ਦੇ ਹੋਣ ਤੇ ਭਾਵੇਂ ਮੁਲਾਜ਼ਮ, ਮਜ਼ਦੂਰ ਤੇ ਕਿਸਾਨ ਜੱਥੇਬੰਦੀਆਂ ਦੇ ਹੋਣ। ਸਭ ਇਕ ਦੂਜੇ ਨੂੰ ਛੱਜ ਵਿੱਚ ਪਾ ਕੇ ਇਉਂ ਛੱਟਦੇ ਹਨ ਜਿਵੇਂ ਆਪ ਦੁੱਧ ਦੇ ਧੋਤੇ ਹੋਣ।

ਹੁਣ ਨਾ ਤਾਂ ਦੁੱਧ ਹੀ ਰਿਹਾ ਤੇ ਨਾ ਦੁੱਧ ਦੇਣ ਵਾਲੀਆਂ ਲਵੇਰੀਆਂ। ਦੁੱਧ ਰਿੜਕਣ ਵਾਲੀ ਤਾਂ ਕਿੱਥੋਂ ਰਹਿਣੀ ਸੀ। ਉਹ ਵੀ ਬੁੱਢਿਆਂ ਨਾਲ ਲਾਵਾਂ ਫੇਰੇ ਲੈ ਕੇ ਕੇਨੈਡਾ ਦਾ ਜਹਾਜ਼ ਚੜ ਗਈਆਂ ਹਨ। ਕੇਨੈਡਾ ਜਾਣ ਦੀ ਲਲਕ ਨੇ ਪੰਜਾਬੀਆਂ ਨੂੰ ਕਿੱਥੇ ਤੱਕ ਨਿਘਾਰ ਵਿੱਚ ਲਿਆਂਦਾ ਏ.ਪੜਾਈ ਦੀ ਗੱਲ ਆ ਗਈ ਹੁਣ ਨਾ ਤਾਂ ਕੋਈ ਪੜ ਸਕਦੇ ਤੇ ਨਾ ਹੀ ਉਹ ਪੜਕੇ ਕਿਤੇ ਡੀ ਸੀ ਲੱਗ ਸਕਦੇ।

ਪੜਾਈ ਦਾ ਜਦੋਂ ਦਾ ਠੇਕਾ ਆ ਨਿੱਜੀ ਠੇਕੇਦਾਰਾਂ ਨੇ ਲਿਆ ਹੈ ਪੜਾਈ ਏਨੀ ਮਹਿੰਗੀ ਹੋ ਗਈ ਹੈ ਕਿ ਆਮ ਆਦਮੀ ਸਕੂਲ ਬੋਰਡ ਦੀ ਫੀਸ ਵੀ ਨੀ ਭਰ ਸਕਦਾ । ਬੇਰੁਜਗਾਰੀ ਨੇ ਇਨਾਂ ਆਪਣਾ ਗੁੱਸਾ ਪਹਿਲਾਂ ਸੜਕਾਂ ਤੇ ਆਵਾਜਾਈ ਬੰਦ ਕਰਕੇ ਕੱਢਣਾ ਪੈਂਦਾ ਦਾ ਸੀ। ਹੁਣ ਇਨਾਂ ਪਾਣੀ ਵਾਲੀ ਟੈਂਕੀਆਂ ਉੱਤੇ ਚੜ ਕੇ ਕੱਢਣਾ ਸ਼ੁਰੂ ਕਰ ਦਿੱਤਾ ਏ। ਜਿੱਥੇ ਕਿੱਧਰੇ ਟੈਂਕੀ ਨਹੀਂ ਮਿਲਦੀ ਕਿਸੇ ਉੱਚੀ ਇਮਾਰਤ ਉੱਤੇ ਚੜ ਜਾਂਦੇ ਹਨ। ਆ ਬੇਰੁਜ਼ਗਾਰ ਮੁੰਡਿਆਂ ਦੇ ਗੁੱਸੇ ਤੋਂ ਡਰਦਿਆਂ ਕਈ ਡਿਪਟੀ ਕਮਿਸ਼ਨਰਾਂ ਨੇ ਪਾਣੀ ਵਾਲੀ ਟੈਂਕੀਆਂ ਦੇ ਆਲੇ ਦੁਆਲੇ ਉੱਚੀਆਂ ਕੰਧਾਂ ਕਰਵਾ ਦਿੱਤੀਆਂ ਹਨ। ਟੈਂਕੀਆਂ ਦੇ ਨੇੜੇ ਪਹਿਰੇ ਲਾ ਦਿੱਤੇ ਹਨ । ਨੌਜਵਾਨਾਂ ਨੂੰ ਨੱਥ ਪਾਉਣ ਲਈ ਕਈ ਸਕੀਮਾਂ ਕੱਢ ਲਈਆਂ ਹਨ। ਕੌਮ ਦੇ ਨਿਰਮਾਤਾ ਨੂੰ ਸਰਕਾਰ ਨੇ ਸੜਕ 'ਤੇ ਬੈਠਣ ਲਈ ਮਜਬੂਰ ਕਰ ਦਿੱਤਾ ਹੈ।

'ਭੁੱਖਾ ਮਰਦਾ ਕੀ ਨਾ ਕਰਦਾ!' ਵਰਗੀ ਗੱਲ ਹੋਈ ਪਈ ਹੈ। ਬੇਰੁਜ਼ਗਾਰੀ ਦਾ ਸਤਾਇਆ ਨੌਜਵਾਨ ਵਰਗ ਮਰੋ ਜਾਂ ਕਰੋ ਦੀ ਹਾਲਤ ਤੀਕ ਪੁੱਜ ਗਿਆ ਹੈ। ਮਹਿੰਗੇ ਭਾਅ ਕੀਤੀਆਂ ਪੜਾਈਆਂ ਨੇ ਉਨਾਂ ਲਈ ਖੁਸ਼ੀਆਂ ਦੇ ਦਿਨ ਤਾਂ ਕੀ ਦਿਖਾਉਣੇ ਸਨ ਸਗੋਂ ਉਨਾਂ ਨੂੰ ਪੁਲਸ ਦੀ ਡਾਂਗਾ ਖਾਣੀਆਂ ਪੈਂਦੀਆਂ ਨੇ ਜੇ ਪੁਲਿਸ ਇਹ ਸੇਵਾ ਪਾਣੀ ਨਾ ਕਰੇ ਤਾਂ ਉਨਾਂ ਨੂੰ ਪਾਣੀ ਦੀਆਂ ਟੈਂਕੀਆਂ ਦੀ ਪੌੜੀਆਂ ਗਿਣਨੀਆਂ ਪੈਂਦੀਆਂ ਹਨ।

ਪੈਟਰੋਲ -ਡੀਜਲ ਏਨਾ ਮਹਿੰਗਾ ਹੋ ਗਿਆ, ਅੱਗੇ ਉਹ ਕੈਂਨੀਆਂ ਭਰ ਕੇ ਲੈ ਜਾਂਦੇ ਸੀ। ਹੁਣ ਬੋਤਲਾਂ ਨਾਲ ਕੰਮ ਸਾਰਨਾ ਪੈਂਦਾ । ਬਾਕੀ ਖਾਣ ਪੀਣ ਦਾ ਸਮਾਨ ਬਹੁਤ ਮਹਿੰਗਾ ਹੋ ਗਿਆ ਤੇ ਜ਼ਮੀਰਾਂ ਸਸਤੀਆਂ ਹੋ ਗਈਆਂ .ਹੁਣ ਸਭ ਕੁੱਝ ਵਿਕਦਾ ਹੈ.

ਕੁੱਝ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਬਚਾਉਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਕਿਸਾਨ ਜੱਥੇਬੰਦੀਆਂ ਲੜ ਰਹੀਆਂ ਨੇ ਤੇ ਕਿਸਾਨ ਮਰ ਰਹੇ ਹਨ। ਥਾਂ ਥਾਂ ਹੁੰਦੇ ਧਰਨੇ ਮੁਜ਼ਾਹਰੇ ਹੋ ਰਹੇ ਹਨ। ਜਿਹੜੇ ਕਦੇ ਹਰਾ ਇਨਕਲਾਬ, ਕਦੇ ਚਿੱਟਾ ਇਨਕਲਾਬ ਤੇ ਕਦੇ ਨੀਲਾ ਇਨਕਲਾਬ ਲਿਆਉਣ ਵਾਲੇ ਨੂੰ ਅੰਨਦਾਤਾ ਆਖ ਰਹੇ ਸਨ। ਅੱਜ ਉਹੀ ਉਨਾਂ ਦੀ ਸੰਘੀ ਘੁੱਟ ਰਹੇ ਹਨ। ਸਾਰੀ ਦੁਨੀਆਂ ਦਾ ਢਿੱਡ ਭਰਨ ਵਾਲਾ ਕਿਰਤੀ ਕਿਸਾਨ ਅੱਜ ਭੁੱਖਮਰੀ ਤੇ ਕਰਜ਼ਿਆਂ ਦੀ ਪੰਡ ਹੇਠ ਆ ਕੇ ਖੁਦਕਸ਼ੀਆਂ ਦੇ ਰਾਹ ਤੁਰ ਪਿਆ ਹੈ।

ਦੇਸ ਆਗੂ ਅਮੀਰ ਹੋ ਰਹੇ ਲੋਕ ਗਰੀਬ ਹੋ ਰਹੇ ਹਨ. ਚਾਰੇ ਪਾਸੇ ਚਿੱਟੇ ਦੀ ਮਾਰ ਹੈ ਤੇ ਸਰਕਾਰ ਬੀਮਾਰ ਹੈ.ਭਾਸ਼ਨਬਾਜ਼ੀ ਜਾਰੀ ਹੈ. ਹੁਣ ਕੋਈ ਹੋਰ ਨਵੀਂ ਤਿਆਰੀ ਹੈ.ਜਾਨ ਦੀ ਜ਼ੁੰਮੇਵਾਰ ਸਵਾਰੀ ਹੈ.

ਹੁਣ ਜਦੋਂ ਲੋਕ ਜਾਗ ਪਏ ਹਨ ਆਪਣੇ ਹੱਕਾਂ ਦੀ ਰਾਖੀ ਕਰਨ ਲਈ ਉਨਾਂ ਨੇ ਸੰਘਰਸ਼ ਕਰਨੇ ਸ਼ੁਰੂ ਕਰ ਦਿੱਤੇ ਹਨ ਤਾਂ ਸਮੇਂ ਦੀ ਹਕੂਮਤ ਕਦੇ ਉਨਾਂ ਨੂੰ ਦੇਸ਼ ਵਿਰੋਧੀ ਆਖਦੀ ਹੈ, ਕਦੇ ਵੱਖਵਾਦੀ, ਨਕਸਲਵਾਦੀ ਤੇ ਨਸ਼ੇੜੀ ਆਖਣ ਲੱਗ ਪਈ ਹੈ।

ਦੇਸ਼ ਦੇ ਰਾਜਸੀ ਲੀਡਰ ਤੇ ਸੱਤਾਧਾਰੀ ਪਾਰਟੀਆਂ ਤਾਂ ਸਰਮਾਏਦਾਰਾਂ ਦੀਆਂ ਰਖੇਲਾਂ ਬਣ ਕੇ ਰਹਿ ਗਈਆਂ ਹਨ। ਉਹ ਆਪਣੇ ਦੇਸ਼ ਦੇ ਲੋਕਾਂ ਨਾਲ ਖੜਨ ਦੀ ਬਜਾਏ ਅੱਜ ਉਨਾਂ ਸਰਮਾਏਦਾਰਾਂ ਦੀਆਂ ਪਿੱਠ ਲੱਗੂ ਬਣ ਰਹਿ ਗਈਆਂ ਹਨ। ਜਿਨਾਂ ਤੋਂ ਦੇਸ਼ ਨੂੰ ਮੁਕਤ ਕਰਾਉਣ ਲਈ ਅਨੇਕਾਂ ਕੁਰਬਾਨੀਆਂ ਦੀ ਅਹੂਤੀ ਦੇਣੀ ਪਈ ਹੈ। ਇਹ ਪਾਰਟੀਆਂ ਹੁਣ ਸਾਡੇ ਮਿਹਨਤਕਸ਼ ਲੋਕਾਂ ਨੂੰ ਛੱਜ 'ਚ ਪਾ ਕੇ ਛੱਟ ਰਹੀਆਂ ਹਨ ਪਰ ਦੂਜੇ ਪਾਸੇ ਲੋਕਾਂ ਦਾ ਛਾਨਣਾ ਅੱਜੇ ਪੂਰੀ ਤਰਾਂ ਤਿਆਰ ਨਹੀਂ ਹੋਇਆ ਜਦੋਂ ਇਹ ਆਮ ਲੋਕਾਂ ਦਾ ਛਾਨਣਾ ਇਨਾਂ ਸਰਮਾਏਦਾਰਾਂ ਤੇ ਰਾਜਸੀ ਲੀਡਰਾਂ ਦੇ ਲੱਗ ਗਿਆ ਤਾਂ ਕੁੱਝ ਵੀ ਨਹੀਂ ਬਚਣਾ।

ਮਿਹਨਤਕਸ਼ ਵਰਗ ਅੱਜ ਰੋਜ਼ੀ ਰੋਟੀ ਤੋਂ ਵੀ ਮੁਥਾਜ ਹੋ ਗਿਆ ਹੈ ਜਦਕਿ ਦੂਸਰੇ ਪਾਸੇ ਸਰਮਾਏਦਾਰਾਂ ਦੀ ਇਕ ਅਜਿਹੀ ਟੋਲੀ ਇਕੱਠੀ ਹੋ ਗਈ ਜਿਸ ਨੇ ਦੇਸ਼ ਨੂੰ ਖਾਣ ਲਈ ਘੁਣ ਤੇ ਸਿਉਂਕ ਵਰਗਾ ਕੰਮ ਸੰਭਾਲ ਲਿਆ ਹੈ। ਪਰ ਆਪਣੇ ਹੱਕਾਂ ਲਈ ਜਾਗਦੇ ਲੋਕਾਂ ਨੂੰ ਕਿੰਨੀ ਕੁ ਦੇਰ ਤੱਕ ਦਬਾਅ ਕੇ ਰੱਖਿਆ ਜਾ ਸਕਦਾ ? ਜਿਹੜਾ ਬੇਰੁਜ਼ਗਾਰੀ ਦਾ ਲਾਵਾ ਧਰਤੀ ਦੇ ਥੱਲੇ ਤੁਰਿਆ ਫਿਰਦਾ ਹੈ ਜਦੋਂ ਇਸ ਨੇ ਇਕ ਦਿਨ ਜੁਆਲਾਮੁਖੀ ਬਣ ਕੇ ਫਟਣਾ ਫੇਰ ਇਸ ਨੇ ਆਪ ਤਾਂ ਸੜਨਾ ਹੀ ਹੈ, ਇਸ ਨੇ ਉਹਨਾਂ ਲੋਕਾਂ ਨੂੰ ਵੀ ਨਹੀਂ ਛੱਡਣਾ, ਜਿਹੜੇ ਅਹਿੰਸਾ ਦੀਆਂ ਗੱਲਾਂ ਕਰਦੇ ਹਨ ਤੇ ਨੌਜੁਆਨ ਵਰਗ ਦਾ ਸ਼ਿਕਾਰ ਕਰਦੇ ਹਨ।

ਸੱਤਾਧਾਰੀ ਧਿਰਾਂ ਕਦੋਂ ਤੀਕ ਜੁਆਨੀ ਦਾ ਸ਼ਿਕਾਰ ਕਰਦੇ ਰਹਿਣਗੇ ? ਹੁਣ ਦੇਸ਼ ਦੀ ਬਹੁਤ ਸਾਰੀ ਜਨਤਾ ਆਪਣੇ ਹੱਕਾਂ ਤੇ ਅਧਿਕਾਰਾਂ ਪ੍ਰਤੀ ਸੁਚੇਤ ਹੋ ਗਈ ਹੈ। ਹੁਣ ਲੋਕ ਸਮੂਹ ਦਿਨੋਂ ਦਿਨ ਇਕੱਠਾ ਹੋਣ ਦੀ ਲੋੜ ਹੈ, ਇਹ ਇਕੱਠ ਨੇ ਜਦੋਂ ਹੜ ਵਾਂਗ ਵਗਣਾ ਤਾਂ ਕੁੱਝ ਵੀ ਨਹੀਂ ਬਚਣਾ। ਪਰ ਇਹ ਸਮੂਹ ਕਦੋਂ ਹੜ ਬਣੇਗਾ ? ਹੁਣ ਇਹਨਾਂ ਨੂੰ ਆਪਣੀ ਅਹਿਮੀਅਤ ਪਛਾਨਣ ਦੀ ਲੋੜ ਹੈ। ਜੇਕਰ ਸਮਾਜ ਦੇ ਸਚੇਤ ਵਰਗ ਨੇ ਆਮ ਲੋਕਾਂ ਨੂੰ ਉਹਨਾਂ ਦੀ ਤਾਕਤ ਤੋਂ ਜਾਣੂੰ ਨਾ ਕਰਵਾਇਆ ਤਾਂ ਅਗਲੇ ਪੰਜ ਸਾਲ ਲੋਕ ਫਿਰ ਕਿਸੇ ਹੋਰ ਪਾਰਟੀ ਦੇ ਗੁਲਾਮ ਹੋ ਕੇ ਰਹਿ ਜਾਣਗੇ। ਜਿਹੜੇ ਹੁਣ ਛੱਜ ਬਣੇ ਚੁਪ ਹਨ ਤੇ ਉਹਨਾਂ ਦੇ ਬਾਰੇ ਛਾਨਣੀਆਂ ਬੋਲਦੀਆਂ ਰਹਿਣਗੀਆਂ ?

ਆਓ ! ਆਪਾਂ ਆਪਣੀ ਅੰਦਰਲੀ ਸ਼ਕਤੀ ਨੂੰ ਜਾਣੀਏ ਤੇ ਪਛਾਣੀਏ। ਸਮਾਂ ਅੱਗੇ ਦੀ ਅੱਗੇ ਖਤਰਨਾਕ ਆ ਰਿਹਾ ਹੈ। ਅੱਜ ਜੇ ਕਿਸੇ ਹੋਰ ਦੀ ਵਾਰੀ ਹੈ ਕੱਲ ਨੂੰ ਸਾਡੀ ਵੀ ਵਾਰੀ ਆ ਸਕਦੀ ਹੈ।

ਆਓ ! ਇਸ ਤੋਂ ਪਹਿਲਾਂ ਸਾਡੇ ਗਲ਼ ਨੂੰ ਫਾਈ ਪਵੇ ਤੇ ਅਸੀਂ ਹੁਣੇ ਹੀ ਸੁਚੇਤ ਹੋ ਜਾਈਏ ?

9464 70823

# ਜਲ੍ਹਿਆਂਵਾਲੇ ਬਾਗ਼ ਦੀ ਘਟਨਾ ਲਈ ਦੂਜੀ ਭਰਵੀਂ ਮੀਟਿੰਗ





**ਸਰੀ/ਪਰਮਿੰਦਰ ਸਵੈਚ**

ਇਹ ਵਰ੍ਹਾ ਜਲ੍ਹਿਆਂਵਾਲੇ ਬਾਗ਼ ਦੀ ਘਟਨਾ ਦਾ ਸ਼ਤਾਬਦੀ ਵਰ੍ਹਾ ਹੈ ਇਸ ਸਬੰਧ ਵਿੱਚ ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਅਪਰੈਲ ਤੋਂ ਬਾਅਦ ਪ੍ਰੋਗਰੈਸਿਵ ਕਲਚਰਲ ਸੈਂਟਰ ਸਰ੍ਹੀ ਵਿੱਚ 14 ਅਕਤੂਬਰ ਨੂੰ ਇੱਕ ਭਰਵੀਂ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਕ੍ਰਿਪਾਲ ਬੈਂਸ ਨੇ ਸਾਰੇ ਆਏ ਲੋਕਾਂ ਨੂੰ ਜੀ ਆਇਆਂ ਕਿਹਾ ਅਤੇ ਸੰਖੇਪ ਵਿੱਚ ਜਲ੍ਹਿਆਂਵਾਲੇ ਬਾਗ਼ ਤੇ ਵਿਦਵਾਨ ਇਤਿਹਾਸਕਾਰ ਚਰੰਜੀ ਲਾਲ ਕੰਗਣੀਵਾਲ ਬਾਰੇ ਦੱਸਿਆ। ਇੱਥੋਂ ਦੇ ਸਾਡੇ ਲੋਕਲ ਇਤਿਹਾਸਕਾਰ ਜਿਨ੍ਹਾਂ ਦਾ ਗ਼ਦਰ ਲਹਿਰ ਤੇ ਕੰਮ ਹੈ ਸੋਹਣ ਪੂਨੀ ਨੂੰ ਬੁਲਾਇਆ ਗਿਆ ਜਿਨ੍ਹਾਂ ਨੇ ਕਿਹਾ ਕਿ ਉਹਨਾਂ ਦੀ ਖੋਜ ਵਿੱਚ ਵੀ ਦੇਸ਼ ਭਗਤ ਯਾਦਗਾਰ ਹਾਲ ਅਤੇ ਚਰੰਜੀ ਲਾਲ ਹੋਰਾਂ ਦਾ ਬਹੁਤ ਹੱਥ ਹੈ। ਡਾ. ਸਾਧੂ ਬਿਨਿੰਗ ਨੇ ਵੀ ਚਰੰਜੀ ਲਾਲ ਹੋਰਾਂ ਨੂੰ ਜੀ ਆਇਆਂ ਕਿਹਾ ਤੇ ਈਸਟ ਇੰਡੀਅਨ ਡੀਫੈਂਸ ਕਮੇਟੀ ਦੀ ਸ਼ਲਾਘਾ ਵੀ ਕੀਤੀ ਕਿ ਉਹ ਇਹੋ ਜਿਹੇ ਪਾਏਦਾਰ ਪ੍ਰੋਗਰਾਮ ਉਲੀਕਦੀ ਰਹਿੰਦੀ ਹੈ ਤੇ ਲਗਾਤਾਰਤਾ ਬਣਾਈ ਹੋਈ ਹੈ। ਸਾਹਿਬ ਥਿੰਦ ਨੇ ਦੱਸਿਆ ਕਿ ਉਹਨਾਂ ਨੇ ਵੱਖਰੇ ਵੱਖਰੇ ਥਾਵਾਂ ਤੇ ਜਿੱਥੇ ਗ਼ਦਰੀਆਂ ਦੇ ਨਾਮੋ ਨਿਸ਼ਾਨ ਮਿਟਾਏ ਜਾ ਰਹੇ ਹਨ, ਉਹਨਾਂ ਬਾਰੇ ਹਮੇਸ਼ਾਂ ਹੀ ਉਹ ਚਰੰਜੀ ਲਾਲ ਹੋਰਾਂ ਨਾਲ ਗੱਲ ਕਰਦੇ ਰਹਿੰਦੇ ਹਨ। ਇਸਤੋਂ ਬਾਅਦ ਡੀਫੈਂਸ ਕਮੇਟੀ ਦੇ ਜਨਰਲ ਸਕੱਤਰ ਹਰਭਜਨ ਚੀਮਾ ਨੇ ਸਭ ਨੂੰ ਜੀ ਆਇਆ ਕਿਹਾ ਅਤੇ ਡੀਫੈਂਸ ਕਮੇਟੀ ਬਾਰੇ, ਕੰਮਾਂ ਬਾਰੇ ਤੇ ਪ੍ਰੋਗਰੈਸਿਵ ਕਲਚਰਲ ਸੈਂਟਰ ਬਾਰੇ ਦੱਸਿਆ ਅਤੇ ਈਸਟ ਇੰਡੀਅਨ ਡੀਫੈਂਸ ਕਮੇਟੀ ਦੀ 46ਵੀਂ ਵਰ੍ਹੇ ਗੰਢ 23 ਨਵੰਬਰ ਨੂੰ ਮਨਾਉਣ ਲਈ ਸਭ ਨੂੰ ਸੱਦਾ ਵੀ ਦਿੱਤਾ ਕਾਮਰੇਡ ਹਰਜੀਤ ਦੌਧਰੀਆ ਨੇ ਅੱਜ ਕੱਲ ਦੇ ਭਾਰਤ ਦੇ ਹਲਾਤਾਂ ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਫਾਸ਼ੀਵਾਦ ਦੀਆਂ ਭੈੜੀਆਂ ਹਾਲਤਾਂ ਵਿੱਚ ਲੋਕ ਕਿਵੇਂ ਦਾ ਸੰਤਾਪ ਭੋਗ ਰਹੇ ਹਨ। ਇਸ ਮੀਟਿੰਗ ਦੇ ਮੁੱਖ ਮਹਿਮਾਨ ਚਰੰਜੀ ਲਾਲ ਜੀ ਨੇ ਇਤਿਹਾਸ ਦੀਆਂ ਪਰਤਾਂ ਫਰੋਲ਼ਦਿਆਂ ਦੱਸਿਆ ਕਿ ਇਹ ਘਟਨਾ ਇੱਕ ਦਮ ਹੋਈ ਘਟਨਾ ਨਹੀਂ ਸੀ ਸਗੋਂ ਇਸਦੇ ਪਿੱਛੇ ਸਾਮਰਾਜੀ ਬਸਤੀਵਾਦੀ ਹਕੂਮਤ ਵਲੋਂ ਕਾਫ਼ੀ ਚਿਰ ਪਹਿਲਾਂ ਤੋਂ ਲੋਕਾਂ ਦੀ ਅਜ਼ਾਦੀ ਦੀ ਮੰਗ ਅਤੇ ਰੋਲਟ ਐਕਟ ਵਰਗੇ ਕਾਲੇ ਕਾਨੂੰਨਾਂ ਦੇ ਖਿਲਾਫ਼ ਵਿਦਰੋਹ ਨੂੰ ਦਬਾਉਣ ਲਈ ਗੋਂਦਾਂ ਗੁੰਦੀਆਂ ਜਾ ਰਹੀਆਂ ਸਨ ਜਿਨ੍ਹਾਂ ਦਾ ਸਿੱਟਾ ਇਹ ਕਤਲੇਆਮ ਸੀ। ਉਹਨਾਂ ਨੇ ਉਸ ਸਮੇਂ ਦੇ ਆਮ ਲੋਕਾਂ ਜਾਂ ਔਰਤਾਂ ਜਿਨ੍ਹਾਂ ਨੇ ਇਸਨੂੰ ਹੱਡੀਂ ਹੰਢਾਇਆ ਬਾਰੇ ਚਾਨਣਾ ਪਾਇਆ। ਚਰੰਜੀ ਲਾਲ ਨੇ ਇਸ ਗੱਲ ਦੀ ਵੀ ਸ਼ਲਾਘਾ ਕੀਤੀ ਕਿ ਪ੍ਰੋਗਰੈਸਿਵ ਕਲਚਰਲ ਸੈਂਟਰ ਵੀ ਦੇਸ਼ ਭਗਤ ਯਾਦਗਾਰ ਹਾਲ ਦੀ ਤਰਜ਼ ਤੇ ਬਣਾਇਆ ਗਿਆ ਇਹੋ ਜਿਹਾ ਸੈਂਟਰ ਹੈ ਜਿੱਥੇ ਅਗਾਂਹਵਧੂ ਲੋਕ ਇਕੱਠੇ ਹੋ ਕੇ ਆਪਣੀਆਂ ਵਿਚਾਰਾਂ ਕਰ ਸਕਦੇ ਹਨ। ਯਾਦ ਰਹੇ ਕਿ ਚਰੰਜੀ ਲਾਲ ਕਾਫੀ ਸਾਲਾਂ ਤੋਂ ਦੇਸ਼ ਭਗਤ ਯਾਦਗਾਰ ਹਾਲ ਦੇ ਟ੍ਰਸਟੀ ਹਨ ਅਤੇ ਬਹੁਤ ਸਾਰੇ ਵਿਦਿਆਰਥੀ ਇਹਨਾਂ ਦੀ ਦੇਖ ਰੇਖ ਵਿੱਚ ਕਿਤਾਬਾਂ ਪੜ੍ਹ ਕੇ ਪੀ. ਐਚ ਡੀ ਤੇ ਐਮ ਫਿਲ ਵਰਗੀਆਂ ਡਿਗਰੀਆਂ ਪ੍ਰਾਪਤ ਕਰ ਰਹੇ ਹਨ। ਇਹ ਆਪ ਵੀ ਗ਼ਦਰ ਲਹਿਰ, ਬੱਬਰ ਲਹਿਰ, ਕਿਰਤੀ ਲਹਿਰ ਬਾਰੇ ਤੇ ਨੌਜਵਾਨ ਸਭਾ ਦੇ ਸਬੰਧ ਵਿੱਚ 17 ਕਿਤਾਬਾਂ ਲਿਖ ਕੇ ਪਾਠਕਾਂ ਦੀ ਝੋਲ਼ੀ ਵਿੱਚ ਪਾ ਚੁੱਕੇ ਹਨ। ਅੰਤ ਵਿੱਚ ਡਾ. ਸਾਧੂ ਸਿੰਘ ਨੇ ਆਪਣੇ ਨਿੱਜੀ ਤੁਜਰਬੇ ਸਾਂਝੇ ਕੀਤੇ ਅਤੇ ਚਰੰਜੀ ਲਾਲ ਅਤੇ ਹੋਰ ਆਏ ਸਾਰੇ ਲੋਕਾਂ ਦਾ ਧੰਨਵਾਦ ਕੀਤਾ।


Best Mobile Signs
All kinds of
mobile sign board
best mobile sign
call for yours
Kamal Sidhu
403-966-7167
bestmobilesigns@gmail.com





## ਨੌਂ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਇਸ ਅਖ਼ਬਾਰ ਈਮੇਲ 'ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।



ਹਰਬੰਸ ਸਿੰਘ
(ਟੋਰਾਂਟੋ)
416-817-7142



ਦੇਵਿੰਦਰ ਤੂਰ
(ਟੋਰਾਂਟੋ)
416 902 9372



ਮਾਸਟਰ ਭਜਨ
(ਕੈਲਗਰੀ)
403-455-4220



ਪਰਮਿੰਦਰ ਕੌਰ ਸਵੈਚ
(ਵੈਨਕੂਵਰ)
604 760 4794


Dhillon Fashions
Ladies Clothing | Wedding Clothing
Kids Dressing | Fashion Jewellery
1110-4818 Westwinds Dr. NE. Calgary
Green Plaza (By Dr. Bhullar)
Ph. : 403-453-9090
Cell : 403-614-2096





For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE REALTOR
REAL ESTATE BOARD
Taranjit "T. J." Mand
Real Estate Associate
Max Value Reality Ltd.





Dr Baltej Parhar, DC, B.Sc
Chiropractor, at your Service
Tired of living in pain? Tired of not knowing what's happening to your body? Tired of relying on pain medications? Tired of getting the same answers or solutions with no results?
Dr. Parhar will not only assess, diagnose and help you manage your pain and injuries, he will provide you with personalized 1-on-1 care and educate you about your condition. This places the power back in the hands of the patients, so they can make their own informed decisions about their health. If you want to be treated like a person, and not a condition, call and book your consultation today!
SERVICES OFFERED: Physical assessments, pain management, injury rehab, soft tissue therapy, Laser therapy, sports performance, taping, exercise prescription, educational classes, and more!
ਕੀ ਤੁਸੀਂ ਦਰਦ ਨਾਲ ਜੀਉਂਦੇ ਥੱਕ ਗਏ ਹੋ? ਡਾ. ਪਰਹਾਰ ਨੂੰ ਜਵਾਬ ਲੱਭਣ ਵਿੱਚ ਤੁਹਾਡੀ ਮੱਦਦ ਕਰਨ ਦਿਓ ਤਾਂ ਜੋ ਤੁਸੀਂ ਉਨ੍ਹਾਂ ਚੀਜ਼ਾਂ ਨੂੰ ਵਾਪਸ ਕਰ ਸਕੋ ਜੋ ਤੁਸੀਂ ਪਸੰਦ ਕਰਦੇ ਹੋ। ਅੱਜ ਹੀ ਸਲਾਹ-ਮਸ਼ਵਰੇ ਲਈ ਕਾਲ ਕਰੋ ਜਾਂ ਈ-ਮੇਲ ਕਰੋ।
FLEXOLOGY WELLNESS CLINIC
#3 2015 32nd Ave NE Calgary, AB T2E 6Z3
FLEXOLOGY WELLNESS
Email : baltej.parhar@flexology.ca Ph. 403-764-3539 (FLEX)




SHAAN CONSTRUCTION LTD.
25+ years of experience
Call for a Free Estimate
MALKIT SWAICH
778.889.9526
• General Contracting
• Quality Custom Homes
• Quality Framing
• 2-5-10 Year Warranty
2-5-10 Year Warranty




# HOMELIFE SILVERCITY

HOMELIFE HIGHER STANDARDS

REALTY INC.,BROKERAGE

(Independently Owned and Operated)

# #7 CANADA WIDE

## BROKERAGE WITH HOMELIFE BRAND

## 2017 GROSS COMMISSION WISE

**New Head Office**

**905-913-8500**

50 COTTRELLE BLVD., UNIT 29, BRAMPTON

**TEAM OF OVER 450 REALTORS**

HOMELIFE HIGHER STANDARDS

# HOMELIFE SILVERCITY

REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS

*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY

# 905.913.8500

www.HomelifeSilvercityTeam.com

**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton





# ਮਨਜੀਤ ਧਨੇਰ ਦੀ ਸਜ਼ਾ ਰੱਦ ਕਰਨ ਤੇ ਸੰਘਰਸ਼ ਕਰ ਰਹੀਆਂ ਧਿਰਾਂ ਦੇ ਹੱਕ ਵਿੱਚ ਕੈਲਗਰੀ ਤੋਂ ਆਵਾਜ਼ ਉਠੀ !

ਕੈਲਗਰੀ, (ਮਾਸਟਰ ਭਜਨ): ਧਨੇਰ ਸੰਘਰਸ਼ ਕਮੇਟੀ ਪਿਛਲ਼ੇ ਇੱਕ ਮਹੀਨੇ ਤੋਂ ਮਨਜੀਤ ਧਨੇਰ ਦੀ ਸਜ਼ਾ ਰੱਦ ਕਰਾਉਣ ਲਈ ਸੰਘਰਸ਼ ਕਰ ਰਹੀ ਹੈ। ਯਾਦ ਰਹੇ 3 ਸਤੰਬਰ ਨੂੰ ਸੁਪਰੀਮ ਕੋਰਟ ਨੇ ਆਪਣੇ ਇੱਕ ਫੈਸਲੇ ਵਿੱਚ ਮਨਜੀਤ ਧਨੇਰ ਦੀ ਉਮਰ ਕੈਦ ਦੀ ਸਜ਼ਾ ਨੂੰ ਬਹਾਲ ਰੱਖਿਆ ਸੀ, ਇਸ ਤੋਂ ਪਹਿਲਾਂ 2011 ਵਿੱਚ ਹਾਈ ਕੋਰਟ ਨੇ ਮਨਜੀਤ ਧਨੇਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਯਾਦ ਰਹੇ 22 ਸਾਲ ਪਹਿਲਾਂ 29 ਜੁਲਾਈ 1997 ਨੂੰ ਇੱਕ ਕਾਲਜ ਜਾਂਦੀ ਲੜਕੀ ਨੂੰ ਸਿਆਸੀ ਸ਼ਹਿ ਪ੍ਰਾਪਤ ਕੁਝ ਗੁੰਡਿਆਂ ਵਲੋਂ ਅਗਵਾ ਕਰਕੇ ਗੈਂਗ ਰੇਪ ਕਰਨ ਤੋਂ ਬਾਅਦ ਕਤਲ ਕਰ ਦਿੱਤਾ ਗਿਆ ਸੀ। ਲੰਬੇ ਲੋਕ ਸੰਘਰਸ਼ ਤੋਂ ਬਾਅਦ ਇਸ ਰੇਪ ਤੇ ਕਤਲ ਕੇਸ ਦੇ ਦੋਸ਼ੀਆਂ ਨੂੰ ਕੋਰਟ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਇਨ੍ਹਾਂ ਦੋਸ਼ੀਆਂ ਵਿੱਚੋਂ ਇੱਕ ਦਾ ਕਿਸੇ ਨੇ ਕਤਲ ਕਰ ਦਿੱਤਾ ਸੀ, ਜਿਸਦੇ ਦੋਸ਼ ਵਿੱਚ ਕਿਰਨਜੀਤ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਵਾਲੇ ਸੰਘਰਸ਼ਸ਼ੀਲ ਆਗੂਆਂ ਤੇ ਪੁਲਿਸ ਨੇ ਇਸ ਕਤਲ ਦਾ ਝੂਠਾ ਕੇਸ ਪਾ ਦਿੱਤਾ ਸੀ, ਪਰ ਹੇਠਲੀ ਅਦਾਲਤ ਨੇ ਸਭ ਕਥਿਤ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ, ਜਿਸਨੂੰ ਬਾਅਦ ਵਿੱਚ ਲੋਕ ਸੰਘਰਸ਼ ਕਾਰਨ ਰਾਜਪਾਲ ਵਲੋਂ ਰੱਦ ਕਰਨਾ ਪਿਆ ਸੀ, ਪਰ ਬਾਅਦ ਵਿੱਚ ਹਾਈ ਕੋਰਟ ਨੇ ਦੋ ਕਥਿਤ ਦੋਸ਼ੀ ਤਾਂ ਬਰੀ ਕਰ ਦਿੱਤੇ ਸਨ, ਪਰ ਮਨਜੀਤ ਧਨੇਰ ਦੀ ਉਮਰ ਕੈਦ ਦੀ ਸਜ਼ਾ ਬਹਾਲ ਕਰ ਦਿੱਤੀ, ਜਿਸਨੂੰ ਹੁਣ ਸੁਪਰੀਮ ਕੋਰਟ ਨੇ ਵੀ ਬਹਾਲ ਰੱਖਿਆ ਹੈ। ਜਿਸ ਲਈ ਅਨੇਕਾਂ ਲੋਕ ਪੱਖੀ ਜਥੇਬੰਦੀਆਂ ਸੰਘਰਸ਼ ਕਰ ਰਹੀਆਂ ਹਨ।



ਇਸ ਸਾਰੇ ਘਟਨਾਕਰਮ ਬਾਰੇ ਪ੍ਰੈਸ ਨੂੰ ਜਾਰੀ ਕੀਤੇ ਬਿਆਨ ਵਿੱਚ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਮਾਸਟਰ ਭਜਨ ਸਿੰਘ, ਅਦਾਰਾ ਸਿੱਖ ਵਿਰਸਾ ਇੰਟਰਨੈਸ਼ਨਲ ਦੇ ਹਰਚਰਨ ਸਿੰਘ ਤੇ ਅਦਾਰਾ ਸਰੋਕਾਰਾਂ ਦੀ ਆਵਾਜ਼ ਦੇ ਹਰਬੰਸ ਸਿੰਘ ਵਲੋਂ ਜਿਥੇ ਮਨਜੀਤ ਧਨੇਰ ਤੇ ਪੁਲਿਸ ਵਲੋਂ ਪਾਏ ਗਾਏ ਝੂਠੇ ਕੇਸਾਂ ਤੇ ਝੂਠੇ ਗਵਾਹਾਂ ਦੇ ਅਧਾਰ ਤੇ ਹਾਈ ਕਰੋਟ ਅਤੇ ਸੁਪਰੀਮ ਕੋਰਟ ਵਲੋਂ ਸੁਣਾਈ ਉਮਰ ਕੈਦ ਦੀ ਸਜ਼ਾ ਦੀ ਨਿਖੇਧੀ ਕੀਤੀ ਗਈ, ਉਥੇ ਮਨਜੀਤ ਧਨੇਰ ਦੀ ਬਿਨਾਂ ਸ਼ਰਤ ਰਿਹਾਈ ਲਈ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਦੀ ਹਮਾਇਤ ਕੀਤੀ ਗਈ ਤੇ ਉਨ੍ਹਾਂ ਦਾ ਹਰ ਤਰ੍ਹਾਂ ਸਹਿਯੋਗ ਕਰਨ ਦਾ ਫੈਸਲਾ ਕੀਤਾ ਗਿਆ। ਯਾਦ ਰਹੇ ਬਰਨਾਲਾ ਜੇਲ੍ਹ ਵਿੱਚ ਬੰਦ ਮਨਜੀਤ ਧਨੇਰ ਦੀ ਰਿਹਾਈ ਲੋਕ ਜੇਲ੍ਹ ਦੇ ਬਾਹਰ ਧਰਨੇ ਮੁਜ਼ਾਹਰੇ ਕਰ ਰਹੇ ਹਨ।




ਸਮਾਜਕ ਸਰੋਕਾਰਾਂ ਦਾ ਫਿਲਮਸਾਜ਼ ਨਕੁਲ ਸਾਹਨੀ

ਫਿਲਮਸਾਜ਼ ਨਕੁਲ ਸਾਹਨੀ ਡਾਕੂਮੈਂਟਰੀ ਫਿਲਮਸਾਜ਼ੀ ਦੇ ਖੇਤਰ ਵਿੱਚ ਪਿਛਲੇ ਡੇਢ ਦਹਾਕੇ ਤੋਂ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਹੁਣ ਤੱਕ ਉਹ ਫਿਰਕਾਪ੍ਰਸਤੀ, ਅਣਖ ਖਾਤਰ ਕੀਤੇ ਜਾਂਦੇ ਕਤਲਾਂ, ਮਜ਼ਦੂਰਾਂ ਦੇ ਹੱਕਾਂ ਅਤੇ ਸਮਾਜਕ ਨਿਆਂ ਦੇ ਹੋਰ ਮੁੱਦਿਆਂ 'ਤੇ ਕੁੱਝ ਮਹੱਤਵਪੂਰਨ ਫਿਲਮਾਂ ਬਣਾ ਚੁੱਕਾ ਹੈ। ਜਨਵਰੀ 2015 ਵਿੱਚ ਰਿਲੀਜ਼ ਹੋਈ ਉਸ ਦੀ ਅਗਲੀ ਫਿਲਮ 'ਮੁਜ਼ੱਫਰ ਨਗਰ ਬਾਕੀ ਹੈ' ਸੰਨ 2013 ਵਿੱਚ ਮੁੱਜ਼ਫਰ ਨਗਰ ਵਿੱਚ ਮੁਸਲਮਾਨ ਵਿਰੋਧੀ ਹਿੰਸਾ 'ਤੇ ਕੇਂਦਰਿਤ ਹੈ। ਇਸ ਫਿਲਮ ਵਿੱਚ ਸਾਹਨੀ ਇਸ ਹਿੰਸਾ ਪਿੱਛੇ ਕੰਮ ਕਰਦੇ ਅਤੇ ਇਸ ਹਿੰਸਾ ਤੋਂ ਪ੍ਰਭਾਵਿਤ ਸਿਆਸੀ ਅਤੇ ਸਮਾਜਕ ਵਰਤਾਰਿਆਂ ਨੂੰ ਉਜਾਗਰ ਕਰਦਾ ਹੈ। ਫਿਲਮ ਵਿੱਚ ਜਿਥੇ ਸੰਨ 2013 ਵਿੱਚ ਵਾਪਰੀ ਹਿੰਸਾ ਅਤੇ ਉਸ ਦੇ ਮਾਰੂ ਨਤੀਜਿਆਂ ਨੂੰ ਰਿਕਾਰਡ ਕੀਤਾ ਗਿਆ ਹੈ, ਉਸ ਦੇ ਨਾਲ ਨਾਲ ਇਸ ਕਤਲੇਆਮ ਦੇ ਵੱਖ ਵੱਖ ਪੱਖਾਂ-ਔਰਤ ਵਿਰੁੱਧ ਲਿੰਗਕ ਹਿੰਸਾ, ਫਿਰਕੂ ਵੰਡੀਆਂ ਨੂੰ ਉਭਾਰਨ ਵਿੱਚ ਭਾਜਪਾ-ਆਰ. ਆਰ. ਐੱਸ ਐੱਸ. ਵਰਗੀਆਂ ਹਿੰਦੂ ਰਾਸ਼ਟਰਵਾਦੀ ਸੰਸਥਾਵਾਂ ਦੀ ਭੂਮਿਕਾ, ਹਿੰਦੂਤਵਾ ਸਿਆਸਤ ਵਿੱਚ ਵਿਲੀਨ ਹੁੰਦੀ ਜਾਤੀ ਪਛਾਣ, ਇਸ ਇਲਾਕੇ ਵਿੱਚ ਸ਼ਕਤੀਸ਼ਾਲੀ ਭਾਰਤੀ ਕਿਸਾਨ ਯੂਨੀਅਨ ਦੀ ਟੁੱਟ-ਭੱਜ ਅਤੇ ਦਲਿਤ ਸਿਆਸਤ ਦੀਆਂ ਕਈ ਤਹਿਆਂ ਅਤੇ ਮੁਸਲਮਾਨ ਭਾਈਚਾਰੇ ਦੀ ਬੇਗਾਨਗੀ ਨੂੰ ਘੋਖਣ ਦਾ ਯਤਨ ਵੀ ਕੀਤਾ ਗਿਆ ਹੈ।

This documentary investigates the triggers and outcomes of the 2013 communal Hindu-Muslim Riots in the heart of Uttar Pradesh (Muzaffarnagar). More than 60 were killed and around 40,000 were displaced. Over 90 percent of those affected were Muslims. Whether they were 'riots' or a politically-calculated move is the premise of Nakul Singh Sawhney's documentary Muzaffarnagar Baaqi Hai.




By Progressive Cultural Association Calgary & Sikh Virsa International

'ਮੁਜ਼ੱਫਰ ਨਗਰ ਬਾਕੀ ਹੈ...' ਫ਼ਿਲਮ ਵਿਖਾਈ ਜਾਵੇਗੀ ਅਤੇ ਡਾਇਰੈਕਟਰ ਨਾਲ ਗੱਲਬਾਤ ਦਾ ਮੌਕਾ

Friday Nov 15th 5pm–7pm

Falconridge Community Hall 95 Falshire Rd NE


Contact: Master Bhajan Singh @ 403-455-4220
or Harcharan Singh @ 403-681-8689



WEST COAST HOME & TRUSS LTD.

Manufacturers of Quality Pre-Engineered Metal Plate Connected Wood Trusses

CUSTOM PRODUCTS AND SERVICES OFFERED :



- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)

10230-120 Street Surrey, BC, V3V 4G1 (604) 580-3275
www.westcoasttruss.ca | info@westcoasttruss.ca (778) 896-7194



CARE Inc. Home Health Solutions

403-605-6300
ਪੰਜਾਬੀ ਮਾਰਕੀਟ ਗਰੋਸਰੀ ਸਟੋਰ ਦੇ ਸਾਹਮਣੇ
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ



"ਮਾਤਾ ਪਿਤਾ ਦਾ ਰੱਖੋ ਖਿਆਲ
ਹੁਣ ਕੇਅਰ ਇੰਕ ਹੈ ਤੁਹਾਡੇ ਨਾਲ"



ਹੁਣ ਤੁਸੀਂ ਸੀਨੀਅਰਜ਼ ਲਈ ਹਰ ਤਰ੍ਹਾਂ ਦੀਆਂ ਲੋੜਾਂ ਸਬੰਧੀ ਵਧੀਆ ਕੁਆਲਿਟੀ ਦਾ ਸਮਾਨ ਪੰਜਾਬੀਆਂ ਦੇ ਗੜ੍ਹ ਵਿੱਚ ਆਪਣੇ ਪੰਜਾਬੀ ਭਰਾਵਾਂ ਕੋਲੋਂ ਹੀ ਲੈ ਸਕਦੇ ਹੋ। ਕੇਅਰ ਇੰਕ ਤੋਂ ਤੁਸੀਂ ਵਧੀਆ ਮਸਾਜ ਚੇਅਰ, ਲਿਫਟ ਚੇਅਰ, ਵੀਲ੍ਹ ਚੇਅਰ, ਵਾਕਰ, ਵਾਕਿੰਗ ਕੈਨਜ, ਸਕੂਟਰ, ਬਾਥਰੂਮ ਸੇਫਟੀ ਪ੍ਰੋਡਕਟਸ, ਸੀਨੀਅਰਜ਼ ਲਈ ਬੈੱਡ, ਗੱਦੇ, ਕਸਟਮ ਮੇਡ ਪਤਾਵੇ, ਕੰਪਰੈਸ਼ਨ ਥੈਰੇਪੀ ਲਈ ਜਰਮਨ ਦੇ ਬਣੇ ਸਮਾਨ ਤੋਂ ਇਲਾਵਾ ਹੋਰ ਵੀ ਬਹੁਤ ਸਾਰਾ ਸਮਾਨ ਲੈ ਸਕਦੇ ਹੋ।

ਸੀਨੀਅਰਜ਼ ਲਈ ਬਹੁਤ ਸਾਰੇ ਸਰਕਾਰੀ ਫੰਡ ਵੀ ਮਿਲਦੇ ਹਨ। ਸਾਡੇ ਕੋਲੋਂ ਤੁਸੀਂ ਫਾਰਮ ਭਰਵਾ ਸਕਦੇ ਹੋ। ਇਹ ਸੇਵਾ ਬਿਲਕੁੱਲ ਮੁਫ਼ਤ ਹੈ। ਜੇਕਰ ਤੁਹਾਡੇ ਕੋਲ ਪਹਿਲਾਂ ਹੀ ਮਨਜ਼ੂਰੀ ਹੈ ਤਾਂ ਵੀ ਤੁਸੀਂ ਸਾਡੇ ਕੋਲੋਂ ਸਮਾਨ ਲੈ ਸਕਦੇ ਹੋ। ਤੁਹਾਡਾ ਪਹਿਲਾਂ ਦਿੱਤਾ ਡਿਪਾਜਿਟ ਅਡਜਸਟ ਕਰ ਦਿੱਤਾ ਜਾਵੇਗਾ।



ਜ਼ਿਆਦਾ ਜਾਣਕਾਰੀ ਲਈ ਵੈਬਸਾਈਟ 'ਤੇ ਕਲਿੱਕ ਕਰੋ
www.careinc.ca

Head Office: #124-4774 Westwinds Drive N.E., Calgary Alberta, Canada
Fax : 403-536-4057 Email : info@careinc.ca Edmonton Store #108-5239 55 Ave.NW, 780-229-3233



A Class Granite Ltd.

A CLASS GRANITE
PRICED RIGHT AND DONE RIGHT



CALL FOR A FREE ESTIMATE
MALKIT

WWW.ACLASSGRANITE.ORG

- KITCHEN COUNTERS
- STAIRCASES
- VANITIES
- INSTALLATIONS
- FIRE PLACES
- REPAIRS

778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com